
**Worldwide Travel, Inc.**
Call for special fares
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ




APPROVED MORTGAGE
THE LENDER YOU CAN TRUST
C.S. Ahluwalia
Mortgage Consultant
916.747.5801 cell
317.423.7000 fax
317.634.4391 office
cgate007@yahoo.com

1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com



Dosti Bar & Restaurant
Lunch Buffet $5.99 *Weekday Only
"Open 7 Days" ਸੱਤੇ ਦਿਨ ਖੁੱਲ੍ਹਾ
853 S. Roselle Rd, (Behind Littman Bro.)
Schaumburg, IL 60193, Tel: 847-895-0100



Eleventh Year in Publication ਮਿਡਵੈਸਟ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 48, November 27, 2010 | 20451 N Plum Grove Rd. Palatine, IL 60074 | Ph:847-359-0746, Fax:847-705-9388


## ਸਪੈੱਕਟ੍ਰਮ ਘੁਟਾਲਾ:ਕੇਂਦਰ ਸਰਕਾਰ ਹੁਣ ਏ. ਰਾਜਾ ਦੇ ਹੱਕ 'ਚ ਡਟੀ

### ਰਾਡੀਆ ਟੇਪਾਂ ਨਾਲ ਨਵਾਂ ਬਖੇੜਾ ਸ਼ੁਰੂ

**ਨਵੀਂ ਦਿੱਲੀ:** ਕੇਂਦਰ ਸਰਕਾਰ ਹੁਣ ਨੰਗੇ-ਚਿੱਟੇ ਰੂਪ ਵਿਚ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਦੇ ਹੱਕ ਵਿਚ ਡਟ ਗਈ ਹੈ। ਇਸ ਨੇ 1.76 ਲੱਖ ਕਰੋੜ ਰੁਪਏ ਦੇ 2 ਜੀ. ਸਪੈੱਕਟ੍ਰਮ ਘੁਟਾਲੇ ਬਾਰੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਦਿੱਤੀ ਅਰਜ਼ੀ ਨੂੰ ਹੀ 'ਗ਼ਲਤ ਅਤੇ ਬੇਮੌਕਾ' ਕਰਾਰ ਦੇ ਦਿੱਤਾ ਹੈ। ਵਿਰੋਧੀ ਧਿਰ ਵੱਲੋਂ ਕਈ ਦਿਨਾਂ ਤੋਂ ਸੰਸਦ ਦੀ ਕਾਰਵਾਈ ਠੱਪ ਕਰਨ ਦੇ ਬਾਵਜੂਦ ਇਹ ਸਾਂਝੀ ਸੰਸਦੀ ਜਾਂਚ ਲਈ ਵੀ ਮੰਨ ਨਹੀਂ ਰਹੀ। ਯਾਦ ਰਹੇ ਕਿ ਇਸ ਘੁਟਾਲੇ ਕਾਰਨ ਦੂਰਸੰਚਾਰ ਮੰਤਰੀ ਏ. ਰਾਜਾ ਨੂੰ ਅਸਤੀਫ਼ਾ ਦੇਣਾ ਪਿਆ ਹੈ ਅਤੇ ਉਸ ਖਿਲਾਫ ਸੀ.ਬੀ.ਆਈ. ਜਾਂਚ ਪਹਿਲਾਂ ਹੀ ਚੱਲ ਰਹੀ ਹੈ।

ਸਰਕਾਰ ਨੇ 2 ਜੀ ਸਪੈਕਟਰਮ ਮਾਮਲੇ ਵਿਚ ਸੁਪਰੀਮ ਕੋਰਟ ਅੱਗੇ ਆਪਣਾ ਪੱਖ ਪੇਸ਼ ਕਰਦਿਆਂ ਸਪਸ਼ਟ ਕਹਿ ਦਿੱਤਾ ਹੈ ਕਿ ਇਸ ਮਾਮਲੇ ਬਾਰੇ ਜਦੋਂ ਕਿਸੇ ਅਦਾਲਤ ਵਿਚ ਕੋਈ ਸ਼ਿਕਾਇਤ ਹੀ ਨਹੀਂ ਦਾਖਲ ਹੋਈ ਤਾਂ ਏ. ਰਾਜਾ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਪ੍ਰਵਾਨਗੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਰਫੋਂ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦਾਖਲ ਕਰਦਿਆਂ ਦਾਅਵਾ ਕੀਤਾ ਗਿਆ ਸੀ ਕਿ ਏ. ਰਾਜਾ ਖ਼ਿਲਾਫ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇਣ ਦੀ ਅਪੀਲ ਉਪਰ ਪ੍ਰਧਾਨ ਮੰਤਰੀ ਵੱਲੋਂ ਵਿਚਾਰ ਕੀਤਾ ਗਿਆ ਹੈ। ਉਨ੍ਹਾਂ ਨੂੰ ਸਲਾਹ ਦਿੱਤੀ ਗਈ ਕਿ ਇਸ ਸਬੰਧ 'ਚ ਸੀ.ਬੀ.ਆਈ. ਵੱਲੋਂ ਇਕੱਤਰ ਕੀਤੇ ਗਏ ਸਬੂਤਾਂ ਦੇ ਆਧਾਰ ਉਪਰ ਹੀ ਫੈਸਲਾ ਕੀਤਾ ਜਾ ਸਕਦਾ ਹੈ।




ਏ. ਰਾਜਾ ਅਤੇ ਡਾ. ਮਨਮੋਹਨ ਸਿੰਘ

ਪ੍ਰਧਾਨ ਮੰਤਰੀ ਵੱਲੋਂ ਅਦਾਲਤ ਵਿਚ ਪੱਖ ਪੇਸ਼ ਕਰਦਿਆਂ ਅਟਰਨੀ ਜਨਰਲ ਜੀ.ਈ. ਵਾਹਨਵਤੀ ਨੇ ਜਨਤਾ ਪਾਰਟੀ ਦੇ ਪ੍ਰਧਾਨ ਸੁਬਰਾਮਨੀਅਮ ਸਵਾਮੀ ਵੱਲੋਂ ਸ੍ਰੀ ਰਾਜਾ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਇਜਾਜ਼ਤ ਲੈਣ ਲਈ ਪਾਈ ਪਟੀਸ਼ਨ ਬਾਰੇ ਦਲੀਲ ਦਿੱਤੀ ਕਿ ਇਸ ਮਾਮਲੇ ਬਾਰੇ ਅਰਜ਼ੀ 'ਗਲਤ ਅਤੇ ਬੇਮੌਕਾ ਸੀ'। ਇਸ ਨੁਕਤੇ ਦਾ ਸ੍ਰੀ ਸਵਾਮੀ ਨੇ ਡਟ ਕੇ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਤੱਕ ਸਿੱਧੇ ਹੀ ਅਰਜ਼ੀ ਦੇ ਸਕਦੇ ਹਨ ਅਤੇ ਅਦਾਲਤ ਵਿਚ ਸਿੱਧੇ ਜਾਣ ਦਾ ਵੀ ਉਨ੍ਹਾਂ ਨੂੰ ਹੱਕ ਹਾਸਲ ਹੈ।

ਸ੍ਰੀ ਵਾਹਨਵਤੀ ਦਾ ਕਹਿਣਾ ਸੀ ਕਿ ਜਦੋਂ ਕੋਈ ਸ਼ਿਕਾਇਤ ਹੀ ਦਾਖਲ ਨਹੀਂ ਹੋਈ ਤਾਂ ਪ੍ਰਵਾਨਗੀ ਦੇਣ ਬਾਰੇ ਵਿਚਾਰ ਕਰਨ ਦਾ ਸਵਾਲ ਹੀ ਨਹੀਂ ਉਠਦਾ। ਪਟੀਸ਼ਨਰ ਨੇ ਅੱਜ ਤੱਕ ਕਿਸੇ ਸਮਰੱਥ ਅਦਾਲਤ ਵਿਚ ਕੋਈ ਸ਼ਿਕਾਇਤ ਨਹੀਂ ਦਾਖਲ ਕੀਤੀ। ਇਸ ਸੂਰਤ ਵਿਚ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇਣ ਦਾ ਸਵਾਲ ਨਹੀਂ ਪੈਦਾ ਹੁੰਦਾ। ਸ੍ਰੀ ਸਵਾਮੀ ਵੱਲੋਂ 29 ਨਵੰਬਰ 2008 ਨੂੰ ਭੇਜੀ ਅਰਜ਼ੀ ਬਿਲਕੁਲ ਬੇਮੌਕਾ ਸੀ। ਉਸ ਅਰਜ਼ੀ ਵਿਚ ਬਿਨਾਂ ਸ਼ਿਕਾਇਤ ਦਾਇਰ ਕੀਤਿਆਂ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਮੰਗੀ ਗਈ ਸੀ।

ਉਨ੍ਹਾਂ ਕਿਹਾ ਕਿ ਪ੍ਰਵਾਨਗੀ ਦੇਣ ਦੀ ਸਟੇਜ ਆਈ ਹੀ ਨਹੀਂ ਕਿਉਂਕਿ ਪ੍ਰਵਾਨਗੀ ਦੇਣ ਦੀ ਜ਼ਰੂਰਤ ਉਦੋਂ ਪੈਦਾ ਹੁੰਦੀ ਹੈ ਜੇ ਅਦਾਲਤ ਕਿਸੇ ਸ਼ਿਕਾਇਤ 'ਤੇ ਵਿਚਾਰ ਕਰਨ ਨੂੰ ਤਿਆਰ ਹੋਵੇ।

*(ਬਾਕੀ ਸਫਾ 6 'ਤੇ)*

## ਪੰਜਾਬ ਦੇ ਸਿਆਸਤਦਾਨਾਂ ਤੇ ਅਫ਼ਸਰਾਂ ਨੇ ਇੰਜ ਮਚਾਈ ਲੁੱਟ

**ਚੰਡੀਗੜ੍ਹ:** ਚੰਡੀਗੜ੍ਹ ਦੇ ਐਨ ਨਾਲ ਲਗਦੇ ਖੇਤਰ ਵਿਚ ਪੰਜਾਬ ਦੇ ਸਿਆਸਤਦਾਨਾਂ ਅਤੇ ਉਚ ਅਧਿਕਾਰੀਆਂ ਨੇ ਟਾਟਾ ਹਾਊਸਿੰਗ ਡਿਵੈਲਪਮੈਂਟ ਕੰਪਨੀ (ਟੀ.ਐਚ.ਡੀ.ਸੀ.) ਨਾਲ ਰਲ ਕੇ ਜੋ 'ਕੈਮਲੌਟ ਪ੍ਰਾਜੈਕਟ' ਉਲੀਕਿਆ ਹੈ, ਉਸ ਨਾਲ ਚੰਡੀਗੜ੍ਹ ਦੀ ਖੂਬਸੂਰਤੀ ਤਾਂ ਦਾਅ 'ਤੇ ਲੱਗੀ ਹੀ ਹੈ, ਤੱਥ ਇਹ ਵੀ ਸਾਹਮਣੇ ਆਏ ਹਨ ਕਿ ਇਨ੍ਹਾਂ ਧਨਾਢਾਂ ਨੇ ਪਿੰਡ ਕਾਂਸਲ ਦੇ ਲੋਕਾਂ ਨੂੰ ਵੀ ਲੁੱਟ ਲਿਆ ਹੈ।

ਯਾਦ ਰਹੇ ਕਿ ਇਸ ਪ੍ਰਾਜੈਕਟ ਤਹਿਤ 53.39 ਏਕੜ ਜ਼ਮੀਨ ਉਤੇ 19 ਟਾਵਰ ਬਣਨੇ ਹਨ ਜਿਨ੍ਹਾਂ ਦੀ ਉਚਾਈ 12 ਤੋਂ ਲੈ ਕੇ 35 ਮੰਜ਼ਲਾਂ ਤੱਕ ਹੋਵੇਗੀ। ਇਨ੍ਹਾਂ ਟਾਵਰਾਂ ਵਿਚ ਕੁੱਲ 1734 ਫਲੈਟ ਬਣਨਗੇ। ਇਕ ਫਲੈਟ 1294 ਤੋਂ 7450 ਵਰਗ ਫੁੱਟ ਦਾ ਹੋਵੇਗਾ ਅਤੇ ਇਸ ਦੀ ਕੀਮਤ ਹੁਣ ਤਕਰੀਬਨ 8 ਤੋਂ 9 ਹਜ਼ਾਰ ਰੁਪਏ ਫੀ ਵਰਗ ਫੁੱਟ ਹੈ। ਇਸ ਹਿਸਾਬ ਨਾਲ 2 ਬੈਡਾਂ ਵਾਲੇ ਫਲੈਟ ਦੀ ਕੀਮਤ 1.03 ਕਰੋੜ ਰੁਪਏ ਅਤੇ 3 ਬੈਡਾਂ ਵਾਲੇ ਫਲੈਟ ਦੀ ਕੀਮਤ 1.53 ਕਰੋੜ ਰੁਪਏ ਹੈ। ਇਨ੍ਹਾਂ ਫਲੈਟਾਂ ਦੇ ਮਾਲਕ ਪੰਜਾਬ ਦੇ ਮੌਜੂਦਾ ਤੇ ਸਾਬਕਾ ਸੰਸਦ ਮੈਂਬਰ, ਵਿਧਾਇਕ ਅਤੇ ਆਹਲਾ ਅਫ਼ਸਰ ਹਨ।

ਦਰਅਸਲ ਇਹ ਪ੍ਰਾਜੈਕਟ 10 ਸਾਲ ਪਹਿਲਾਂ ਉਦੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਚੰਡਗਿੜ੍ਹ ਦੇ ਐਨ ਨਾਲ ਲਗਦੇ ਪਿੰਡ ਕਾਂਸਲ ਨੂੰ ਨੋਟੀਫਾਈਡ ਏਰੀਆ ਕਮੇਟੀ (ਐਨ.ਏ.ਸੀ.) ਬਣਾਉਣ ਦੀ ਗੱਲ ਚੱਲੀ। ਨੋਟੀਫਾਈਡ ਏਰੀਆ ਕਮੇਟੀ ਦੀ ਸੂਹ ਮਿਲਦੇ ਸਾਰ ਉਦੋਂ ਇਨ੍ਹਾਂ ਧਨਾਢਾਂ ਨੇ ਪਿੰਡ ਦੀ ਜ਼ਮੀਨ ਸਸਤੇ ਭਾਅ ਖਰੀਦ ਲਈ ਅਤੇ ਜਦੋਂ ਨੋਟੀਫਾਈਡ ਏਰੀਆ ਕਮੇਟੀ ਬਣੀ ਤਾਂ ਭਾਅ ਆਸਮਾਨੀ ਜਾ ਚੜ੍ਹੇ। ਸਿੱਟੇ ਵਜੋਂ ਭਾਅ ਵਧਣ ਪਿੱਛੋਂ ਸਾਰਾ ਮੁਨਾਫ਼ਾ ਇਨ੍ਹਾਂ ਧਨਾਢਾਂ ਨੂੰ ਹੋਇਆ। ਹੁਣ ਜਦੋਂ ਟਾਟਾ ਹਾਊਸਿੰਗ ਡਿਵੈਲਪਮੈਂਟ ਕੰਪਨੀ ਨੇ 'ਕੈਮਲੌਟ ਪ੍ਰਾਜੈਕਟ' ਉਲੀਕਿਆ ਹੈ ਤਾਂ ਇਸ ਦਾ ਫਾਇਦਾ ਇਹ ਸਿਆਸਤਦਾਨ ਲੈ ਗਏ ਹਨ।

ਜਾਣਕਾਰੀ ਮੁਤਾਬਕ 1990ਵਿਆਂ ਦੇ ਸ਼ੁਰੂ ਵਿਚ ਪਿੰਡ ਕਾਂਸਲ ਵਿਚ ਨੋਟੀਫਾਈਡ ਏਰੀਆ ਕਮੇਟੀ ਦੀ ਸੂਹ ਮਿਲਦੇ ਸਾਰ ਪੰਜਾਬ ਦੇ 129 ਵਿਧਾਇਕਾਂ (90 ਵਿਧਾਇਕ ਅਤੇ 39 ਸਾਬਕਾ ਤੇ ਵਰਤਮਾਨ ਸੰਸਦ ਮੈਂਬਰ) ਨੇ ਮਿਲ ਕੇ ਪੰਜਾਬ ਐਮ.ਐਲ.ਏਜ਼ ਹਾਊਸਿੰਗ ਸੁਸਾਇਟੀ ਬਣਾਈ ਅਤੇ ਪਿੰਡ ਕਾਂਸਲ ਵਿਚ 22 ਏਕੜ ਜ਼ਮੀਨ 3.30 ਕਰੋੜ ਰੁਪਏ ਵਿਚ ਇਹ ਜ਼ਮੀਨ ਖਰੀਦ ਲਈ।

*(ਬਾਕੀ ਸਫਾ 3 'ਤੇ)*

## ਕੰਬੋਡੀਆ 'ਚ ਭਾਜੜ ਦੌਰਾਨ 378 ਮੌਤਾਂ

**ਨੋਮਪੇਨ:** ਕੰਬੋਡੀਆ 'ਚ 22 ਨਵੰਬਰ ਨੂੰ 'ਵਾਟਰ ਫ਼ੈਸਟੀਵਲ' ਦੌਰਾਨ ਮੱਚੀ ਭਾਜੜ ਕਾਰਨ 378 ਵਿਅਕਤੀ ਮਾਰੇ ਗਏ ਤੇ 750 ਤੋਂ ਵਧ ਫੱਟੜ ਹੋ ਗਏ। ਕੰਬੋਡੀਆ ਦੇ ਪ੍ਰਧਾਨ ਮੰਤਰੀ ਨੇ ਇਸ ਨੂੰ ਖਮੇਰੂਜ਼ ਸ਼ਾਸਨ ਮਗਰੋਂ ਦੇਸ਼ ਦੀ ਸਭ ਤੋਂ ਵੱਡੀ ਘਟਨਾ ਕਰਾਰ ਦਿੱਤਾ ਹੈ। ਸਰਕਾਰ ਮੁਤਾਬਕ ਮ੍ਰਿਤਕਾਂ ਤੇ ਜ਼ਖਮੀਆਂ ਦੀ ਗਿਣਤੀ ਹਾਲੇ ਹੋਰ ਵਧੇਗੀ।

ਬਰਸਾਤ ਦੇ ਮੌਸਮ ਦੇ ਅਖੀਰ ਵਿਚ

*(ਬਾਕੀ ਸਫਾ 6 'ਤੇ)*


Ad Space
Available
Please Call
847-359-0746



Dhillon Truck Stop / Dhillon Road Service
ਪੰਜਾਬੀ ਢਾਬਾ
Gill Manj Gurdaspur Wale
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Interstate 40, exit 356, San Jon, NM
Ph : 575-576-4111, 317-918-6776




ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ
AMANTEL.COM
$100 'ਚ 126 ਘੰਟੇ
Talk One Minute, Pay For One Minute
(7560 ਮਿੰਟ)
Customer Service 24/7
ਟੌਲ ਫਰੀ ਨੰਬਰ 'ਤੇ ਕਾਲ ਕਰੋ
1-800-717-1510
732-983-4332/4333



# ਸਿੱਧੂ ਪਰਿਵਾਰ (ਮਿਲਵਾਕੀ) ਵਲੋਂ
## ਧੰਨ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ
# ਲੱਖ ਲੱਖ ਵਧਾਈ ਹੋਵੇ

ਵਲੋਂ
ਹਰਵਿੰਦਰ ਸਿੰਘ (ਲਾਲੀ) ਸਿੱਧੂ, ਫੋਨ:414-788-9813
ਪਾਖਰ ਸਿੰਘ ਸਿੱਧੂ, ਫੋਨ:414-640-3870



ਸ. ਮਹਿੰਦਰ ਸਿੰਘ ਸਿੱਧੂ




ਸ. ਪਾਖਰ ਸਿੰਘ ਸਿੱਧੂ



ਸ. ਹਰਵਿੰਦਰ ਸਿੰਘ (ਲਾਲੀ) ਸਿੱਧੂ



ਜਸਜੀਤ ਸਿੰਘ ਸਿੱਧੂ ਅਤੇ ਭੁਪਿੰਦਰ ਸਿੰਘ ਸਿੱਧੂ

What DISH Network offers - 10 language groups.

HINDI
URDU
PUNJABI
BANGLA
TAMIL
MALAYALAM
TELUGU
KANNADA
BENGALI
GUJARATI

Call for Pricing

DISH TV USA
(847)380-5500
www.dishtvusa.com

dish NETWORK. AUTHORIZED RETAILER

All prices, packages and programming subject to change without notice. Local and state sales taxes may apply. Programming is available for single-family dwellings located in the continental United States. All DISH Network programming, and any other services that are provided, are subject to the terms and conditions of the promotional agreement and Residential Customer Agreement, which is available upon request. Hardware and programming sold separately.. A second dish antenna may be required to view both International and American programming. All services marks and trademarks belong to their respective owners.

# ਪੰਜਾਬ ਦੇ ਸਿਆਸਤਦਾਨਾਂ ਤੇ ਅਫ਼ਸਰਾਂ ਨੇ ਇੰਜ ਮਚਾਈ ਲੁੱਟ

*(ਸਫਾ ਇਕ ਦੀ ਬਾਕੀ)*

ਇਸ ਜ਼ਮੀਨ ਵਿਚ ਪਿੰਡ ਦੀ ਸ਼ਾਮਲਾਤ ਵੀ ਆਉਂਦੀ ਸੀ। ਇਨ੍ਹਾਂ ਨੇ ਇਹ ਜ਼ਮੀਨ ਵੀ ਨਾਲ ਹੀ ਦੱਬ ਲਈ। ਇਸੇ ਤਰ੍ਹਾਂ ਇਕ ਹੋਰ ਡਿਫੈਂਸ ਸਰਵਿਸਿਜ਼ ਸੁਸਾਇਟੀ ਜਿਸ ਦੇ ਮੈਂਬਰ ਸਿਵਲ ਅਧਿਕਾਰੀ, ਪੁਲਿਸ ਅਫਸਰ ਤੇ ਵੱਡੇ ਸਿਆਸਤਦਾਨ ਹਨ, ਨੇ ਪਿੰਡ ਵਾਸੀਆਂ ਤੋਂ 4.65 ਕਰੋੜ ਰੁਪਏ ਵਿਚ 31 ਏਕੜ ਜ਼ਮੀਨ ਖਰੀਦ ਲਈ। ਹੁਣ ਟਾਟਾ ਹਾਊਸਿੰਗ ਡਿਵੈਲਪਮੈਂਟ ਕੰਪਨੀ ਨੇ ਦੋਹਾਂ ਸੁਸਾਇਟੀਆਂ ਦੀ ਕੁੱਲ ਜ਼ਮੀਨ 231 ਕਰੋੜ ਰੁਪਏ (ਐਮ.ਐਲ.ਏਜ਼ ਸੁਸਾਇਟੀ ਤੋਂ 106 ਕਰੋੜ ਰੁਪਏ ਅਤੇ ਡਿਫੈਂਸ ਸਰਵਿਸਿਜ਼ ਸੁਸਾਇਟੀ ਤੋਂ 125 ਕਰੋੜ ਰੁਪਏ) ਵਿਚ ਖਰੀਦੀ ਅਤੇ ਕੈਮਲੌਟ ਪ੍ਰਾਜੈਕਟ ਸ਼ੁਰੂ ਕਰ ਲਿਆ। ਕੰਪਨੀ ਵੱਲੋਂ ਇਸ ਪ੍ਰਾਜੈਕਟ 'ਤੇ 1800 ਕਰੋੜ ਰੁਪਏ ਨਿਵੇਸ਼ ਕਰਨ ਦਾ ਅਨੁਮਾਨ ਹੈ। ਕੰਪਨੀ ਨੇ ਸੁਸਾਇਟੀ ਵਾਲਿਆ ਨੂੰ ਇਕ ਇਕ ਫਲੈਟ ਅਤੇ 82.5 ਲੱਖ ਰੁਪਏ ਨਕਦ ਦੇਣੇ ਹਨ।

ਇਸ ਪ੍ਰਾਜੈਕਟ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਥਾਨਕ ਸਵੈ-ਸ਼ਾਸਨ ਬਾਰੇ ਮੰਤਰੀ ਮਨੋਰੰਜਨ ਕਾਲੀਆ, ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ, ਗੁਲਜ਼ਾਰ ਸਿੰਘ ਰਣੀਕੇ, ਵਿਧਾਨ ਸਭਾ ਸਪੀਕਰ ਨਿਰਮਲ ਸਿੰਘ ਕਾਹਲੋਂ, ਭਾਜਪਾ ਆਗੂ ਤੇ ਡਿਪਟੀ ਸਪੀਕਰ ਸਤਪਾਲ ਗੋਸਾਈਂ, ਸੰਸਦ ਮੈਂਬਰ ਸੰਤੋਸ਼ ਚੌਧਰੀ, ਰਾਜ ਮੰਤਰੀ ਅਵਤਾਰ ਹੈਨਰੀ, ਤੇਜ ਪ੍ਰਕਾਸ਼ ਸਿੰਘ, ਰਮੇਸ਼ ਚੰਦਰ ਡੋਗਰਾ, ਪ੍ਰਤਾਪ ਸਿੰਘ ਬਾਜਵਾ, ਸਾਬਕਾ ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਬੀਬੀ ਜਗੀਰ ਕੌਰ, ਰਤਨ ਸਿੰਘ ਅਜਨਾਲਾ, ਸੁਖਦੇਵ ਸਿੰਘ ਢੀਂਡਸਾ, ਇੰਦਰਜੀਤ ਸਿੰਘ ਜ਼ੀਰਾ, ਹਰਦੇਵ ਸਿੰਘ ਅਰਸ਼ੀ, ਰਣਜੀਤ ਸਿੰਘ ਬ੍ਰਹਮਪੁਰਾ ਅਤੇ ਹੋਰ ਲੋਕ ਸ਼ਾਮਲ ਹਨ।

ਸ੍ਰੀ ਮਨੋਰੰਜਨ ਕਾਲੀਆ ਦੇ ਵਿਭਾਗ ਨੇ ਹੀ ਕੈਮਲੌਟ ਪ੍ਰਾਜੈਕਟ ਨੂੰ ਸਾਰੀਆਂ ਮਨਜ਼ੂਰੀਆਂ ਦਿਵਾਈਆਂ ਅਤੇ ਇਸ ਨੂੰ ਕਾਨੂੰਨੀ ਮਾਨਤਾ ਦੇਣ ਦਾ ਰੋਲ ਅਦਾ ਕੀਤਾ। 2007 ਵਿਚ ਕਾਂਗਰਸ ਦੇ ਸੱਤਾ ਤੋਂ ਲਾਂਭੇ ਹੋਣ ਪਿੱਛੋਂ ਅਕਾਲੀ-ਭਾਜਪਾ ਗਠਜੋੜ ਵੱਲੋਂ ਸੱਤਾ ਸੰਭਾਲਦਿਆਂ ਹੀ ਭਰੋਸਾ ਦਿੱਤਾ ਗਿਆ ਕਿ ਇਹ ਪ੍ਰਾਜੈਕਟ ਜਾਰੀ ਰਹੇਗਾ। ਪਾਰਟੀ ਸਿਆਸਤ ਤੋਂ ਉਪਰ ਉਠ ਕੇ ਸਾਰੇ ਸਿਆਸਤਦਾਨਾਂ ਨੇ ਇਸ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਲਈ ਆਪਣੀ ਪੂਰੀ ਵਾਹ ਲਾਈ।

ਹੋਰ ਤਾਂ ਹੋਰ, ਇਸ ਪ੍ਰਾਜੈਕਟ ਦੀ ਕੀਮਤ ਹੋਰ ਵਧਾਉਣ ਲਈ ਸੂਬਾ ਸਰਕਾਰ ਨੇ ਚੰਡੀਗੜ੍ਹ ਵਿਚ ਪੈਂਦੇ ਕੰਥਾਲਾ ਪਿੰਡ ਤੋਂ 30 ਮੀਟਰ ਚੌੜੀ ਸੜਕ ਉਸਾਰਨ ਦਾ ਪ੍ਰਸਤਾਵ ਰੱਖਿਆ ਹੈ। ਇਹ ਸੜਕ ਕਾਂਸਲ ਪਿੰਡ ਤੋਂ ਹੁੰਦੀ ਹੋਈ, ਖੁੱਡਾ ਅਲੀਸ਼ੇਰ (ਚੰਡੀਗੜ੍ਹ) ਅਤੇ ਨਾਡਾ ਤੇ ਮੁੱਲਾਂਪੁਰ ਪਿੰਡਾਂ ਨਾਲ ਜਾ ਰਲੇਗੀ। ਇਸ ਸੜਕ ਦਾ ਸੰਪਰਕ ਨਾ ਸਿਰਫ਼ ਕਾਂਸਲ ਪਿੰਡ ਵਿਚ 'ਕੈਮਲੌਟ' ਪ੍ਰਾਜੈਕਟ ਨਾਲ ਜਾ ਲੱਗੇਗਾ, ਸਗੋਂ ਪੰਜਾਬ ਦੇ ਹੋਰਨਾਂ ਚੋਟੀ ਦੇ ਸਿਆਸਤਦਾਨਾਂ ਵੱਲੋਂ ਖਰੀਦੀ ਗਈ ਜ਼ਮੀਨ ਨਾਲ ਜੁੜ ਜਾਵੇਗਾ, ਜਿਸ ਨਾਲ ਚੰਡੀਗੜ੍ਹ ਤੋਂ ਇਨ੍ਹਾਂ ਜ਼ਮੀਨਾਂ ਦੀ ਦੂਰੀ ਹੋਰ ਘਟ ਜਾਵੇਗੀ ਤੇ ਜ਼ਮੀਨਾਂ ਦੀਆਂ ਕੀਮਤਾਂ ਵਧ ਜਾਣਗੀਆਂ। ਇਸ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਸਿਵਲ ਸਕੱਤਰੇਤ ਨਾਲ ਵੀ ਸੰਪਰਕ ਸੜਕ ਨਿਰਮਾਣ ਦਾ ਪ੍ਰਸਤਾਵ ਹੈ। ਇਹ 18 ਫੁੱਟ ਚੌੜੀ ਸੜਕ, ਜੋ ਠੀਕ ਸਕੱਤਰੇਤ ਦੇ ਪਿੱਛੋਂ ਲੰਘੇਗੀ, ਕਾਂਸਲ ਪਿੰਡ ਵਿਚ ਰਿਹਾਇਸੀ ਸੁਸਾਇਟੀ ਰਾਹੀਂ ਉਸਾਰਨ ਦਾ ਪ੍ਰਸਤਾਵ ਹੈ। ਇਹ ਸੜਕ ਨਵਾਂ ਗਰਾਓਂ ਨੋਟੀਫਾਈਡ ਏਰੀਆ ਕਮੇਟੀ ਵਿਚ ਪ੍ਰਸਤਾਵਿਤ ਕਮਰਸ਼ੀਅਲ ਸਾਈਟ ਨਾਲ ਜਾ ਲੱਗੇਗੀ। ਪੰਜਾਬ ਦੇ ਇਕ ਚੋਟੀ ਦੇ ਸਿਆਸਤਦਾਨ ਦੀ ਇੱਥੇ ਕਾਫੀ ਜ਼ਮੀਨ ਹੈ।

ਦੂਜੇ ਬੰਨੇ ਇਹ ਬਹੁਮੰਜ਼ਲਾ ਪ੍ਰਾਜੈਕਟ ਇਸ ਖੂਬਸੂਰਤ ਸ਼ਹਿਰ ਦੇ ਚੌਗਿਰਦੇ ਲਈ ਖ਼ਤਰੇ ਦੀ ਘੰਟੀ ਸਾਬਤ ਹੋ ਸਕਦਾ ਹੈ। ਚੰਡੀਗੜ੍ਹ ਦੇ ਆਰਕੀਟੈਕਟ ਲੀ ਕਾਰਬੂਜ਼ੀਏ (ਫਰਾਂਸ) ਨੇ ਸ਼ਿਵਾਲਿਕ ਦੀਆਂ ਪਹਾੜੀਆਂ ਲਾਗੇ ਸਕੱਤਰੇਤ, ਹਾਈ ਕੋਰਟ ਅਤੇ ਵਿਧਾਨ ਸਭਾਵਾਂ ਇਸ ਹਿਸਾਬ ਨਾਲ ਬਣਾਈਆਂ ਸਨ ਕਿ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਨਜ਼ਾਰਾ ਦਿਸੇ। ਇਸ ਪ੍ਰਾਜੈਕਟ ਨਾਲ ਚੰਡੀਗੜ੍ਹ ਦੀ ਇਹ ਖੂਬਸੂਰਤੀ ਵੀ ਬੀਤੇ ਦੀ ਬਾਤ ਹੋ ਜਾਵੇਗੀ।



*ਲੁੱਟ 'ਚ ਸ਼ਾਮਲ ਕੁਝ ਸਿਆਸਤਦਾਨ: ਸੁਖਬੀਰ ਬਾਦਲ, ਰਣਜੀਤ ਸਿੰਘ ਬ੍ਰਹਮਪੁਰਾ, ਗੁਲਜ਼ਾਰ ਸਿੰਘ ਰਣੀਕੇ, ਸੁਖਦੇਵ ਸਿੰਘ ਢੀਂਡਸਾ, ਪ੍ਰਨੀਤ ਕੌਰ ਅਤੇ ਤੀਕਸ਼ਣ ਸੂਦ*

## ਪੰਜਾਬ ਨੂੰ ਜਾਂਚ ਲਈ ਮਿਲੇ ਚਾਰ ਹੋਰ ਮਹੀਨੇ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਚੰਡੀਗੜ੍ਹ ਦੇ ਆਸ-ਪਾਸ ਜ਼ਮੀਨ ਘੁਟਾਲੇ ਦੀ ਜਾਂਚ ਮੁਕੰਮਲ ਕਰਨ ਲਈ ਪੰਜਾਬ ਵੱਲੋਂ ਮੰਗੀ ਛੇ ਹੋਰ ਮਹੀਨਿਆਂ ਦੀ ਮੋਹਲਤ ਦੇਣ ਤੋਂ ਨਾਂਹ ਕਰਦਿਆਂ ਕਿਹਾ ਹੈ ਕਿ ਪੰਜਾਬ ਇਸ ਕੇਸ ਵਿਚ ਸਹਿਯੋਗ ਨਹੀਂ ਦੇ ਰਿਹਾ। ਉਂਜ, ਅਜਿਹੀ ਟਿੱਪਣੀ ਦੇ ਬਾਵਜੂਦ ਜਾਂਚ ਮੁਕੰਮਲ ਕਰਨ ਲਈ ਸੂਬੇ ਨੂੰ ਚਾਰ ਹੋਰ ਮਹੀਨਿਆਂ ਦਾ ਸਮਾਂ ਦੇ ਦਿੱਤਾ ਗਿਆ ਹੈ।

ਇਸੇ ਦੌਰਾਨ ਕੇਸ ਜਾਂਚ ਅਫ਼ਸਰ ਅਤੇ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਚੰਦਰ ਸ਼ੇਖਰ, ਜੋ 30 ਨਵੰਬਰ ਨੂੰ ਸੇਵਾਮੁਕਤ ਹੋ ਰਹੇ ਹਨ, ਦੀ ਥਾਂ ਐਡੀਸ਼ਨਲ ਡੀ.ਜੀ.ਪੀ. ਰੈਂਕ ਦਾ ਅਫ਼ਸਰ ਨਿਯੁਕਤ ਕਰਨ ਦੇ ਹੁਕਮ ਦਿੱਤੇ ਗਏ ਹਨ। ਉਧਰ ਸ੍ਰੀ ਚੰਦਰ ਸ਼ੇਖਰ ਨੇ ਕੇਸ ਬਾਰੇ ਸਟੇਟਸ ਰਿਪੋਰਟ ਅਦਾਲਤ ਨੂੰ ਸੌਂਪ ਦਿੱਤੀ। ਸਰਕਾਰੀ ਵਕੀਲ ਐਨ.ਕੇ. ਸਾਂਘੀ ਨੇ ਦੱਸਿਆ ਕਿ ਇਹ ਸਟੇਟਸ ਰਿਪੋਰਟ ਮੁੱਖ ਸਕੱਤਰ ਨੂੰ ਭੇਜ ਦਿੱਤੀ ਜਾਵੇਗੀ। ਇਸ ਤੋਂ ਬਾਅਦ ਮੁੱਖ ਸਕੱਤਰ ਹੀ ਨਵੇਂ ਜਾਂਚ ਅਫ਼ਸਰ ਦੀ ਨਿਯੁਕਤੀ ਬਾਰੇ ਅਗਾਂਹ ਕਾਰਵਾਈ ਕਰਨਗੇ। ਅਦਾਲਤ ਨੇ ਸਰਕਾਰੀ ਵਕੀਲ ਦੀ ਦਲੀਲ ਸੁਣਦਿਆਂ ਨਵਾਂ ਜਾਂਚ ਅਫ਼ਸਰ ਨਿਯੁਕਤ ਕਰਨ ਅਤੇ ਜਾਂਚ ਚਾਰ ਮਹੀਨਿਆਂ ਵਿਚ ਮੁਕੰਮਲ ਕਰਨ ਲਈ ਕਿਹਾ ਹੈ।

## ਅਮਰੀਕੀ ਵੱਲੋਂ ਭਾਰਤ ਨੂੰ ਸਲਾਮਤੀ ਕੌਂਸਲ 'ਚ ਸੀਟ ਦੇਣ ਬਾਰੇ ਮਤਾ ਪੇਸ਼


**ਵਾਸ਼ਿੰਗਟਨ:** ਦੱਖਣੀ ਏਸ਼ੀਆ ਖਿੱਤੇ ਵਿਚ ਅਮਨ ਤੇ ਵਿਕਾਸ ਪ੍ਰਤੀ ਭਾਰਤ ਦੀ ਵਚਨਬੱਧਤਾ ਦੀ ਸਹਾਰਨਾ ਕਰਦਿਆਂ ਅਮਰੀਕੀ ਪ੍ਰਤੀਨਿਧ ਸਦਨ ਵਿਚ ਪੇਸ਼ ਕੀਤੇ ਮਤੇ ਰਾਹੀਂ ਸੰਯੁਕਤ ਰਾਸ਼ਟਰ ਨੂੰ ਅਪੀਲ ਕੀਤੀ ਗਈ ਹੈ ਕਿ ਨਵੀਂ ਦਿੱਲੀ ਨੂੰ ਸਲਾਮਤੀ ਕੌਂਸਲ ਦਾ ਸਥਾਈ ਮੈਂਬਰ ਬਣਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣ। ਕਾਂਗਰਸਮੈਨ ਗੂਸ ਬਿਲਕਾਰਿਸ ਵੱਲੋਂ ਪੇਸ਼ ਕੀਤੇ ਮਤੇ ਰਾਹੀਂ ਸਦਨ ਦੀ ਇਹ ਭਾਵਨਾ ਪ੍ਰਗਟ ਕੀਤੀ ਗਈ ਹੈ ਕਿ ਸੰਯੁਕਤ ਰਾਸ਼ਟਰ ਨੂੰ ਆਪਣੇ ਚਾਰਟਰ ਦੀ ਧਾਰਾ ਵਿੱਚ ਸੋਧ ਲਈ ਲੋੜੀਂਦੀ ਕਾਰਵਾਈ ਕਰਨੀ ਚਾਹੀਦੀ ਹੈ।

ਇਹ ਮਤਾ ਸਦਨ ਦੀ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਜਮਹੂਰੀ ਦੇਸ਼ ਹੈ ਜਿੱਥੇ ਸਾਰੇ ਸਿਆਸੀ ਵਿਚਾਰ ਖੁੱਲ੍ਹ ਕੇ ਰੱਖੇ ਜਾਂਦੇ ਤੇ ਸਤਿਕਾਰੇ ਜਾਂਦੇ ਹਨ। ਮਤੇ ਵਿਚ ਕਿਹਾ ਗਿਆ ਹੈ ਕਿ ਭਾਰਤ ਦੁਨੀਆਂ ਦਾ ਦੂਜਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ ਤੇ ਇਹ ਸੰਯੁਕਤ ਰਾਸ਼ਟਰ ਦੇ ਸ਼ਾਂਤੀ-ਮਿਸ਼ਨਾਂ ਵਿਚ ਸਭ ਤੋਂ ਵਧ ਦਸਤੇ ਭੇਜਣ ਵਾਲੇ ਦੇਸ਼ਾਂ 'ਚੋਂ ਇਕ ਹੈ।

## ਪੀ ਸੀ ਐਸ ਵਲੋਂ ਖੂਨਦਾਨ ਕੈਂਪ 28 ਨੂੰ

**ਸ਼ਿਕਾਗੋ:** ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਵਲੋਂ ਥੈਂਕਸਗਿਵਿੰਗ ਮੌਕੇ ਇਕ ਖੂਨਦਾਨ ਕੈਂਪ ਸਿੱਖ ਰਿਲੀਜੀਅਸ ਸੁਸਾਇਟੀ ਦੇ ਸਹਿਯੋਗ ਨਾਲ ਗੁਰਦੁਆਰਾ ਪੈਲਾਟਾਈਨ ਵਿਖੇ ਆਉਂਦੀ 28 ਨਵੰਬਰ ਐਤਵਾਰ ਨੂੰ ਸਵੇਰੇ 9:30 ਵਜੇ ਤੋਂ ਬਾਅਦ ਦੁਪਹਿਰ 3:30 ਵਜੇ ਤੱਕ ਲਾਇਆ ਜਾਵੇਗਾ।


ਪੀ ਸੀ ਐਸ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਖੂਨਦਾਨ ਕੈਂਪ ਵਿਚ ਖੂਨਦਾਨ ਦੇਣ ਵਾਲੇ ਸੱਜਣ ਆਪਣੀ ਆਈ ਡੀ ਯਾਨਿ ਡਰਾਇਵਰ ਲਾਇਸੰਸ ਜਾਂ ਇੰਪਲਾਈ ਬੈਜ ਜਾਂ ਬਰਥ ਸਰਟੀਫਿਕੇਟ ਨਾਲ ਲੈ ਕੇ ਆਉਣ। ਉਨ੍ਹਾਂ ਖਾਣਾ ਸਹੀ ਤਰੀਕੇ ਨਾਲ ਖਾਧਾ ਹੋਵੇ ਅਤੇ ਪਾਣੀ ਵੀ ਯੋਗ ਮਾਤਰਾ ਵਿਚ ਪੀਤਾ ਹੋਵੇ। ਬਲੱਡ ਬੈਂਕ ਦੇ ਮੌਜੂਦਾ ਨਿਯਮਾਂ ਅਨੁਸਾਰ ਜੇ ਕੋਈ ਵਿਅਕਤੀ ਪਿਛਲੇ ਇਕ ਸਾਲ ਅੰਦਰ ਇੰਡੀਆ ਗਿਆ ਹੈ ਤਾਂ ਉਸ ਦਾ ਖੂਨ ਨਹੀਂ ਲਿਆ ਜਾਵੇਗਾ। ਹੋਰ ਜਾਣਕਾਰੀ ਲਈ ਫੋਨ 847-359-5727 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਦੰਦਾਂ ਦਾ ਤਸੱਲੀਬਖ਼ਸ਼ ਇਲਾਜ
ਸਿੱਧੀ ਕਾਲ ਕਰੋ 630-479-0031

- ਇੰਸ਼ੋਰੈਂਸ ਨਹੀਂ? ਫਿਕਰ ਨਹੀਂ। 20-40% ਛੋਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invisialign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ

*ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ*



Fillings,
Dentures,
Crowns,
Bridge,
Veneers,
Extractions,
Cleaning,

**Dr. Harjinder Khaira DMD & Associates**

Lakestreet Dental
490 W. Lake Street, Suite 107 Roselle, IL 60172
630-894-8008

Lakeland Dental
115 E. State Rd., Island Lake, IL 60042
847-526-1920



**Law Office of Navdeep S. Jhaj**

Immigration Law Attorney

General Legal Practice

Estate Planning
Personal Injury
Bankruptcy



Navdeep S. Jhaj

Member, American Immigration Lawyers Association

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ

1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com

## ਉਤਰੀ ਕੋਰੀਆ ਵੱਲੋਂ ਦੱਖਣੀ ਕੋਰੀਆ ਦੇ ਟਾਪੂ 'ਤੇ ਹਮਲਾ

**ਸਿਓਲ:** ਉਤਰੀ ਕੋਰੀਆ ਦੀ ਜਲ ਸੈਨਾ ਵੱਲੋਂ ਦੱਖਣੀ ਕੋਰੀਆ ਦੇ ਇਕ ਟਾਪੂ 'ਤੇ ਕੀਤੀ ਗਈ ਗੋਲਾਬਾਰੀ 'ਚ ਦੱਖਣੀ ਕੋਰੀਆ ਦੇ ਦੋ ਜਲ ਸੈਨਿਕ ਮਾਰੇ ਗਏ ਜਦਕਿ 13 ਜ਼ਖ਼ਮੀ ਹੋ ਗਏ। ਦੂਜੇ ਪਾਸੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਮਿਯੁੰਗ-ਬਾਕ ਨੇ ਅਧਿਕਾਰੀਆਂ ਨੂੰ 'ਸਖ਼ਤ ਜਵਾਬ' ਦੇਣ ਦੇ ਹੁਕਮ ਦਿੱਤੇ ਹਨ ਪਰ ਨਾਲ ਹੀ ਇਸ ਗੱਲ ਦਾ ਧਿਆਨ ਰੱਖਣ ਲਈ ਕਿਹਾ ਹੈ ਕਿ ਹਾਲਤ ਵਧੇਰੇ ਨਾ ਵਿਗੜੇ ਕਿਉਂਕਿ ਇਹ ਸੰਵੇਦਨਸ਼ੀਲ ਮਾਮਲਾ ਹੈ।

ਦੱਖਣੀ ਕੋਰੀਆ ਦੀ ਜਲ ਸੈਨਾ ਦੇ ਬੁਲਾਰੇ ਨੇ ਦੱਸਿਆ ਕਿ ਉਤਰੀ ਕੋਰੀਆ ਨੇ 23 ਨਵੰਬਰ ਨੂੰ ਤੋਪ ਦੇ ਦਰਜਨਾਂ ਗੋਲੇ ਯਿਓਂਗਪੌਂਗ ਟਾਪੂ 'ਤੇ ਦਾਗੇ ਜਿਸ ਨਾਲ ਕਈ ਇਮਾਰਤਾਂ ਨੂੰ ਅੱਗ ਲੱਗ ਗਈ। ਦੱਖਣੀ ਕੋਰੀਆ ਦੇ ਟੀ. ਵੀ. ਚੈਨਲ ਨੇ ਦੱਸਿਆ ਕਿ ਗੋਲਾਬਾਰੀ 'ਚ 60-70 ਘਰਾਂ ਨੂੰ ਅੱਗ ਲੱਗ ਗਈ। ਦੂਜੇ ਪਾਸੇ ਗੋਲਾਬਾਰੀ ਪਿੱਛੋਂ ਦੱਖਣੀ ਕੋਰੀਆ ਨੇ ਪੱਛਮੀ ਤਟ 'ਤੇ ਲੜਾਕੂ ਜੈਟ ਜਹਾਜ਼ ਤਾਇਨਾਤ ਕਰ ਦਿੱਤੇ ਹਨ। ਇਸ ਅਚਾਨਕ ਹਮਲੇ ਪਿਛੋਂ ਲੋਕਾਂ ਨੇ ਘਰ ਖ਼ਾਲੀ ਕਰਨੇ ਸ਼ੁਰੂ ਕਰ ਦਿੱਤੇ ਹਨ। ਦੱਖਣੀ ਕੋਰਿਆਈ ਫ਼ੌਜ ਨੇ ਗੋਲਾਬਾਰੀ ਦੀ ਪੁਸ਼ਟੀ ਕੀਤੀ ਪਰ ਵਧੇਰੇ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਯਿਓਨਪਿਓਂਗ ਟਾਪੂ 'ਚ ਦੱਖਣੀ ਕੋਰੀਆ ਦੇ ਫ਼ੌਜੀ ਸਿਖਲਾਈ ਕੇਂਦਰ ਚੱਲਦੇ ਹਨ ਤੇ ਉਤਰੀ ਕੋਰੀਆ ਇਨ੍ਹਾਂ ਨੂੰ ਬੰਦ ਕਰਨ ਲਈ ਪਹਿਲਾਂ ਵੀ ਕਈ ਵਾਰ ਚਿਤਾਵਨੀ ਦੇ ਚੁੱਕਾ ਹੈ ਤੇ 23 ਨਵੰਬਰ ਨੂੰ ਵੀ ਉਸ ਨੇ ਦੱਖਣੀ ਕੋਰੀਆ ਨੂੰ ਸਿਖਲਾਈ ਕੇਂਦਰ ਬੰਦ ਕਰਨ ਦੀ ਚਿਤਾਵਨੀ ਦਿੱਤੀ ਸੀ ਪਰ ਦੱਖਣੀ ਕੋਰੀਆ ਲਗਾਤਾਰ ਇਸ ਨੂੰ ਨਜ਼ਰਅੰਦਾਜ਼ ਕਰਦਾ ਆ ਰਿਹਾ ਹੈ। ਉਤਰੀ ਕੋਰੀਆ ਦੇ ਸਰਕਾਰੀ ਅਧਿਕਾਰੀ ਨੇ ਦੱਸਿਆ ਹੈ ਕਿ ਫ਼ੌਜੀ ਸਿਖਲਾਈ ਵਾਲੇ ਕੇਂਦਰਾਂ ਵੱਲ ਨਿਸ਼ਾਨਾ ਬਣਾ ਕੇ ਗੋਲਾਬਾਰੀ ਕੀਤੀ ਗਈ।

# ਕਰਿੱਡ ਰਿਪੋਰਟ 'ਚ ਖੁਲਾਸਾ:ਪੰਜਾਬ ਸਰਕਾਰ ਪਰਵਾਸੀਆਂ ਦੀਆਂ ਮੁਸ਼ਕਲਾਂ ਬਾਰੇ ਗੰਭੀਰ ਨਹੀਂ

**ਚੰਡੀਗੜ੍ਹ:** ਵਿਦੇਸ਼ਾਂ 'ਚ ਰਹਿੰਦੇ ਵੱਡੀ ਗਿਣਤੀ ਪੰਜਾਬੀਆਂ ਦੀਆਂ ਸਮੱਸਿਆਂ ਦੇ ਹੱਲ ਲਈ ਭਾਵੇਂ ਪੰਜਾਬ ਸਰਕਾਰ ਨੇ ਵੱਖਰਾ ਐਨ.ਆਰ.ਆਈ. ਵਿਭਾਗ ਬਣਾਇਆ ਹੈ ਪਰ ਇਸ ਦੀ ਕਾਰਗੁਜ਼ਾਰੀ ਕਿਧਰੇ ਨਜ਼ਰ ਨਹੀਂ ਆਉਂਦੀ। ਉਦਯੋਗਿਕ ਵਿਕਾਸ ਖੋਜ ਸੰਸਥਾ (ਕਰਿੱਡ) ਵੱਲੋਂ ਬਰੀਕੀ ਨਾਲ ਕੀਤੇ ਅਧਿਐਨ ਰਾਹੀਂ ਸਾਹਮਣੇ ਆਇਆ ਹੈ ਕਿ ਪੰਜਾਬ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਹੱਲ ਕਰਨ, ਉਨ੍ਹਾਂ ਨੂੰ ਪੂੰਜੀ ਨਿਵੇਸ਼ ਵੱਲ ਆਕਰਸ਼ਤ ਕਰਨ ਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਵਿੱਚ ਗੰਭੀਰਤਾ ਨਹੀਂ ਦਿਖਾਈ। ਕਾਗਜ਼ੀ ਕਾਰਵਾਈ ਤਾਂ ਭਾਵੇਂ ਵੱਡੇ ਪੱਧਰ 'ਤੇ ਹੋਈ ਪਰ ਇਸ ਦੇ ਠੋਸ ਨਤੀਜੇ ਸਾਹਮਣੇ ਨਹੀਂ ਆਏ।

ਕਰਿੱਡ ਵੱਲੋਂ ਪੰਜਾਬੀਆਂ ਦੇ ਪਰਵਾਸ ਤੇ ਵਿਕਾਸ ਬਾਰੇ ਅਧਿਐਨ ਰਿਪੋਰਟ ਰਾਜ ਸਰਕਾਰ ਨੂੰ ਸੌਂਪੀ ਗਈ ਹੈ। ਇਸ ਰਿਪੋਰਟ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਪਰਵਾਸੀ ਆਪਣੀ ਮਾਤ ਭੂਮੀ ਨੂੰ ਵਿੱਤੀ ਪੱਖ ਤੋਂ ਲੁਭਾਉਣ ਵਾਲੀ ਮੰਡੀ ਨਹੀਂ ਮੰਨਦੇ। ਇਸ ਲਈ ਉਨ੍ਹਾਂ ਨੂੰ ਇਥੇ ਪੂੰਜੀ ਨਿਵੇਸ਼ ਲਈ 'ਦੇਸ਼ ਭਗਤੀ' ਦੇ ਜਜ਼ਬਾਤੀ ਗੀਤਾਂ ਜਾਂ ਫੋਕੀਆਂ ਗੱਲਾਂ ਨਾਲ ਨਹੀਂ ਖਿੱਚਿਆ ਜਾ ਸਕਦਾ ਬਲਕਿ ਕੁਝ ਠੋਸ ਕਰਨ ਦੀ ਜ਼ਰੂਰਤ ਹੈ।

ਰਿਪੋਰਟ ਮੁਤਾਬਕ ਪਰਵਾਸੀਆਂ ਨੇ ਦੋਆਬਾ ਇਲਾਕੇ ਦੇ ਵੱਡੀ ਗਿਣਤੀ ਪਿੰਡਾਂ ਦੀ ਕਾਇਆ ਕਲਪ ਕੀਤੀ। ਲੋਕਾਂ ਨੂੰ ਸਿਹਤ ਤੇ ਸਿੱਖਿਆ ਸਹੂਲਤਾਂ ਦੇਣ ਵਿਚ ਹੀ ਗਿਣਨਯੋਗ ਯੋਗਦਾਨ ਨਹੀਂ ਪਾਇਆ ਬਲਕਿ ਪੀਣ ਵਾਲੇ ਪਾਣੀ ਆਦਿ ਦੀ ਸਹੂਲਤ ਲਈ ਵੀ ਵਿਦੇਸ਼ੀ ਮਾਇਆ ਖਰਚ ਕੀਤੀ ਹੈ ਪਰ ਇਸ ਮਾਮਲੇ ਵਿਚ ਕਈ ਸਰਕਾਰੀ ਯੋਜਨਾਵਾਂ ਫਲਾਪ ਹੋ ਗਈਆਂ। ਮਿਸਾਲ ਵਜੋਂ ਰਾਜ ਸਰਕਾਰ ਦੇ ਹਰਮਨ ਪਿਆਰੇ ਪ੍ਰਾਜੈਕਟ 'ਮੇਰਾ ਪਿੰਡ' ਨੂੰ ਪਰਵਾਸੀਆਂ ਨੇ ਅਪਣਾਇਆ ਨਹੀਂ। ਇਸ ਮਾਮਲੇ ਵਿਚ ਕੁਝ ਕੁ ਪਿੰਡ ਹੀ ਨਕਸ਼ੇ 'ਤੇ ਆ ਸਕੇ ਜਿਨ੍ਹਾਂ ਵਿਚ ਖਰੋੜੀ (ਹੁਸ਼ਿਆਰਪੁਰ), ਪਲਾਹੀ (ਜਲੰਧਰ) ਤੇ ਬ੍ਰਹਮਪੁਰ (ਲੁਧਿਆਣਾ) ਸ਼ਾਮਲ ਹਨ। ਕਰਿੱਡ ਦੇ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਨੇ ਪਰਵਾਸੀਆਂ ਦੀਆਂ ਸਮੱਸਿਆਵਾਂ ਲਈ ਵੱਖਰੇ ਥਾਣੇ, ਮਾਲ ਅਦਾਲਤਾਂ ਸਥਾਪਤ ਕਰਨ ਤੇ ਨੰਬਰਦਾਰ ਵੀ ਨਿਯੁਕਤ ਕੀਤੇ ਪਰ ਸਮੱਸਿਆਵਾਂ ਬਰਕਰਾਰ ਹਨ।

ਪਰਵਾਸੀਆਂ ਵੱਲੋਂ ਜਨਤਕ ਵਿਕਾਸ ਕਾਰਜਾਂ ਲਈ ਕੀਤੇ ਜਾ ਰਹੇ ਕੰਮਾਂ ਵਿਚ ਜਲੰਧਰ ਮੋਹਰੀ ਜ਼ਿਲ੍ਹਾ ਹੈ। ਇਨ੍ਹਾਂ ਕੰਮਾਂ ਲਈ ਖਰਚ ਕਰਨ ਵਾਲਾ ਵਿਅਕਤੀ ਆਪਣੇ ਬਲਬੂਤੇ 'ਤੇ ਹੀ ਕੰਮ ਕਰਦਾ ਹੈ ਜਿੱਥੇ ਭਾਈਚਾਰਕ ਤੇ ਪ੍ਰਸ਼ਾਸਨਿਕ ਸਹਿਯੋਗ ਦੀ ਕਮੀ ਹੈ। ਪਰਵਾਸੀਆਂ ਦੇ ਹਿਤਾਂ ਦੀ ਰਾਖੀ ਲਈ ਕਾਇਮ ਗੈਰ ਸਰਕਾਰੀ ਸੰਸਥਾ ਪਰਵਾਸੀ ਭਾਰਤੀ ਸਭਾ (ਐਨ.ਆਰ.ਆਈ.ਸਭਾ) ਦੀ ਕਾਰਗੁਜ਼ਾਰੀ 'ਤੇ ਵੀ ਕਰਿੱਡ ਦੇ ਅਧਿਐਨ ਵਿਚ ਉਂਗਲ ਉਠਾਈ ਗਈ ਹੈ। ਇਸ ਸੰਸਥਾ ਦਾ ਪੂਰੀ ਤਰ੍ਹਾਂ ਸਿਆਸੀਕਰਨ ਹੋ ਚੁੱਕਾ ਹੈ ਜਿਸ ਕਾਰਨ ਇਹ ਕੋਈ ਮਹੱਤਵਪੂਰਨ ਭੂਮਿਕਾ ਨਹੀਂ ਨਿਭਾ ਸਕੀ। ਇਹ ਪਰਵਾਸੀਆਂ ਦੇ ਵਿਆਹਾਂ ਤੇ ਜਾਇਦਾਦਾਂ ਨਾਲ ਸਬੰਧਤ ਝਗੜਿਆਂ ਨੂੰ ਸੁਲਝਾਉਣ ਤੱਕ ਸੀਮਤ ਹੋ ਕੇ ਰਹਿ ਗਈ ਹੈ। ਰਾਜ ਸਰਕਾਰ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਰੁਜ਼ਗਾਰ ਦਿਵਾਉਣ ਵਿਚ ਅਸਫਲ ਸਾਬਤ ਹੋਈ ਹੈ। ਸਰਕਾਰ ਨੇ ਇਸ ਲਈ ਕੇਂਦਰ ਸਥਾਪਤ ਕਰਨਾ ਸੀ ਜੋ ਨਹੀਂ ਕੀਤਾ ਗਿਆ। ਸਰਕਾਰ ਨੇ ਪਰਵਾਸੀਆਂ ਦੀਆਂ ਸ਼ਾਦੀਆਂ ਦੀ ਰਜਿਸਟਰੇਸ਼ਨ ਕਰਨ ਦੇ ਕੰਮ ਵਿਚ ਵੀ ਪ੍ਰਗਤੀ ਨਹੀਂ ਦਿਖਾਈ। ਇਹ ਅਧਿਐਨ ਕਰਿੱਡ ਦੇ ਨੁਮਾਇੰਦਿਆਂ ਪੀ.ਐਸ. ਸਹਾਏ ਸੇਵਾ ਮੁਕਤ (ਆਈ.ਐਫ.ਐਸ. ਅਧਿਕਾਰੀ), ਡਾ. ਕ੍ਰਿਸ਼ਨ ਚੰਦ, ਪਵਨ ਕੁਮਾਰ ਤੇ ਤਾਨੀਆ ਸਹਾਏ 'ਤੇ ਅਧਾਰਿਤ ਟੀਮ ਵੱਲੋਂ ਕੀਤਾ ਗਿਆ।

## ਨਕਸਲੀਆਂ ਨੇ ਸੁਰੱਖਿਆ ਬਲਾਂ ਦੀ ਗੱਡੀ ਉਡਾਈ

**ਰਾਏਪੁਰ:** ਛੱਤੀਸਗੜ੍ਹ ਦੇ ਦਾਂਤੇਵਾੜਾ ਇਲਾਕੇ 'ਚ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ 'ਚ 20 ਨਕਸਲੀ ਮਾਰੇ ਗਏ ਜਦੋਂਕਿ ਸੂਬੇ ਦੇ ਬੀਜਾਪੁਰ ਜ਼ਿਲ੍ਹੇ 'ਚ 23 ਨਵੰਬਰ ਨੂੰ ਨਕਸਲੀਆਂ ਨੇ ਸੁਰੱਖਿਆ ਬਲਾਂ ਦੇ ਵਾਹਨ ਨੂੰ ਬਾਰੂਦੀ ਸੁਰੰਗ ਨਾਲ ਉਡਾ ਦਿੱਤਾ ਜਿਸ 'ਚ ਸੀ.ਆਰ.ਪੀ.ਐਫ. ਦੇ ਦੋ ਜਵਾਨ ਮਾਰੇ ਗਏ।

ਸੀ.ਆਰ.ਪੀ.ਐਫ. ਦੇ ਇੰਸਪੈਕਟਰ ਜਨਰਲ ਪੰਕਜ ਕੁਮਾਰ ਨੇ ਦੱਸਿਆ ਕਿ ਦਾਂਤੇਵਾੜਾ ਦੇ ਜਗਰਗੁੰਡਾ ਇਲਾਕੇ 'ਚ ਜਦੋਂ ਸੂਬਾ ਪੁਲਿਸ ਤੇ ਸੀ.ਆਰ.ਪੀ.ਐਫ. ਦੇ ਜਵਾਨ ਇਲਾਕੇ 'ਤੇ ਕਬਜ਼ੇ ਦਾ ਅਭਿਆਸ ਕਰਨ ਗਏ ਤਾਂ ਉਨ੍ਹਾਂ 'ਤੇ ਆਸਰਾਮਪੁਰਾ ਪਿੰਡ ਨੇੜੇ 200 ਨਕਸਲੀਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਦੱਸਿਆ ਕਿ ਸੁਰੱਖਿਆ ਜਵਾਨਾਂ ਵੱਲੋਂ ਜਦੋਂ ਜਵਾਬੀ ਗੋਲੀਬਾਰੀ ਕੀਤੀ ਤਾਂ ਨਕਸਲੀ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਸੁਰੱਖਿਆ ਜਵਾਨਾਂ ਨੂੰ 9 ਨਕਸਲੀਆਂ ਦੀਆਂ ਲਾਸ਼ਾਂ 'ਹਰੀ ਵਰਦੀ' 'ਚ ਮਿਲੀਆਂ ਹਨ। ਭਾਵੇ ਨਕਸਲੀਆਂ ਦੀਆਂ 9 ਲਾਸ਼ਾਂ ਬਰਾਮਦ ਹੋਈਆਂ ਹਨ ਪਰ ਇਸ ਮੁਕਾਬਲੇ 'ਚ 20 ਨਕਸਲੀਆਂ ਦੇ ਮਾਰੇ ਜਾਣ ਦੀ ਸੰਭਾਵਨਾ ਹੈ।

ਵਧੀਕ ਐਸ. ਪੀ. ਰਾਜਭਾਨੂ ਨੇ ਦੱਸਿਆ ਕਿ ਇਥੋਂ 280 ਕਿਲੋਮੀਟਰ ਦੂਰ ਮੁਰਤਾਂਡਾ ਪਿੰਡ ਨੇੜੇ ਵਾਪਰੀ ਇਕ ਹੋਰ ਘਟਨਾ 'ਚ 2 ਸੁਰੱਖਿਆ ਜਵਾਨ ਸ਼ਹੀਦ ਹੋ ਗਏ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਮੁਰਤਾਂਡਾ ਪਿੰਡ ਨੇੜੇ ਬੁਲੇਟ ਪਰੂਫ ਵਾਹਨ ਅਵਾਪਲੀ ਤੋਂ ਤੀਮੂਰ ਆਧਾਰਤ ਸੀ.ਆਰ.ਪੀ.ਐਫ. ਦੇ 168 ਬਟਾਲੀਅਨ ਦੇ ਜਵਾਨਾਂ ਨੂੰ ਉਤਾਰ ਕੇ ਵਾਪਸ ਰਿਹਾ ਸੀ। ਉਨ੍ਹਾਂ ਦੱਸਿਆ ਕਿ ਨਕਸਲਵਾਦੀਆਂ ਵੱਲੋਂ ਕੀਤੇ ਬਾਰੂਦੀ ਸੁਰੰਗ ਧਮਾਕੇ 'ਚ ਵਾਹਨ ਦਾ ਚਾਲਕ ਤੇ ਹੌਲਦਾਰ ਮਾਰਿਆ ਗਿਆ।

## ਦਿੱਲੀ ਕਮੇਟੀ ਵੱਲੋਂ 'ਕਾਲੀ ਸੂਚੀ' ਖ਼ਿਲਾਫ਼ ਪਟੀਸ਼ਨ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਹਾਈ ਕੋਰਟ ਵਿਚ ਅਰਜ਼ੀ ਦਾਇਰ ਕਰਕੇ ਸਰਕਾਰ ਨੂੰ ਇਹ ਹਦਾਇਤ ਜਾਰੀ ਕਰਨ ਦੀ ਬੇਨਤੀ ਕੀਤੀ ਹੈ ਕਿ ਵਿਦੇਸ਼ਾਂ ਵਿਚ ਰਹਿੰਦੇ 169 ਸਿੱਖਾਂ ਨੂੰ ਵਤਨ ਪਰਤਣ ਦੀ ਆਗਿਆ ਦਿੱਤੀ ਜਾਵੇ ਜਿਨ੍ਹਾਂ ਨੂੰ ਖਾੜਕੂਵਾਦ ਦੇ ਦੌਰ ਦੌਰਾਨ 'ਬਲੈਕ ਲਿਸਟ' ਕਰਾਰ ਦੇ ਦਿੱਤਾ ਗਿਆ ਸੀ।

ਸੀਨੀਅਰ ਐਡਵੋਕੇਟ ਕੇ.ਟੀ.ਐਸ. ਤੁਲਸੀ ਰਾਹੀਂ ਦਾਇਰ ਪਟੀਸ਼ਨ ਵਿਚ ਗੁਰਦੁਆਰਾ ਕਮੇਟੀ ਨੇ ਅਪੀਲ ਕੀਤੀ ਹੈ ਕਿ 169 ਸਿੱਖਾਂ ਦੀ ਸੂਚੀ ਦਾ ਜਾਇਜ਼ਾ ਲਿਆ ਜਾਵੇ ਕਿਉਂਕਿ ਇਸ ਕਰਕੇ ਦੁਨੀਆਂ ਭਰ ਵਿਚ ਵੱਖ-ਵੱਖ ਹਵਾਈ ਅੱਡਿਆਂ ਤੇ ਦੂਤਘਰਾਂ ਵਿਚ ਇਨ੍ਹਾਂ ਵਿਅਕਤੀਆਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ।ਚੀਫ ਜਸਟਿਸ ਦੀਪਕ ਮਿਸ਼ਰਾ ਤੇ ਜਸਿਟਸ ਮਨਮੋਹਨ ਦੇ ਬੈਂਚ ਅੱਗੇ ਪੇਸ਼ ਹੁੰਦਿਆਂ ਸ੍ਰੀ ਤੁਲਸੀ ਨੇ ਸਲੋਹ (ਬਰਤਾਨੀਆ) ਦੇ ਮੇਅਰ ਜੋਗਿੰਦਰ ਸਿੰਘ ਬੱਲ ਦੇ ਕੇਸ ਦਾ ਹਵਾਲਾ ਦਿੱਤਾ ਜਿਸ ਨੂੰ ਦਿੱਲੀ ਹਵਾਈ ਅੱਡੇ ਤੋਂ ਇਸ ਕਰਕੇ ਵਾਪਸ ਭੇਜ ਦਿੱਤਾ ਗਿਆ ਸੀ ਕਿ ਉਸ ਦਾ ਨਾਂ 'ਕਾਲੀ ਸੂਚੀ' ਵਿਚ ਆਉਂਦਾ ਹੈ।

ਸ੍ਰੀ ਤੁਲਸੀ ਨੇ ਦਲੀਲ ਦਿੱਤੀ ਕਿ ਅਜਿਹੀ ਕੋਈ ਸਪਸ਼ਟ ਨੀਤੀ ਨਹੀਂ ਹੈ ਜਿਸ ਦੇ ਆਧਾਰ 'ਤੇ 169 ਵਿਅਕਤੀਆਂ ਨੂੰ ਬਲੈਕ ਲਿਸਟ ਕੀਤਾ ਗਿਆ ਹੈ। ਇਨ੍ਹਾਂ ਵਿਅਕਤੀਆਂ ਨੂੰ ਆਪਣੀ ਮਾਤ ਭੂਮੀ ਨਾਲ ਸਬੰਧ ਨਵਿਆਉਣ ਦੇ ਹੱਕ ਤੋਂ ਵਿਰਵੇ ਨਹੀਂ ਕੀਤਾ ਜਾ ਸਕਦਾ। ਇਹ ਨੀਤੀ ਗੈਰ-ਸੰਵਿਧਾਨਕ ਤੇ ਵਿਤਕਰੇ ਭਰੀ ਹੈ ਤੇ ਇਹ ਸਿੱਖਾਂ ਨਾਲ ਭੇਦਭਾਵ 'ਤੇ ਆਧਾਰਤ ਹੈ।

# ਭਾਰਤੀਆਂ ਦਾ ਸਵਿਸ ਬੈਂਕ 'ਚ ਸਭ ਤੋਂ ਜ਼ਿਆਦਾ ਧਨ

## ਰੂਸ ਦੂਜੇ ਤੇ ਚੀਨ ਪੰਜਵੇਂ ਸਥਾਨ 'ਤੇ

**ਨਵੀਂ ਦਿੱਲੀ:** 'ਕਾਲਾ ਧਨ' ਸਾਂਭਣ ਲਈ ਸਭ ਤੋਂ ਢੁਕਵੇਂ ਟਿਕਾਣੇ ਸਵਿਸ ਬੈਂਕਾਂ 'ਚ ਭਾਰਤ ਦਾ ਸਭ ਤੋਂ ਜ਼ਿਆਦਾ ਪੈਸਾ ਹੈ। ਇਹ ਖੁਲਾਸਾ ਸਵਿਸ ਬੈਂਕ ਦੀ ਇਕ ਰਿਪੋਰਟ ਰਾਹੀਂ ਹੋਇਆ ਹੈ। ਕਾਫ਼ੀ ਜੱਦੋ ਜਹਿਦ ਤੋਂ ਬਾਅਦ ਸਵਿਸ ਬੈਂਕ ਐਸੋਸੀਏਸ਼ਨ ਨੇ ਇਸ ਗੱਲ ਕਬੂਲੀ ਹੈ ਕਿ ਉਸ ਦੇ ਬੈਂਕਾਂ ਵਿਚ ਕਿਹੜੇ ਮੁਲਕ ਦਾ ਕਿੰਨਾ ਧਨ ਜਮ੍ਹਾਂ ਹੈ। ਇਸ ਰਿਪੋਰਟ ਮੁਤਾਬਕ ਸਵਿਸ ਬੈਂਕ ਵਿਚ ਭਾਰਤੀਆਂ ਦੇ ਕੁੱਲ 65, 223 ਅਰਬ ਰੁਪਏ ਜਮ੍ਹਾਂ ਹਨ। ਦੂਸਰੇ ਨੰਬਰ 'ਤੇ ਰੂਸ ਹੈ ਜਿਸ ਦੇ ਲੋਕਾਂ ਦੇ ਕਰੀਬ 21, 235 ਅਰਬ ਜਮ੍ਹਾਂ ਹਨ। ਚੀਨ ਪੰਜਵੇਂ ਸਥਾਨ 'ਤੇ ਹੈ ਜਿਸ ਦੇ ਕੇਵਲ 2154 ਅਰਬ ਰੁਪਏ ਹੀ ਜਮ੍ਹਾਂ ਹਨ। ਭਾਰਤੀਆਂ ਦਾ ਜਿੰਨਾ ਪੈਸਾ ਸਵਿਸ ਬੈਂਕ ਵਿਚ ਜਮ੍ਹਾਂ ਹੈ, ਤਕਨੀਕੀ ਰੂਪ ਵਿਚ ਉਹ ਦੇਸ਼ ਦੇ ਕੁੱਲ ਘਰੇਲੂ ਉਤਪਾਦਨ (ਜੀ.ਡੀ.ਪੀ.) ਦਾ 6 ਗੁਣਾ ਹੈ। ਸਰਕਾਰ 'ਤੇ ਦਬਾਅ ਹੈ ਤੇ ਕੋਸ਼ਿਸ਼ਾਂ ਵੀ ਜਾਰੀ ਹਨ ਕਿ ਇਸ ਧਨ ਨੂੰ ਵਾਪਸ ਲਿਆਂਦਾ ਜਾਵੇ। ਤਕਨੀਕੀ ਰੂਪ ਵਿਚ ਇਹ ਕਾਲਾ ਧਨ ਹੈ। ਜੇਕਰ ਇਹ ਧਨ ਵਾਪਸ ਆ ਗਿਆ ਤਾਂ ਦੇਸ਼ ਦੀ ਅਰਥ-ਵਿਵਸਥਾ ਤੇ ਆਮ ਆਦਮੀ ਦੀ ਹੋਣੀ ਸੁਧਰ ਸਕਦੀ ਹੈ।



ਪ੍ਰਾਪਤ ਅੰਕੜਿਆਂ ਮੁਤਾਬਿਕ ਭਾਰਤ ਨੂੰ ਆਪਣੇ ਦੇਸ਼ ਦੇ ਲੋਕਾਂ ਦਾ ਪੇਟ ਭਰਨ ਤੇ ਦੇਸ਼ ਨੂੰ ਚਲਾਉਣ ਲਈ 3 ਲੱਖ ਕਰੋੜ ਦਾ ਕਰਜ਼ਾ ਲੈਣਾ ਪੈਂਦਾ ਹੈ। ਇਹੋ ਕਾਰਨ ਹੈ ਕਿ ਇਥੇ ਇਕ ਪਾਸੇ ਪ੍ਰਤੀ ਵਿਅਕਤੀ ਆਮਦਨ ਵਧ ਰਹੀ ਹੈ ਪਰ ਦੂਜੇ ਪਾਸੇ ਹਰੇਕ ਵਿਅਕਤੀ 'ਤੇ ਕਰਜ਼ਾ ਵੀ ਵਧ ਰਿਹਾ ਹੈ। ਜੇਕਰ ਸਵਿਸ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਦਾ ਪਹਿਲੇ ਪੜਾਅ ਵਿਚ 30 ਤੋਂ 40 ਫੀਸਦੀ ਵੀ ਦੇਸ਼ ਵਿਚ ਆ ਗਿਆ ਤਾਂ ਭਾਰਤ ਨੂੰ ਕਰਜ਼ੇ ਲਈ ਵਿਸ਼ਵ ਬੈਂਕ ਅੱਗੇ ਹੱਥ ਨਹੀਂ ਅੱਡਣੇ ਪੈਣਗੇ। ਧਨ ਦੀ ਘਾਟ ਸਵਿਸ ਬੈਂਕ ਵਿਚ ਜਮ੍ਹਾਂ ਧਨ ਪੂਰਾ ਕਰੇਗਾ।

ਸਵਿਸ ਬੈਂਕਾਂ ਵਿਚ ਭਾਰਤੀਆਂ ਦਾ ਜਿੰਨਾ ਕਾਲਾ ਧਨ ਜਮ੍ਹਾਂ ਹੈ ਜੇਕਰ ਸਾਰੀ ਰਾਸ਼ੀ ਭਾਰਤ ਨੂੰ ਮਿਲ ਜਾਂਦੀ ਹੈ ਤਾਂ ਭਾਰਤ ਨੂੰ ਚਲਾਉਣ ਲਈ ਬਣਾਇਆ ਜਾਣ ਵਾਲਾ ਬਜਟ ਬਿਨ੍ਹਾ ਕਰ ਤੋਂ 30 ਸਾਲ ਲਈ ਬਣ ਸਕਦਾ ਹੈ। ਯਾਨੀ ਬਜਟ ਅਜਿਹਾ ਹੋਵੇਗਾ ਕਿ ਜਿਸ ਵਿਚ ਕੋਈ ਕਰ ਨਹੀਂ ਹੋਵੇਗਾ। ਆਮ ਆਦਮੀ ਨੂੰ ਆਮਦਨ ਕਰ ਨਹੀਂ ਦੇਣਾ ਪਵੇਗਾ ਤੇ ਕਿਸੇ ਵੀ ਵਸਤੂ 'ਤੇ ਕਸਟਮ ਜਾਂ ਵਿਕਰੀ ਕਰ ਨਹੀਂ ਦੇਣਾ ਪਵੇਗਾ।

ਸਰਕਾਰ ਸਾਰੇ ਪਿੰਡਾਂ ਨੂੰ ਸੜਕਾਂ ਨਾਲ ਜੋੜਨਾ ਚਾਹੁੰਦੀ ਹੈ। ਇਸ ਲਈ 40 ਲੱਖ ਕਰੋੜ ਦੀ ਜ਼ਰੂਰਤ ਹੈ ਪਰ ਸਰਕਾਰ ਕੋਲ ਇੰਨਾ ਧਨ ਨਹੀਂ ਹੈ। ਜੇਕਰ ਸਵਿਸ ਬੈਂਕ ਤੋਂ ਕਾਲਾ ਧਨ ਵਾਪਸ ਆ ਜਾਵੇ ਤਾਂ ਹਰ ਪਿੰਡ ਨੇੜੇ ਚਾਰ-ਮਾਰਗੀ ਸੜਕ ਬਣ ਸਕਦੀ ਹੈ। ਦੇਸ਼ ਵਿਚ ਕੋਈ ਵੀ ਬੇਰੁਜ਼ਗਾਰ ਨਹੀਂ ਰਹੇਗਾ ਜਿੰਨਾਂ ਧਨ ਸਵਿਸ ਬੈਂਕ ਵਿਚ ਭਾਰਤੀਆਂ ਦਾ ਜਮ੍ਹਾਂ ਹੈ ਉਸ ਦਾ 30 ਫੀਸਦੀ ਵੀ ਦੇਸ਼ ਨੂੰ ਮਿਲ ਜਾਵੇ ਤਾਂ ਤਕਰੀਬਨ 20 ਕਰੋੜ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਜੇਕਰ 50 ਫੀਸਦੀ ਧਨ ਮਿਲੇਗਾ ਤਾਂ 30 ਕਰੋੜ ਨੌਕਰੀਆਂ ਬਾਜ਼ਾਰ ਵਿਚ ਆ ਸਕਦੀਆਂ ਹਨ।

ਇਕ ਅਮਰੀਕੀ ਮਾਹਰ ਦਾ ਅਨੁਮਾਨ ਹੈ ਕਿ ਸਵਿਸ ਬੈਂਕਾਂ ਵਿਚ ਭਾਰਤੀਆਂ ਦਾ ਜਿੰਨਾ ਪੈਸਾ ਜਮ੍ਹਾਂ ਹੈ ਜੇ ਉਸ ਦਾ 50 ਫੀਸਦੀ ਵੀ ਭਾਰਤ ਨੂੰ ਮਿਲ ਗਿਆ ਤਾਂ ਹਰ ਸਾਲ ਹਰੇਕ ਭਾਰਤੀ ਨੂੰ ਦੋ ਹਜ਼ਾਰ ਰੁਪਏ ਮੁਫ਼ਤ ਦਿੱਤੇ ਜਾ ਸਕਦੇ ਹਨ ਤੇ ਇਹ ਸਿਲਸਿਲਾ 30 ਸਾਲ ਤੱਕ ਜਾਰੀ ਰਹਿ ਸਕਦਾ ਹੈ।

# ਮੁੱਖ ਮੰਤਰੀ ਤੇ ਸੁਖਬੀਰ ਬਾਦਲ ਖਾੜਕੂਆਂ ਦੇ ਨਿਸ਼ਾਨੇ 'ਤੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ) :** ਪੰਜਾਬ ਦੇ ਪੁਲਿਸ ਮੁਖੀ ਪਰਮਦੀਪ ਸਿੰਘ ਗਿੱਲ ਨੇ ਮੁੜ ਦਾਅਵਾ ਕੀਤਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਾੜਕੂਆਂ ਦੇ ਨਿਸ਼ਾਨੇ 'ਤੇ ਹਨ ਤੇ ਉਨ੍ਹਾਂ 'ਤੇ ਹਮਲਾ ਹੋ ਸਕਦਾ ਹੈ।ਬੀਤੇ ਦਿਨ ਪਟਿਆਲਾ ਵਿਖੇ ਇਕ ਸਮਾਗਮ 'ਚ ਸ਼ਿਰਕਤ ਕਰਦਿਆਂ ਉਨ੍ਹਾਂ ਇਹ ਚਿਤਾਵਨੀ ਦਿੰਦਿਆਂ ਕਿਹਾ ਕਿ ਅਜਿਹੀਆਂ ਰਿਪੋਰਟਾਂ ਦੇ ਮੱਦੇਨਜ਼ਰ ਸਖ਼ਤ ਸੁਰੱਖਿਆ ਪ੍ਰਬੰਧ ਕਰ ਦਿੱਤੇ ਗਏ ਹਨ।ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਵਿਚ ਖਾੜਕੂਵਾਦ ਦੇ ਮੁੜ ਉੱਠਣ ਦੀ ਸੰਭਾਵਨਾ ਨੂੰ ਰੱਦ ਕੀਤੀ ਹੈ।





ਉਨ੍ਹਾਂ ਦੱਸਿਆ ਕਿ ਖਾੜਕੂ ਸੰਗਠਨ ਸੀਨੀਅਰ ਤੇ ਜੂਨੀਅਰ ਬਾਦਲ ਨੂੰ ਮਾਰਨ ਦੀ ਤਾਕ ਵਿਚ ਹਨ। ਇਹ ਤੱਥ ਫੜੇ ਗਏ ਖਾੜਕੂਆਂ ਦੀ ਪੁੱਛਗਿੱਛ ਦੌਰਾਨ ਸਾਹਮਣੇ ਆਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੁਲੀਸ ਫੋਰਸ ਦੀ ਸਖ਼ਤ ਚੌਕਸੀ ਕਾਰਨ ਖਾੜਕੂਆਂ ਦੇ ਮਨਸੂਬੇ ਸਫਲ ਨਹੀਂ ਹੋਣਗੇ। ਕੇਂਦਰ ਵੱਲੋਂ ਸੁਖਬੀਰ ਬਾਦਲ ਦੀ ਸੁਰੱਖਿਆ ਵਾਪਸ ਲੈਣ ਬਾਰੇ ਉਨ੍ਹਾਂ ਕਿਹਾ ਕਿ ਇਸ ਦੀ ਭਰਪਾਈ ਪੰਜਾਬ ਪੁਲਿਸ ਵੱਲੋਂ ਕੀਤੀ ਜਾਵੇਗੀ।

ਉਨ੍ਹਾਂ ਨੇ ਨਸ਼ਿਆਂ ਦੇ ਰੁਝਾਨ ਨੂੰ ਅਤਿਵਾਦ ਤੋਂ ਵੀ ਘਾਤਕ ਕਰਾਰ ਦਿੰਦਿਆਂ ਕਿਹਾ ਕਿ ਪਾਕਿਸਤਾਨ ਵੱਲੋਂ ਵੱਡੇ ਪੈਮਾਨੇ 'ਤੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਭੇਜੀਆਂ ਜਾ ਰਹੀਆਂ ਹਨ। ਇਸ ਦੀ ਰੋਕਥਾਮ ਲਈ ਨਸ਼ਿਆਂ ਦੇ ਵੱਡੇ ਸੌਦਾਗਰਾਂ ਨੂੰ ਨੱਥ ਪਾਈ ਜਾ ਰਹੀ ਹੈ ਜਿਨ੍ਹਾਂ ਨੂੰ ਸਖਤ ਸਜ਼ਾਵਾਂ ਦਿਵਾਉਣ ਸਮੇਤ ਉਨ੍ਹਾਂ ਦੀਆਂ ਜਾਇਦਾਦਾਂ ਵੀ ਜ਼ਬਤ ਕੀਤੀਆਂ ਜਾਣਗੀਆਂ।




Call:Madan Khatri
1-847-530-1550
www.PropertyZoo.com

* 6-Apt Building in Arlington Heights for $429,000+.
BUY HOME NOW !!!
INTEREST RATES at 4.5%
Home Prices 25% below High!

Don't miss an Opportunity in Your Life time

***Motel available in Central Iowa 34 Rooms & 3-BR apt.
Positive Cash flow, For $399K.

Houses, Townhomes, Apts & Businesses/Land
Prudential at 25 Turner Ave, Elk Grove Village, IL

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਭਾਰਤ ਦੇਵੇਗਾ ਸ੍ਰੀਲੰਕਾ ਦੇ ਜੱਜਾਂ ਨੂੰ ਸਿਖਲਾਈ**

-ਕਿ ਉਪਰੋਂ ਕਮਾਈ ਕਿਵੇਂ ਕਰੀਦੀ ਐ!

***ਅਸੀਂ ਅਕਾਲ ਤਖ਼ਤ ਨੂੰ ਸਮਰਪਿਤ ਹਾਂ-ਝੀਂਡਾ**

-ਤਾਂ ਹੀ ਤੇ 'ਅਗਲੇ' ਥੋਡੇ ਪੈਰ ਨਹੀਂ ਲੱਗਣ ਦਿੰਦੇ।

***ਅੰਗਰੇਜ਼ਾਂ ਦੇ ਜਾਣ ਤੋਂ ਲੈ ਕੇ ਹੁਣ ਤੱਕ 23 ਲੱਖ ਕਰੋੜ ਦਾ ਕਾਲਾ ਧਨ ਵਿਦੇਸ਼ਾਂ 'ਚ ਗਿਆ।**

-ਤੇ ਇਹ ਸਾਰਾ ਪੈਸਾ ਉਨ੍ਹਾਂ ਅਖੌਤੀ 'ਦੇਸ਼ ਭਗਤ' ਲੋਟੂ ਲੀਡਰਾਂ ਦਾ ਹੈ ਜਿਹੜੇ ਕਿਸੇ ਨੂੰ 'ਦੇਸ਼ ਧ੍ਰੋਹੀ' ਕਹਿਣ ਲੱਗੇ ਮਿੰਟ ਨਹੀਂ ਲਾਉਂਦੇ।

***ਵਿਕਾਸ ਨਾ ਹੋਣ ਕਾਰਨ ਨਕਸਲਵਾਦ ਫੈਲਿਆ-ਬਾਬਾ ਰਾਮਦੇਵ**

-ਭਗਵਿਆਂ 'ਚੋਂ ਇਹ ਗੱਲ ਥੋਡੇ ਦਿਮਾਗ 'ਚ ਕਿਵੇਂ ਵੜ੍ਹ'ਗੀ? ਯੋਗਾ ਦੀ ਮਿਹਰਬਾਨੀ ਲੱਗਦੀ ਐ।

***ਸੂਬੇ ਦੇ ਲੋਕਾਂ ਨੂੰ ਫਿਰ ਤੋਂ ਅਕਾਲੀ-ਭਾਜਪਾ ਸਰਕਾਰ ਦੀ ਚਾਹ-ਬੱਬੀ ਬਾਦਲ**

-ਦਿਲ ਕੇ ਖੁਸ਼ ਹੋਨੇ ਕੋ ਗਾਲਿਬ ਯੇ ਖਯਾਲ ਅੱਛਾ ਹੈ।

***ਹੁਣ ਰੇਡੀਓ ਟੈਕਸੀਆਂ ਪੰਜਾਬ ਦੀਆਂ ਸੜਕਾਂ 'ਤੇ ਧੂੜਾਂ ਪੁੱਟਣਗੀਆਂ**

-ਕੱਚੀਆਂ ਸੜਕਾਂ ਤੋਂ ਤਾਂ ਧੂੜਾਂ ਈ ਉਡਣਗੀਆਂ।

***ਬਾਣੀ ਤੇ ਬਾਣੇ ਦੇ ਧਾਰਨੀ ਹੋਣ ਵਾਲੇ ਗੁਰੂਆਂ ਦੇ ਦੱਸੇ ਮਾਰਗ 'ਤੇ ਚੱਲਣ-ਅਵਤਾਰ ਸਿੰਘ ਮੱਕੜ**

-ਤੇ ਤੁਹਾਨੂੰ ਪ੍ਰਧਾਨਗੀ ਮਾਲਕਾਂ ਨੇ ਦੇਣੀ ਹੁੰਦੀ ਐ, ਤੁਸੀਂ ਉਨ੍ਹਾਂ ਦੇ ਇਸ਼ਾਰਿਆਂ 'ਤੇ ਚੱਲੀ ਜਾਓ।

# ਚੋਰੀ ਦਾ ਮਾਲ ਖਰੀਦਣ-ਵੇਚਣ ਦੇ ਦੋਸ਼ ਵਿਚ ਭਾਰਤੀ ਮੂਲ ਦੇ ਦੋ ਵਿਅਕਤੀ ਗ੍ਰਿਫਤਾਰ

**ਸ਼ਿਕਾਗੋ:** ਕੁਕ ਕਾਉਂਟੀ ਸਟੇਟ ਅਟਾਰਨੀ ਦੇ ਦਫਤਰ ਅਤੇ ਸ਼ਿਕਾਗੋ ਪੁਲਿਸ ਮਹਿਕਮੇ ਨੇ ਇਕ ਸਾਂਝੀ ਕਾਰਵਾਈ ਵਿਚ ਭਾਰਤੀ ਮੂਲ ਦੇ ਦੋ ਵਿਅਕਤੀਆਂ ਨੂੰ ਚੋਰੀ ਦਾ ਮਾਲ ਵੇਚਣ ਅਤੇ ਟੈਕਸ ਚੋਰੀ ਕਰਨ ਦੇ ਦੋਸ਼ਾਂ ਅਧੀਨ ਗ੍ਰਿਫਤਾਰ ਕੀਤਾ ਹੈ। ਇਥੋਂ ਦੀ ਇਕ ਉਤਰੀ ਸਬਰਬ ਗਲੈਨਵਿਊ ਦੇ ਵਾਸੀ 36 ਸਾਲਾ ਅਜੇ ਪਟੇਲ ਅਤੇ ਲਿੰਕਨਵੁਡ ਵਾਸੀ 37 ਸਾਲਾ ਵਿਜੇ ਪਟੇਲ ਉਪਰ ਟੈਕਸ ਚੋਰੀ, ਕਾਲੇ ਧਨ ਨੂੰ ਚਿੱਟਾ ਕਰਨ ਅਤੇ ਅੰਡਰਕਵਰ ਅਫਸਰਾਂ ਤੋਂ ਚੋਰੀ ਦੇ ਮਾਲ ਨਾਲ ਭਰਿਆ ਇਕ ਟਰੱਕ 22 ਹਜਾਰ ਡਾਲਰ ਵਿਚ ਖਰੀਦਣ ਦੇ ਦੋਸ਼ ਆਇਦ ਕੀਤੇ ਗਏ ਹਨ।



ਸ਼ਿਕਾਗੋ ਪੁਲਿਸ ਸੂਤਰਾਂ ਅਨੁਸਾਰ ਅਜੇ ਅਤੇ ਵਿਜੇ ਪਟੇਲ ਦਾ ਸ਼ਿਕਾਗੋ (4949 ਨਾਰਥ ਪਲਾਸਕੀ) ਵਿਚ ਹੋਲਸੇਲ ਦਰਾਮਦਕਰਤਾ ਸਟੋਰ ਹੈ। ਦੋਸ਼ ਹੈ ਕਿ ਇਸ ਸਟੋਰ ਰਾਹੀਂ ਉਹ ਚੋਰੀ ਦਾ ਸਾਮਾਨ ਖਰੀਦ ਕੇ ਦੁਬਾਰਾ ਪੈਕ ਕਰ ਕੇ ਆਨ ਲਾਈਨ ਵੇਚਦੇ ਸਨ। ਉਨ੍ਹਾਂ ਉਪਰ ਇਹ ਦੋਸ਼ ਵੀ ਹੈ ਕਿ ਉਹ ਚੋਰੀ ਕੀਤੇ ਗਏ ਸਾਮਾਨ ਖਾਸ ਕਰ ਓਵਰ ਦਾ ਕਾਉਂਟਰ ਦਵਾਈਆਂ ਦੀਆਂ ਐਕਸਪਾਇਰੀ ਤਾਰੀਖਾਂ ਵੀ ਬਦਲ ਦਿੰਦੇ ਸਨ। ਸਟੇਟ ਅਟਾਰਨੀ ਅਨੀਤਾ ਅਲਵਰੇਜ਼ ਅਨੁਸਾਰ ਉਨ੍ਹਾਂ ਦੀ ਇਸ ਕਾਰਵਾਈ ਦਾ ਨਾ ਸਿਰਫ ਰਿਟੇਲਰਾਂ ਨੂੰ ਹੀ ਨੁਕਸਾਨ ਹੁੰਦਾ ਸੀ, ਸਗੋਂ ਗਾਹਕਾਂ ਨੂੰ ਨੁਕਸਾਨਦੇਹ ਚੀਜ਼ਾਂ ਮਿਲਦੀਆਂ ਸਨ।

ਜਾਂਚ ਦੌਰਾਨ ਮੁਲਜ਼ਮਾਂ ਦੀ ਚੋਰੀ ਦਾ ਮਾਲ ਖਰੀਦਣ ਲਈ ਅੰਡਰਕਵਰ ਅਫਸਰਾਂ ਨਾਲ ਹੋਈ ਗੱਲਬਾਤ ਵੀ ਰਿਕਾਰਡ ਕੀਤੀ ਗਈ ਹੈ। ਅਧਿਕਾਰੀਆਂ ਅਨੁਸਾਰ ਉਨ੍ਹਾਂ ਨੂੰ ਚੋਰੀ ਦਾ ਸਾਮਾਨ ਖਰੀਦਣ ਦੀ ਗੱਲ ਮੰਨਦਿਆਂ ਵੀਡੀਓ ਤੇ ਵੀ ਰਿਕਾਰਡ ਕੀਤਾ ਗਿਆ ਹੈ। ਮੁਲਜ਼ਮਾਂ ਦੇ ਘਰਾਂ ਅਤੇ ਵੇਅਰਹਾਊਸ ਦੀ ਤਲਾਸ਼ੀ ਦੌਰਾਨ ਬੋਰੀਆਂ, ਸੂਟਕੇਸਾਂ ਅਤੇ ਡੱਬਿਆਂ ਵਿਚ ਭਰੇ 45 ਲੱਖ ਡਾਲਰ ਨਕਦ ਵੀ ਬਰਾਮਦ ਕੀਤੇ ਗਏ ਹਨ।

ਸੂਤਰਾਂ ਅਨੁਸਾਰ ਇਹ ਸਟਿੰਗ ਆਪਰੇਸ਼ਨ ਜੁਲਾਈ ਮਹੀਨੇ ਟਾਰਗੈਟ, ਸੀ ਵੀ ਐਸ ਫਾਰਮੇਸੀ ਅਤੇ ਵਾਲਗਰੀਨ ਸਮੇਤ ਕਈ ਰਿਟੇਲਰਾਂ ਦੇ ਸਹਿਯੋਗ ਨਾਲ ਆਰੰਭ ਕੀਤਾ ਗਿਆ ਸੀ। ਇਹ ਵੀ ਜ਼ਿਕਰਯੋਗ ਹੈ ਕਿ ਸਟੇਟ ਅਟਾਰਨੀ ਦੇ ਦਫਤਰ ਨੇ ਵੱਧ ਰਹੀ ਸੰਗਠਿਤ ਰਿਟੇਲ ਚੋਰੀ ਨੂੰ ਰੋਕਣ ਲਈ ਇਕ ਵਖਰੀ ਟਾਸਕ ਫੋਰਸ ਦਾ ਗਠਨ ਕੀਤਾ ਸੀ।

# ਵੈਟੀਕਨ ਵਲੋਂ ਸਿੱਖ ਭਾਈਚਾਰੇ ਨੂੰ ਗੁਰੂ ਨਾਨਕ ਪੁਰਬ 'ਤੇ ਵਧਾਈ

**ਕੋਲੰਬਸ, ਓਹਾਇਓ:** ਇਸਾਈ ਭਾਈਚਾਰੇ ਦੇ ਮੁਖ ਕੇਂਦਰ ਵੈਟੀਕਨ ਨੇ ਸਿੱਖ ਭਾਈਚਾਰੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਧਾਈ ਦਾ ਸੰਦੇਸ਼ ਭੇਜਿਆ ਹੈ। ਵਰਲਡ ਸਿੱਖ ਕੌਂਸਲ (ਅਮਰੀਕੀ ਖੇਤਰ) ਨੂੰ ਲਿਖੇ ਇਕ ਪੱਤਰ ਵਿਚ ਵੈਟੀਕਨ ਨੇ ਕਿਹਾ ਹੈ ਕਿ ਅਜਿਹੇ ਮੌਕੇ ਇਕ ਪ੍ਰਭੂ ਪਿਤਾ ਅਤੇ ਮਨੁੱਖੀ ਭਾਈਚਾਰੇ ਵਿਚ ਯਕੀਨ ਰੱਖਣ ਵਾਲੇ ਇਸਾਈ ਤੇ ਸਿੱਖ ਭਾਈਚਾਰੇ ਨੂੰ ਸਰਬਤ ਦੇ ਭਲੇ ਲਈ ਹੋਰ ਵਧ ਚੜ੍ਹ ਕੇ ਕੰਮ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਹਿਜ਼ ਹੋਲੀਨੈਸ ਪੋਪ ਬੈਨੀਡਿਕਟ 16ਵੇਂ ਦੇ ਅੰਤਰ ਧਰਮ ਵਾਰਤਾਲਾਪ ਲਈ ਕੌਂਸਲ ਵਲੋਂ ਲਿਖੇ ਗਏ ਇਸ ਪੱਤਰ ਵਿਚ ਹੋਰ ਕਿਹਾ ਗਿਆ ਹੈ ਕਿ ਅਜੋਕੇ ਸੰਸਾਰ ਵਿਚ ਜਿਥੇ ਕਿ ਮਨੁਖੀ ਕਦਰਾਂ ਕੀਮਤਾਂ ਅਤੇ ਬੁਨਿਆਦੀ ਮਾਨਵੀ ਹੱਕਾਂ ਦਾ ਹਨਨ ਹੋ ਰਿਹਾ ਹੈ, ਇਸਾਈ ਤੇ ਸਿੱਖ ਭਾਈਚਾਰਾ ਮਿਲ ਕੇ ਹੋਰਨਾਂ ਧਰਮਾਂ ਦੇ ਸਹਿਯੋਗ ਨਾਲ ਮਨੁੱਖ ਦੀ ਬਿਹਤਰੀ ਲਈ ਕੰਮ ਕਰ ਸਕਦੇ ਹਨ। ਇਹ ਪਹਿਲੀ ਵਾਰ ਹੈ ਜਦੋਂ ਵੈਟੀਕਨ ਨੇ ਸਿੱਖ ਭਾਈਚਾਰੇ ਨੂੰ ਅਜਿਹਾ ਵਧਾਈ ਸੰਦੇਸ਼ ਭੇਜਿਆ ਹੈ।

ਇਸ ਪੱਤਰ ਦੇ ਜਵਾਬ ਵਿਚ ਵਰਲਡ ਸਿੱਖ ਕੌਂਸਲ ਦੇ ਚੇਅਰਪਰਸਨ ਡਾ. ਸਤਪਾਲ ਸਿੰਘ ਨੇ ਕਿਹਾ ਹੈ ਕਿ ਅਸੀਂ ਵੈਟੀਕਨ ਦੇ ਇਸ ਸੁਨੇਹੇ ਦੀ ਦਿਲੋਂ ਕਦਰ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਵੈਟੀਕਨ ਅਤੇ ਯੁਨਾਈਟਿਡ ਸਟੇਟਸ ਕਾਨਫਰੰਸ ਆਫ ਕੈਥੋਲਿਕ ਬਿਸ਼ਪਸ ਨਾਲ ਸਾਡੇ ਸਬੰਧ ਹੋਰ ਵੀ ਡੂੰਘੇ ਹੋਣਗੇ।

Dr. Rajiv Kumar
Ayurvedic Practitioner (Regd. NAMA)
AYURVEDA/NUTRITION/ACUPRESSURE
ਖੁਲ੍ਹ ਗਿਆ ਹੈ
ਨਵਾਂ ਆਯੁਰਵੈਦਿਕ ਐਕਿਊਪ੍ਰੈਸ਼ਰ ਸੈਂਟਰ ਤੁਹਾਡੇ ਬਹੁਤ ਕਰੀਬ
INDIA HEALTH TODAY INC.
325 - East Grand River Ave., Brighton – MI 48116
ਡਾ. ਰਾਜੀਵ ਦੇ ਸੈਂਟਰ ਵਿਚ ਸਭ ਤਰ੍ਹਾਂ ਦੀਆਂ ਸ਼ੁੱਧ ਜੜੀਆਂ-ਬੂਟੀਆਂ ਤੋਂ ਬਣੀਆਂ ਦੇਸੀ ਦਵਾਈਆਂ ਮਿਲਦੀਆਂ ਹਨ।
ਜੇ ਤੁਸੀਂ ਚੰਗੀ ਸਿਹਤ ਪਾਉਣੀ ਚਾਹੁੰਦੇ ਹੋ ਤਾਂ ਬਰਾਈਟ ਤੁਹਾਡੇ ਤੋਂ ਦੂਰ ਨਹੀਂ ਹੈ।
ਸਭ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਸਿੱਧਾ ਸੰਪਰਕ ਕਰੋ ਡਾ. ਰਾਜੀਵ ਕੁਮਾਰ ਅਗਰਵਾਲ,
ਸੈਲ:231-360-1435
ਕਲੀਨਿਕ:989-272-5524
ਡਾ. ਰਾਜੀਵ ਕੁਮਾਰ ਅਗਰਵਾਲ ਸਾਰੇ ਗੁਰੂ ਘਰਾਂ ਵਿਚ ਆਯੁਰਵੈਦਿਕ/ਐਕਿਊਪ੍ਰੈਸ਼ਰ ਸਿਹਤ ਕੈਂਪ ਲਾ ਚੁਕੇ ਹਨ। ਜੇ ਤੁਸੀਂ ਵੀ ਅਜਿਹਾ ਕੈਂਪ ਆਪਣੇ ਗੁਰੂ ਘਰ ਵਿਚ ਲਵਾਉਣਾ ਚਾਹੁੰਦੇ ਹੋ ਤਾਂ ਸੰਪਰਕ ਕਰੋ ਜੀ।
Visit for more detail:www.IndiaHealthToday.com/www.brightonwellness.org

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ
ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼
ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੋਲੇਸ਼ਨ ਆਫ ਡੀਪੋਰਟੇਸ਼ਨ



NEW YORK
T 718.672.8000
JACKSON HEIGHTS, NY 11370
CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538


The Karn Gill Radio Show
TUESDAY(S)
8:00 PM til 9:00 PM
680/690 AM
COLDWELL BANKER
Preferred, Realtors
Karn Gill, Realtor
44644 Ann Arbor Road Suite A
Plymouth, MI 48170
Cell: (734) 612-9984
Email: KarnGill@Hotmail.com
Website: www.KarnGill.com
Serving Michigan's Greater Detroit Communities
Topics:
-Bollywood Movie Songs
-Discussions / Debates
-Community Events
-Every Day Issues
-Interviews
Language:
- Hindi
- English
- Punjabi
- Gujarati
- Urdu
If you want to buy or sell a home in Michigan always go with the winner!



ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਅਮਰੀਕ ਸਿੰਘ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**Director Community & Business Relations:**
Sunita Chopra
Ph:773-370-7106

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 80 ਡਾਲਰ, ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਪੈੱਕਟ੍ਰਮ ਘੁਟਾਲਾ:ਕੇਂਦਰ ਸਰਕਾਰ ਹੁਣ ਏ. ਰਾਜਾ ਦੇ ਹੱਕ 'ਚ ਡਟੀ

*(ਸਫਾ ਇਕ ਦੀ ਬਾਕੀ)*

ਅਦਾਲਤ ਦਾ ਸ਼ਿਕਾਇਤ 'ਤੇ ਵਿਚਾਰ ਕਰਨ ਲਈ ਤਿਆਰ ਹੋਣਾ ਤੇ ਸ਼ਿਕਾਇਤ 'ਤੇ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਵਿਚ ਵੱਡਾ ਫਰਕ ਹੈ। ਪਹਿਲਾਂ ਜੱਜ ਜਾਂ ਮੈਜਿਸਟਰੇਟ ਨੇ ਸ਼ਿਕਾਇਤ 'ਤੇ ਵਿਚਾਰ ਕਰਨ ਲਈ ਹਾਮੀ ਭਰਨੀ ਹੁੰਦੀ ਹੈ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿਚ ਸਰਕਾਰ ਕਸੂਤੀ ਫਸੀ ਹੋਈ ਹੈ। ਉਪਰੋਂ, 'ਲੋਕ ਸੰਪਰਕ ਕਾਰੋਬਾਰੀ' ਨੀਰਾ ਰਾਡੀਆ ਦੀਆਂ ਟੇਪਾਂ ਨਸ਼ਰ ਹੋਣ ਪਿੱਛੋਂ ਸਰਕਾਰ ਨੂੰ ਪਿੱਛਾ ਛੁਡਾਉਣ ਲਈ ਕੋਈ ਬਹਾਨਾ ਵੀ ਨਹੀਂ ਲੱਭ ਰਿਹਾ। ਇਨ੍ਹਾਂ ਟੇਪਾਂ ਰਾਹੀਂ ਜ਼ਾਹਿਰ ਹੋ ਗਿਆ ਕਿ ਸਰਕਾਰ ਨੂੰ ਤਾਂ ਕਾਰਪੋਰੇਟ ਘਰਾਣੇ ਹੀ ਚਲਾ ਰਹੇ ਹਨ ਅਤੇ ਇਹ ਘਰਾਣੇ ਆਪਣੇ ਮਾਲੀ ਮੁਫ਼ਾਦ ਲਈ ਵੱਖ ਵੱਖ ਮਹਿਕਮਿਆਂ ਲਈ ਮੰਤਰੀ ਵੀ ਆਪਣੀ ਮਰਜ਼ੀ ਦੇ ਬਣਵਾ ਰਹੇ ਹਨ। ਦੱਸਣਯੋਗ ਹੈ ਕਿ ਇਹ ਟੇਪਾਂ ਹੁਣ ਆਮਦਨ ਕਰ ਵਿਭਾਗ ਕੋਲ ਹਨ ਅਤੇ ਇਨ੍ਹਾਂ ਬਾਰੇ ਸੀ.ਬੀ.ਆਈ. ਜਾਂਚ ਸ਼ੁਰੂ ਹੋ ਚੁੱਕੀ ਹੈ। ਇਨ੍ਹਾ ਟੇਪਾਂ ਵਿਚ ਨੀਰਾ ਰਾਡੀਆ ਨਾਲ ਏ. ਰਾਜਾ, ਰਤਨ ਟਾਟਾ, ਪੱਤਰਕਾਰ ਵੀਰ ਸੰਘਵੀ ਬਰਖਾ ਦੱਤ, ਐਮ.ਕੇ. ਵੇਣੂ, ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਰਿਸ਼ਤੇਦਾਰ ਰੰਜਨ ਭੱਟਾਚਾਰੀਆ ਵਲੋਂ ਕੀਤੀਆਂ ਗੱਲਾਂ ਰਿਕਾਰਡ ਹਨ। ਇਨ੍ਹਾਂ ਵਿਚ ਕਾਰਪੋਰੇਟ ਘਰਾਣਿਆਂ ਦੇ ਫਾਇਦਿਆਂ ਲਈ ਬਣਾਈਆਂ ਯੋਜਨਾਵਾਂ ਦਾ ਕੱਚਾ ਚਿੱਠਾ ਹੈ। ਸੀ.ਬੀ.ਆਈ. ਦਾ ਕਹਿਣਾ ਹੈ ਕਿ ਇਸ ਨੇ ਅਜੇ ਅੱਧੀਆਂ ਟੇਪਾਂ ਹੀ ਸੁਣੀਆਂ ਹਨ। ਇਹ ਕੰਮ ਮੁਕੰਮਲ ਹੋਣ ਲਈ ਘੱਟੋ ਘੱਟ 4 ਮਹੀਨੇ ਲੱਗ ਜਾਣੇ ਹਨ। ਇਸ ਲਈ ਰਿਪੋਰਟ ਅਗਲੇ ਸਾਲ ਮਾਰਚ ਵਿਚ ਹੀ ਪੇਸ਼ ਕੀਤੀ ਜਾ ਸਕੇਗੀ।

ਸਪੈੱਕਟ੍ਰਮ ਮਾਮਲੇ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਖਾਮੋਸ਼ੀ ਦਾ ਅਦਾਲਤ ਨੇ ਸਖ਼ਤ ਨੋਟਿਸ ਲੈਂਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਚੰਗੀ ਖਿਚਾਈ ਕੀਤੀ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਖ਼ਾਮੋਸ਼ੀ ਤੋੜਦਿਆਂ ਕਿਹਾ ਹੈ ਕਿ ਜਿਸ 'ਤੇ ਵੀ ਦੋਸ਼ ਸਾਬਤ ਹੋ ਗਏ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੁੱਦੇ 'ਤੇ ਸਾਂਝੀ ਸੰਸਦੀ ਕਮੇਟੀ ਬਣਾ ਕੇ ਜਾਂਚ ਕਰਵਾਉਣ ਦੀ ਮੰਗ 'ਤੇ ਅੜੀ ਵਿਰੋਧੀ ਧਿਰ ਨੂੰ ਉਨ੍ਹਾਂ ਨੇ ਅਪੀਲ ਕੀਤੀ ਹੈ ਕਿ ਉਹ ਸੰਸਦ ਦੀ ਕਾਰਵਾਈ 'ਚ ਅੜਿੱਕਾ ਨਾ ਪਾਉਣ।



*ਨੀਰਾ ਰਾਡੀਆ*

ਡਾ. ਮਨਮੋਹਨ ਸਿੰਘ ਵੱਲੋਂ ਚੁੱਪ ਤੋੜਨ ਮਗਰੋਂ ਭਾਜਪਾ ਤੇ ਖੱਬੀਆਂ ਪਾਰਟੀਆਂ ਨੇ ਸਪਸ਼ਟ ਕੀਤਾ ਕਿ ਉਹ ਭ੍ਰਿਸ਼ਟਾਚਾਰ ਦੇ ਇਸ ਮਾਮਲੇ ਉਪਰ ਸੰਸਦ ਵਿਚ 'ਸਭਿਅਕ' ਢੰਗ ਨਾਲ ਬਹਿਸ ਕਰਨ ਲਈ ਤਿਆਰ ਹਨ ਪਰ ਨਾਲ ਹੀ ਉਨ੍ਹਾਂ ਕਿਹਾ ਕਿ 1.76 ਲੱਖ ਕਰੋੜ ਰੁਪਏ ਦੇ ਘਪਲੇ ਦੀ ਜਾਂਚ ਸਾਂਝੀ ਸੰਸਦੀ ਕਮੇਟੀ ਤੋਂ ਹੀ ਕਰਵਾਉਣੀ ਚਾਹੀਦੀ ਹੈ।

ਸੰਸਦ ਦੇ ਕੰਮਕਾਜ 'ਚ ਆਈ ਖੜੋਤ ਤੋੜਨ ਲਈ ਵਿੱਤ ਮੰਤਰੀ ਪ੍ਰਣਬ ਮੁਖਰਜੀ ਵੱਲੋਂ ਸੱਦੀ ਗਈ ਸਰਬ ਪਾਰਟੀ ਮੀਟਿੰਗ 'ਚ ਵਿਰੋਧੀ ਧਿਰ ਨੇ ਇਕਜੁੱਟ ਹੋ ਕੇ ਸਾਂਝੀ ਸੰਸਦੀ ਕਮੇਟੀ ਲਈ ਦਬਾਅ ਵਧਾਇਆ ਤੇ ਸਰਕਾਰ ਦੀ ਇਹ ਤਜਵੀਜ਼ ਮੂਲੋਂ ਹੀ ਰੱਦ ਕਰ ਦਿੱਤੀ ਕਿ ਕੈਗ ਦੀ ਰਿਪੋਰਟ 'ਤੇ ਜਾਂਚ ਲਈ ਲੋਕ ਲੇਖਾ ਕਮੇਟੀ ਦੇ ਨਾਲ ਪੰਜ ਮੈਂਬਰੀ ਜਾਚ ਟੀਮ ਵੱਖ-ਵੱਖ ਪਹਿਲੂਆਂ ਦੀ ਜਾਂਚ ਲਈ ਲਾ ਦਿੱਤੀ ਜਾਵੇ। ਮੀਟਿੰਗ ਦੌਰਾਨ ਕੇਵਲ ਇਕ ਹੀ ਮੁੱਦੇ 'ਤੇ ਮਤਭੇਦ ਸਨ। ਸਰਕਾਰ ਵਿਚ ਭਾਈਵਾਲ ਡੀ.ਐਮ.ਕੇ. ਦਾ ਮੱਤ ਸੀ ਕਿ ਜੇ ਸਾਂਝੀ ਸੰਸਦੀ ਕਮੇਟੀ ਰਾਹੀਂ ਜਾਂਚ ਕਰਵਾਉਣੀ ਹੈ ਤਾਂ ਇਹ 1998 ਤੋਂ ਜਾਰੀ ਟੈਲੀਕਾਮ ਟੈਂਡਰਾਂ ਤੋਂ ਸ਼ੁਰੂ ਹੋਵੇ, ਜਦਕਿ ਏ.ਆਈ.ਏ.ਡੀ.ਐਮ.ਕੇ. ਦਾ ਤਰਕ ਸੀ ਕਿ 1994 'ਚ ਇਸ ਖੇਤਰ ਦਾ ਨਿੱਜੀਕਰਨ ਹੋਇਆ ਸੀ, ਸੋ ਜਾਂਚ ਦਾ ਘੇਰਾ 1994 ਤਕ ਹੋਣਾ ਚਾਹੀਦਾ ਹੈ।

## ਸੰਸਦ ਦੀ ਕਾਰਵਾਈ ਠੱਪ ਰਹਿਣ ਨਾਲ 63 ਕਰੋੜ ਦਾ ਨੁਕਸਾਨ

**ਨਵੀਂ ਦਿੱਲੀ**: 2 ਜੀ ਸਪੈਕਟ੍ਰਮ ਮਾਮਲੇ ਨੂੰ ਲੈ ਕੇ ਵਿਰੋਧੀ ਧਿਰਾਂ ਵੱਲੋਂ ਲਗਾਤਾਰ ਸੰਸਦ ਦੀ ਕਾਰਵਾਈ ਠੱਪ ਰੱਖਣ ਨਾਲ ਹੁਣ ਤੱਕ 63 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸੰਸਦ ਦੀ ਇਕ ਦਿਨ ਦੀ ਕਾਰਵਾਈ 'ਤੇ ਤਕਰੀਬਨ 7.8 ਕਰੋੜ ਰੁਪਏ ਖ਼ਰਚ ਹੁੰਦੇ ਹਨ ਤੇ ਇਸ ਤਰ੍ਹਾਂ 9 ਨਵੰਬਰ ਤੋਂ ਸ਼ੁਰੂ ਹੋਏ ਸੰਸਦ ਦੇ ਸਰਦ ਰੁੱਤ ਇਜਲਾਸ ਵਿਚ ਰੋਜ਼ਾਨਾ ਹੋਣ ਵਾਲੇ ਹੰਗਾਮੇ ਕਾਰਨ ਦੋਹਾਂ ਸਦਨਾਂ ਵਿਚ ਨਾ ਤਾਂ ਪ੍ਰਸ਼ਨ ਕਾਲ ਤੇ ਨਾ ਹੀ ਹੋਰ ਕੰਮ ਕਾਜ ਹੋ ਸਕਿਆ ਹੈ।

ਵਿਰੋਧੀ ਧਿਰ ਜਿਥੇ 2 ਜੀ ਸਪੈਕਟ੍ਰਮ ਸਣੇ ਭ੍ਰਿਸ਼ਟਾਚਾਰ ਦੇ ਹੋਰ ਮਾਮਲਿਆਂ ਦੀ ਜਾਂਚ ਸਾਂਝੀ ਪਾਰਲੀਮਾਨੀ ਕਮੇਟੀ ਤੋਂ ਕਰਵਾਉਣ ਦੀ ਮੰਗ 'ਤੇ ਅੜੀ ਹੋਈ ਹੈ ਉਥੇ ਕਾਂਗਰਸ ਦੇ ਮੈਂਬਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਕਰਨਾਟਕ ਦੀ ਯੇਦੀਯੁਰੱਪਾ ਸਰਕਾਰ ਨੂੰ ਬਰਖ਼ਾਸਤ ਕਰਨ ਦੀ ਮੰਗ ਕਰ ਰਹੇ ਹਨ।

# ਇਉਂ ਤੁਰੀ ਪ੍ਰਧਾਨ ਮੰਤਰੀ ਦੇ ਦਫਤਰ 'ਚ ਫਾਈਲ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਰਫੋਂ ਸਪੈਕਟ੍ਰਮ ਘੁਟਾਲੇ ਬਾਰੇ ਸੁਪਰੀਮ ਕੋਰਟ ਵਿਚ ਜਿਹੜਾ ਹਲਫ਼ਨਾਮਾ ਦਾਖਲ ਕੀਤਾ ਗਿਆ ਉਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਏ. ਰਾਜਾ ਖ਼ਿਲਾਫ 2 ਜੀ ਸਪੈਕਟ੍ਰਮ ਵੰਡ ਮਾਮਲੇ ਵਿਚ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇਣ ਦੀ ਅਪੀਲ ਉਪਰ ਪ੍ਰਧਾਨ ਮੰਤਰੀ ਵੱਲੋਂ ਵਿਚਾਰ ਕੀਤਾ ਗਿਆ ਸੀ ਤੇ ਉਨ੍ਹਾਂ ਨੂੰ ਸਲਾਹ ਦਿੱਤੀ ਗਈ ਕਿ ਇਸ ਸਬੰਧ 'ਚ ਸੀ.ਬੀ.ਆਈ. ਵੱਲੋਂ ਇਕੱਤਰ ਕੀਤੇ ਗਏ ਸਬੂਤਾਂ ਦੇ ਆਧਾਰ ਉਪਰ ਹੀ ਫੈਸਲਾ ਕੀਤਾ ਜਾ ਸਕਦਾ ਹੈ।

ਪ੍ਰਧਾਨ ਮੰਤਰੀ ਵੱਲੋਂ 11 ਸਫਿਆਂ ਦਾ ਹਲਫਨਾਮਾ ਪ੍ਰਧਾਨ ਮੰਤਰੀ ਸਕੱਤਰੇਤ ਦੀ ਡਾਇਰੈਕਟਰ ਵੀ. ਵਿਦਿਆਵਤੀ ਵੱਲੋਂ ਦਾਇਰ ਕੀਤਾ ਗਿਆ। ਇਸ ਵਿਚ ਜਨਤਾ ਪਾਰਟੀ ਦੇ ਪ੍ਰਧਾਨ ਸੁਬਰਾਮਨੀਅਮ ਸਵਾਮੀ ਦੇ 29 ਨਵੰਬਰ 2008 ਤੇ ਉਸ ਤੋਂ ਮਗਰੋਂ ਭੇਜੇ ਪੱਤਰਾਂ ਉਪਰ ਪ੍ਰਧਾਨ ਮੰਤਰੀ ਸਕੱਤਰੇਤ ਵੱਲੋਂ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦਿੱਤੀ ਗਈ ਹੈ। ਸਵਾਮੀ ਨੇ ਇਨ੍ਹਾਂ ਪੱਤਰਾਂ ਰਾਹੀਂ ਤੱਤਕਾਲੀ ਦੂਰਸੰਚਾਰ ਮੰਤਰੀ ਏ. ਰਾਜਾ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ ਸੀ। ਹਲਫ਼ਨਾਮੇ ਵਿਚ ਉਨ੍ਹਾਂ ਦੇ ਪੱਤਰਾਂ 'ਤੇ ਉਨ੍ਹਾਂ ਨਾਲ ਹੋਰ ਦਸਤਾਵੇਜ਼ਾਂ ਦਾ ਤਰੀਕਵਾਰ ਵੇਰਵਾ ਦਿੱਤਾ ਗਿਆ ਹੈ। ਇਨ੍ਹਾਂ ਉਪਰ ਪ੍ਰਧਾਨ ਮੰਤਰੀ ਸਕੱਤਰੇਤ ਵਲੋਂ ਕੀ ਕਾਰਵਾਈ ਕੀਤੀ ਗਈ, ਦੀ ਜਾਣਕਾਰੀ ਹੈ। ਯਾਦ ਰਹੇ ਕਿ ਅਦਾਲਤ ਨੇ ਸ੍ਰੀ ਸਵਾਮੀ ਦੀ ਚਿੱਠੀ ਉਪਰ ਕੋਈ ਕਾਰਵਾਈ ਨਾ ਕਰਨ ਕਰਕੇ ਪ੍ਰਧਾਨ ਮੰਤਰੀ ਦੀ ਖਿਚਾਈ ਕੀਤੀ ਸੀ।

ਹਲਫ਼ਨਾਮੇ ਮੁਤਾਬਕ ਬੀਬੀ ਵਿਦਿਆਵਤੀ ਨੇ 9 ਫਰਵਰੀ 2010 ਨੂੰ ਨੋਟ ਤਿਆਰ ਕੀਤਾ ਜਿਸ ਵਿਚ ਲਿਖਿਆ ਗਿਆ ਸੀ ਕਿ ਕਾਨੂੰਨੀ ਮਾਮਲਿਆਂ ਦੇ ਵਿਭਾਗ ਤੋਂ ਪ੍ਰਾਪਤ ਸਲਾਹ ਮੁਤਾਬਕ ਇਸ ਮਾਮਲੇ ਵਿਚ ਮੁਕੱਦਮਾ ਚਲਾਉਣ ਬਾਰੇ ਫੈਸਲਾ ਸੀ.ਬੀ.ਆਈ. ਵੱਲੋਂ ਇਕੱਤਰ ਕੀਤੀ ਜਾਣਕਾਰੀ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਨੋਟ ਉਪਰ ਪ੍ਰਧਾਨ ਮੰਤਰੀ ਸਕੱਤਰੇਤ ਦੇ ਜਾਇੰਟ ਸਕੱਤਰ ਨੇ ਸੁਝਾਅ ਦਿੱਤਾ ਕਿ ਕਾਨੂੰਨ ਤੇ ਨਿਆਂ ਮੰਤਰਾਲੇ ਨੂੰ ਇਸ ਮੁੱਦੇ ਉਪਰ ਸ੍ਰੀ ਸਵਾਮੀ ਨੂੰ ਢੁੱਕਵਾਂ ਜਵਾਬ ਦੇਣ ਲਈ ਬੇਨਤੀ ਕੀਤੀ ਜਾ ਸਕਦੀ ਹੈ। ਪ੍ਰਧਾਨ ਮੰਤਰੀ ਨੇ 13 ਫਰਵਰੀ 2010 ਨੂੰ ਇਸ ਤਜਵੀਜ਼ ਨੂੰ ਆਪਣੀ ਮਨਜ਼ੂਰੀ ਦਿੱਤੀ। ਕਾਨੂੰਨ ਮੰਤਰਾਲੇ ਨੇ 22 ਫਰਵਰੀ, 2010 ਨੂੰ



*ਸੁਬਰਾਮਨੀਅਮ ਸਵਾਮੀ*

ਜਵਾਬ ਦਿੱਤਾ ਕਿ ਉਹ ਸਿਰਫ਼ ਕਾਨੂੰਨੀ ਸਲਾਹ ਦੇ ਸਕਦਾ ਹੈ ਅਤੇ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇਣ ਲਈ ਪ੍ਰਸ਼ਾਸਨਿਕ ਤੌਰ 'ਤੇ ਕਾਰਵਾਈ ਕਰਨ ਵਿਚ ਉਸ ਦੀ ਕੋਈ ਭੂਮਿਕਾ ਨਹੀਂ ਬਣਦੀ।

ਹਲਫ਼ਨਾਮੇ ਵਿਚ ਕਿਹਾ ਹੈ, "ਇਹ ਸੁਝਾਅ ਦਿੱਤਾ ਗਿਆ ਕਿ ਇਸ ਮਾਮਲੇ ਵਿਚ ਪ੍ਰਸ਼ਾਸਨਿਕ ਸਰੋਕਾਰ ਰੱਖਣ ਵਾਲੇ ਪ੍ਰਸੋਨਲ ਤੇ ਟਰੇਨਿੰਗ ਮੰਤਰਾਲੇ ਨੂੰ ਬੇਨਤੀ ਕੀਤੀ ਜਾਵੇ ਕਿ ਉਹ ਸਵਾਮੀ ਨੂੰ ਜਵਾਬ ਭੇਜੇ। ਪ੍ਰਸੋਨਲ ਤੇ ਟਰੇਨਿੰਗ ਮੰਤਰਾਲੇ ਲਈ 5 ਮਾਰਚ 2010 ਨੂੰ ਤਿਆਰ ਕੀਤੇ ਗਏ ਇਸ ਨੋਟ ਉਪਰ ਵੱਖ-ਵੱਖ ਪੱਧਰ 'ਤੇ ਵਿਚਾਰ ਕੀਤਾ ਗਿਆ ਤੇ ਮਨਜ਼ੂਰੀ ਦਿੱਤੀ ਗਈ। ਇਸ ਹਲਫ਼ਨਾਮੇ ਵਿਚ ਕਿਹਾ ਗਿਆ ਹੈ ਕਿ ਸਵਾਮੀ ਦੇ 8 ਮਾਰਚ 2010 ਦੇ ਪੱਤਰ ਦੇ ਆਧਾਰ ਉਪਰ ਪ੍ਰਸੋਨਲ ਤੇ ਟਰੇਨਿੰਗ ਵਿਭਾਗ ਦੇ ਸਕੱਤਰ ਤੇ ਦੂਰਸੰਚਾਰ ਵਿਭਾਗ ਨੂੰ ਬੇਨਤੀ ਕੀਤੀ ਗਈ, ਉਹ ਸਬੰਧਤ ਮਾਮਲੇ ਵਿਚ ਮੁੱਖ ਚੌਕਸੀ ਕਮਿਸ਼ਨਰ (ਸੀ.ਬੀ.ਆਈ.) ਤੋਂ ਪ੍ਰਾਪਤ ਪੱਤਰ ਤੇ ਸੀ.ਬੀ.ਆਈ. ਵੱਲੋਂ ਦਰਜ ਕੇਸ ਦੀ ਸਥਿਤੀ ਦੀ ਜਾਣਕਾਰੀ ਦੇਣ।"

ਦੂਰਸੰਚਾਰ ਵਿਭਾਗ ਤੇ ਪ੍ਰਸੋਨਲ ਤੇ ਟਰੇਨਿੰਗ ਵਿਭਾਗ ਦੇ ਜਵਾਬ ਉਪਰ ਟਿੱਪਣੀ 'ਤੇ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਨੇ ਵਿਚਾਰ ਕਰਨ ਮਗਰੋਂ ਮਨਜ਼ੂਰੀ ਦਿੱਤੀ। ਹਲਫਨਾਮੇ ਮੁਤਾਬਕ ਪ੍ਰਧਾਨ ਮੰਤਰੀ ਸਕੱਤਰੇਤ ਦੇ ਪ੍ਰਸੋਨਲ ਤੇ ਟਰੇਨਿੰਗ ਵਿਭਾਗ ਨੂੰ ਕਿਹਾ ਗਿਆ ਉਹ ਸਵਾਮੀ ਨੂੰ ਢੁੱਕਵਾਂ ਜਵਾਬ ਦੇਣ ਤੇ ਇਹ ਜਵਾਬ ਉਨ੍ਹਾਂ ਨੂੰ 19 ਮਾਰਚ 2010 ਵਿਚ ਭੇਜ ਦਿੱਤਾ ਗਿਆ। ਇਸ ਮਗਰੋਂ ਅਪਰੈਲ 2010 ਵਿਚ ਕਾਨੂੰਨ ਵਿਭਾਗ ਨੇ ਸੂਚਿਤ ਕੀਤਾ ਕਿ ਸਵਾਮੀ ਨੇ ਦਿੱਲੀ ਹਾਈ ਕੋਰਟ ਵਿਚ ਮਾਮਲਾ ਦਾਇਰ ਕੀਤਾ ਹੈ। ਇਸ ਤੋਂ ਇਲਾਵਾ ਸਵਾਮੀ ਨੇ 2010 ਵਿਚ 20 ਮਈ, 9 ਜੂਨ, 30 ਅਗਸਤ ਤੇ 5 ਅਕਤੂਬਰ ਨੂੰ ਪ੍ਰਧਾਨ ਮੰਤਰੀ ਨੂੰ ਸੰਬੋਧਨ ਕਰਦਿਆਂ ਚਿੱਠੀਆਂ ਭੇਜੀਆਂ ਸਨ, ਜਿਨ੍ਹਾਂ ਨੂੰ ਕਾਨੂੰਨ ਮੰਤਰਾਲੇ ਕੋਲ ਭੇਜ ਦਿੱਤਾ ਗਿਆ।

ਜਨਤਾ ਪਾਰਟੀ ਦੇ ਪ੍ਰਧਾਨ ਸੁਬਰਾਮਨੀਅਮ ਸਵਾਮੀ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਸੁਪਰੀਮ ਕੋਰਟ 'ਚ ਦਾਇਰ ਹਲਫ਼ੀਆ ਬਿਆਨ ਨੇ ਉਨ੍ਹਾਂ (ਸਵਾਮੀ) ਵੱਲੋਂ 2 ਜੀ ਸਪੈਕਟ੍ਰਮ ਘੁਟਾਲੇ ਦੇ ਸਬੰਧ ਵਿਚ ਉਠਾਏ ਸਾਰੇ ਮੁੱਦਿਆਂ ਦੀ ਪੁਸ਼ਟੀ ਕਰ ਦਿੱਤੀ ਹੈ। ਉਨ੍ਹਾਂ ਮੰਗ ਕੀਤੀ ਕਿ 2 ਜੀ ਸਪੈਕਟ੍ਰਮ ਦੀ ਵਿਕਰੀ ਤਹਿਤ ਜਾਰੀ ਹੋਏ ਲਾਇਸੈਂਸ ਤੁਰੰਤ ਰੱਦ ਕੀਤੇ ਜਾਣ।

## ਕੰਬੋਡੀਆ 'ਚ ਭਾਜੜ ਦੌਰਾਨ 378 ਮੌਤਾਂ

ਮਨਾਏ ਜਾਂਦੇ ਇਸ ਮੇਲੇ ਵਿਚ ਹਜ਼ਾਰਾਂ ਲੋਕ ਨਦੀ 'ਤੇ ਸਥਿਤ ਦੀਪ ਉਪਰ ਇਕੱਠੇ ਹੋਏ ਪਰ ਇਸ ਦੌਰਾਨ ਉਥੇ ਭਾਜੜ ਮੱਚ ਗਈ। ਬਹੁਤ ਸਾਰੇ ਲੋਕਾਂ ਨੇ ਤੰਗ ਪੁਲ ਰਾਹੀਂ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਸੈਂਕੜੇ ਲੋਕ ਇਕ ਦੂਜੇ ਦੇ ਪੈਰਾਂ ਹੇਠ ਦਬ ਗਏ ਤੇ ਬਹੁਤ ਸਾਰੇ ਪਾਣੀ ਵਿਚ ਡਿੱਗ ਪਏ। ਕਈ ਥਾਂਵਾਂ 'ਤੇ ਤਾਂ ਲਾਸ਼ਾਂ ਦੇ ਢੇਰ ਲੱਗ ਗਏ। ਇਸ ਦੌਰਾਨ ਪ੍ਰਸ਼ਾਸਨ ਨੇ ਬਸਾਕ ਨਦੀ ਵਿਚ ਹੋਰ ਲਾਸ਼ਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਹਾਲੇ ਤਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਭਾਜੜ ਕਿਉਂ ਮਚੀ।

ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸਲਾਹਕਾਰ ਓਮ ਐਂਟੀਏਂਗ ਨੇ ਇਨ੍ਹਾਂ ਰਿਪੋਰਟਾਂ ਦਾ ਖੰਡਨ ਕੀਤਾ ਹੈ ਕਿ ਲੋਕ ਬਿਜਲੀ ਦੀ ਤਾਰ ਦੇ ਸੰਪਰਕ ਵਿਚ ਆਉਣ ਕਾਰਨ ਮਰੇ। ਭਾਜੜ ਮਚਣ ਤੋਂ ਕਈ ਘੰਟਿਆਂ ਬਾਅਦ ਤਕ ਐਂਬੂਲੈਂਸਾਂ ਜ਼ਖਮੀਆਂ ਤੇ ਮ੍ਰਿਤਕਾਂ ਨੂੰ ਨਦੀ ਤੋਂ ਹਸਪਤਾਲਾਂ ਤਕ ਢੋਂਹਦੀਆਂ ਰਹੀਆਂ। ਇਕ ਲਾਕ ਨਾਮਕ ਔਰਤ ਨੇ ਦੱਸਿਆ, 'ਮੈਨੂੰ ਲੱਗਿਆ ਕਿ ਮੈਂ ਮੌਕੇ 'ਤੇ ਹੀ ਮਰ ਜਾਵਾਂਗੀ। ਜੋ ਲੋਕ ਸਰੀਰਕ ਰੂਪ 'ਤੇ ਮਜ਼ਬੂਤ ਸਨ, ਉਹ ਬਚ ਕੇ ਨਿਕਲ ਗਏ ਪਰ ਔਰਤਾਂ ਤੇ ਬੱਚੇ ਮਰ ਗਏ। ਮੇਰੀ ਜਾਨ ਤਾਂ ਬਚ ਗਈ ਪਰ ਮੇਰੇ ਸਾਹਮਣੇ 60 ਸਾਲ ਦੀ ਔਰਤ ਦੀ ਦੱਬੇ ਜਾਣ ਕਾਰਨ ਮੌਤ ਹੋ ਗਈ। ਉਸ ਦੇ ਸਰੀਰ ਉਪਰੋਂ ਸੈਂਕੜੇ ਲੋਕ ਲੰਘ ਗਏ।'

ਪ੍ਰਧਾਨ ਮੰਤਰੀ ਹੁਨ ਸੇਨ ਨੇ ਕਿਹਾ ਕਿ ਖਮੇਰੂਜ਼ ਦੇ ਕਾਲ ਦੌਰਾਨ 17 ਲੱਖ ਲੋਕ ਮਾਰੇ ਗਏ ਸਨ ਤੇ ਉਸ ਮਗਰੋਂ ਦੇਸ਼ ਵਿਚ ਇਹ ਸਭ ਤੋਂ ਵੱਡਾ ਦੁਖਾਂਤ ਹੈ। ਉਨ੍ਹਾਂ ਨੇ ਜਾਂਚ ਦੇ ਹੁਕਮ ਦੇ ਦਿੱਤੇ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## Matrimonials

**ਵਰ ਦੀ ਲੋੜ**

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

Professional Sikh match for Parjapat Sikh girl, 30, 5'-6", working with US University on H1 visa, PhD (Molecular biology) from US. Caste no bar. Contact at 91-98784-59056 or email piscean100@yahoo.com

**ਕੰਨਿਆ ਦੀ ਲੋੜ**

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy202099@yaho.com


Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com


# ਪਾਕਿ 'ਚ ਸ੍ਰੀ ਹਰਿਮੰਦਰ ਸਾਹਿਬ 'ਚ ਲੱਗੇ ਸੰਗਮਰਮਰ ਬਾਰੇ ਗਲਤ ਪ੍ਰਚਾਰ

**ਅੰਮ੍ਰਿਤਸਰ:** ਪਾਕਿਸਤਾਨ 'ਚ ਗਿਣੀ ਮਿਥੀ ਸਾਜ਼ਿਸ਼ ਤਹਿਤ ਸ੍ਰੀ ਹਰਿਮੰਦਰ ਸਾਹਿਬ ਵਿਚ ਲੱਗੇ ਸੰਗਮਰਮਰ ਬਾਰੇ ਗਲਤ ਪ੍ਰਚਾਰ ਹੋ ਰਿਹਾ ਹੈ। ਇਸ ਬਾਰੇ

ਇਤਿਹਾਸਕਾਰ ਸੁਰਿੰਦਰ ਕੋਛੜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦਸਤਾਵੇਜ਼ ਸੌਂਪ ਕੇ ਦੱਸਿਆ ਕਿ 1860 ਤੋਂ ਲੈ ਕੇ ਹੁਣ ਤੱਕ ਲਾਹੌਰ ਦੇ ਮੁਗਲ ਸਮਾਰਕਾਂ ਤੇ ਇਤਿਹਾਸ ਬਾਰੇ ਪ੍ਰਕਾਸ਼ਿਤ ਹੋਣ ਵਾਲੀ ਹਰ ਪੁਸਤਕ ਵਿਚ ਸ੍ਰੀ ਹਰਿਮੰਦਰ ਸਾਹਿਬ 'ਚ ਲਾਏ ਗਏ ਸੰਗਮਰਮਰ ਬਾਰੇ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਸੰਗਮਰਮਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੌਰਾਨ ਲਾਹੌਰ ਦੇ ਮਕਬਰਿਆਂ ਤੋਂ ਲਵਾ ਕੇ ਲਗਵਾਇਆ ਸੀ।

ਹੁਣ ਪਿਛਲੇ ਕੁਝ ਸਾਲਾਂ ਤੋਂ ਪਾਕਿਸਤਾਨੀ ਲੇਖਕਾਂ ਨੇ ਸ੍ਰੀ ਹਰਿਮੰਦਰ ਸਾਹਿਬ 'ਚ ਲੱਗੇ ਸੋਨੇ ਦੇ ਪੱਤਰਿਆਂ ਤੇ ਸਜਾਵਟੀ ਸ਼ੀਸ਼ਿਆਂ ਬਾਰੇ ਵੀ ਇਸੇ ਤਰ੍ਹਾਂ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਪਾਕਿਸਤਾਨ ਸਰਕਾਰ ਨੇ ਇਹ ਗਲਤ ਤੱਥ ਕਿਤਾਬਾਂ ਤੱਕ ਹੀ ਸੀਮਿਤ ਨਾ ਰੱਖਦੇ ਹੋਏ ਇਨ੍ਹਾਂ ਨੂੰ ਲਾਹੌਰ ਦੇ ਜਹਾਂਗੀਰ, ਨੂਰਜਹਾਂ ਤੇ ਆਸਫ਼ ਖ਼ਾਨ ਦੇ ਮਕਬਰਿਆਂ ਸਮੇਤ ਸ਼ਾਲਾਮਾਰ ਬਾਗ਼ ਦੇ ਬਾਹਰ ਵੱਡੇ-ਵੱਡੇ ਬੋਰਡਾਂ 'ਤੇ ਵੀ ਪ੍ਰਕਾਸ਼ਿਤ ਕਰ ਦਿੱਤਾ ਹੈ। ਡੇਢ ਸੌ ਸਾਲ ਦੇ ਇਹਿਤਾਸ ਵਿਚ ਪਹਿਲੀ ਵਾਰ ਇਸ ਮੁੱਦੇ ਨੂੰ ਸਤੰਬਰ 2005



ਦੌਰਾਨ ਜ਼ਾਹਰ ਕਰਨ ਵਾਲੇ ਸ੍ਰੀ ਕੋਛੜ ਨੇ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਲਾਹੌਰ ਦੇ ਸਮਾਰਕਾਂ ਤੋਂ ਸੰਗਮਰਮਰ ਲਵਾ ਕੇ ਸ੍ਰੀ ਹਰਿਮੰਦਰ ਸਾਹਿਬ 'ਚ ਲਵਾਉਣ ਦਾ ਜ਼ਿਕਰ ਲਾਹੌਰ ਦੀ ਸਭ ਤੋਂ ਭਰੋਸੇਮੰਦ ਸਮਝੀਆਂ ਜਾਂਦੀਆਂ ਪੁਸਤਕਾਂ 'ਟਰੈਵਲੇਜ਼' (ਲੇਖਕ ਜੇ.ਐਲ. ਕਿਪਲਿੰਗ ਤੇ ਟੀ.ਐਚ. ਬਰਾਨਟਨ), ਲਾਹੌਰ 1892 (ਸੱਯਦ ਮੁਹੰਮਦ ਲਤੀਫ) ਤੇ ਸੰਨ 1883-84, 1893-94 ਤੇ ਸੰਨ 1916 ਦੇ ਡਿਸਟ੍ਰਿਕਟ ਗਜ਼ੇਟੀਅਰ ਸਮੇਤ ਲਾਹੌਰ ਦੇ ਇਤਿਹਾਸ ਨਾਲ ਸਬੰਧਤ ਪ੍ਰਕਾਸ਼ਿਤ ਹੋਣ ਵਾਲੀਆਂ 100 ਤੋਂ ਵਧੇਰੇ ਪੁਸਤਕਾਂ ਵਿਚ ਕੀਤਾ ਜਾ ਚੁੱਕਿਆ ਹੈ।

ਉਨ੍ਹਾਂ ਕਿਹਾ ਕਿ ਪਾਕਿ ਇਤਿਹਾਸਕਾਰਾਂ ਨੂੰ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਚਾਹੀਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਹੀ ਅਹਿਮਦ ਸ਼ਾਹ ਅਬਦਾਲੀ ਤੇ ਭੰਗੀ ਸਰਦਾਰ ਲਾਹੌਰ ਦੇ ਮੁਗਲ ਸਮਾਰਕਾਂ 'ਚ ਲੁੱਟ-ਖਸੁੱਟ ਕਰਕੇ ਉਨ੍ਹਾਂ ਦੀ ਸ਼ਾਨ ਖਰਾਬ ਕਰ ਚੁੱਕੇ ਹਨ ਪਰ ਇਹ ਕਿਧਰੇ ਵੀ ਸਾਬਤ ਨਹੀਂ ਹੁੰਦਾ ਕਿ ਲਾਹੌਰ ਵਿਚਲੇ ਮਕਬਰਿਆਂ ਤੇ ਬਾਗ਼ਾਂ ਤੋਂ ਸੰਗਮਰਮਰ ਲਵਾ ਕੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ 'ਚ ਲਵਾਇਆ ਗਿਆ ਸੀ। ਸ੍ਰੀ ਕੋਛੜ ਨੇ ਕਿਹਾ ਕਿ ਉਹ ਇਹ ਵੀ ਢੁਕਵੇਂ ਇਤਿਹਾਸਕ ਪ੍ਰਮਾਣਾਂ ਸਹਿਤ ਸਾਬਤ ਕਰ ਚੁੱਕੇ ਹਨ ਕਿ ਗੁਰਦੁਆਰਾ ਸਾਹਿਬ 'ਚ ਕੋਈ ਉੱਤਰੀ ਹੋਈ ਜਾਂ ਦੂਸਰੀ ਜਗ੍ਹਾ ਲੱਗ ਚੁੱਕੀ ਵਸਤੂ ਨਹੀਂ ਲਾਈ ਜਾ ਸਕਦੀ ਭਾਵੇਂ ਉਹ ਕਿੰਨੀ ਵੀ ਕੀਮਤੀ ਕਿਉਂ ਨਾ ਹੋਵੇ। ਸ੍ਰੀ ਕੋਛੜ ਨੇ ਉਪਰੋਕਤ ਮਾਮਲੇ ਬਾਰੇ ਸਾਰੇ ਜ਼ਰੂਰੀ ਦਸਤਾਵੇਜ਼ ਸੌਂਪਦੇ ਹੋਏ ਇਸ ਬਾਰੇ ਜਲਦੀ ਕਦਮ ਉਠਾਉਣ ਦੀ ਮੰਗ ਕੀਤੀ ਹੈ।

# ਝੋਨੇ ਦਾ ਝਾੜ ਘਟਣ ਨਾਲ ਕਿਸਾਨਾਂ ਨੂੰ 1700 ਕਰੋੜ ਦਾ ਰਗੜਾ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਨੂੰ ਇਸ ਵਾਰ ਜਿੱਥੇ ਹੜ੍ਹਾਂ ਦੇ ਕਹਿਰ ਨੇ ਝੰਬਿਆ ਹੈ ਉਥੇ ਬਿਮਾਰੀਆਂ ਕਾਰਨ ਫ਼ਸਲ ਦਾ ਝਾੜ ਘਟਣ ਕਰਕੇ ਤਕਰੀਬਨ 1700 ਕਰੋੜ ਰੁਪਏ ਦਾ ਰਗੜਾ ਲੱਗਾ ਹੈ।

ਖੇਤੀਬਾੜੀ ਮਾਹਰਾਂ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਝੋਨੇ ਦਾ ਝਾੜ ਘਟਣ ਨਾਲ ਜਿੱਥੇ ਕਿਸਾਨਾਂ ਨੂੰ 1700 ਕਰੋੜ ਰੁਪਏ ਦਾ ਰਗੜਾ ਲੱਗਾ ਹੈ ਉੱਥੇ ਕੇਂਦਰੀ ਅਨਾਜ ਭੰਡਾਰ ਨੂੰ ਵੀ ਤਕੜੀ ਸੱਟ ਵੱਜੀ ਹੈ। ਹੁਣ ਝੋਨੇ ਦਾ ਸੀਜ਼ਨ ਤਕਰੀਬਨ ਖ਼ਤਮ ਹੋ ਗਿਆ ਹੈ ਤੇ ਮੰਡੀਆਂ ਵਿਚ ਕੁੱਲ 126 ਲੱਖ ਟਨ ਝੋਨੇ ਦੀ ਖਰੀਦ ਹੋਈ ਹੈ ਜਦੋਂਕਿ ਪਿਛਲੇ ਸਾਲ 142 ਲੱਖ ਟਨ ਤੋਂ ਵਧੇਰੇ ਝੋਨੇ ਦੀ ਖਰੀਦ ਹੋਈ ਸੀ। ਪਿਛਲੇ ਸਾਲ ਸੋਕੇ ਵਾਲੇ ਸੀਜ਼ਨ ਦੀ ਥਾਂ ਇਸ ਸਾਲ ਵਧੇਰੇ ਬਾਰਸ਼ ਵਾਲੇ ਸੀਜ਼ਨ ਦੇ ਬਾਵਜੂਦ ਝੋਨੇ ਦਾ ਝਾੜ ਘੱਟ ਨਿਕਲਿਆ ਹੈ। ਕੇਂਦਰ ਵੀ ਅਨਾਜ ਭੰਡਾਰ ਵਿਚ ਪੰਜਾਬ ਦਾ ਹਿੱਸਾ ਘਟਣ ਤੋਂ ਚਿੰਤਤ ਹੈ।

ਉੱਚ ਪੱਧਰੀ ਸਰਕਾਰੀ ਸੂਤਰਾਂ ਅਨੁਸਾਰ ਭਾਵੇਂ ਝੋਨੇ ਦੀ ਸਰਕਾਰੀ ਖਰੀਦ 31 ਦਸੰਬਰ ਤੱਕ ਚੱਲਦੀ ਹੈ ਪਰ ਪੰਜਾਬ ਵਿਚ ਖਰੀਦ ਦਾ ਸੀਜ਼ਨ ਖਤਮ ਹੋਣ ਵਾਲਾ ਹੈ। ਬਹੁਤੇ ਪੇਂਡੂ ਖਰੀਦ ਕੇਂਦਰ ਬੰਦ ਕਰ ਗਏ ਹਨ। ਸ਼ਹਿਰੀ ਮੰਡੀਆਂ ਵਿਚ ਵੀ ਝੋਨੇ ਦੀ ਆਮਦ ਬਹੁਤ ਘਟ ਗਈ ਹੈ। ਪਿਛਲੇ ਸਾਲ 142 ਲੱਖ ਟਨ ਤੋਂ ਵਧੇਰੇ ਝੋਨੇ ਦੀ ਖਰੀਦ ਹੋਈ ਸੀ। ਇਸ ਵਿਚੋਂ 138 ਲੱਖ ਟਨ ਸਰਕਾਰੀ ਏਜੰਸੀਆਂ ਨੇ ਝੋਨਾ ਖਰੀਦਿਆ ਸੀ ਬੇਸ਼ੱਕ ਪਿਛਲੇ ਸਾਲ ਦੇ ਮੁਕਾਬਲੇ ਬਾਰਸ਼ਾਂ ਵਧੇਰੇ ਹੋਣ ਕਾਰਨ ਤੇ ਬੇਮੌਸਮੀ ਬਾਰਸ਼ ਕਾਰਨ ਝੋਨੇ ਦੀ ਖਰੀਦ ਦਾ ਕੰਮ ਕੁਝ ਦਿਨ ਪਛੜ ਕੇ ਸ਼ੁਰੂ ਹੋਇਆ ਪਰ ਹੁਣ ਮੰਡੀਆਂ ਵਿਚ ਝੋਨੇ ਦੀ ਆਮਦ ਨਾ ਮਾਤਰ ਹੈ। ਪਿਛਲੇ ਹਫ਼ਤੇ ਆਖਰੀ ਦਿਨ ਤੱਕ ਇਕ ਲੱਖ ਚਾਲੀ ਹਜ਼ਾਰ ਟਨ ਝੋਨੇ ਦੀ ਰੋਜ਼ਾਨਾ ਆਮਦ ਸੀ ਤਾਂ ਹੁਣ ਘਟ ਕੇ 74219 ਟਨ 'ਤੇ ਆ ਗਈ ਹੈ।

ਝੋਨੇ ਦੀ ਪੈਦਾਵਾਰ ਘਟਣ ਕਾਰਨ ਜਿਥੇ ਪੰਜਾਬ ਦੇ ਕਿਸਾਨਾਂ ਨੂੰ 1700 ਕਰੋੜ ਰੁਪਏ ਤੋਂ ਵਧ ਦਾ ਰਗੜਾ ਲੱਗਾ ਹੈ ਉਥੇ ਟੈਕਸ ਦੀ ਉਗਰਾਹੀ ਘਟਣ ਕਾਰਨ ਤਕਰੀਬਨ ਸਰਕਾਰ ਨੂੰ 190 ਕਰੋੜ ਰੁਪਏ ਦਾ ਘਾਟਾ ਪਿਆ ਹੈ। ਪੰਜਾਬ ਵਿਚ ਅਨਾਜ 'ਤੇ 11 ਪ੍ਰਤੀਸ਼ਤ ਟੈਕਸ ਵਸੂਲੀ ਹੈ। ਪਿਛਲੇ ਦਿਨੀਂ ਇਹ ਮਾਮਲਾ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਨਾਲ ਉਠਾਇਆ ਸੀ। ਕਿਸਾਨ ਜਥੇਬੰਦੀ ਨੇ ਝੋਨੇ ਲਈ ਕੇਂਦਰ ਤੋਂ 500 ਕਰੋੜ ਰੁਪਏ ਪ੍ਰਤੀ ਕੁਇੰਟਲ ਬੋਨਸ ਦੀ ਮੰਗ ਕੀਤੀ ਹੈ। ਕਿਸਾਨ ਆਗੂਆਂ ਦਾ ਇਹ ਵੀ ਕਹਿਣਾ ਹੈ ਕਿ ਪੰਜਾਬ ਦੀ ਧਰਤੀ ਵਧੇਰੇ ਖਾਦਾਂ ਤੇ ਵਧੇਰੇ ਉਪਜ ਲੈਣ ਕਾਰਨ ਬਰਬਾਦ ਹੋ ਗਈ ਹੈ। ਇਸ ਦੀ ਦਰੁਸਤੀ ਲਈ ਵੀ ਕੇਂਦਰ ਪੈਕੇਜ ਦਾ ਐਲਾਨ ਕਰੇ।

## ਲੀਹਾਈ ਕਮਿਊਨਿਟੀ ਕਾਲਜ 'ਚ ਪੰਜਾਬੀ ਕਲਾਸਾਂ ਸ਼ੁਰੂ ਹੋਣਗੀਆਂ

**ਐਲਨ ਟਾਊਨ, ਪੈਨਸਲਵੇਨੀਆ:** ਇਥੋਂ ਨਜ਼ਦੀਕੀ ਲੀਹਾਈ ਕਾਰਬਨ ਕਮਿਊਨਿਟੀ ਕਾਲਜ ਵਿਚ ਸਾਲ 2011 ਦੇ ਸੈਸ਼ਨ ਤੋਂ ਪੰਜਾਬੀ ਪੜ੍ਹਾਉਣ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਕੰਟੀਨਿਊਇੰਗ ਐਜੂਕੇਸ਼ਨ ਦੇ ਡਾਇਰੈਕਟਰ ਮਿਸ ਬਾਰਬਰਾ ਪਲੈਟ ਨੇ ਦੱਸਿਆ ਕਿ ਪ੍ਰਿੰ. ਬਲਬੀਰ ਸਿੰਘ ਇਨ੍ਹਾਂ ਕਲਾਸਾਂ ਦੇ ਇੰਚਾਰਜ ਹੋਣਗੇ। ਇਹ ਕਲਾਸ 2 ਫਰਵਰੀ 2011 ਤੋਂ ਸ਼ੁਰੂ ਹੋਵੇਗੀ। ਇਸ ਕਲਾਸ ਵਿਚ 15 ਤੋਂ 20 ਵਿਦਿਆਰਥੀ ਲਏ ਜਾਣਗੇ ਜੋ ਕਿਸੇ ਵੀ ਸਕੂਲ ਕਾਲਜ ਵਿਚ ਪੜ੍ਹਦੇ ਹੋਣ ਜਾਂ ਕਿਸੇ ਵੀ ਕਾਰੋਬਾਰ ਨਾਲ ਸਬੰਧਤ ਹੋਣ ਪਰ ਅੰਗਰੇਜ਼ੀ ਦੇ ਮਾਧਿਅਮ ਰਾਹੀਂ ਪੰਜਾਬੀ ਸਿੱਖਣ ਦੇ ਚਾਹਵਾਨ ਹੋਣ। ਇਸ ਸਬੰਧੀ ਹੋਰ ਜਾਣਕਾਰੀ ਲੀਹਾਈ ਕਾਰਬਨ ਕਮਿਊਨਿਟੀ ਕਾਲਜ ਸ਼ਨੈਕਸਵਿਲ ਦੇ ਸਪਰਿੰਗ 2011 ਦੇ ਕਿਤਾਬਚੇ ਵਿਚ ਉਪਲਬਧ ਹੋਵੇਗੀ।

ਪੰਜਾਬੀ ਪੜ੍ਹਨ ਜਾਂ ਪੜ੍ਹਾਉਣ ਦੇ ਚਾਹਵਾਨ ਪ੍ਰਿੰ. ਬਲਬੀਰ ਸਿੰਘ ਨਾਲ ਫੋਨ 484-794-0211 'ਤੇ ਸੰਪਕਰ ਕਰ ਸਕਦੇ ਹਨ।


**Easy Travel Inc.**

*Consolidator of Major Airlines*

ਸਸਤੀਆਂ ਹਵਾਈ ਟਿਕਟਾਂ



*Detroit-Delhi $1110*
*Chicago-Delhi $1050*

Tel: 734-451-9526, Toll Free 866-51-INDIA

**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

**Freeway Travel Inc**

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju

Tel: 773-973-0200
Fax: 773-973-0557

2542 W Devon Ave. Chicago IL 60659

**R K Carpet & Flooring, Inc.**

*6346 N. Claremont Ave. Chicago, IL 60659*

ਵਾਜ਼ਬ ਭਾਅ, ਭਰੋਸੇਯੋਗ ਸਰਵਿਸ



*Commercial *Installation
*Residential *Cleaning
*Industrial *Repair
*Sales

*Ravinder Singh Ravi*

*Ph:773-761-6888*

*Fax:773-761-6865*

**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# 'ਪੰਜਾਬ ਨੂੰ ਜਗਾਉਣ' ਲਈ ਮਨਪ੍ਰੀਤ ਤੇ ਬੀਰਦਵਿੰਦਰ ਨੇ ਹੱਥ ਮਿਲਾਇਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬ) ਤੋਂ ਬਾਗੀ ਹੋਏ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਮੁਹਿੰਮ ਨੂੰ ਉਸ ਵੇਲੇ ਬਲ ਮਿਲਿਆ ਜਦੋਂ ਤੇਜ਼ ਤਰਾਰ ਤੇ ਖਰੀਆਂ-ਖਰੀਆਂ ਸੁਣਾਉਣ ਵਾਲੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਵੀ ਉਨ੍ਹਾਂ ਨਾਲ ਆ ਖੜ੍ਹੇ। 19 ਨਵੰਬਰ ਨੂੰ ਮਨਪ੍ਰੀਤ ਸਿੰਘ ਬਾਦਲ ਨੇ ਬੀਰ ਦਵਿੰਦਰ ਸਿੰਘ ਦੇ ਘਰ ਜਾ ਕੇ ਮੀਟਿੰਗ ਕੀਤੀ।

ਪਿਛਲੇ ਦਿਨਾਂ ਤੋਂ ਚਲਦੀ ਚਰਚਾ ਅਨੁਸਾਰ ਮਨਪ੍ਰੀਤ ਸਵਰੇ ਹੀ ਬੀਰਦਵਿੰਦਰ ਸਿੰਘ ਦੇ ਮਾਡਲ ਟਾਊਨ ਸਥਿਤ 'ਸੇਵਾ ਸਦਨ' ਵਿਖੇ ਪਹੁੰਚੇ ਤੇ ਕਾਫੀ ਲੰਬੀ ਮੀਟਿੰਗ ਚੱਲੀ। ਮੀਟਿੰਗ ਤੋਂ ਬਾਅਦ ਬੀਰਦਵਿੰਦਰ ਨੇ ਮਨਪ੍ਰੀਤ ਦੀ 6 ਸੂਤਰੀ ਪ੍ਰੋਗਰਾਮ ਨਾਲ ਸਬੰਧਤ 'ਪੰਜਾਬ ਜਾਗੋ ਯਾਤਰਾ' ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ।



ਮਨਪ੍ਰੀਤ ਸਿੰਘ ਬਾਦਲ (ਖੱਬੇ) ਅਤੇ ਬੀਰਦਵਿੰਦਰ ਸਿੰਘ

ਹਾਲਾਂਕਿ ਦੋਵਾਂ ਨੇ ਕਿਸੇ ਵੀ ਰਾਜਸੀ ਗਠਜੋੜ ਦੀ ਸੰਭਾਵਨਾ ਤੋਂ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਉਹ ਆਪਣੇ ਛੇ ਸੂਤਰੀ ਪ੍ਰੋਗਰਾਮ ਨੂੰ ਜਨਤਾ ਵਿਚ ਲੈ ਕੇ ਜਾਣਗੇ ਤੇ ਉਸ ਤੋਂ ਬਾਅਦ ਹੀ ਕੋਈ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ।

ਇੱਥੇ ਜ਼ਿਕਰਯੋਗ ਹੈ ਕਿ ਕਾਂਗਰਸ ਦੀਆਂ ਨੀਤੀਆਂ ਤੋਂ ਨਾਖੁਸ਼ ਹੋ ਕੇ ਸ੍ਰੀ ਬੀਰਦਵਿੰਦਰ ਸਿੰਘ ਅਕਾਲੀ ਦਲ (ਬ) 'ਚ ਸ਼ਾਮਲ ਹੋ ਗਏ ਸਨ ਪਰ ਕੁਝ ਸਮਾਂ ਪਹਿਲਾਂ ਖਰੀਆਂ-ਖਰੀਆਂ ਸੁਣਾ ਕੇ ਉਨ੍ਹਾਂ ਨੇ ਅਕਾਲੀ ਦਲ ਨਾਲੋਂ ਵੀ ਨਾਤਾ ਤੋੜ ਲਿਆ ਹੈ। ਮਨਪ੍ਰੀਤ ਬਾਦਲ ਨੇ ਦੱਸਿਆ ਕਿ ਬੀਰ ਦਵਿੰਦਰ ਸਿੰਘ ਨਾਲ ਹੋਈ ਮੀਟਿੰਗ ਦਾ ਮੁੱਖ ਏਜੰਡਾ 'ਪੰਜਾਬ ਜਾਗੋ' ਪ੍ਰੋਗਰਾਮ ਬਾਰੇ ਤੇ ਪੰਜਾਬ ਦੇ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕਰਨਾ ਸੀ। ਉਨ੍ਹਾਂ ਦੀ ਕਿਸੇ ਨਾਲ ਜ਼ਾਤੀ ਲੜਾਈ ਨਹੀਂ ਸਗੋਂ ਉਹ ਪੰਜਾਬ ਲਈ ਲੜਾਈ ਲੜ ਰਹੇ ਹਨ। ਉਨ੍ਹਾਂ ਦੱਸਿਆ ਕਿ ਫਰੀਦਕੋਟ ਤੋਂ ਸ਼ੁਰੂ ਹੋਣ ਵਾਲੀ 'ਪੰਜਾਬ ਜਾਗੋ' ਯਾਤਰਾ ਦਾ ਪਹਿਲਾ ਪੜਾਅ 14 ਜਨਵਰੀ ਨੂੰ ਮੁਕਤਸਰ ਵਿਖੇ ਖ਼ਤਮ ਹੋਵੇਗਾ ਤੇ ਦੂਜਾ ਪੜਾਅ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ 'ਤੇ ਖਤਮ ਹੋਵੇਗਾ।

ਇਸ ਮੌਕ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦਾ ਰਾਜਸੀ ਮਾਹੌਲ ਇਸ ਸਮੇਂ ਅੰਗੜਾਈ ਲੈ ਰਿਹਾ ਹੈ। ਉਨ੍ਹਾਂ ਨੇ ਛੇ ਸੂਤਰੀ ਪ੍ਰੋਗਰਾਮ ਧਿਆਨ ਨਾਲ ਪੜ੍ਹਿਆ ਹੈ। ਮਨਪ੍ਰੀਤ ਵਿਚ ਰਾਜਸੀ ਸੰਜੀਦਗੀ, ਦੂਰ ਅੰਦੇਸ਼ੀ ਤੇ ਵਧੀਆ ਅਗਵਾਈ ਵਾਲੇ ਗੁਣ ਮੌਜੂਦ ਹਨ। ਉਨ੍ਹਾਂ ਬਿਨਾਂ ਕਿਸੇ ਰਾਜਸੀ ਮਜਬੂਰੀ ਦੇ ਮਨਪ੍ਰੀਤ ਦਾ ਸਾਥ ਦੇਣ ਦਾ ਐਲਾਨ ਕੀਤਾ ਹੈ। ਇਸ ਮੌਕੇ ਫਰੀਦਕੋਟ ਦੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਤੇ ਗੁਰਪ੍ਰੀਤ ਸਿੰਘ ਭੱਟੀ ਵੀ ਹਾਜ਼ਰ ਸਨ।

### ਸ਼ਹੀਦ ਭਗਤ ਸਿੰਘ ਦੇ ਭਤੀਜੇ ਵੱਲੋਂ ਸਮਰਥਨ

ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ 'ਜਾਗੋ ਪੰਜਾਬ ਯਾਤਰਾ' ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਨੇ ਮਨਪ੍ਰੀਤ ਦੀ ਸੋਚ ਦਾ ਸਮਰਥਨ ਕਰ ਦਿੱਤਾ। ਅਭੈ ਸਿੰਘ ਨੇ ਕਿਹਾ ਕਿ ਸਮੇਂ ਦੀ ਲੋੜ ਮੁਤਾਬਕ ਪੰਜਾਬ ਦੇ ਲੋਕਾਂ ਨੂੰ ਅਸਲ ਮੁੱਦਿਆਂ ਬਾਰੇ ਜਾਗਰੂਕ ਕਰ ਕੇ ਖ਼ੁਸ਼ਹਾਲ ਪੰਜਾਬ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

## ਜਥੇਦਾਰ ਅਵਤਾਰ ਸਿੰਘ ਸ਼੍ਰੋਮਣੀ ਕਮੇਟੀ ਬਾਰੇ ਛਤਵਾਲ ਦੀ ਟਿੱਪਣੀ ਤੋਂ ਭੜਕੇ

**ਅਨੰਦਪੁਰ ਸਾਹਿਬ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਅਮਰੀਕੀ ਉਦਯੋਗਪਤੀ ਸੰਤ ਸਿੰਘ ਛਤਵਾਲ ਨੂੰ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ ਬਾਰੇ ਟਿੱਪਣੀ ਕਰਨ ਦਾ ਕੋਈ ਹੱਕ ਨਹੀਂ ਹੈ। ਇਸ ਲਈ ਉਸ ਨੂੰ ਬਿਨਾਂ ਦੇਰੀ ਸਮੁੱਚੇ ਸਿੱਖ ਪੰਥ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸੰਤ ਸਿੰਘ ਛਤਵਾਲ ਨੇ ਅਮਰੀਕੀ ਰਾਸ਼ਟਰਪਤੀ ਬਾਰਕ ਓਬਾਮਾ ਦੀ ਭਾਰਤ ਫੇਰੀ ਤੋਂ ਪਹਿਲਾਂ ਕਈ ਵਾਰ ਟੈਲੀਫੋਨ ਕਰਕੇ ਕਿਹਾ ਕਿ ਉਹ ਓਬਾਮਾ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆ ਰਹੇ ਹਨ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕੀ ਰਾਸ਼ਟਰਪਤੀ ਨੂੰ ਮਰਿਆਦਾ ਅਨੁਸਾਰ ਸਿਰ ਢੱਕਣ ਲਈ ਕਿਹਾ ਸੀ ਤੇ ਇਸ ਬਾਰੇ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਰਤ ਨਹੀਂ ਸੀ ਜੋੜੀ ਗਈ। ਅਮਰੀਕੀ ਰਾਸ਼ਟਰਪਤੀ ਦੀ ਸ੍ਰੀ ਹਰਿਮੰਦਰ ਸਾਹਿਬ ਨਾ ਆਉਣ ਬਾਰੇ ਕੋਈ ਆਪਣੀ ਮਜ਼ਬੂਰੀ ਹੋਵੇਗੀ ਪਰ ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਜਾ ਰਹੇ ਦੋਸ਼ ਬਿਲਕੁਲ ਗਲਤ ਤੇ ਨਿਰਾਅਧਾਰ ਹਨ। ਉਨ੍ਹਾਂ ਦੱਸਿਆ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਵਿਚ ਨੁਮਾਇੰਦੀ ਦੇਣ ਲਈ ਪ੍ਰਕਿਰਿਆ ਅਰੰਭ ਕੀਤੀ ਹੋਈ ਹੈ ਤੇ ਜਦੋਂ ਤੱਕ ਇਸ ਬਾਰੇ ਕੇਂਦਰੀ ਸਰਕਾਰ ਦੀ ਮਨਜ਼ੂਰੀ ਨਹੀਂ ਮਿਲ ਜਾਂਦੀ ਉਦੋਂ ਤੱਕ ਪਰਵਾਸੀ ਸਿੱਖਾਂ ਦੀ ਇਕ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾ ਰਿਹਾ ਹੈ।

## ਪੰਜਾਬ ਵਿਧਾਨ ਸਭਾ 'ਚ ਨੇ ਸੱਤ 'ਸ਼ਬਦਾਂ ਦੇ ਖਿਡਾਰੀ'

**ਚੰਡੀਗੜ੍ਹ:** ਪੰਜਾਬ ਦੇ ਕਈ ਵਿਧਾਇਕ ਸਿਆਸਤ ਦੇ ਨਾਲ-ਨਾਲ ਲਿਖਣ-ਪੜ੍ਹਣ ਦਾ ਸ਼ੌਕ ਵੀ ਰੱਖਦੇ ਹਨ ਤੇ ਉਨ੍ਹਾਂ ਵੱਲੋਂ ਕਿਤਾਬਾਂ ਵੀ ਲਿਖੀਆਂ ਗਈਆਂ ਹਨ। ਪੰਜਾਬ ਦੇ ਸੱਤ ਅਜਿਹੇ ਵਿਧਾਇਕ ਹਨ ਜਿਹੜੇ ਬੋਲਣ ਵਿਚ ਹੀ ਸ਼ਬਦਾਂ ਦੇ ਖਿਡਾਰੀ ਨਹੀਂ ਸਗੋਂ ਉਨ੍ਹਾਂ ਨੂੰ ਲਿਖਣ ਦਾ ਵੀ ਸ਼ੌਕ ਹੈ।

ਇਹ ਲਿਖਾਰੀ ਵਿਧਾਇਕ ਪੰਜਾਬ ਦੀ ਆਰਥਕਤਾ ਤੇ ਧਾਰਮਿਕ ਮਾਮਲਿਆਂ ਬਾਰੇ ਲਿਖ ਚੁੱਕੇ ਹਨ। ਸਾਬਕਾ ਮੁੱਖ ਮੰਤਰੀ ਤੇ ਪਟਿਆਲਾ ਤੋਂ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਦੋ ਇਤਿਹਾਸਕ ਕਿਤਾਬਾਂ ਲਿਖ ਚੁੱਕੇ ਹਨ ਤੇ ਤੀਜੀ ਕਿਤਾਬ ਲਿਖ ਰਹੇ ਹਨ। ਕੈਪਟਨ ਅੰਗਰੇਜ਼ੀ ਦੇ ਲਿਖਾਰੀ ਹਨ ਤੇ ਉਨ੍ਹਾਂ ਦੀ ਪੁਸਤਕ 'ਲਾਹੌਰ ਦਰਬਾਰ ਦੇ ਉਤਾਰ ਚੜ੍ਹਾਅ' ਕੁਝ ਸਮਾਂ ਪਹਿਲਾਂ ਹੀ ਰਿਲੀਜ਼ ਹੋਈ ਹੈ। ਵੈਸੇ ਕੈਪਟਨ ਅਮਰਿੰਦਰ ਸਿੰਘ ਤੀਜੇ ਅਜਿਹੇ ਮੁੱਖ ਮੰਤਰੀ ਹਨ ਜਿਨ੍ਹਾਂ ਨੂੰ ਲਿਖਣ ਦਾ ਸ਼ੌਕ ਹੈ। ਇਸ ਤੋਂ ਪਹਿਲਾਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਤੇ ਸੁਰਜੀਤ ਸਿੰਘ ਬਰਨਾਲਾ ਵੀ ਕਈ ਪੁਸਤਕਾਂ ਲਿਖ ਚੁੱਕੇ ਹਨ।

ਪੰਜਾਬ ਦੇ ਖ਼ਜ਼ਾਨਾ ਮੰਤਰੀ ਡਾ. ਉਪਿੰਦਰਜੀਤ ਕੌਰ ਹੁਣ ਤੱਕ ਵੱਖ-ਵੱਖ ਵਿਸ਼ਿਆਂ ਉਤੇ 7 ਕਿਤਾਬਾਂ ਲਿਖ ਚੁਕੇ ਹਨ। ਇਨ੍ਹਾਂ ਕਿਤਾਬਾਂ ਵਿਚ 'ਡਿਵੈਲਪਮੈਂਟ ਆਫ਼ ਥਿਊਰੀ ਆਫ਼ ਡਿਮਾਂਡ' ਤੇ 'ਸਿੱਖ ਰਿਲੀਜ਼ਨ ਐਂਡ ਇਕਨਾਮਿਕ ਡਿਵੈਲਪਮੈਂਟ' ਅਹਿਮ ਹਨ।

ਇਸ ਤੋਂ ਇਲਾਵਾ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ 'ਅਨੰਦਪੁਰ ਮਤੇ ਉਤੇ ਵਿਸ਼ਲੇਸ਼ਣ' ਕਿਤਾਬ ਲਿਖ ਚੁੱਕੇ ਹਨ। ਆਵਾਜਾਈ ਮੰਤਰੀ ਮਾਸਟਰ ਮੋਹਨ ਲਾਲ ਤੇ ਸਿਹਤ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਭਾਵੇਂ ਕੋਈ ਪੁਸਤਕ ਨਹੀਂ ਲਿਖ ਸਕੇ ਪਰ ਵੱਖ-ਵੱਖ ਅਖ਼ਬਾਰਾਂ ਤੇ ਰਸਾਲਿਆਂ ਵਿਚ ਅਹਿਮ ਵਿਸ਼ਿਆਂ ਉਤੇ ਕਾਲਮ ਲਿਖਦੇ ਹਨ। ਵਿਧਾਨ ਸਭਾ ਹਲਕਾ ਵੇਰਕਾ (ਰਾਖਵਾਂ) ਤੋਂ ਦੂਜੀ ਵਾਰ ਵਿਧਾਇਕ ਬਣੇ ਡਾ. ਦਲਬੀਰ ਸਿੰਘ ਵੇਰਕਾ ਡਾਕਟਰ ਹੋਣ ਦੇ ਨਾਲ-ਨਾਲ ਕਿਤਾਬ ਵੀ ਲਿਖ ਚੁੱਕੇ ਹਨ। ਡਾ. ਵੇਰਕਾ ਆਸਟਰੇਲੀਆ-ਐਂਟੀਜਨ ਇਕ ਬਲੱਡ ਡੋਨਰਜ਼ ਖੋਜ ਬਾਰੇ ਪੁਸਤਕ ਲਿਖੇ ਚੁੱਕੇ ਹਨ।

ਹਲਕਾ ਭਦੌੜ ਤੋਂ ਤੀਜੀ ਵਾਰ ਵਿਧਾਇਕ ਬਣੇ ਬਲਬੀਰ ਸਿੰਘ ਘੁੰਨਸ ਵੀ ਦੋ ਪੁਸਤਕਾਂ ਲਿਖ ਚੁੱਕੇ ਹਨ। ਭਾਵੇਂ ਸ੍ਰੀ ਘੁੰਨਸ ਪ੍ਰਾਇਮਰੀ ਪਾਸ ਹਨ ਪਰ ਦੋ ਧਾਰਮਿਕ ਪੁਸਤਕਾਂ ਦੇ ਨਾਲ-ਨਾਲ ਸਿੱਖ ਧਰਮ ਬਾਰੇ 12 ਹਵਾਲਾ ਪੁਸਤਕਾਂ ਲਿਖ ਚੁੱਕੇ ਹਨ। ਘੁੰਨਸ ਦੀਆਂ ਪੁਸਤਕਾਂ 'ਮਾਲਵੇ ਦੀ ਧਰਤੀ ਦਾ ਦਰਵੇਸ਼' ਤੇ 'ਜਿੰਦ ਮਿੱਟੀ ਦੀ ਢੇਰੀ' ਅਹਿਮ ਹਨ।

## ਪ੍ਰੈਸ ਮਾਰ ਕੇ ਪਤਨੀ ਦਾ ਕਤਲ

**ਜ਼ੀਰਕਪੁਰ:** ਚੰਡੀਗੜ੍ਹ-ਅੰਬਾਲਾ ਮੁੱਖ ਸੜਕ 'ਤੇ ਸਥਿਤ ਪ੍ਰੀਤ ਕਲੋਨੀ ਦੇ 'ਚ ਰਹਿੰਦੇ ਇਕ ਵਿਅਕਤੀ ਨੇ ਕੱਪੜਿਆਂ ਨੂੰ ਕਰਨ ਵਾਲੀ ਪ੍ਰੈਸ ਮਾਰ ਕੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ। ਪੁਲਿਸ ਵੱਲੋਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਡੇਰਾਬਸੀ ਅਦਾਲਤ ਵਿਚ ਪੇਸ਼ ਕੀਤਾ ਜਿੱਥੇ ਉਸ ਨੂੰ 14 ਦਿਨ ਲਈ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਹੈ।

ਪੁਲਿਸ ਅਨੁਸਾਰ ਪ੍ਰੀਤ ਕਲੋਨੀ ਵਾਸੀ ਗੁਰਮੇਲ ਸਿੰਘ (40) ਪੁੱਤਰ ਗੁਰਬਖ਼ਸ ਸਿੰਘ ਦਾ ਆਪਣੀ ਪਤਨੀ ਨਾਲ ਪਿਛਲੇ ਕਾਫ਼ੀ ਸਮੇਂ ਤੋਂ ਝਗੜਾ ਚੱਲ ਰਿਹਾ ਸੀ। 18 ਨਵੰਬਰ ਦੀ ਸਵੇਰ ਉਨ੍ਹਾਂ ਦਾ ਝਗੜਾ ਹੋਇਆ ਤੇ ਗੁਰਮੇਲ ਆਪਣੇ ਕੰਮ ਲਈ ਬਾਹਰ ਚਲਾ ਗਿਆ। ਸ਼ਾਮ ਤਕਰੀਬਨ ਸਾਢੇ ਪੰਜ ਵਜੇ ਜਦ ਉਹ ਘਰ ਆਇਆ ਤਾਂ ਉਸਦੀ ਪਤਨੀ ਕਪੜੇ ਪ੍ਰੈਸ ਕਰ ਰਹੀ ਸੀ। ਇਸ ਦੌਰਾਨ ਕਿਸੇ ਗੱਲ ਨੂੰ ਲੈ ਕੇ ਉਨ੍ਹਾਂ ਦਾ ਮੁੜ ਝਗੜਾ ਹੋ ਗਿਆ। ਗੁਰਮੇਲ ਨੇ ਗੁੱਸੇ 'ਚ ਆ ਕੇ ਗਰਮ ਪ੍ਰੈਸ ਨਾਲ ਉਸ ਦੇ ਸਿਰ 'ਤੇ ਕਈ ਵਾਰ ਕੀਤੇ। ਪ੍ਰੈਸ ਦਾ ਅਗਲਾ ਨੁਕੀਲਾ ਹਿੱਸਾ ਕਿਰਨਜੀਤ ਦੇ ਸਿਰ ਵਿਚ ਵੱਜਣ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ।

ਪੁਲੀਸ ਨੇ ਦੱਸਿਆ ਕਿ ਵਾਰਦਾਤ ਸਮੇਂ ਮੁਲਜ਼ਮ ਦਾ ਬੇਟਾ ਘਰ ਸੀ ਤੇ ਮਾਂ ਦੀਆਂ ਚੀਕਾਂ ਸੁਣ ਕੇ ਭੱਜਿਆ ਆਇਆ ਤਾਂ ਉਸਦੇ ਪਿਤਾ ਨੇ ਉਸ ਨੂੰ ਦੱਸਿਆ ਕਿ ਉਸਦੀ ਮਾਂ ਨੂੰ ਕਰੰਟ ਲੱਗ ਗਿਆ ਹੈ। ਇਸ ਤੋਂ ਬਾਅਦ ਉਸਦੇ ਬੇਟੇ ਨੇ ਅੰਦਰ ਜਾ ਕੇ ਵੇਖਿਆ ਤਾਂ ਉਸਦੀ ਮਾਂ ਖੂਨ ਨਾਲ ਲੱਥ ਪੱਥ ਹੇਠਾਂ ਡਿੱਗੀ ਹੋਈ ਸੀ। ਉਸਨੇ ਇਸਦੀ ਜਾਣਕਾਰੀ ਘਰ ਦੇ ਹੋਰ ਮੈਂਬਰਾਂ ਨੂੰ ਦਿੱਤੀ ਜੋ ਕਿਰਨਜੀਤ ਨੂੰ ਚੁੱਕ ਕੇ ਚੰਡੀਗੜ੍ਹ ਸੈਕਟਰ 32 ਸਥਿਤ ਹਸਪਤਾਲ ਵਿਚ ਲੈ ਗਏ ਜਿਥੇ ਉਸਦੀ ਮੌਤ ਹੋ ਗਈ। ਪੁਲੀਸ ਨੇ ਮ੍ਰਿਤਕ ਦੇ ਭਰਾ ਲਖਬੀਰ ਸਿੰਘ ਦੀ ਸ਼ਿਕਾਇਤ 'ਤੇ ਮੁਲਜ਼ਮ ਖ਼ਿਲਾਫ਼ ਕਤਲ ਦੀ ਧਾਰਾ 302 ਤਹਿਤ ਕੇਸ ਦਰਜ ਕਰਕੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮ੍ਰਿਤਕ ਦੇ ਪਿਤਾ ਨੇ ਦੋਸ਼ ਲਾਇਆ ਹੈ ਕਿ ਗੁਰਮੇਲ ਸਿੰਘ ਉਸਦੀ ਕੁੜੀ ਨੂੰ ਤੰਗ ਕਰ ਰਿਹਾ ਸੀ।

ਮ੍ਰਿਤਕ ਦੇ ਤਿੰਨ ਬੱਚੇ ਹਨ ਜਿਨ੍ਹਾਂ 'ਚ ਇਕ ਕੁੜੀ ਤੇ ਦੋ ਮੁੰਡੇ ਹਨ।

## ਪੰਜਾਬ ਖੇਤੀਬਾੜੀ 'ਚ ਅਜੇ ਵੀ ਮੋਹਰੀ !

**ਚੰਡੀਗੜ੍ਹ :** ਭਾਵੇਂ ਪੰਜਾਬ 'ਚ ਕਿਸਾਨ ਨਿੱਤ ਖੁਦਕੁਸ਼ੀਆਂ ਕਰ ਰਹੇ ਹਨ ਤੇ ਸਰਕਾਰ ਕੋਲ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਵੀ ਪੈਸੇ ਨਹੀਂ ਪਰ ਫਿਰ ਵੀ ਇੰਡੀਆ ਟੂਡੇ ਗਰੁੱਪ ਵੱਲੋਂ ਇਸ ਸੂਬੇ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ, ਖੇਤੀਬਾੜੀ ਤੇ ਖਪਤਕਾਰ ਬਾਜ਼ਾਰ ਲਈ ਦੇਸ਼ ਭਰ ਦੇ ਰਾਜਾਂ ਵਿਚੋਂ ਪਹਿਲੇ ਨੰਬਰ 'ਤੇ ਚੁਣਿਆ ਗਿਆ ਹੈ।

ਦੇਸ਼ ਦੇ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਵੱਲੋਂ ਦਿੱਲੀ ਵਿਖੇ ਸਮਾਗਮ ਦੌਰਾਨ ਇਹ ਐਵਾਰਡ ਪੰਜਾਬ ਦੇ ਪ੍ਰਤੀਨਿਧੀ ਰੈਜ਼ੀਡੈਂਟ ਕਮਸ਼ਿਨਰ ਕੇ. ਸ਼ਿਵਾ ਪਸ਼ਾਦ ਨੂੰ ਦਿੱਤਾ ਗਿਆ। ਪਿਛਲੇ ਸਾਲ ਵੀ ਪੰਜਾਬ ਨੂੰ ਇੰਡੀਆ ਟੂਡੇ ਵੱਲੋਂ ਪਹਿਲੇ ਸਥਾਨ ਲਈ ਚੁਣਿਆ ਗਿਆ ਸੀ।



ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਤੋਂ ਨੰਬਰ-1 ਸੂਬੇ ਦਾ ਖ਼ਿਤਾਬ ਲੈਂਦੇ ਹੋਏ ਰੈਜ਼ੀਡੈਂਟ ਕਮਸ਼ਿਨਰ ਕੇ. ਸ਼ਿਵਾ ਪ੍ਰਸ਼ਾਦ

ਪੰਜਾਬ ਨੇ ਬੁਨਿਆਦੀ ਢਾਂਚੇ ਦੇ ਖੇਤਰ 'ਚ ਤਾਮਿਲਨਾਡੂ (ਦੂਜਾ ਸਥਾਨ) ਨੂੰ ਪਛਾੜਿਆ ਤੇ ਖੇਤੀਬਾੜੀ ਖੇਤਰ 'ਚ ਹਰਿਆਣਾ ਤੇ ਹੋਰ ਰਾਜਾਂ ਨੂੰ ਪਿੱਛੇ ਛੱਡਿਆ। ਬੁਨਿਆਦੀ ਢਾਂਚੇ ਲਈ ਹਿਮਾਚਲ ਪ੍ਰਦੇਸ਼ ਨੂੰ ਤੀਜਾ, ਕੇਰਲਾ ਨੂੰ ਚੌਥਾ, ਕਰਨਾਟਕ ਨੂੰ ਪੰਜਵਾਂ ਤੇ ਮਹਾਰਸ਼ਟਰ ਨੂੰ ਛੇਵਾਂ ਸਥਾਨ ਮਿਲਿਆ। ਖੇਤੀ ਖੇਤਰ 'ਚ ਹਰਿਆਣਾ, ਤਾਮਿਲਨਾਡੂ, ਗੁਜਰਾਤ, ਆਂਧਰਾ ਪ੍ਰਦੇਸ਼, ਕਰਨਾਟਕ ਤੇ ਮਹਾਰਾਸ਼ਟਰ ਨੂੰ ਕ੍ਰਮਵਾਰ ਦੂਜਾ, ਤੀਜਾ, ਚੌਥਾ, ਪੰਜਵਾਂ, ਛੇਵਾਂ ਤੇ ਸੱਤਵਾਂ ਥਾਂ ਮਿਲਿਆ। ਇਸ ਐਵਾਰਡ ਲਈ ਅੰਤਰਰਾਸ਼ਟਰੀ ਕੰਸਲਟੈਂਸੀ ਆਈ.ਐਲ. ਤੇ ਐਫ.ਐਸ ਵੱਲੋਂ ਕੇਂਦਰ ਸਰਕਾਰ, ਯੋਜਨਾ ਕਮਿਸ਼ਨ, ਰਾਜ ਸਰਕਾਰਾਂ ਵੱਲੋਂ ਮੁਹੱਈਆ ਸਰਵੇ ਤੇ ਰਾਜਾਂ ਦੇ ਵਿਸਲੇਸ਼ਣ ਤੋਂ ਸਿੱਟੇ ਕੱਢ ਕੇ ਰਾਜ ਨੂੰ ਚੁਣਿਆ ਜਾਂਦਾ ਹੈ।

ਖਪਤਕਾਰ ਬਾਜ਼ਾਰ ਖੇਤਰ ਵਿਚ ਪੰਜਾਬ ਨੇ ਮਹਾਰਾਸ਼ਟਰ (ਦੂਜਾ ਸਥਾਨ), ਹਿਮਾਚਲ ਪ੍ਰਦੇਸ਼ (ਤੀਜਾ ਸਥਾਨ), ਕੇਰਲਾ (ਚੌਥਾ), ਗੁਜਰਾਤ (ਪੰਜਵਾਂ), ਜੰਮੂ ਤੇ ਕਸ਼ਮੀਰ (ਛੇਵਾਂ) ਤੇ ਤਾਮਿਲਨਾਡੂ (ਸੱਤਵਾਂ ਸਥਾਨ) ਨੂੰ ਪਛਾੜਿਆ ਹੈ। ਬਾਜ਼ਾਰ ਖੇਤਰ 'ਚ ਹਰਿਆਣਾ ਅੱਠਵੇਂ ਸਥਾਨ 'ਤੇ ਰਿਹਾ ਹੈ।

## ਪੰਜ ਪਿਆਰਿਆਂ 'ਚ ਸ਼ਾਮਲ ਸਿੰਘ ਦੀ ਗੋਲੀ ਲੱਗਣ ਨਾਲ ਮੌਤ

**ਲੁਧਿਆਣਾ:** ਕਈ ਵਾਰ ਖੁਸ਼ੀ ਦਾ ਪ੍ਰਗਟਾਵਾ ਮਹਿੰਗਾ ਪੈ ਜਾਂਦਾ ਹੈ। ਇਸੇ ਤਰ੍ਹਾਂ ਪਿੰਡ ਥਰੀਕੇ ਦੀ ਨੰਦਪੁਰ ਕਾਲੋਨੀ ਵਿਚ ਵਾਪਰਿਆ। ਇਸ ਕਲੌਨੀ 'ਚ ਪ੍ਰਭਾਤ ਫੇਰੀ ਮੌਕੇ ਇਕ ਬਜ਼ੁਰਗ ਵੱਲੋਂ ਚਲਾਈਆਂ ਅੰਨ੍ਹੇਵਾਹ ਗੋਲੀਆਂ ਨਾਲ ਪੰਜ ਪਿਆਰਿਆਂ ਵਿਚ ਸ਼ਾਮਲ ਸਿੰਘ ਦੀ ਮੌਤ ਹੋ ਗਈ ਹੈ। ਮ੍ਰਿਤਕ ਵਿਅਕਤੀ ਦੀ ਸ਼ਨਾਖਤ ਖਜ਼ਾਨ ਸਿੰਘ (55) ਵਜੋਂ ਹੋਈ ਹੈ। ਖਜ਼ਾਨ ਸਿੰਘ ਨੇ ਵਿਆਹ ਨਹੀਂ ਕਰਵਾਇਆ ਸੀ ਤੇ ਉਹ ਆਪਣੇ ਭਤੀਜੇ ਕੋਲ ਨੰਦਪੁਰ ਕਾਲੋਨੀ ਵਿਚ ਰਹਿ ਰਿਹਾ ਸੀ। ਖਜ਼ਾਨ ਸਿੰਘ ਪਿਛਲੇ ਕਾਫੀ ਸਮੇਂ ਤੋਂ ਪੰਜ ਪਿਆਰਿਆਂ ਵਿਚ ਸ਼ਾਮਲ ਹੁੰਦਾ ਆ ਰਿਹਾ ਸੀ।

ਜਾਣਕਾਰੀ ਅਨੁਸਾਰ 21 ਨਵੰਬਰ ਨੂੰ ਪਿੰਡ ਵਿਚ ਕੱਢੀ ਗਈ ਪ੍ਰਭਾਤ ਫੇਰੀ ਮੌਕੇ ਜਦੋਂ ਜਥਾ ਤਾਰਾ ਸਿੰਘ ਦੇ ਘਰ ਦੇ ਨੇੜੇ ਪਹੁੰਚਿਆ ਤਾਂ ਖੁਸ਼ੀ ਵਿਚ ਤਾਰਾ ਸਿੰਘ ਵੱਲੋਂ ਉਥੇ ਆਪਣੀ 32 ਬੋਰ ਦੀ ਪਿਸਤੌਲ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਆਂ ਚਲਾਉਂਦੇ ਸਮੇਂ ਇਕ ਗੋਲੀ ਪਿਸਤੌਲ ਦੇ ਚੈਂਬਰ ਵਿਚ ਫਸ ਗਈ, ਜਦੋਂ ਤਾਰਾ ਸਿੰਘ ਚੈਕ ਕਰ ਰਿਹਾ ਸੀ ਤਾਂ ਅਚਾਨਕ ਗੋਲੀ ਕੋਲ ਖੜ੍ਹੇ ਖਜ਼ਾਨ ਸਿੰਘ ਦੇ ਸਿਰ 'ਤੇ ਜਾ ਲੱਗੀ।

## ਅਕਾਲੀ ਦਲ ਗੁਰੂ ਘਰ ਦੀ ਮਾਇਆ ਦੀ ਦੁਰਵਰਤੋਂ ਕਰ ਰਿਹੈ : ਕੈਪਟਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਮੁੱਢ ਤੋਂ ਹੀ ਗੁਰੂ ਘਰ ਦੀ ਮਾਇਆ ਤੇ ਗੁਰਦਵਾਰਿਆਂ ਵਿਚ ਇਕੱਠਾ ਹੋਇਆ ਚੜ੍ਹਾਵਾ ਆਪਣੇ ਨਿੱਜੀ ਹਿੱਤਾਂ ਲਈ ਵਰਤਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦਾ ਪਰਿਵਾਰ ਹੋਰ ਆਗੂਆਂ ਨਾਲ ਰਲ ਕੇ ਸ਼ੋਮਣੀ ਕਮੇਟੀ ਦੇ ਅਰਬਾਂ ਰੁਪਏ ਚੋਣਾਂ ਲਈ ਤੇ ਨਿੱਜੀ ਹਿਤਾਂ ਲਈ ਵਰਤ ਰਹੇ ਹਨ।

ਚੰਡੀਗੜ੍ਹ ਵਿਖੇ ਕਾਂਗਰਸ ਭਵਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਾਰੇ ਪੁਰਾਣੇ ਤੇ ਨਵੇਂ ਅਕਾਲੀ ਆਗੂ ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਰੱਖ ਕੇ ਹਰ ਪਾਸਿਓਂ ਲੁੱਟ ਮਚਾ ਰਹੇ ਹਨ ਤੇ ਗੁਰਦਵਾਰਿਆਂ ਦੇ ਪੈਸੇ ਨੂੰ ਅਪਣਾ ਢਿੱਡ ਭਰਨ ਤੋਂ ਇਲਾਵਾ ਸਿਆਸੀ ਮੰਤਵ ਪੂਰੇ ਕਰਨ ਵਿਚ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਛੁਟਕਾਰਾ ਪਾਉਣ ਲਈ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਉਹ ਬਤੌਰ ਸਿੱਖ ਵੋਟਰ ਹਮਖ਼ਿਆਲ ਤੇ ਇਮਾਨਦਾਰ ਆਗੂਆਂ ਦੀ ਮਦਦ ਕਰਨਗੇ। ਉਨ੍ਹਾਂ ਕਿਹਾ ਕਿ ਉਹ ਬਤੌਰ ਕਾਂਗਰਸ ਪ੍ਰਧਾਨ ਇਨ੍ਹਾਂ ਧਾਰਮਿਕ ਚੋਣਾਂ ਵਿਚ ਪ੍ਰਚਾਰ ਨਹੀਂ ਕਰਨਗੇ ਸਗੋਂ ਸਿੱਖ ਵੋਟਰ ਦੀ ਹੈਸੀਅਤ 'ਚ ਇਕ ਸਾਂਝੇ ਤੇ ਅਸਰਦਾਰ ਧੜੇ ਦੀ ਹਮਾਇਤ ਕਰਨਗੇ। ਉਨ੍ਹਾਂ ਅਕਾਲੀ ਦਲ ਦੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਕਿ ਕੇਂਦਰ ਸਰਕਾਰ ਗੁਰਦਵਾਰਾ ਚੋਣਾਂ ਲਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।



ਉਨ੍ਹਾਂ ਕਿਹਾ ਕਿ ਚੋਣਾਂ ਬਾਰੇ ਗੁਰਦਵਾਰਾ ਚੋਣ ਕਮਿਸ਼ਨ ਦੇ ਚੀਫ਼ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਅਕਾਲੀ ਦਲ ਨੂੰ ਰਗੜੇ ਲਾਉਂਦੇ ਹੋਏ ਕਿਹਾ ਕਿ ਅਕਾਲੀ ਦਲ ਨੇ ਕਰੋੜਾਂ-ਅਰਬਾਂ ਰੁਪਏ ਦੀ ਰਕਮ ਜਿਹੜੀ ਸਿਰਫ਼ ਸਿੱਖ ਧਰਮ ਦੇ ਪ੍ਰਚਾਰ ਲਈ ਹੀ ਵਰਤੀ ਜਾਣੀ ਚਾਹੀਦੀ ਹੈ, ਨੂੰ ਲਗਾਤਾਰ ਕਈ ਸਾਲਾਂ ਤੋਂ ਸਿਆਸੀ ਪ੍ਰਚਾਰ ਲਈ ਵਰਤਿਆ ਹੈ।

ਅਕਾਲੀ ਦਲ ਦੀ ਅੰਦਰੂਨੀ ਲੜਾਈ ਤੇ ਮਨਪ੍ਰੀਤ ਸਿੰਘ ਬਾਦਲ ਵਲੋਂ ਚਲਾਈ ਮੁਹਿੰਮ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪਵੇਗਾ। ਕੈਪਟਨ ਨੇ ਕਿਹਾ ਕਿ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਤੇ ਹੋਰ ਸੀਨੀਅਰ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਕਾਲੀ-ਭਾਜਪਾ ਸਰਕਾਰ ਨੂੰ ਚਲਦਾ ਕਰਨ ਲਈ ਪੂਰੀ ਤਰ੍ਹਾਂ ਮਨ ਬਣਾ ਚੁੱਕੇ ਹਨ ਤੇ ਹੁਣ ਚੋਣਾਂ ਦੇ ਐਲਾਨ ਦੀ ਉਡੀਕ ਹੋ ਰਹੀ ਹੈ।

# ਇੰਗਲੈਂਡ ਵੱਲੋਂ .ਗੈਰ-ਕਾਨੂੰਨੀ ਪਰਵਾਸ ਰੋਕਣ ਲਈ ਪੰਜਾਬ 'ਤੇ ਦਬਾਅ

**ਚੰਡੀਗੜ੍ਹ:** ਪੰਜਾਬ ਵਿਚੋਂ ਗ਼ੈਰ-ਕਾਨੂੰਨੀ ਢੰਗ ਨਾਲ ਇੰਗਲੈਂਡ ਜਾ ਰਹੇ ਲੋਕਾਂ ਤੋਂ ਚਿੰਤਤ ਇੰਗਲੈਂਡ ਨੇ ਸੂਬਾ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਜਿੰਨੀ ਛੇਤੀ ਹੋ ਸਕੇ, ਮਾਨਵੀ ਤਸਕਰੀ ਰੋਕੂ ਐਕਟ ਬਣਾਇਆ ਜਾਵੇ।

ਯਾਦ ਰਹੇ ਕਿ ਇੰਗਲੈਂਡ ਜਾਣ ਲਈ ਹਰ ਸਾਲ ਭਾਰਤ ਵਿਚੋਂ ਸਾਢੇ ਚਾਰ ਲੱਖ ਵੀਜ਼ਾ ਅਰਜ਼ੀਆਂ ਪੁੱਜਦੀਆਂ ਹਨ। ਇਨ੍ਹਾਂ ਵਿਚੋਂ 15 ਫ਼ੀਸਦੀ ਅਰਜ਼ੀਆਂ ਇਕੱਲੇ ਪੰਜਾਬੀਆਂ ਦੀਆਂ ਹੁੰਦੀਆਂ ਹਨ। ਇਸੇ ਸਿਲਸਿਲੇ ਵਿਚ ਇੰਗਲੈਂਡ ਦੀ ਬਾਰਡਰ ਏਜੰਸੀ ਦੇ ਖੇਤਰੀ ਡਾਇਰੈਕਟਰ ਕ੍ਰਿਸ ਡਿਕਸ ਪੰਜਾਬ ਦੇ ਮੁੱਖ ਸਕੱਤਰ ਐਸ.ਸੀ. ਅਗਰਵਾਲ ਨੂੰ ਮਿਲੇ।

ਇਸੇ ਮੁੱਦੇ ਵਿਚ ਇਕ ਹੋਰ ਮੀਟਿੰਗ ਪਹਿਲਾਂ ਅਗਸਤ ਵਿਚ ਵੀ ਹੋ ਚੁੱਕੀ ਹੈ। ਉਦੋਂ ਇੰਗਲੈਂਡ ਦੇ ਇੰਮੀਗ੍ਰੇਸ਼ਨ ਮੰਤਰੀ ਡੇਮੀਅਨ ਗ੍ਰੀਨ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮਿਲੇ ਸਨ। ਇਸ ਉਚ ਪੱਧਰੀ ਮੀਟਿੰਗ ਵਿਚ ਪੰਜਾਬ ਪੁਲੀਸ ਦੇ ਮੁਖੀ ਪੀ.ਐਸ. ਗਿੱਲ ਵੀ ਮੌਜੂਦ ਸਨ। ਇੰਗਲੈਂਡ ਪੰਜਾਬ ਉਤੇ ਇਹ ਦਬਾਅ ਬਣਾ ਰਿਹਾ ਹੈ ਕਿ ਗ਼ੈਰ-ਕਾਨੂੰਨੀ ਮਾਨਵੀ ਤਸਕਰੀ ਰੋਕਣ ਲਈ ਪੁਲੀਸ ਦੀਆਂ ਸ਼ਕਤੀਆਂ ਵਧਾਈਆਂ ਜਾਣ।

ਸ੍ਰੀ ਕ੍ਰਿਸ ਡਿਕਸ ਇਸੇ ਸਿਲਸਿਲੇ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਉਚ ਅਫ਼ਸਰਾਂ ਨੂੰ ਵੀ ਮਿਲੇ ਅਤੇ ਜਾਅਲੀ ਸਰਟੀਫਿਕੇਟਾਂ ਰਾਹੀਂ ਇੰਗਲੈਂਡ ਜਾ ਰਹੇ ਲੋਕਾਂ ਨਾਲ ਨਜਿੱਠਣ ਲਈ ਸਹਾਇਤਾ ਕਰਨ ਬਾਰੇ ਵਿਚਾਰਾਂ ਕੀਤੀਆਂ। ਇਸ ਜਾਅਲਸਾਜ਼ੀ ਨਾਲ ਨਜਿੱਠਣ ਲਈ ਵੀਡੀਓ ਕਾਨਫਰਸਿੰਗ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸੇ ਦੌਰਾਨ ਪੰਜਾਬ ਪੁਲੀਸ ਦੇ ਅਫ਼ਸਰਾਂ ਨੇ ਸ੍ਰੀ ਕ੍ਰਿਸ ਡਿਕਸ ਨੂੰ ਅਜਿਹਾ ਪੈਕੇਜ ਤਿਆਰ ਕਰਨ ਦੀ ਅਪੀਲ ਕੀਤੀ ਜਿਸ ਤੋਂ ਲੋਕਾਂ ਨੂੰ ਗ਼ੈਰ-ਕਾਨੂੰਨੀ ਮਾਨਵੀ ਤਸਕਰੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਮਿਲ ਸਕੇ। ਇਸ ਦੇ ਨਾਲ ਲੋਕਾਂ ਨੂੰ ਸਹੀ ਢੰਗ ਨਾਲ ਇੰਮੀਗ੍ਰੇਸ਼ਨ ਕਰਵਾਉਣ ਦੇ ਰਾਹ ਵੀ ਦੱਸੇ ਜਾਣ। ਸ੍ਰੀ ਡਿਕਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਵੀਜ਼ਾ ਅਰਜ਼ੀ ਨਾਲ ਉਹ ਕਦੇ ਵੀ ਜਾਅਲੀ ਦਸਤਾਵੇਜ਼ ਨਾ ਲਾਉਣ। ਦੂਜੇ, ਟਰੈਵਲ ਏਜੰਟਾਂ ਦੀ ਥਾਂ ਸਿੱਧੇ ਦਫ਼ਤਰ ਤੋਂ ਜਾਣਕਾਰੀ ਹਾਸਲ ਕਰਨ।

## *ਇੰਗਲੈਂਡ ਜਾਣ ਵਾਲੇ ਭਾਰਤੀਆਂ ਲਈ ਹੋਰ ਸਖ਼ਤੀ*

**ਲੰਦਨ:** ਬਰਤਾਨੀਆ ਸਰਕਾਰ ਗ਼ੈਰ-ਯੂਰਪੀ ਪਰਵਾਸੀ ਕਾਮਿਆਂ ਦੀ ਆਮਦ ਨੂੰ ਕੰਟਰੋਲ ਕਰਨ ਲਈ ਲਗਾਤਾਰ ਸ਼ਿਕੰਜਾ ਕੱਸ ਰਹੀ ਹੈ। ਇਸੇ ਤਹਿਤ ਬਰਤਾਨਵੀ ਗ੍ਰਹਿ ਵਿਭਾਗ ਦੀ ਪਰਵਾਸੀ ਕਾਮਿਆਂ ਤੇ ਵਿਦਿਆਰਥੀਆਂ ਬਾਰੇ ਬਣੀ ਸਲਾਹਕਾਰ ਕਮੇਟੀ ਵੱਲੋਂ ਗ਼ੈਰ-ਯੂਰਪੀ ਪਰਵਾਸੀ ਕਾਮਿਆਂ 'ਚ 25 ਫ਼ੀਸਦੀ ਕਮੀ ਕਰਨ ਦੇ ਦਿੱਤੇ ਸੁਝਾਅ ਦੇ ਮੱਦੇਨਜ਼ਰ ਕਾਨੂੰਨ ਹੋਰ ਸਖ਼ਤ ਕੀਤੇ ਜਾਣ ਦੀ ਸਿਫ਼ਾਰਸ਼ ਕਾਰਨ ਕੰਮ ਕਰਨ ਜਾਣ ਵਾਲੇ ਭਾਰਤੀਆਂ ਤੇ ਭਾਰਤੀ ਵਿਦਿਆਰਥੀਆਂ ਲਈ ਬਰਤਾਨੀਆ 'ਚ ਦਾਖ਼ਲਾ ਹੋਰ ਮੁਸ਼ਕਲ ਹੋਣ ਦੀ ਸੰਭਾਵਨਾ ਹੈ। ਬਰਤਾਨੀਆ ਦੀ 'ਮਾਈਗਰੇਸ਼ਨ ਐਡਵਾਈਜ਼ਰੀ ਕਮੇਟੀ' ਨੇ ਆਪਣੇ ਸੁਝਾਅ ਵਿਚ ਕਿਹਾ ਹੈ ਕਿ ਯੂਰਪੀ ਯੂਨੀਅਨ ਦੇ ਮੁਲਕਾਂ ਤੋਂ ਬਾਹਰ ਦੇ ਮੁਲਕਾਂ ਜਿਨ੍ਹਾਂ 'ਚ ਭਾਰਤ ਸਣੇ ਕਈ ਹੋਰ ਦੇਸ਼ ਸ਼ਾਮਲ ਹਨ, 'ਚੋਂ ਵੱਡੀ ਗਿਣਤੀ 'ਚ ਲੋਕ ਕੰਮ ਕਰਨ ਇੰਗਲੈਂਡ ਜਾ ਰਹੇ ਹਨ ਜਿਨ੍ਹਾਂ ਦੀ ਗਿਣਤੀ ਘਟਾਉਣ ਦੀ ਲੋੜ ਹੈ ਤਾਂ ਜੋ ਯੂਰਪੀ ਯੂਨੀਅਨ ਮੁਲਕਾਂ ਦੇ ਵਿਅਕਤੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾ ਸਕੇ। ਸਰਕਾਰੀ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅਪ੍ਰੈਲ 2011 ਤੋਂ ਅਪ੍ਰੈਲ 2012 ਤੱਕ ਦੇ ਸਮੇਂ ਦੌਰਾਨ ਭਾਰਤ ਤੇ ਯੂਰਪੀ ਯੂਨੀਅਨ ਤੋਂ ਬਾਹਰਲੇ ਹੋਰ ਦੇਸ਼ਾਂ ਤੋਂ ਆਉਣ ਵਾਲੇ ਕਿੱਤੇਕਾਰਾਂ ਦੀ ਗਿਣਤੀ 6, 300 ਤੋਂ 12, 600 ਤੱਕ ਘਟਾਉਣ ਦੀ ਯੋਜਨਾ ਹੈ। ਬਰਤਾਨੀਆ ਵੱਲੋਂ ਕਾਮਿਆਂ ਦੀ ਇਹ ਗਿਣਤੀ ਘਟਾਉਣ ਦੀ ਦਰ ਇਸ ਸਾਲ 13 ਫ਼ੀਸਦੀ ਤੇ ਅਗਲੇ ਸਾਲ 25 ਫ਼ੀਸਦੀ ਰੱਖੀ ਗਈ ਹੈ। ਦੱਸਣਯੋਗ ਹੈ ਕਿ ਬਰਤਾਨੀਆ ਦੀ 'ਮਾਈਗਰੇਸ਼ਨ ਐਡਵਾਈਜ਼ਰੀ ਕਮੇਟੀ' ਦੀ ਸਿਫ਼ਾਰਸ਼ ਸਰਕਾਰ ਆਮ ਤੌਰ 'ਤੇ ਮੰਨ ਹੀ ਲੈਂਦੀ ਹੈ ਤੇ ਇਹ ਸਲਾਹ ਵੀ ਮੌਜੂਦਾ ਬਰਤਾਨਵੀ ਸਰਕਾਰ ਵੱਲੋਂ ਮੰਨ ਲਏ ਜਾਣ ਦੀ ਸੰਭਾਵਨਾ ਹੈ।

# ਅਮਨ ਤੇ ਸੰਤੁਲਨ ਲਈ ਖ਼ਾਲਿਸਤਾਨ ਦੀ ਹੋਂਦ ਜ਼ਰੂਰੀ-ਮਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਭਾਰਤ ਸਮੇਤ ਏਸ਼ੀਆ ਦੇ ਪ੍ਰਮੁੱਖ ਦੇਸ਼ਾਂ ਕੋਲ ਮੌਜੂਦ ਪ੍ਰਮਾਣੂ ਹਥਿਆਰਾਂ ਦੇ ਮੱਦੇਨਜ਼ਰ ਸਮੁੱਚੇ ਖਿੱਤੇ 'ਚ ਸ਼ਾਂਤੀ ਤੇ ਸੰਤੁਲਨ ਬਣਾਏ ਰੱਖਣ ਲਈ ਸਿੱਖਾਂ ਦੇ ਵੱਖਰੇ ਰਾਜ ਖਾਲਿਸਤਾਨ ਦੀ ਹੋਂਦ ਜ਼ਰੂਰੀ ਹੈ। ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਗਾਮੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਬਾਦਲ ਵਿਰੋਧੀ ਧੜਿਆਂ ਨਾਲ ਏਕਤਾ ਦੀ ਸੰਭਾਵਨਾ ਤੋਂ ਇਨਕਾਰ ਕਰਦੇ ਹੋਏ ਕਿਹਾ ਹੈ ਕਿ ਕੇਵਲ ਖਾਲਿਸਤਾਨ ਦੇ ਮੁੱਦੇ 'ਤੇ ਹੀ ਬਾਦਲ ਵਿਰੋਧੀ ਧਿਰਾਂ ਨਾਲ ਏਕਤਾ ਹੋ ਸਕਦੀ ਹੈ।



*ਜਲੰਧਰ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸਿਮਰਨਜੀਤ ਸਿੰਘ ਮਾਨ*

ਉਨ੍ਹਾਂ ਕਿਹਾ ਕਿ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਵੱਲੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਚੁੱਕੇ ਕਦਮ ਸ਼ਲਾਘਾਯੋਗ ਹਨ ਪਰ ਪੰਜਾਬ ਦੇ ਮਾਮਲੇ ਵਿਚ ਕਾਂਗਰਸ ਹਾਈਕਮਾਨ ਨੇ ਭ੍ਰਿਸ਼ਟਾਚਾਰ ਦੇ ਕੇਸ ਦਾ ਸਾਹਮਣਾ ਕਰ ਰਹੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੂਬਾ ਪ੍ਰਧਾਨ ਬਣਾ ਕੇ ਆਪਣੀਆਂ ਨੀਤੀਆਂ ਤੋਂ ਉਲਟ ਕੰਮ ਕੀਤਾ ਹੈ।

ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਰਾਜ ਦੌਰਾਨ ਭ੍ਰਿਸ਼ਟਾਚਾਰ ਕਰਕੇ ਪਾਕਿਸਤਾਨ ਤੇ ਦੁਬਈ ਵਿਚ ਵੱਡੀਆਂ ਜਾਇਦਾਦਾਂ ਬਣਾਈਆਂ ਸਨ ਤੇ ਬਾਦਲ ਸਰਕਾਰ ਨੇ ਉਨ੍ਹਾਂ 'ਤੇ ਲੁਧਿਆਣਾ ਵਿਖੇ ਕੀਤੇ ਗਏ ਜ਼ਮੀਨ ਘੁਟਾਲੇ ਦਾ ਕੇਸ ਕੀਤਾ ਹੋਇਆ ਹੈ।ਸ੍ਰੀ ਮਾਨ ਨੇ ਕਿਹਾ ਕਿ ਕਾਂਗਰਸ ਹਾਈਕਮਾਨ ਨੇ ਕੈਪਟਨ ਉਤੇ ਕਾਰਵਾਈ ਕਰਨ ਦੀ ਥਾਂ ਉਸ ਨੂੰ ਅਹਿਮ ਅਹੁਦੇ ਨਾਲ ਨਿਵਾਜਿਆ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਕਾਂਗਰਸ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਖਤਮ ਨਹੀਂ ਕਰਨਾ ਚਾਹੁੰਦੀ।

ਸ੍ਰੀ ਮਾਨ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਨੂੰ ਸਿਆਸੀ ਡਰਾਮੇਬਾਜ਼ੀ ਕਰਾਰ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਰਵਉੱਚ ਸੰਸਥਾ ਹੈ ਜਿਸ ਦੀ ਮਿਆਦ ਅਗਸਤ 2009 ਨੂੰ ਖਤਮ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰੀ ਸੰਸਥਾ ਹੋਣ ਕਰਕੇ ਸ਼੍ਰੋਮਣੀ ਕਮੇਟੀ ਮਿਆਦ ਖਤਮ ਹੋਣ ਤੋਂ ਬਾਅਦ ਭੰਗ ਮੰਨੀ ਜਾਂਦੀ ਹੈ ਤੇ ਉਸ ਉਤੇ ਕਾਬਜ਼ ਲੋਕਾਂ ਨੂੰ ਉਸ ਦਾ ਬਜਟ ਪਾਸ ਕਰਨ, ਰਕਮ ਖਰਚਣ ਤੇ ਪ੍ਰਧਾਨਗੀ ਦੀ ਚੋਣ ਕਰਨ ਦਾ ਕੋਈ ਅਧਿਕਾਰ ਨਹੀਂ ਹੁੰਦਾ ਪਰ ਬਾਦਲ ਐਂਡ ਕੰਪਨੀ ਸਿੱਖਾਂ ਦੇ ਜਮਹੂਰੀ ਹੱਕਾਂ ਦਾ ਘਾਣ ਕਰਕੇ ਆਪਣੀ ਮਰਜ਼ੀ ਨਾਲ ਪ੍ਰਧਾਨ ਚੁਣ ਰਹੇ ਹਨ। ਸ੍ਰੀ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਚੋਣ ਨਾ ਕਰਵਾਉਣ ਤੇ ਇਸ ਦੀ ਦੁਰਵਰਤੋਂ ਕਰਨ ਆਦਿ ਮਸਲਿਆਂ ਨੂੰ ਲੈ ਕੇ ਉਨ੍ਹਾਂ ਦੀ ਪਾਰਟੀ ਵੱਲੋਂ 28 ਨਵੰਬਰ ਨੂੰ ਤਰਨਤਾਰਨ ਵਿਖੇ ਰੈਲੀ ਕੀਤੀ ਜਾ ਰਹੀ ਹੈ।

## *ਸੁਖਬੀਰ ਬਾਦਲ ਵੱਲੋਂ 'ਜਨ ਚੇਤਨਾ ਮੁਹਿੰਮ' ਦਾ ਐਲਾਨ*



**ਚੰਡੀਗੜ੍ਹ:** ਪਾਰਟੀ ਤੋਂ ਬਾਗੀ ਹੋਏ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਸ਼ੁਰੂ ਕੀਤੀ ਜਾ ਰਹੀ 'ਜਾਗੋ ਪੰਜਾਬ ਯਾਤਰਾ' ਦੇ ਟਾਕਰੇ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਸਾਰੇ ਪੰਜਾਬ 'ਚ 'ਜਨ ਚੇਤਨਾ ਮੁਹਿੰਮ' ਦਾ ਐਲਾਨ ਕਰ ਦਿੱਤਾ ਹੈ।

ਚੰਡੀਗੜ੍ਹ ਵਿਖੇ 18 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਇਹ ਫੈਸਲਾ ਕੀਤਾ ਹੈ। ਸੁਖਬੀਰ ਨੇ ਐਲਾਨ ਕੀਤਾ ਹੈ ਕਿ ਪਹਿਲੇ ਪੜਾਅ ਵਿਚ ਜ਼ਿਲ੍ਹਾ ਪੱਧਰ 'ਤੇ ਕਾਨਫਰੰਸਾਂ ਤੇ ਰੈਲੀਆਂ ਕੀਤੀਆਂ ਜਾਣਗੀਆਂ ਤੇ ਫਿਰ ਇਕ ਸੂਬਾ ਪੱਧਰੀ ਕਾਨਫਰੰਸ ਕੀਤੀ ਜਾਵੇਗੀ।

ਸੁਖਬੀਰ ਦਾ ਇਨ੍ਹਾਂ ਰੈਲੀਆਂ 'ਚ ਨਿਸ਼ਾਨਾ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਜਨਤਕ ਲਾਮਬੰਦੀ ਤੇ ਮਨਪ੍ਰੀਤ ਦੇ ਪ੍ਰਭਾਵ ਨੂੰ ਘੱਟ ਕਰਨਾ ਹੋਵੇਗਾ।


**Motel For Sale**

**Mufreesboro Inn in NC**

**Property Description: 32 rooms, newly renovated with owner's 4 bedroom house attached to the property. Only Motel in popular university town of North Carolina. Located on main street . No other motel in 15 miles area radius.**

**Price $785000/- ALL CASH.**

**Please Call, Ph:919-794-6429**


# ਯੂਨਾਨ 'ਚ ਪੰਜਾਬੀ ਕੁੜੀਆਂ ਦੇ ਸ਼ੋਸ਼ਣ ਦਾ ਖੁਲਾਸਾ

**ਜਲੰਧਰ:** 'ਪੰਜਾਬ ਦੀਆਂ ਮੁਟਿਆਰਾਂ ਨੂੰ ਟਰੈਵਲ ਏਜੰਟ ਧੜਾਧੜ ਸਾਈਪਰਸ, ਜੌਰਜੀਆ, ਯੁਕਰੇਨ, ਥਾਈਲੈਂਡ, ਮਲੇਸ਼ੀਆ, ਸਿੰਘਾਪੁਰ ਤੇ ਇੰਗਲੈਂਡ 'ਚ ਸੁੱਟਦੇ ਹੀ ਸਨ ਪਰ ਹੁਣ ਵੱਡੀ ਗਿਣਤੀ ਵਿਚ ਜੌਰਜੀਆ ਦੇਸ਼ ਰਾਹੀਂ ਕੁੜੀਆਂ ਨੂੰ ਗਰੀਸ ਤੇ ਤੁਰਕੀ ਧੱਕਿਆ ਜਾ ਰਿਹਾ ਹੈ।'' ਇਹ ਖੁਲਾਸਾ ਕਰਦਿਆਂ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਦੱਸਿਆ ਕਿ ਗਰੀਸ ਦੇ 10 ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਸਰਬਸੰਮਤੀ ਨਾਲ ਮਤਾ ਪਾ ਕੇ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਉਹ ਕੁੜੀਆਂ ਨੂੰ ਉਕਤ ਦੇਸ਼ਾਂ ਵਿਚ ਜਾਣ ਤੋਂ ਰੋਕਣ। ਇਨ੍ਹਾਂ ਪ੍ਰਬੰਧਕ ਕਮੇਟੀਆਂ ਨੇ ਲਿਖਿਆ ਹੈ ਕਿ ਹੁਣ ਕੋਈ ਵੀ ਲੜਕਾ-ਲੜਕੀ ਗੁਰਦੁਆਰਿਆਂ 'ਚ ਨਹੀਂ ਰਹਿ ਸਕਦਾ ਤੇ ਲੜਕੀਆਂ ਆਪਣੀ ਇੱਜ਼ਤ ਦਾਅ



'ਤੇ ਲਾ ਕੇ ਲੋਕਾਂ ਦੇ ਘਰਾਂ ਵਿਚ ਰਹਿਣ ਲਈ ਮਜ਼ਬੂਰ ਹਨ। ਜਦੋਂਕਿ ਜੌਰਜੀਆ ਵਿਚੋਂ ਗਰੀਸ ਤੇ ਤੁਰਕੀ ਜਾਂਦੀਆਂ ਲੜਕੀਆਂ ਨੂੰ ਅਮੀਰ ਲੋਕ ਖਰੀਦ ਰਹੇ ਹਨ। ਇਸ ਮੌਕੇ ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਜੌਰਜੀਆ ਵਿਚ ਭਾਰਤ ਦਾ ਦੂਤਾਵਾਸ ਹੀ ਨਹੀਂ ਹੈ ਤੇ ਉਥੇ 45 ਫੀਸਦੀ ਬੇਰੁਜ਼ਗਾਰੀ ਹੈ।


**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com






**SYAN VIDEO PRODUCTION, INC.**

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)

**734-261-0936 / 734-890-1767**
E-mail: raj@syanvideo.com
or visit at: www.syanvideo.com

SV PRODUCTION




# ਪਿੰਡ ਸ਼ੇਖਪੁਰਾ:ਦਰਜਨਾਂ ਲੋਕ ਕੈਂਸਰ ਦੀ ਭੇਟ ਚੜ੍ਹੇ

*ਇਸ ਲੇਖ ਦਾ ਪਹਿਲਾ ਹਿੱਸਾ ਅਸੀਂ ਪਿਛਲੇ ਹਫਤੇ ਛਾਪਿਆ ਸੀ। ਇਹ ਪੰਜਾਬ ਦੇ ਇਕ ਪਿੰਡ ਦੀ ਕਹਾਣੀ ਹੈ। ਅਜਿਹੇ ਹੋਰ ਪਤਾ ਨਹੀਂ ਕਿੰਨੇ ਪਿੰਡ ਹੋਣਗੇ ਜਿਥੇ ਪਤਾ ਨਹੀਂ ਕਿੰਨੇ ਲੋਕ ਅਜਿਹਾ ਸੰਤਾਪ ਭੋਗ ਰਹੇ ਹੋਣਗੇ। ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਹਰ ਵਰ੍ਹੇ ਲੱਖਾਂ ਡਾਲਰ ਮੇਲਿਆਂ ਉਤੇ ਖਰਚ ਕਰਦੇ ਹਨ। ਪੰਜਾਬ ਦੀ ਵੰਗਾਰ ਹੈ ਕਿ ਕੀ ਅਜਿਹੇ ਕੁਝ ਪੰਜਾਬੀ ਵੀ ਨਿਤਰਨਗੇ ਜਿਹੜੇ ਅਜਿਹੇ ਸੰਤਾਪ ਮਾਰੇ ਪਿੰਡਾਂ ਦੀ ਸਾਰ ਲੈ ਸਕਣ, ਉਨ੍ਹਾਂ ਲਈ ਕੋਈ ਹਸਪਤਾਲ ਹੀ ਖੋਲ੍ਹ ਸਕਣ ਜਿਥੇ ਉਨ੍ਹਾਂ ਦੀ ਪੁੱਜ ਅਨੁਸਾਰ ਇਲਾਜ ਹੋ ਸਕੇ। -ਸੰਪਾਦਕ*

**ਬਲਜਿੰਦਰ ਕੋਟਭਾਰਾ***

ਬਠਿੰਡੇ ਦੇ ਪਿੰਡ ਸ਼ੇਖਪੁਰਾ ਵਿਚ ਕੈਂਸਰ ਪੀੜਤਾਂ ਦੀ ਕਾਫੀ ਗਿਣਤੀ ਹੈ। ਔਰਤਾਂ ਛਾਤੀ ਦੇ ਕੈਂਸਰ ਤੋਂ ਪੀੜਤ ਹਨ। ਕਈ ਪਰਿਵਾਰਾਂ ਦੇ ਦੋ-ਦੋ ਮੈਂਬਰ ਇਸ ਨਾ-ਮੁਰਾਦ ਬਿਮਾਰੀ ਨੇ ਖ਼ਤਮ ਕਰ ਦਿੱਤੇ ਹਨ। ਦਰਜਨਾਂ ਲੋਕ ਜਿੰਦਗੀ-ਮੌਤ ਵਿਚਾਲੇ ਜੂਝ ਰਹੇ ਹਨ। ਇਕ ਕਿਸਾਨ ਪਰਿਵਾਰ ਦੇ ਤਿੰਨ ਮੈਂਬਰ ਕੈਂਸਰ ਤੋਂ ਪੀੜਤ ਸਨ ਜਿਨ੍ਹਾਂ ਵਿਚੋਂ ਦੋ ਜਿੰਦਗੀ ਤੋਂ ਹਾਰ ਗਏ। ਕਿਸਾਨ ਪਿਆਰਾ ਸਿੰਘ ਦੀ 22 ਸਾਲ ਨੌਜਵਾਨ ਬੇਟੀ ਮਹਿੰਦਰ



ਕੌਰ ਸਰੀਰਕ ਪੱਖੋਂ 70% ਅਪਾਹਜ ਹੈ। ਉਸ ਦੇ ਇਲਾਜ ਲਈ ਪਰਿਵਾਰ ਨੇ ਜ਼ਮੀਨ ਵੇਚੀ ਤੇ ਡੇਢ ਲੱਖ ਦਾ ਕਰਜ਼ਾ ਚੁੱਕਿਆ।

ਗੁਰਮੇਲ ਸਿੰਘ (49) ਖਾਣੇ ਵਾਲੀ ਨਲੀ (ਫੂਡ ਪਾਈਪ) ਦੇ ਕੈਂਸਰ ਤੋਂ ਪੀੜਤ ਹੈ। ਉਹ 2006 ਤੋਂ ਬੀਕਾਨੇਰ ਦੇ ਕਿਸੇ ਹਸਪਤਾਲ ਤੋਂ ਇਲਾਜ ਕਰਵਾ ਰਿਹਾ ਹੈ। ਬਿਮਾਰੀ ਨੇ ਉਸ ਨੂੰ ਲੱਖਾਂ ਰੁਪਏ ਦਾ ਕਰਜ਼ਈ ਬਣਾ ਦਿੱਤਾ ਹੈ। ਕੈਂਸਰ ਤੋਂ ਸਤਿਆ ਉਹ ਮੌਤ ਲਈ ਦੁਆ ਮੰਗ ਰਿਹਾ ਹੈ। ਗੁਰਮੇਲ ਸਿੰਘ ਦੀ ਭਰਜਾਈ ਹਰਦੇਵ ਕੌਰ (39) ਗਲੇ ਦੇ ਕੈਂਸਰ ਕਾਰਨ ਮਰ ਗਈ। ਉਸ ਦੇ ਇਲਾਜ 'ਤੇ ਢਾਈ ਲੱਖ ਰੁਪਏ ਖ਼ਰਚ ਹੋਏ। ਹਜ਼ੂਰਾ ਸਿੰਘ ਦੋ ਦਹਾਕਿਆਂ ਤੋਂ ਪੇਟ ਦੇ ਕੈਂਸਰ ਤੋਂ ਪੀੜਤ ਹੈ। ਉਸ ਦੀ ਸਾਰੀ ਪੂੰਜੀ ਇਕ ਕਨਾਲ ਜ਼ਮੀਨ ਇਸ ਬਿਮਾਰੀ 'ਤੇ ਖ਼ਰਚ ਹੋ ਗਈ। ਜਿੰਦਗੀ ਜਿੱਤਣ ਲਈ ਉਸ ਨੇ ਪਟਿਆਲਾ ਤੋਂ ਦੋ ਵਾਰ ਅਪਰੇਸ਼ਨ ਵੀ ਕਰਵਾਇਆ ਪਰ ਕੋਈ ਸੁਧਾਰ ਨਹੀਂ ਹੋਇਆ। ਰੂਪ ਸਿੰਘ (67) ਨੂੰ ਪੇਟ ਦਾ ਕੈਂਸਰ ਹੈ। ਉਹ ਕਈ ਸਾਲਾਂ ਤੋਂ ਬੀਕਾਨੇਰ ਦੇ ਹਸਪਤਾਲ ਵਿਚੋਂ ਇਲਾਜ ਕਰਵਾ ਰਿਹਾ ਹੈ।

ਪਿਛਲੇ ਪੰਜ ਸਾਲਾਂ ਤੋਂ ਕੈਂਸਰ ਨਾਲ ਜੂਝ ਰਹੀ ਬਲਦੇਵ ਕੌਰ (60) ਦੇ ਇਲਾਜ 'ਤੇ ਹੁਣ ਤੱਕ ਲੱਖਾਂ ਰੁਪਏ ਖ਼ਰਚ ਹੋ ਚੁੱਕੇ ਹਨ। ਉਹ 2005 ਤੋਂ ਬੱਚੇਦਾਨੀ ਦੇ ਕੈਂਸਰ ਤੋਂ ਪੀੜਤ ਹੈ ਤੇ ਇਸ ਵੇਲੇ ਜਿੰਦਗੀ ਤੇ ਮੌਤ ਵਿਚਕਾਰ ਸੰਘਰਸ਼ ਆਖ਼ਰੀ ਪੜਾਅ 'ਤੇ ਹੈ। ਇਹ ਪਰਿਵਾਰ ਹੁਣ ਕਰਜ਼ੇ ਦੇ ਜਾਲ ਵਿਚ ਫਸ ਰਿਹਾ ਹੈ। ਬਲਦੇਵ ਕੌਰ ਦੇ ਇਲਾਜ ਲਈ ਚੁੱਕੇ ਕਰਜ਼ੇ ਵਿਚੋਂ ਦੋ ਲੱਖ ਰੁਪਏ ਪਿੰਡ ਦੀ ਸਹਿਕਾਰੀ ਸਭਾ ਦਾ ਹੈ।

ਨੌਜਵਾਨ ਸੁਖਮੰਦਰ ਸਿੰਘ ਕੇਵਲ 24 ਸਾਲ ਦਾ ਹੈ ਪਰ ਉਹ ਬਲੱਡ ਕੈਂਸਰ ਦਾ ਮਰੀਜ਼ ਹੈ। ਗੱਲ ਕਰਨ 'ਤੇ ਉਹ ਅੱਖਾਂ ਭਰ ਆਉਂਦਾ ਹੈ ਤੇ ਕਹਿੰਦਾ ਹੈ ਕਿ ਹੁਣ ਮੌਤ ਨੇੜੇ ਹੈ। ਉਸ ਨੂੰ ਆਪਣੇ ਦੋ ਮਾਸੂਮ ਬੱਚਿਆਂ ਦਾ ਫ਼ਿਕਰ ਹੈ। ਉਹ 2004 ਤੋਂ ਬੀਕਾਨੇਰ ਤੋਂ ਇਲਾਜ ਕਰਵਾ ਰਿਹਾ ਹੈ ਤੇ ਕੁੱਲ 1 ਲੱਖ 44 ਹਜ਼ਾਰ ਰੁਪਏ ਖ਼ਰਚ ਕਰ ਚੁਕਾ ਹੈ। ਦਰਸ਼ਨ ਸਿੰਘ (50) ਗਲੇ ਦੇ ਕੈਂਸਰ ਤੋਂ ਪੀੜਤ ਹੈ। ਉਹ ਆਪਣੀ ਦੁਖਾਂ ਭਰੀ ਕਹਾਣੀ ਦੱਸਦਾ ਹੈ ਕਿ ਉਸ ਦੇ ਇਲਾਜ 'ਤੇ ਇਕ ਸਾਲ ਵਿਚ 4 ਲੱਖ ਰੁਪਏ ਦਾ ਖ਼ਰਚ ਹੋ ਚੁੱਕਿਆ ਹੈ ਜਿਸ ਵਿਚ ਦੋ ਲੱਖ ਰੁਪਏ ਆੜ੍ਹਤੀਆਂ ਦਾ ਹੈ। ਉਸ ਦੀ ਚਾਰ ਕਨਾਲ ਜ਼ਮੀਨ ਵੀ ਵਿਕ ਚੁੱਕੀ ਹੈ। ਪਰਮਜੀਤ ਕੌਰ (30) ਦਾ ਛਾਤੀ ਦੇ ਕੈਂਸਰ ਕਾਰਨ ਜਿੰਦਗੀ ਤੇ ਮੌਤ ਵਿਚਾਲੇ ਸੰਘਰਸ ਮੌਤ ਦੇ ਨੇੜੇ ਪੁੱਜ ਚੁੱਕਾ ਹੈ। ਉਸ ਦੀ ਹਾਲਤ ਦਿਨੋ-ਦਿਨ ਵਿਗੜ ਰਹੀ ਹੈ। ਉਸ ਦਾ ਪਤੀ ਮੇਵਾ ਸਿੰਘ ਦੱਸਦਾ ਹੈ ਕਿ ਉਸ ਦੇ ਇਲਾਜ 'ਤੇ ਪੌਣੇ ਤਿੰਨ ਲੱਖ ਤੋਂ ਵੱਧ ਰੁਪਏ ਲੱਗ ਚੁੱਕੇ ਹਨ। ਇਸੇ ਤਰ੍ਹਾਂ ਪਰਮਜੀਤ ਕੌਰ (33) ਵੀ ਇਸ ਭਿਆਨਕ ਬਿਮਾਰੀ ਦੀ ਸ਼ਿਕਾਰ ਹੈ। ਉਸ ਦੇ ਇਲਾਜ 'ਤੇ ਢਾਈ ਲੱਖ ਰੁਪਏ ਖ਼ਰਚ ਹੋ ਚੁੱਕੇ ਹਨ ਤੇ ਦੋ ਲੱਖ ਰੁਪਏ ਦੇ ਕਰਜ਼ਈ ਹਨ। ਚਾਨਣ ਸਿੰਘ ਦੇ ਘਰ ਉਸ ਸਮੇਂ ਹਨੇਰ ਛਾ ਗਿਆ ਜਦੋਂ ਉਸ ਦੀ ਪਤਨੀ ਗੁਰਜੀਤ ਕੌਰ ਦਾ ਛਾਤੀ ਦੇ ਕੈਂਸਰ ਬਾਰੇ ਸ਼ੱਕ ਯਕੀਨ ਵਿਚ ਬਦਲ ਗਿਆ। ਹੁਣ ਉਸ ਦਾ ਇਲਾਜ ਬੀਕਾਨੇਰ ਤੋਂ ਚੱਲ ਰਿਹਾ ਹੈ। ਇਸ ਦੇ ਇਲਾਜ 'ਤੇ ਢਾਈ ਲੱਖ ਰੁਪਏ ਲੱਗ ਚੁੱਕੇ ਹਨ ਤੇ ਡੇਢ ਲੱਖ ਰੁਪਏ ਕਰਜ਼ਾ ਸਿਰ ਹੈ। ਨਸੀਬ ਕੌਰ ਦੇ ਨਸੀਬ ਫੁੱਟ ਚੁੱਕੇ ਹਨ। ਉਸ ਦੇ ਪਤੀ ਜਗਸੀਰ ਸਿੰਘ ਨੇ ਇਸ ਪੀੜਤ ਨੂੰ ਛਾਤੀ ਦੇ ਕੈਂਸਰ ਤੋਂ ਬਚਾਉਣ ਲਈ ਸਾਢੇ ਚਾਰ ਏਕੜ ਜ਼ਮੀਨ ਵੇਚ ਦਿੱਤੀ ਫਿਰ ਤਿੰਨ ਲੱਖ ਰੁਪਏ ਕਰਜ਼ਾ ਚੁੱਕਿਆ। ਉਹ 6 ਸਾਲਾਂ ਤੋਂ ਜਦੋਜਹਿਦ ਕਰ ਰਹੇ ਹਨ।

ਜਗਸੀਰ ਸਿੰਘ (35) ਖ਼ੂਨ ਦੇ ਕੈਂਸਰ ਤੋਂ ਪੀੜਤ ਸੀ ਜਿਸ ਦੀ ਜਿੰਦਗੀ ਬਚਾਉਣ ਲਈ ਗਰੀਬ ਪਰਿਵਾਰ ਨੇ ਇਕ ਲੱਖ ਰੁਪਏ ਕਰਜ਼ਾ ਚੁੱਕਿਆ ਪਰ ਉਹ ਬਚ ਨਾ ਸਕਿਆ। ਫ਼ੌਜੀ ਸਰੂਪ ਸਿੰਘ ਉਮਰ 39 ਸਾਲ ਮੈਦਾਨ-ਏ-ਜੰਗ ਵਿਚ ਤਾਂ ਨਾ ਹਾਰਿਆ ਪਰ ਖ਼ੂਨ ਦੇ ਕੈਂਸਰ ਹੱਥੋਂ ਹਾਰ ਗਿਆ। ਉਸ ਦੇ ਇਲਾਜ 'ਤੇ ਦੋ ਲੱਖ ਰੁਪਏ ਲੱਗੇ। ਬਸੰਤ ਕੌਰ ਦੀ ਜਿੰਦਗੀ ਵਿਚ ਖ਼ੂਨ ਦੇ ਕੈਂਸਰ ਨੇ ਪੱਤਝੜ ਲਿਆ ਦਿੱਤੀ। 55 ਸਾਲ ਦੀ ਉਮਰ ਵਿਚ ਉਹ ਇਸ ਨਾ-ਮੁਰਾਦ ਬਿਮਾਰੀ ਨੇ ਨਿਗਲ ਲਈ। ਉਸ ਦੇ ਇਲਾਜ 'ਤੇ ਡੇਢ ਲੱਖ ਰੁਪਏ ਖ਼ਰਚ ਹੋਏ ਤੇ ਪਰਿਵਾਰ 50 ਹਜ਼ਾਰ ਰੁਪਏ ਦਾ ਕਰਜ਼ਈ ਹੈ। ਕਿਰਤੀ ਜਮਾਤ ਨਾਲ ਸਬੰਧਤ ਹਮੀਰ ਕੌਰ ਪਤਨੀ ਹਰਦੇਵ ਸਿੰਘ ਛਾਤੀ ਦੇ ਕੈਂਸਰ ਕਾਰਨ ਮੌਤ ਵੱਲ ਵੱਧ ਰਹੀ ਹੈ। ਉਸ 'ਤੇ 60 ਹਜ਼ਾਰ ਰੁਪਏ ਖ਼ਰਚ ਹੋ ਚੁੱਕੇ ਹਨ ਤੇ ਹਜ਼ਾਰਾਂ ਰੁਪਏ ਦਾ ਕਰਜ਼ਾ ਸਿਰ ਹੈ। ਮਹਿੰਦਰ ਕੌਰ ਦੇ ਪਰਿਵਾਰ ਦੀ ਇਕ ਏਕੜ ਜ਼ਮੀਨ 4-5 ਲੱਖ ਰੁਪਏ ਵਿਚ ਗਹਿਣੇ ਹੈ। ਛਾਤੀ ਦੇ ਕੈਂਸਰ ਤੋਂ ਪੀੜਤ ਇਸ ਔਰਤ ਦੇ ਇਲਾਜ 'ਤੇ ਲੱਖਾਂ ਰੁਪਏ ਖ਼ਰਚ ਕੀਤੇ ਗਏ ਪਰ ਆਖਰ ਉਹ 2007 ਵਿਚ ਚਲਾਣਾ ਕਰ ਗਈ। ਮੁਖਤਿਆਰ ਸਿੰਘ (58) ਦੀ ਖ਼ੂਨ ਦੇ ਕੈਂਸਰ ਨਾਲ ਮੌਤ ਹੋ ਚੁੱਕੀ ਹੈ ਜਿਸ ਦੇ ਇਲਾਜ 'ਤੇ ਇਕ ਲੱਖ ਰੁਪਏ ਖ਼ਰਚ ਹੋਏ। ਕਿਰਤੀ ਰੂਪ ਸਿੰਘ ਪੇਟ ਦੇ ਕੈਂਸਰ ਤੋਂ ਪੀੜਤ ਹੈ ਤੇ ਬੀਕਾਨੇਰ ਤੋਂ ਇਲਾਜ ਕਰਵਾ ਰਿਹਾ ਹੈ।


ਕਿਸਾਨਾਂ ਦੇ ਹਿੱਤਾਂ ਲਈ ਸੰਘਰਸ਼ ਕਰਨ ਵਾਲਾ ਕਿਸਾਨ ਆਗੂ ਰਣਜੀਤ ਸਿੰਘ ਤੇ ਉਸ ਦੀ ਪਤਨੀ ਜਿੰਦਗੀ ਦੇ ਮੈਦਾਨ ਵਿਚੋਂ ਹਾਰ ਮੰਨ ਗਏ। ਕੈਂਸਰ ਦੀ ਭਿਆਨਕ ਬਿਮਾਰੀ 2004 ਵਿਚ ਉਨ੍ਹਾਂ ਨੂੰ ਨਿਗਲ ਗਈ। ਉਨ੍ਹਾਂ ਦੇ ਇਲਾਜ 'ਤੇ 6 ਲੱਖ ਰੁਪਏ ਖ਼ਰਚ ਹੋਏ ਤੇ ਪਰਿਵਾਰ ਇਸ ਵੇਲੇ 15 ਲੱਖ ਰੁਪਏ ਦਾ ਕਰਜ਼ਈ ਹੈ। 6 ਲੱਖ ਵਿਚ ਜ਼ਮੀਨ ਗਹਿਣੇ ਪਈ ਹੈ। ਕਿਰਤੀ ਪਰਿਵਾਰ ਨਾਲ ਸਬੰਧਤ ਪੂਰਨ ਸਿੰਘ ਪੁੱਤਰ ਗਰੀਬ ਸਿੰਘ ਦੀ ਕੈਂਸਰ ਨੇ ਜਿੰਦਗੀ ਪੂਰਨ ਨਾ ਹੋਣ ਦਿੱਤੀ। ਉਸ ਦੇ ਇਲਾਜ 'ਤੇ ਡੇਢ ਲੱਖ ਰੁਪਏ ਦਾ ਖ਼ਰਚ ਹੋਇਆ। ਗੁਰਦੇਵ ਸਿੰਘ ਪੁੱਤਰ ਭਾਗ ਸਿੰਘ ਦੇ ਕੈਂਸਰ ਅੱਗੇ ਭਾਗ ਫੁੱਟ ਗਏ। ਉਸ ਦੀ 2003 ਵਿਚ ਮੌਤ ਹੋ ਗਈ।

ਸ਼ੇਖਪੁਰਾ ਪਿੰਡ ਵਿਚ ਹੀ ਇਕ ਪਿਓ-ਧੀ ਪੰਜ ਮਹੀਨਿਆਂ ਦੀ ਵਿੱਥ 'ਤੇ ਕੈਂਸਰ ਦੀ ਭੇਟ ਚੜ੍ਹ ਗਏ। ਸਰਬਜੀਤ ਕੌਰ ਦੀ ਕੇਵਲ 18 ਸਾਲ ਦੀ ਉਮਰ ਵਿਚ ਪੇਟ ਦੇ ਕੈਂਸਰ ਨੇ ਜਨਵਰੀ 2010 ਜਾਨ ਲੈ ਲਈ। ਧੀ ਦੀ ਮੌਤ ਤੋਂ ਕੇਵਲ



ਪੰਜ ਮਹੀਨੇ ਮਗਰੋਂ ਹੀ ਉਸ ਦੇ ਪਿਤਾ ਰਘਬੀਰ ਸਿੰਘ ਦੀ ਮੌਤ ਹੋ ਗਈ। ਉਸ ਨੂੰ ਗਲੇ ਦਾ ਕੈਂਸਰ ਸੀ। ਉਨ੍ਹਾਂ ਨੂੰ ਬਚਾਉਣ ਲਈ ਲੱਖਾਂ ਰੁਪਏ ਖ਼ਰਚ ਹੋਏ ਤੇ ਪਰਿਵਾਰ ਕਰਜ਼ਈ ਹੋ ਗਿਆ। ਦੋ ਏਕੜ ਜ਼ਮੀਨ ਹੱਥੋਂ ਨਿਕਲ ਗਈ। ਪਿੰਡ ਦੀ ਧੀ ਸੁਜਾਨ ਕੌਰ ਦੀ ਛਾਤੀ ਦੇ ਕੈਂਸਰ ਨੇ ਜਾਨ ਲੈ ਲਈ। ਪਰਿਵਾਰ ਨੇ ਉਸ ਦੀ ਜਾਨ ਬਚਾਉਣ ਖਾਤਰ 1 ਲੱਖ 30 ਹਜ਼ਾਰ ਰੁਪਏ ਇਲਾਜ਼ 'ਤੇ ਲਾਏ। ਉਨ੍ਹਾਂ ਸਿਰ 50 ਹਜ਼ਾਰ ਰੁਪਏ ਕਰਜ਼ਾ ਹੈ। ਚਿੰਨ ਕੌਰ ਪਤਨੀ ਬਲੌਰ ਸਿੰਘ ਨੂੰ 32 ਸਾਲ ਦੀ ਉਮਰੇ ਹੀ ਇਸ ਭਿਆਨਕ ਬਿਮਾਰੀ ਨੇ ਹੜੱਪ ਲਿਆ। ਪਰਿਵਾਰ ਨੇ ਉਸ ਨੂੰ ਬਚਾਉਣ ਲਈ ਇਕ ਲੱਖ ਰੁਪਏ ਖ਼ਰਚ ਕੀਤੇ। ਕਿਸਾਨ ਮੰਦਰ ਸਿੰਘ ਪੇਟ ਦੇ ਕੈਂਸਰ ਕਾਰਨ 45 ਸਾਲ ਦੀ ਉਮਰੇ ਹੀ ਮਰ ਗਿਆ। ਦੁਖੀ ਪਰਿਵਾਰ ਦੱਸਦਾ ਹੈ ਕਿ ਉਸ ਦੇ ਇਲਾਜ ਲਈ ਲੱਖਾਂ ਰੁਪਏ ਦਾ ਕਰਜ਼ਾ ਚੜ੍ਹਿਆ ਜਿਸ ਕਾਰਨ 5-6 ਏਕੜ ਜ਼ਮੀਨ ਵੀ ਵੇਚਣੀ ਪਈ।

**ਫੋਨ:91-97795-22211*







# ਟੋਰਾਂਟੋ ਦੇ ਡਿਕਸੀ ਗੁਰਦੁਆਰੇ ਦੇ ਬੈਂਕ ਖਾਤੇ ਸੀਲ

**ਟੋਰਾਂਟੋ:** ਮਿਸੀਸਾਗਾ ਸ਼ਹਿਰ ਵਿਚ ਸਥਿਤ ਉਤਰੀ ਅਮਰੀਕਾ ਦੇ ਸਭ ਤੋਂ ਵੱਡੇ ਗੁਰਦੁਆਰੇ ਡਿਕਸੀ ਦੇ ਪ੍ਰਬੰਧਾਂ ਨੂੰ ਲੈ ਕੇ ਆਪਸੀ ਖਹਿਬਾਜ਼ੀ ਕਰਕੇ ਇਸ ਦੇ ਸਾਰੇ ਬੈਂਕ ਖਾਤੇ ਸੀਲ ਕਰ ਦਿੱਤੇ ਗਏ ਹਨ। ਸਾਬਕਾ ਪੰਧੇਰ ਧੜੇ ਵੱਲੋਂ ਇਨ੍ਹਾਂ ਖਾਤਿਆਂ 'ਚੋਂ ਦੋ ਲੱਖ ਡਾਲਰ ਤੋਂ ਵੱਧ ਪੈਸਿਆਂ ਦੀ ਕੁਰਕੀ ਦਾ ਮਾਮਲਾ ਸਾਹਮਣੇ ਆਇਆ ਹੈ।

ਅਸਲ ਵਿਚ ਇਹ ਮਾਮਲਾ ਕੁਝ ਸਾਲ ਪੁਰਾਣਾ ਹੈ ਜਦ ਗੁਰਦੁਆਰੇ ਦੀ ਮੈਂਬਰਸ਼ਿਪ ਦੀਆਂ ਰਸੀਦਾਂ ਬਾਰੇ ਰੱਫੜ ਪੈ ਗਿਆ ਸੀ। ਕਾਬਜ਼ ਭੁੱਲਰ ਤੇ ਸਾਬਕਾ ਪੰਧੇਰ ਧੜੇ ਵਿਚਾਲੇ ਕਈ ਵਾਰ ਮੀਟਿੰਗਾਂ ਹੋਣ ਦੇ ਬਾਵਜੂਦ ਇਸ ਨੂੰ ਸੁਲਝਾਇਆ ਨਹੀਂ ਜਾ ਸਕਿਆ ਜਿਸ ਕਾਰਨ ਫੈਸਲਾ ਕਰਵਾਉਣ ਲਈ ਮਾਮਲਾ ਅਦਾਲਤ ਵਿਚ ਲਿਜਾਇਆ ਗਿਆ। 29 ਜੂਨ 2009 ਨੂੰ ਜੱਜ ਨੇ ਜਸਜੀਤ ਸਿੰਘ ਭੁੱਲਰ ਧੜੇ ਨੂੰ ਨਿੱਜੀ ਤੌਰ 'ਤੇ ਇਸ ਕੇਸ ਦੇ ਖਰਚੇ ਵਜੋਂ 208,808,64 ਡਾਲਰ ਦੇਣ ਦਾ ਹੁਕਮ ਦਿੱਤਾ ਸੀ ਪਰ ਬਾਅਦ ਵਿਚ ਇਸ ਫੈਸਲੇ ਵਿਰੁਧ ਅਪੀਲ ਕਰਦਿਆਂ ਭੁੱਲਰ ਧੜੇ ਨੇ ਇਸ ਖਰਚੇ ਲਈ ਜ਼ਿੰਮੇਵਾਰੀ ਚੁੱਕਣ ਤੋਂ ਇਨਕਾਰ ਕਰ ਦਿੱਤਾ। ਫਿਰ ਫੈਸਲਾ ਆਇਆ ਕਿ ਇਹ ਖਰਚਾ ਓਂਟਾਰੀਓ ਖਾਲਸਾ ਦਰਬਾਰ ਵੱਲੋਂ ਅਦਾ ਕੀਤਾ ਜਾਵੇ ਜਿਸ ਦਾ ਭਾਵ ਗੁਰਦੁਆਰੇ ਦੀ ਗੋਲਕ ਰਾਹੀਂ ਸੰਗਤਾਂ ਵੱਲੋਂ ਦਾਨ ਕੀਤੀ ਮਾਇਆ ਨਾਲ ਭੁਗਤਾਨ ਕੀਤਾ ਜਾਵੇ।

ਹੁਣ ਦੋਵਾਂ ਧਿਰਾਂ ਨੇ ਆਪੋ-ਆਪਣੇ ਬਿਆਨਾਂ ਵਿਚ ਸੰਗਤ ਦੇ ਗੁੱਸੇ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ। ਮੌਜੂਦਾ ਸਕੱਤਰ ਹਰਬੰਸ ਸਿੰਘ ਜੰਡਾਲੀ ਮੁਤਾਬਕ ਅਜਿਹੀ ਕੁਰਕੀ ਨਾਲ ਸਭ ਦੇ ਹਿਰਦੇ ਵਲੂੰਧਰੇ ਗਏ ਹਨ ਤੇ ਉਹ ਗੁਰਦੁਆਰੇ ਦੇ ਪ੍ਰਬੰਧ ਨੂੰ ਇਸ ਮੁਸ਼ਕਲ ਦੌਰ 'ਚੋਂ ਕੱਢਣ ਲਈ ਸੰਗਤ ਦਾ ਆਸਰਾ ਲੋੜਦੇ ਹਨ। ਅਦਾਲਤੀ ਫੈਸਲੇ ਤੋਂ ਪਹਿਲਾਂ ਕਾਬਜ਼ ਧੜੇ ਨੇ ਪੰਧੇਰ ਧੜੇ ਨੂੰ 5000 ਡਾਲਰ ਮਹੀਨਾਵਾਰ ਦੇਣ ਦੀ ਪੇਸ਼ਕਸ਼ ਕੀਤੀ ਸੀ ਜੋ ਠੁਕਰਾ ਦਿੱਤੀ ਗਈ। ਪੰਧੇਰ ਧੜੇ ਮੁਤਾਬਕ ਉਨ੍ਹਾਂ ਦਾ ਇਸ ਕੇਸ 'ਤੇ ਕੋਈ 6 ਲੱਖ ਡਾਲਰ ਖਰਚਾ ਆਇਆ ਹੈ ਤੇ ਉਹ ਚਾਹੁੰਦੇ ਹਨ ਕਿ ਚਾਰ ਲੱਖ ਡਾਲਰ ਦੀਆਂ 300 ਦੇ ਕਰੀਬ ਜੋ ਰਸੀਦਾਂ ਕੱਟੀਆਂ ਗਈਆਂ, ਉਨ੍ਹਾਂ ਦਾ ਨਿਤਾਰਾ ਕੀਤਾ ਜਾਵੇ। ਉਹ ਸਾਰੀਆਂ 2600 ਵੋਟਾਂ ਦੀ ਕਿਸੇ ਤੀਜੀ ਧਿਰ ਵੱਲੋਂ ਜਾਂਚ ਵੀ ਮੰਗਦੇ ਹਨ। ਇਸ ਜਾਂਚ 'ਤੇ ਦਸ ਲੱਖ ਡਾਲਰ ਖਰਚਾ ਆ ਸਕਦਾ ਹੈ। ਇਹ ਰੌਲਾ ਇਨ੍ਹਾਂ 300 ਰਸੀਦਾਂ ਦਾ ਹੀ ਹੈ ਜਿਸ ਨੂੰ ਲੈ ਕੇ ਗੁਰਦੁਆਰੇ ਦੀ ਗੋਲਕ ਦਾ ਪੈਸਾ ਬਰਬਾਦ ਕੀਤਾ ਜਾ ਰਿਹਾ ਹੈ। ਕਾਬਜ਼ ਧਿਰ ਦਾ ਵੀ ਦਸ ਲੱਖ ਡਾਲਰ ਦੇ ਕਰੀਬ ਇਸ ਕੇਸ ਉਤੇ ਖਰਚਾ ਆਇਆ ਦੱਸਿਆ ਜਾ ਰਿਹਾ ਹੈ।



ਦੂਜੇ ਪਾਸੇ ਭੁੱਲਰ ਧੜੇ ਵੱਲੋਂ ਦੱਸਿਆ ਗਿਆ ਹੈ ਕਿ 19 ਜੂਨ 2010 ਨੂੰ ਦੋਵਾਂ ਧੜਿਆਂ ਵਿਚਾਲੇ ਗੁਰੂ ਦੀ ਹਜ਼ੂਰੀ 'ਚ ਅਰਦਾਸ ਕਰਕੇ ਝਗੜਾ ਖਤਮ ਕਰਨ ਦਾ ਫੈਸਲਾ ਲਿਆ ਗਿਆ ਸੀ ਪਰ ਇਸ ਨੂੰ ਮਾਨਤਾ ਨਹੀਂ ਮਿਲੀ। ਉਦੋਂ ਇਸ ਫੈਸਲੇ ਵਿਚ ਇਸ ਕਾਨੂੰਨੀ ਖਰਚੇ ਦੀ ਅਦਾਇਗੀ ਲਈ 11 ਡਾਇਰੈਕਟਰਾਂ ਨੂੰ ਨਿੱਜੀ ਤੌਰ 'ਤੇ ਫੰਡ ਜੁਟਾਉਣ ਦੀ ਸਲਾਹ ਦਿੱਤੀ ਗਈ ਸੀ। ਸੂਤਰਾਂ ਮੁਤਾਬਕ ਹੁਣ ਗਰਦੁਆਰੇ ਦੇ ਖਾਤਿਆਂ 'ਚੋਂ 90,444 ਡਾਲਰ ਪੰਧੇਰ ਧੜੇ ਨੇ ਕਢਵਾ ਲਏ ਹਨ ਤੇ ਗੁਰਦੁਆਰੇ ਦੇ ਮੌਜੂਦਾ ਪ੍ਰਬੰਧਕ ਸੰਗਤ ਤੋਂ ਉਧਾਰ ਪੈਸਾ ਚੁੱਕ ਕੇ ਨਵੇਂ ਖਾਤੇ ਖੁੱਲ੍ਹਵਾ ਰਹੇ ਹਨ ਤਾਂ ਜੋ ਵਿਰੋਧੀ ਧਿਰ ਨੂੰ ਬਕਾਇਆ ਅਦਾ ਕੀਤਾ ਜਾ ਸਕੇ ਤੇ ਬਾਕੀ ਦੇ ਪ੍ਰਾਜੈਕਟ ਤੇ ਪ੍ਰਬੰਧ ਚੱਲਦੇ ਰੱਖੇ ਜਾ ਸਕਣ।

# ਬਾਗ਼ੀ ਸੁਰਾਂ ਮੱਠੀਆਂ ਕਰਨ ਲਈ ਲੀਡਰਾਂ ਦੇ ਰਿਸ਼ਤੇਦਾਰਾਂ ਨੂੰ ਨੌਕਰੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਐਡਵੋਕੇਟ ਜਨਰਲ ਦੇ ਦਫ਼ਤਰ ਵਿਚ 'ਕੁਨਬਾਪਰਵਰੀ' ਪੂਰਾ ਬੋਲਬਾਲਾ ਹੈ। ਇਸ ਦਫ਼ਤਰ ਵਿਚਲੇ ਵਧੀਕ, ਉਪ ਤੇ ਸਹਾਇਕ ਐਡਵੋਕੇਟ ਜਨਰਲਾਂ ਵਿਚੋਂ ਬਹੁਤੇ ਹਾਕਮ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਆਗੂਆਂ ਦੇ ਪੁੱਤਰ ਤੇ ਕਰੀਬੀ ਰਿਸ਼ਤੇਦਾਰ ਹਨ। ਕੁਝ ਪ੍ਰਭਾਵਸ਼ਾਲੀ ਆਈ.ਏ.ਐਸ. ਤੇ ਆਈ.ਪੀ.ਐਸ. ਅਧਿਕਾਰੀਆਂ ਨੇ ਵੀ ਆਪਣੇ ਕਰੀਬੀਆਂ ਨੂੰ ਅਹਿਮ ਅਹੁਦੇ ਦਿਵਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਇਸ ਦਫ਼ਤਰ ਵਿਚ ਨਿਯੁਕਤੀ ਲਈ ਤਜਰਬੇ ਦੀ ਥਾਂ ਵਿਸ਼ੇਸ਼ ਵਿਅਕਤੀਆਂ ਨਾਲ ਨੇੜਤਾ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਕੀਤੀ ਬਗਾਵਤ ਤੋਂ ਬਾਅਦ ਕਈ ਹੋਰ ਅਕਾਲੀ ਬਾਗ਼ੀ ਸੁਰਾਂ ਮੱਠੀਆਂ ਕਰਨ ਲਈ ਸਰਕਾਰ ਨੇ ਕੁਝ ਅਕਾਲੀ ਆਗੂਆਂ ਦੇ ਪੁੱਤਰਾਂ ਨੂੰ ਐਡਵੋਕੇਟ ਜਨਰਲ ਦੇ ਦਫ਼ਤਰ ਵਿਚ ਨਿਯੁਕਤ ਕੀਤਾ ਹੈ।

ਇਸ ਸਮੇਂ ਐਡਵੋਕੇਟ ਜਨਰਲ ਹਰਦੇਵ ਸਿੰਘ ਮੱਤੇਵਾਲ ਤੇ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਸੁਖਦੀਪ ਸਿੰਘ ਭਿੰਡਰ ਸਮੇਤ ਕੁੱਲ ਵਕੀਲਾਂ ਦੀ ਗਿਣਤੀ ਤਕਰੀਬਨ 140 ਹੈ। ਇਹ ਪਹਿਲੀ ਵਾਰ ਹੈ ਕਿ ਪੰਜਾਬ ਦੀਆਂ ਦੋਵਾਂ ਹਾਕਮ ਪਾਰਟੀਆਂ ਦੇ ਸੀਨੀਅਰ ਆਗੂਆਂ ਨੇ ਆਪਣੇ ਪੁੱਤਾਂ-ਧੀਆਂ ਨੂੰ ਇਸ ਦਫ਼ਤਰ ਵਿਚ ਨੌਕਰੀਆਂ ਦਿਵਾਈਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਪੁੱਤਰ ਐਸ.ਐਸ. ਚੰਦੂਮਾਜਰਾ ਨੂੰ ਕੁਝ ਦਿਨ ਪਹਿਲਾਂ ਹੀ ਡਿਪਟੀ ਐਡਵੋਕੇਟ ਜਨਰਲ ਨਿਯੁਕਤ ਕੀਤਾ ਗਿਆ ਹੈ। ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਇਕ ਹੋਰ ਅਕਾਲੀ ਆਗੂ ਦੇ ਜਵਾਈ ਨੂੰ ਵੀ ਇਨ੍ਹਾਂ ਦਿਨਾਂ ਦੌਰਾਨ ਹੀ ਸਹਾਇਕ ਐਡਵੋਕੇਟ ਜਨਰਲ ਨਿਯੁਕਤ ਕੀਤਾ ਗਿਆ ਹੈ। ਨਿਯੁਕਤੀਆਂ ਹਾਸਲ ਕਰਨ ਵਾਲਿਆਂ ਵਿਚ ਮੁੱਖ ਮੰਤਰੀ ਦੇ ਪਰਿਵਾਰ ਨਾਲ ਜੁੜੇ ਨਿੱਜੀ ਨੌਕਰਾਂ ਦੇ ਕਰੀਬੀ ਰਿਸ਼ਤੇਦਾਰ ਵੀ ਸ਼ਾਮਲ ਹਨ। ਸ਼੍ਰੋਮਣੀ ਆਕਲੀ ਦਲ ਨਾਲ ਸਬੰਧਤ ਇਕ ਸੰਸਦ ਮੈਂਬਰ ਦੇ ਦੋ ਕਰੀਬੀ ਰਿਸ਼ਤੇਦਾਰਾਂ ਦਾ ਨਾਂ ਵੀ ਇਨ੍ਹਾਂ ਵਕੀਲਾਂ ਵਾਲੀ ਸੂਚੀ ਵਿਚ ਸ਼ਾਮਲ ਹੈ। ਹਰਦੇਵ ਸਿੰਘ ਮੱਤੇਵਾਲ ਜੋ ਕਿ ਇਨ੍ਹੀਂ ਦਿਨੀਂ ਬਿਮਾਰ ਹਨ, ਦੇ ਪੁੱਤਰ ਪਵਿੱਤ ਸਿੰਘ ਮੱਤੇਵਾਲ ਨੂੰ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਹੀ ਪਿਤਾ ਦੇ ਦਫ਼ਤਰ ਵਿਚ ਵਧੀਕ ਐਡਵੋਕੇਟ ਜਨਰਲ ਦੇ ਅਹੁਦੇ 'ਤੇ ਨਿਯੁਕਤ ਕੀਤਾ ਸੀ।

# ਨਨਕਾਣਾ ਸਾਹਿਬ 'ਚ ਨਗਰ ਕੀਰਤਨ 'ਤੇ ਰੋਕ ਤੋਂ ਸਿੱਖ ਭੜਕੇ

**ਲਾਹੌਰ:** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਲਈ ਵਿਸ਼ਵ ਭਰ ਤੋਂ ਪੁੱਜੀਆਂ ਸਿੱਖ ਸੰਗਤਾਂ ਨੂੰ ਉਸ ਵੇਲੇ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਜਦੋਂ ਪਾਕਿਸਤਾਨੀ ਅਧਿਕਾਰੀਆਂ ਵੱਲੋਂ ਨਨਕਾਣਾ ਸਾਹਿਬ ਵਿਚ ਸਿੱਖ ਸ਼ਰਧਾਲੂਆਂ ਨੂੰ ਪਾਲਕੀ ਨਗਰ ਕੀਰਤਨ ਸਜਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਗੱਲ ਨੂੰ ਲੈ ਕੇ ਸੰਗਤਾਂ 'ਚ ਕਾਫੀ ਰੋਸ ਸੀ ਤੇ ਸਿੱਖ ਆਗੂਆਂ ਵੱਲੋਂ ਇਸ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ। ਇਹ ਨਗਰ ਕੀਰਤਨ ਗੁਰਦੁਆਰਾ ਜਨਮ ਅਸਥਾਨ ਤੋਂ ਆਰੰਭ ਹੋਣਾ ਸੀ ਤੇ ਗੁਰੂ ਸਾਹਿਬ ਦੇ ਜਨਮ ਅਸਥਾਨ ਵਿਖੇ ਬਣੇ ਹੋਰ ਸੱਤ ਗੁਰਦੁਆਰਿਆਂ ਵਿਚ ਜਾਣਾ ਸੀ।

ਅਧਿਕਾਰੀਆਂ ਨੇ ਕਿਹਾ ਕਿ ਨਗਰ ਕੀਰਤਨ 'ਤੇ ਪਾਬੰਦੀ ਸੁਰੱਖਿਆ ਕਾਰਨਾਂ ਕਾਰਨ ਹੀ ਲਾਈ ਗਈ ਹੈ। ਪਿਛਲੇ ਸਾਲ ਵੀ ਸਿੱਖ ਭਾਈਚਾਰੇ ਨੂੰ ਇਸੇ ਤਰ੍ਹਾਂ ਹੀ ਨਗਰ ਕੀਰਤਨ ਨਹੀਂ ਸਜਾਉਣ ਦਿੱਤਾ ਗਿਆ ਸੀ। ਉਦੋਂ ਵੀ ਇਸ ਫੈਸਲੇ ਦਾ ਕੌਮਾਂਤਰੀ ਪੱਧਰ 'ਤੇ ਵਿਰੋਧ ਹੋਇਆ ਸੀ।

ਪ੍ਰਵਾਨਗੀ ਨਾ ਦੇਣ ਦੇ ਫੈਸਲੇ ਦੇ ਮੱਦੇਨਜ਼ਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਿਸ਼ਨ ਸਿੰਘ ਨੇ ਕਿਹਾ ਕਿ ਜੇ ਮੁਸਲਮਾਨਾਂ ਨੂੰ ਆਪਣੀਆਂ ਰਸਮਾਂ ਨਿਭਾਉਣ ਦੀ ਪੂਰਨ ਆਜ਼ਾਦੀ ਹੈ ਤਾਂ ਸੁਰੱਖਿਆ ਦੇ ਨਾਂ 'ਤੇ ਸਿੱਖ ਭਾਈਚਾਰੇ 'ਤੇ ਅਜਿਹੀ ਪਾਬੰਦੀ ਨਹੀਂ ਲਗਾਈ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ ਹਜ਼ਰਤ ਮੁਹੰਮਦ ਦੇ ਜਨਮ ਦਿਹਾੜੇ ਮੌਕੇ ਦੇਸ਼ ਵਿਚ ਬਰੇਲਵੀ ਫਿਰਕੇ ਦੇ ਸ਼ਰਧਾਲੂਆਂ ਨੂੰ ਧਾਰਮਿਕ ਜਲੂਸ ਕੱਢਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ ਤੇ ਅਜਿਹੀ ਹੀ ਖੁੱਲ੍ਹ ਸਿੱਖ ਭਾਈਚਾਰੇ ਦੀ ਮੰਗ ਪ੍ਰਤੀ ਦਿਖਾਉਣ ਦੀ ਜ਼ਰੂਰਤ ਸੀ।

ਲਾਹੌਰ ਤੋਂ 80 ਕਿਲੋਮੀਟਰ ਦੂਰ ਪੈਂਦੇ ਨਨਕਾਣਾ ਸਾਹਿਬ ਕਸਬੇ ਵਿਚ ਪਾਕਿਸਤਾਨ ਅਤੇ ਪੂਰੇ ਵਿਸ਼ਵ ਤੋਂ 15000 ਤੋਂ ਵੱਧ ਸਿੱਖ ਸ਼ਰਧਾਲੂ ਗੁਰਪੁਰਬ ਮਨਾਉਣ ਲਈ ਇਕੱਤਰ ਹੋਏ ਹਨ। ਇਥੇ ਹਾਜ਼ਰ ਬਹੁਤ ਸਾਰੇ ਸ਼ਰਧਾਲੂਆਂ ਨੇ ਸਰਕਾਰ ਦੇ ਰੋਕ ਲਗਾਉਣ ਦੇ ਫੈਸਲੇ ਦੀ ਨਿਖੇਧੀ ਕੀਤੀ ਹੈ। ਪਾਲਕੀ ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਖੂਬਸੂਰਤੀ ਨਾਲ ਸਜਾਏ ਇਕ ਵਾਹਨ 'ਤੇ ਸਸ਼ੋਭਿਤ ਕੀਤਾ ਜਾਂਦਾ ਹੈ ਤੇ ਇਸ ਨੂੰ ਸੰਗਤ ਕਸਬੇ ਦੇ ਹੋਰ ਗੁਰਦੁਆਰਿਆਂ ਵਿਚ ਲੈ ਕੇ ਜਾਂਦੀ ਹੈ। ਸਰਕਾਰੀ ਪੱਖ ਦੀ ਪੁਸ਼ਟੀ ਕਰਦਿਆਂ ਔਕਾਫ ਬੋਰਡ ਦੇ ਅਧਿਕਾਰੀਆਂ ਨੇ ਕਿਹਾ ਕਿ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਬਾਕੀ ਗੱਲਾਂ ਦੇ ਮੁਕਾਬਲੇ ਵਧੇਰੇ ਅਹਿਮ ਹੈ। ਉਨ੍ਹਾਂ ਮੰਨਿਆ ਕਿ ਕਈ ਵਾਰ ਮੁਕਾਮੀ ਮੁਸਲਮਾਨਾਂ ਨੂੰ ਜਲੂਸ ਕੱਢਣ ਦੀ ਇਜਾਜ਼ਤ ਦਿੱਤੀ ਗਈ ਹੈ ਪਰ ਇਸ ਮਾਮਲੇ ਵਿਚ ਵਿਦੇਸ਼ੀ ਨਾਗਰਿਕਾਂ ਦੀ ਸੁਰੱਖਿਆ ਦਾ ਸਵਾਲ ਸੀ ਤੇ ਇਸ ਮੁੱਦੇ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।

**24 ਤੰਬੂਆਂ ਨੂੰ ਅੱਗ ਲੱਗੀ:** ਸਿੱਖ ਜਥੇ ਦੇ ਠਹਿਰਨ ਲਈ ਲਾਏ 24 ਤੰਬੂਆਂ ਨੂੰ ਅੱਗ ਲੱਗ ਗਈ ਪਰ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਅੱਗ ਲੱਗਦੇ ਹੀ ਸ਼ਰਧਾਲੂਆਂ 'ਚ ਹਫ਼ਵਾ-ਦਫੜੀ ਮਚ ਗਈ।

ਨਨਕਾਣਾ ਸਾਹਿਬ ਜ਼ਿਲ੍ਹਾ ਪੁਲੀਸ ਮੁਖੀ ਸ਼ਾਹਜ਼ਾਦ ਵਹੀਦ ਨੇ ਦੱਸਿਆ ਕਿ ਘਟਨਾ ਮੌਕੇ ਤੰਬੂਆਂ 'ਚ 200 ਸ਼ਰਧਾਲੂ ਮੌਜੂਦ ਸਨ ਤੇ ਸਾਰਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਔਕਾਫ਼ ਬੋਰਡ ਦੇ ਡਿਪਟੀ ਡਾਇਰੈਕਟਰ (ਸ਼ਰਾਈਨ) ਫਰਾਜ਼ ਅੱਬਾਸ ਨੇ ਦੱਸਿਆ ਕਿ ਅੱਗ ਬਿਜਲੀ ਦੇ ਸ਼ਾਰਟ-ਸਰਕਟ ਕਾਰਨ ਲੱਗੀ। ਉਨ੍ਹਾਂ ਦੱਸਿਆ ਕਿ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਪੁੱਜਣ ਤੋਂ ਪਹਿਲਾਂ ਹੀ ਲੋਕਾਂ ਨੇ ਅੱਗ 'ਤੇ ਕਾਬੂ ਪਾ ਲਿਆ। ਭਾਰਤ ਤੋਂ ਤਿੰਨ ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜਥਾ ਇੱਥੇ ਪੁੱਜਿਆ।

ਇਸ ਮੌਕੇ ਡਾ. ਗੁਰਮੀਤ ਸਿੰਘ ਔਲਖ ਤੇ ਮਨਮੋਹਨ ਸਿੰਘ ਖਾਲਸਾ ਨੇ ਭਾਰਤੀ ਪੰਜਾਬ ਅੰਦਰ ਖਾਲਿਸਤਾਨ ਦੀ ਮੰਗ 'ਤੇ ਜ਼ੋਰ ਦਿੰਦਿਆਂ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ। ਪਾਕਿਸਤਾਨੀ ਐਮ ਪੀ ਡਾ. ਹਾਰੇਸ਼ ਕੁਮਾਰ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਆਗੂ ਪ੍ਰਿਤਪਾਲ ਸਿੰਘ ਤੇ ਅਵਤਾਰ ਸਿੰਘ ਸੰਘੇੜਾ ਨੇ ਸੰਗਤਾਂ ਗੁਰਪੁਰਬ ਦੀ ਵਧਾਈ ਦਿੱਤੀ।

# ਸੁਪਰੀਮ ਕੋਰਟ ਨੇ ਥੌਮਸ ਦੀ ਨਿਯੁਕਤੀ 'ਤੇ ਕੇਂਦਰ ਸਰਕਾਰ ਨੂੰ ਘੇਰਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸ੍ਰੀ ਪੀ.ਜੇ. ਥੌਮਸ ਨੂੰ ਸੈਂਟਰਲ ਵਿਜੀਲੈਂਸ ਕਮਿਸ਼ਨਰ (ਸੀ.ਵੀ.ਸੀ.) ਨਿਯੁਕਤ ਕਰਨ ਦੇ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਘੇਰ ਲਿਆ। ਇਸ ਮੁੱਦੇ 'ਤੇ ਸੁਪਰੀਮ ਕੋਰਟ ਨੇ ਗੰਭੀਰ ਨੁਕਤੇ ਉਠਾਏ ਹਨ। ਅਦਾਲਤ ਨੇ ਕਿਹਾ ਹੈ ਕਿ ਜਦੋਂ ਭ੍ਰਿਸ਼ਟਾਚਾਰ ਮਾਮਲੇ ਦਾ ਅਜੇ ਫ਼ੈਸਲਾ ਨਹੀਂ ਹੋਇਆ ਤਾਂ ਉਹ ਸੀ.ਵੀ.ਸੀ. ਵਜੋਂ ਕਿਵੇਂ ਕੰਮ ਕਰ ਸਕਦੇ ਹਨ?

ਸਰਕਾਰ ਨੇ ਇਸ ਟਿੱਪਣੀ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਜੇ ਬੇਦਾਗ਼ ਸ਼ਖ਼ਸੀਅਤ ਤੇ ਮੁਕੰਮਲ ਇਮਾਨਦਾਰੀ ਹੀ ਯੋਗਤਾ ਦਾ ਇਕੋ ਇਕ ਮਾਪਦੰਡ ਹੈ ਤਾਂ ਸਾਰੀਆਂ ਨਿਆਂਇਕ ਤੇ ਸੰਵਿਧਾਨਕ ਨਿਯੁਕਤੀਆਂ ਵੀ ਪੜਤਾਲ ਦੇ ਘੇਰੇ ਵਿਚ ਆ ਜਾਂਦੀਆਂ ਹਨ। ਚੀਫ਼ ਜਸਟਿਸ ਐਸ.ਐਚ. ਕਪਾਡੀਆ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਚੱਲ ਰਹੇ ਕੇਸਾਂ ਕਾਰਨ ਸ੍ਰੀ ਥੌਮਸ ਖ਼ੁਦ ਵੀ ਪ੍ਰੇਸ਼ਾਨੀ ਵਿਚ ਹੋਣਗੇ, ਕਿਉਂਕਿ ਸੀ.ਬੀ.ਆਈ. ਉਨ੍ਹਾਂ ਤੋਂ ਵਾਰ-ਵਾਰ ਪੁੱਛ-ਪੜਤਾਲ ਕਰੇਗੀ।

ਅਟਾਰਨੀ ਜਨਰਲ ਜੀ.ਈ. ਵਾਹਨਵਤੀ ਵੱਲੋਂ ਸ੍ਰੀ ਥਾਮਸ ਦੀ ਨਿਯੁਕਤੀ ਨਾਲ ਸਬੰਧਤ ਸਾਰੇ ਦਸਤਾਵੇਜ਼ ਬੰਦ ਲਿਫ਼ਾਫ਼ੇ ਵਿਚ ਅਦਾਲਤ ਵਿਚ ਪੇਸ਼ ਕਰਨ ਮੌਕੇ ਬੈਂਚ ਨੇ ਬਿਨਾਂ ਸਬੰਧਤ ਫਾਈਲ ਦੇਖਿਆਂ ਸਪੱਸ਼ਟ ਕਹਿ ਦਿੱਤਾ ਕਿ ਜਦੋਂ ਕੋਈ ਵਿਅਕਤੀ ਫ਼ੌਜਦਾਰੀ ਕੇਸ 'ਚ ਮੁਲਜ਼ਮ ਹੋਵੇ, ਉਹ ਸੀ.ਵੀ.ਸੀ. ਵਜੋਂ ਕਿਵੇਂ ਸੇਵਾ ਨਿਭਾਅ ਸਕਦਾ ਹੈ। ਬੈਂਚ ਨੇ ਕਿਹਾ ਕਿ ਉਹ ਇਸ ਫਾਈਲ ਦਾ ਅਧਿਐਨ ਕਰਨਗੇ ਅਤੇ ਦੋ ਹਫ਼ਤਿਆਂ ਬਾਅਦ ਕੇਸ ਦੀ ਸੁਣਵਾਈ ਹੋਵੇਗੀ। ਸੁਣਵਾਈ ਕਰ ਰਹੇ ਬੈਂਚ ਵਿਚ ਜਸਟਿਸ ਕੇ.ਐਸ. ਰਾਧਾਕ੍ਰਿਸ਼ਨਨ ਅਤੇ ਜਸਟਿਸ ਸਵਤੰਤਰ ਕੁਮਾਰ ਵੀ ਸ਼ਾਮਲ ਹਨ। ਪੀ.ਜੇ. ਥੌਮਸ ਦਾ ਨਾਂ ਕੇਰਲ ਵਿਚ ਪਾਮ ਆਇਲ ਕੇਸ ਤਹਿਤ ਦਾਖ਼ਲ ਚਾਰਜਸ਼ੀਟ ਵਿਚ ਦਰਜ ਹੈ।

ਬੈਂਚ ਨੇ ਕਿਹਾ ਕਿ ਜਦੋਂ ਸੀ.ਵੀ.ਸੀ. ਫ਼ੌਜਦਾਰੀ ਕੇਸ ਵਿਚ ਮੁਲਜ਼ਮ ਨਾਮਜ਼ਦ ਹੈ ਤਾਂ ਉਹ ਸੀ.ਵੀ.ਸੀ. ਵਜੋਂ ਕਿਵੇਂ ਕੰਮ ਕਰੇਗਾ, ਕਿਉਂਕਿ ਹਰ ਮਾਮਲੇ ਵਿਚ ਸੀ.ਬੀ.ਆਈ. ਨੇ ਕਮਿਸ਼ਨਰ ਨੂੰ ਹੀ ਰਿਪੋਰਟ ਦੇਣੀ ਹੁੰਦੀ ਹੈ। ਸੇਵਾ ਨਿਯਮਾਂ ਤਹਿਤ ਵੀ ਜੇ ਕਿਸੇ ਕਰਮਚਾਰੀ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਹੋਵੇ ਤਾਂ ਉਸ ਦੀ ਤਰੱਕੀ ਰੁਕ ਜਾਂਦੀ ਹੈ। ਬੈਂਚ ਨੇ ਕਿਹਾ ਕਿ 2002 ਵਿਚ ਉਨ੍ਹਾਂ ਖ਼ਿਲਾਫ਼ ਚਾਰਜਸ਼ੀਟ ਪੇਸ਼ ਹੋਈ ਸੀ, ਇਸ ਹਾਲਤ ਵਿਚ ਉਨ੍ਹਾਂ ਨੂੰ ਤਰੱਕੀ ਲਈ ਵਿਚਾਰਿਆ ਨਹੀਂ ਜਾ ਸਕਦਾ। ਇਹ ਮਾਮਲਾ ਬਹੁਤ ਗੰਭੀਰ ਹੈ, ਇਸ ਕਰਕੇ ਫ਼ੈਸਲਾ ਵੀ ਵੱਖ-ਵੱਖ ਪਹਿਲੂ ਵਿਚਾਰ ਕੇ ਹੀ ਦਿੱਤਾ ਜਾਵੇਗਾ।

ਬੈਂਚ ਨੇ ਨੁਕਤਾ ਉਠਾਇਆ ਕਿ ਪਾਮ ਤੇਲ ਕੇਸ ਦੀ ਪੜਤਾਲ ਸੀ.ਵੀ.ਸੀ. ਦੇ ਸੂਬਾ ਵਿੰਗ ਨੇ ਕੀਤੀ ਹੈ ਅਤੇ ਸ੍ਰੀ ਥੌਮਸ ਕਮਿਸ਼ਨ ਦੇ ਕੇਂਦਰੀ ਸੰਗਠਨ ਦੇ ਮੁਖੀ ਹਨ। ਵਰਣਨਯੋਗ ਹੈ ਕਿ ਸੀ.ਵੀ.ਸੀ. ਦੀ ਨਿਯੁਕਤੀ ਦੋ ਪਟੀਸ਼ਨਾਂ ਦਾਇਰ ਹੋਈਆਂ। ਇਕ ਗ਼ੈਰਸਰਕਾਰੀ ਸੰਗਠਨ ਵੱਲੋਂ ਅਤੇ ਦੂਜੀ ਸਾਬਕਾ ਮੁੱਖ ਚੋਣ ਕਮਿਸ਼ਨਰ ਵੱਲੋਂ। ਦੋਵਾਂ ਵਿਚ ਕਿਹਾ ਗਿਆ ਹੈ ਕਿ ਇਹ ਨਿਯੁਕਤੀ ਵਿਰੋਧੀ ਧਿਰ ਦੇ ਆਗੂ ਦੇ ਵਿਰੋਧ ਦੇ ਬਾਵਜੂਦ ਕੀਤੀ ਗਈ। ਵਿਰੋਧੀ ਧਿਰ ਦਾ ਆਗੂ ਸੀ.ਵੀ.ਸੀ. ਦੀ ਨਿਯੁਕਤੀ ਲਈ ਬਣੀ ਉਚ ਪੱਧਰੀ ਕਮੇਟੀ ਦਾ ਹਿੱਸਾ ਸਨ।

# ਸ਼੍ਰੋਮਣੀ ਕਮੇਟੀ ਮੈਂਬਰ ਖ਼ਿਲਾਫ਼ ਹੇਰਾਫੇਰੀ ਦਾ ਕੇਸ ਦਰਜ

**ਬਰਨਾਲਾ:** ਸ਼੍ਰੋਮਣੀ ਕਮੇਟੀ ਮੈਂਬਰ ਸੰਤ ਟੇਕ ਸਿੰਘ ਧਨੌਲਾ ਖ਼ਿਲਾਫ਼ ਹੇਰਾਫੇਰੀ ਦਾ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਅਨੁਸਾਰ ਬਾਬਾ ਗਾਂਧਾ ਸਿੰਘ ਵਿਦਿਅਕ ਟਰੱਸਟ ਬਰਨਾਲਾ ਦੇ ਸਾਬਕਾ ਚੇਅਰਮੈਨ ਤੇ ਸ਼੍ਰੋਮਣੀ ਕਮੇਟੀ ਮੈਂਬਰ ਸੰਤ ਟੇਕ ਸਿੰਘ ਧਨੌਲਾ ਤੇ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਦੇ ਸਾਬਕਾ ਪ੍ਰਿੰਸੀਪਲ ਸ਼ੇਰ ਜੰਗ ਸਿੰਘ ਚਾਹਲ ਖ਼ਿਲਾਫ਼ ਟਰੱਸਟ ਦੇ ਫੰਡਾਂ ਵਿਚ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਹੇਰਾਫੇਰੀ ਕਰਨ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਪੁਲਿਸ ਨੇ ਦੱਸਿਆ ਹੈ ਕਿ 10 ਨਵੰਬਰ ਨੂੰ ਬਾਬਾ ਗਾਂਧਾ ਸਿੰਘ ਵਿੱਦਿਅਕ ਟਰੱਸਟ ਦੇ ਟਰੱਸਟੀਆਂ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ, ਸੰਤ ਹਾਕਮ ਸਿੰਘ ਗੰਡਾ ਸਿੰਘ ਵਾਲਾ ਤੇ ਕੇਵਲ ਕ੍ਰਿਸ਼ਨ ਹੰਡਿਆਇਆ ਨੇ ਲਿਖਤੀ ਸ਼ਿਕਾਇਤ ਦੇ ਕੇ ਦੋਸ਼ ਲਗਾਇਆ ਸੀ ਕਿ ਟਰੱਸਟ ਦੇ ਚੇਅਰਮੈਨ ਸੰਤ ਟੇਕ ਸਿੰਘ ਧਨੌਲਾ ਨੇ ਪ੍ਰਿੰਸੀਪਲ ਸ਼ੇਰ ਜੰਗ ਸਿੰਘ ਚਾਹਲ ਨਾਲ ਮਿਲੀਭੁਗਤ ਕਰਕੇ ਟਰੱਸਟ ਦੇ ਫੰਡਾਂ ਦੀ ਦੁਰਵਰਤੋਂ ਕੀਤੀ ਹੈ। ਇਸ ਲਈ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਘਪਲਿਆਂ ਦੇ ਵਿਵਾਦ ਦੌਰਾਨ ਟਰਸਟ ਵੱਲੋਂ ਸੰਤ ਟੇਕ ਸਿੰਘ ਨੂੰ ਦਿੱਤੇ ਮੀਟਿੰਗ ਬਾਰੇ ਤਿੰਨ ਨੋਟਿਸਾਂ ਵਿਚ ਕੋਈ ਹਾਜ਼ਰੀ ਨਹੀਂ ਦਿੱਤੀ ਗਈ ਤੇ ਅੰਤ ਵਿਚ ਟਰੱਸਟ ਵੱਲੋਂ ਸ੍ਰੀ ਸੁਖਦੇਵ ਸਿੰਘ ਢੀਂਡਸਾ ਨੂੰ ਟਰਸਟ ਦਾ ਚੇਅਰਮੈਨ ਥਾਪ ਦਿੱਤਾ ਗਿਆ। ਇਸ ਤੋਂ ਬਾਅਦ ਵਿਵਾਦ ਉਦੋਂ ਹੋਰ ਗੰਭੀਰ ਹੋ ਗਿਆ ਜਦੋਂ ਟਰਸਟ ਦੇ ਚੇਅਰਮੈਨ ਰਹਿ ਚੁੱਕੇ ਬਾਬਾ ਟੇਕ ਸਿੰਘ ਤੇ ਪ੍ਰਿੰਸੀਪਲ ਚਹਿਲ ਉਪਰ ਫ਼ੌਜਦਾਰੀ ਮੁਕੱਦਮਾ ਦਰਜ ਕੀਤਾ ਗਿਆ ਹੈ ਤੇ ਦੂਸਰੇ ਪਾਸੇ ਪੰਜ ਵਿਅਕਤੀਆਂ ਨੇ ਆਪਣੇ ਆਪ ਨੂੰ ਇਸ ਟਰੱਸਟ ਦੇ ਮੈਂਬਰ ਦੱਸਦੇ ਹੋਏ ਹਾਈ ਕੋਰਟ ਵਿਚ ਪੇਸ਼ਗੀ ਜ਼ਮਾਨਤ ਲੈਣ ਲਈ ਅਰਜ਼ੀਆਂ ਦਾਖ਼ਲ ਕਰ ਦਿੱਤੀਆਂ। ਪੁਲਿਸ ਨੇ ਸੰਤ ਹਾਕਮ ਸਿੰਘ ਗੰਡਾ ਸਿੰਘ ਵਾਲਾ ਤੇ ਉਨ੍ਹਾਂ ਦੇ ਹੋਰ ਟਰੱਸਟੀਆਂ ਦੇ ਬਿਆਨ 'ਤੇ ਇਹ ਮੁਕੱਦਮਾਂ ਦਰਜ ਕੀਤਾ ਹੈ ਕਿ ਟਰੱਸਟ ਦੇ ਚੇਅਰਮੈਨ ਬਾਬਾ ਟੇਕ ਸਿੰਘ ਧਨੌਲਾ ਤੇ ਸਕੂਲ ਦੇ ਪ੍ਰਿੰਸੀਪਲ ਨੇ ਆਪਸੀ ਕਥਿਤ ਮਿਲੀ ਭੁਗਤ ਨਾਲ 2007 ਤੋਂ ਬਾਅਦ ਟਰੱਸਟ ਦੀ ਕੋਈ ਮੀਟਿੰਗ ਨਹੀਂ ਕੀਤੀ ਤੇ ਨਾ ਹੀ ਸਕੂਲ ਦਾ ਹਿਸਾਬ-ਕਿਤਾਬ ਦੂਜੇ ਟਰੱਸਟੀਆਂ ਨੂੰ ਦਿੱਤਾ ਹੈ। ਭਾਵੇਂ ਇਸ ਵਿਦਿਅਕ ਸੰਸਥਾ ਵਿਚ ਟਰੱਸਟੀਆਂ ਦੇ ਅਨੁਮਾਨ ਅਨੁਸਾਰ ਲੱਖਾਂ ਦਾ ਨਹੀਂ ਸਗੋਂ ਕਰੋੜਾ ਦਾ ਘਪਲਾ ਹੋਇਆ ਹੈ।

# ਹੱਜ 'ਤੇ ਗਈਆਂ ਤਿੰਨ ਭੈਣਾਂ ਦਾ ਮਿਲਾਪ

**ਦੁਬਈ:** ਇਸ ਸਾਲ ਹੱਜ ਯਾਤਰਾ ਸਦਕਾ ਤਿੰਨ ਵੱਖੋ-ਵੱਖਰੇ ਦੇਸ਼ਾਂ ਵਿਚ ਵਸਦੀਆਂ ਤਿੰਨ ਭਾਰਤੀ ਭੈਣਾਂ ਦਾ ਮਿਲਾਪ ਹੋ ਗਿਆ ਤੇ ਉਨ੍ਹਾਂ ਅਲਾਹਾਬਾਦ ਵਿਚ ਬਿਤਾਏ ਆਪਣੇ ਬਚਪਨ ਦੀਆਂ ਯਾਦਾਂ ਤਾਜ਼ਾ ਕੀਤੀਆਂ। ਸ਼ਾਹਨਾ ਮਿਰਜ਼ਾ, ਫਰਜ਼ਾਨਾ ਮਿਰਜ਼ਾ ਤੇ ਦੁਰਦਾਨਾ ਮਿਰਜ਼ਾ ਸਬੱਬ ਨਾਲ ਇਸ ਸਾਲ ਸਾਊਦੀ ਅਰਬ ਵਿਚ ਹੱਜ ਕਰਨ ਪੁੱਜ ਗਈਆਂ।

ਸਭ ਤੋਂ ਵੱਡੀ ਸ਼ਾਹਾਨਾ ਦੀ 1997 ਵਿਚ ਕਰਾਚੀ ਵਿਚ ਉਸ ਦੇ ਇਕ ਦੂਰ ਦੇ ਰਿਸ਼ਤੇਦਾਰ ਨਾਲ ਸ਼ਾਦੀ ਹੋ ਗਈ ਤੇ ਉਦੋਂ ਤੋਂ ਹੁਣ ਤਕ ਉਹ ਸਿਰਫ ਤਿੰਨ ਵਾਰ ਭਾਰਤ ਆ ਸਕੀ। ਦੋ ਸਾਲਾਂ ਬਾਅਦ ਫਰਜ਼ਾਨਾ ਦੀ ਯਾਵਰ ਸਿਦੀਕੀ ਨਾਲ ਸ਼ਾਦੀ ਹੋ ਗਈ ਜੋ ਸ਼ਿਕਾਗੋ ਵਿਚ ਕੰਮ ਕਰਦਾ ਸੀ। ਦੁਰਦਾਨਾ ਬੰਗਲੌਰ ਦੇ ਇਕ ਇੰਜੀਨੀਅਰ ਨਾਲ ਵਿਆਹੀ ਗਈ। ਉਹ ਆਪਣੇ ਪਤੀ ਨਾਲ ਹੱਜ ਕਰਨ ਆਈ ਹੋਈ ਹੈ ਤੇ ਇਵੇਂ ਹੀ ਫਰਜ਼ਾਨਾ ਤੇ ਉਸ ਦਾ ਪਤੀ ਯਾਵਰ ਸਿਦੀਕੀ ਹੱਜ 'ਤੇ ਆ ਗਏ। ਇਸ ਤਰ੍ਹਾਂ ਇਹ ਇਨ੍ਹਾਂ ਲਈ ਮਿਲਾਪ ਦੀ ਸੁਲੱਖਣੀ ਘੜੀ ਬਣ ਗਈ।

ਦੁਰਦਾਨਾ ਦੇ ਪਤੀ ਸ਼ਾਕਿਰ ਬਜ਼ਮੀ ਨੇ ਦੱਸਿਆ ਕਿ ਇਵੇਂ ਕਦੇ ਕਦਾਈਂ ਹੀ ਵਾਪਰਦਾ ਹੈ ਤੇ ਇਸ ਦੀ ਕੋਈ ਯੋਜਨਾ ਨਹੀਂ ਸੀ। ਅਸੀਂ ਭਾਰਤ ਵਿਚ ਸਰਕਾਰੀ ਹੱਜ ਕਮੇਟੀ ਰਾਹੀਂ ਹੱਜ ਲਈ ਅਰਜ਼ੀ ਦਿੱਤੀ ਸੀ। ਬਹੁਤ ਸਾਰੇ ਲੋਕ ਅਰਜ਼ੀਆਂ ਦਿੰਦੇ ਹਨ ਤੇ ਯਾਤਰੀਆਂ ਦਾ ਫੈਸਲਾ ਕੰਪਿਊਟਰ ਡਰਾਅ ਰਾਹੀਂ ਕੱਢਿਆ ਜਾਂਦਾ ਹੈ। ਚੰਗੇ ਭਾਗੀਂ ਇਸ ਸਾਲ ਅਸੀਂ ਚੁਣੇ ਗਏ। ਉਨ੍ਹਾਂ ਕਿਹਾ ਅਸੀਂ ਪਾਕਿਸਤਾਨ ਵਿਚ ਸ਼ਾਹਨਾ ਨੂੰ ਲਿਖਿਆ ਤੇ ਉਸ ਨੇ ਦੱਸਿਆ ਕਿ ਉਹ ਵੀ ਹੱਜ ਲਈ ਸਾਊਦੀ ਅਰਬ ਆ ਰਹੇ ਹਨ। ਸਾਡੀ ਖੁਸ਼ੀ ਦੀ ਹੱਦ ਨਾ ਰਹੀ ਤੇ ਫੇਰ ਅਮਰੀਕਾ ਵਿਚ ਉਨ੍ਹਾਂ ਦੀ ਭੈਣ ਦਾ ਸੁਨੇਹਾ ਆਇਆ ਕਿ ਉਹ ਵੀ ਹੱਜ ਕਰਨ ਆ ਰਹੀ ਹੈ। ਭੈਣਾਂ ਲਈ ਤਾਂ ਇਹ ਕੋਈ ਪਰੀ ਕਹਾਣੀ ਦੀ ਤਰ੍ਹਾਂ ਹੈ। ਤਿੰਨੋਂ ਭੈਣਾਂ ਪਿਛਲੇ ਹਫਤੇ ਮੱਕਾ 'ਚ ਪਵਿੱਤਰ ਕਾਬਾ ਵਿਖੇ ਮਿਲੀਆਂ। ਉਨ੍ਹਾਂ ਇਕ-ਦੂਜੀ ਨੂੰ ਘੁੱਟ ਕੇ ਜੱਫੀ ਪਾਈ ਤੇ ਆਪਣੇ ਬਚਪਨ ਦੀਆਂ ਯਾਦਾਂ ਤਾਜ਼ਾ ਕੀਤੀਆਂ।

KHALSA
INSURANCE AGENCY, INC.
WE NOW INSURE IN 33 STATES
LARGEST INDEPENDENT INSURANCE BROKERS
REPRESENTING OVER 100 A+ RATED COMPANIES




TAXI—CABS · LIMOUSINES
COMMERCIAL AUTO




Gas Stations, Repair Shops, Liquor/Grocery Stores, Restaurants, 99 Cent stores, Hotels & Motels

*Licensed in:* Alabama • Arkansas • Arizona • California • Colorado • Connecticut • DC • Georgia • Florida • Idaho • Iowa Indiana • Illinois • Kansas • Louisiana • Maryland • Mississippi • Michigan • Minnesota • Nevada • New Jersey • New York New Mexico • Oregon • Ohio • Oklahoma • Pennsylvania • Texas • Utah • Virginia • Vermont Washington • Wisconsin

WWW.KHALSAINSURANCE.COM
California License # 0F89805
3750 McKee Road, Suite A • San Jose, CA 95127 • Fax 408.493.4552
408-272-2500 • 1-800-954-5409

ਪੰਜਾਬ ਟਾਈਮਜ਼

ਸਨਿਚਰਵਾਰ, 27 ਨਵੰਬਰ 2010

## ਭ੍ਰਿਸ਼ਟਾਚਾਰ ਦਾ ਸਪੈਕਟ੍ਰਮ

2ਜੀ. ਸਪੈੱਕਟ੍ਰਮ ਵੰਡ ਘੁਟਾਲੇ ਨੇ ਭ੍ਰਿਸ਼ਟ ਭਾਰਤੀ ਸਿਆਸਤ ਅਤੇ ਸਿਸਟਮ ਨੂੰ ਹੀ ਬੇਪਰਦ ਨਹੀਂ ਕੀਤਾ ਸਗੋਂ ਸਭ ਤੋਂ ਸਾਫ਼ ਅਕਸ ਵਾਲੇ ਸਮਝੇ ਜਾਂਦੇ ਪ੍ਰਧਾਨ ਮੰਤਰੀ ਤੇ ਅਰਥਸ਼ਾਸਤਰੀ ਡਾ. ਮਨਮੋਹਨ ਸਿੰਘ ਬਾਰੇ ਭਰਮ-ਭੁਲੇਖੇ ਵੀ ਦੂਰ ਕਰ ਦਿੱਤੇ ਹਨ। ਇਸ ਘੁਟਾਲੇ ਨੇ ਚਿਰ ਪਹਿਲਾਂ ਹੋਏ 'ਹਰਸ਼ਦ ਮਹਿਤਾ ਸ਼ੇਅਰ ਘੁਟਾਲੇ' ਨੂੰ ਵੀ ਪਛਾੜ ਦਿੱਤਾ ਹੈ। ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਰਿਪੋਰਟ ਮੁਤਾਬਕ ਇਸ ਘੁਟਾਲੇ ਨਾਲ ਲੋਕਾਂ ਦਾ 1,76,645 ਕਰੋੜ ਰੁਪਿਆ ਧਨਾਢਾਂ ਦੀਆਂ ਜੇਬਾਂ ਵਿਚ ਜਾ ਡਿੱਗਿਆ ਹੈ। ਇਸੇ ਕਰਕੇ ਇਸ ਨੂੰ ਮਹਾਂ-ਘੁਟਾਲੇ ਦਾ ਨਾਂ ਵੀ ਦਿੱਤਾ ਗਿਆ ਹੈ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦਾ ਕਹਿਣਾ ਹੈ ਕਿ ਇਸ ਘੁਟਾਲੇ ਦੀ ਜਾਂਚ ਅਗਲੇ ਸਾਲ ਮਾਰਚ ਤੱਕ ਮੁਕੰਮਲ ਹੋ ਸਕਣੀ ਹੈ। ਇਸ ਘੁਟਾਲੇ ਨਾਲ 'ਲੋਕ ਸੰਪਰਕ ਕਾਰੋਬਾਰੀ' ਨੀਰਾ ਰਾਡੀਆ ਟੇਪਾਂ ਦਾ ਮਾਮਲਾ ਜਿਸ ਤਰ੍ਹਾਂ ਜੁੜਿਆ ਹੈ ਅਤੇ ਇਸ ਵਿਚ ਸਿਆਸੀ ਆਗੂਆਂ, ਕਾਰੋਬਾਰੀਆਂ, ਅਫ਼ਸਰਾਂ ਤੇ ਪੱਤਰਕਾਰਾਂ ਦੀਆਂ ਤਾਰਾਂ ਜੁੜੀਆਂ ਹਨ, ਉਸ ਨਾਲ ਇਸ ਸਿਸਟਮ ਨੂੰ ਚਲਾ ਰਹੇ ਲੋਕਾਂ ਦੇ ਮਖੌਟੇ ਉਤਰ ਗਏ ਹਨ।

ਖੁਫ਼ੀਆ ਏਜੰਸੀਆਂ ਵੱਲੋਂ ਰਿਕਾਰਡ ਕੀਤੀਆਂ ਇਨ੍ਹਾਂ ਨੀਰਾ ਰਾਡੀਆ ਟੇਪਾਂ ਤੋਂ ਸੂਹ ਮਿਲਦੀ ਹੈ ਕਿ ਡੀ.ਐਮ.ਕੇ. ਆਗੂ ਏ. ਰਾਜਾ ਨੂੰ ਦੂਰਸੰਚਾਰ ਮੰਤਰੀ ਬਣਵਾਉਣ ਲਈ ਕਿਸ ਤਰ੍ਹਾਂ ਨੀਰਾ ਰਾਡੀਆ, ਪੱਤਰਕਾਰ ਵੀਰ ਸੰਘਵੀ ਤੇ ਬਰਖਾ ਦੱਤ ਤੇ ਹੋਰ ਸਿਆਸਤਦਾਨਾਂ ਨੇ ਸਿਰ-ਧੜ ਦੀ ਬਾਜ਼ੀ ਲਾਈ। ਇਸ ਤੋਂ ਬਾਅਦ 2ਜੀ. ਸਪੈੱਕਟ੍ਰਮ ਲਾਇਸੰਸ ਦੇਣ ਲਈ ਏ. ਰਾਜਾ ਨੇ ਕਿਸ ਤਰ੍ਹਾਂ ਮਨਮਰਜ਼ੀ ਕੀਤੀ। ਉਸ ਨੇ ਸਭ ਕਾਇਦੇ ਕਾਨੂੰਨ ਲਾਂਭੇ ਰੱਖ ਕੇ 'ਪਹਿਲਾਂ ਆਓ, ਪਹਿਲਾਂ ਪਾਓ' ਮੁਤਾਬਕ ਲਾਇਸੰਸ ਵੰਡੇ। ਫਿਰ ਲਾਇਸੰਸ ਲਈ ਆਈਆਂ ਅਰਜ਼ੀਆਂ ਲਈ ਸੀਨੀਆਰਟੀ ਦਾ ਵੀ ਮਨਮਰਜ਼ੀ ਦਾ ਨੇਮ ਬਣਾ ਲਿਆ। ਆਮ ਨੇਮ ਮੁਤਾਬਕ ਪਹਿਲਾਂ ਆਈ ਅਰਜ਼ੀ ਦਾ ਪਹਿਲਾਂ ਹੱਕ ਬਣਨਾ ਸੀ ਪਰ ਇਸ ਤਰ੍ਹਾਂ ਨਹੀਂ ਕੀਤਾ ਗਿਆ, ਬਲਕਿ ਜਿਸ ਨੇ ਪਹਿਲਾਂ ਬੈਂਕ ਗਰੰਟੀ ਬਣਵਾ ਲਈ ਤੇ ਫ਼ੀਸ ਜਮ੍ਹਾਂ ਕਰਵਾ ਲਈ, ਉਸ ਨੂੰ ਪਹਿਲ ਦੇ ਦਿੱਤੀ ਗਈ। ਚਲਾਕੀ ਇਹ ਕੀਤੀ ਕਿ ਆਪਣੇ ਚਹੇਤਿਆਂ ਨੂੰ ਪਹਿਲਾਂ ਹੀ ਇਸ ਬਾਰੇ ਸੁਚੇਤ ਕਰ ਦਿੱਤਾ। 'ਕੈਗ' ਨੇ ਆਪਣੀ ਰਿਪੋਰਟ ਵਿਚ ਦਰਜ ਕੀਤਾ ਹੈ ਕਿ 10 ਜਨਵਰੀ 2008 ਨੂੰ ਦੂਰਸੰਚਾਰ ਮਹਿਕਮੇ ਨੇ ਬਾਅਦ ਦੁਪਹਿਰ ਪੌਣੇ ਤਿੰਨ ਵਜੇ ਸਾਰੇ ਬਿਨੈਕਾਰਾਂ ਨੂੰ ਦੱਸਿਆ ਕਿ ਉਹ ਸਾਢੇ ਤਿੰਨ ਵਜੇ ਤੱਕ ਭਾਵ 45 ਮਿੰਟਾਂ ਵਿਚ, ਜ਼ਰੂਰੀ ਸ਼ਰਤਾਂ ਪੂਰੀਆਂ ਕਰਕੇ ਲਾਇਸੰਸ ਲੈ ਜਾਣ। ਅਗਲਿਆਂ ਪਹਿਲਾਂ ਹੀ ਨੇਮ ਪੂਰੇ ਕਰ ਲਏ। ਇਨ੍ਹਾਂ ਦੀ ਯੋਗਤਾ ਅਤੇ ਪਹਿਲਾ ਰਿਕਾਰਡ ਦੇਖੇ ਬਗ਼ੈਰ ਲਾਇਸੰਸ ਅਲਾਟ ਕਰ ਦਿੱਤੇ ਗਏ। ਇਹੀ ਨਹੀਂ, ਇਨ੍ਹਾਂ ਨੇ ਇਹ ਲਾਇਸੰਸ ਅਗਾਂਹ ਹੋਰ ਕੰਪਨੀਆਂ ਨੂੰ ਵੇਚ ਕੇ ਰਾਤੋ-ਰਾਤ ਕਰੋੜਾਂ ਰੁਪਏ ਕਮਾ ਲਏ। ਜਨਤਾ ਪਾਰਟੀ ਦੇ ਆਗੂ ਸੁਬਰਾਮਨੀਅਮ ਸਵਾਮੀ ਨੇ ਇਸ ਬਾਰੇ ਪ੍ਰਧਾਨ ਮੰਤਰੀ ਨੂੰ 29 ਨਵੰਬਰ 2008 ਨੂੰ ਚਿੱਠੀ ਲਿਖ ਕੇ ਖ਼ਬਰਦਾਰ ਕੀਤਾ ਪਰ ਪ੍ਰਧਾਨ ਮੰਤਰੀ ਪੂਰੇ 16 ਮਹੀਨੇ ਖ਼ਾਮੋਸ਼ ਹੀ ਰਹੇ, ਭਾਵੇਂ ਸੀ.ਬੀ.ਆਈ. ਨੇ 11 ਮਹੀਨੇ ਬਾਅਦ 21 ਅਕਤੂਬਰ 2009 ਨੂੰ "ਨਾਮਾਲੂਮ" ਬੰਦਿਆਂ ਤੇ ਕੰਪਨੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਸੀ। ਫਿਰ ਕਿਤੇ ਮਾਰਚ ਵਿਚ ਜਾ ਕੇ ਪ੍ਰਧਾਨ ਮੰਤਰੀ ਨੇ ਟਿੱਪਣੀ ਕੀਤੀ ਕਿ ਇਸ ਬਾਰੇ ਫ਼ਿਲਹਾਲ ਕੁਝ ਕਹਿਣਾ ਠੀਕ ਨਹੀਂ ਕਿਉਂਕਿ ਸੀ.ਬੀ.ਆਈ. ਜਾਂਚ ਚੱਲ ਰਹੀ ਹੈ। ਹੁਣ ਜਦੋਂ ਸੁਪਰੀਮ ਕੋਰਟ ਨੇ ਇਸ ਲੰਮੀ ਖ਼ਾਮੋਸ਼ੀ ਕਾਰਨ ਪ੍ਰਧਾਨ ਮੰਤਰੀ ਦੀ ਖਿਚਾਈ ਕੀਤੀ ਤਾਂ ਉਨ੍ਹਾਂ ਤੋਂ ਸਿਰਫ਼ ਇੰਨਾ ਹੀ ਸਰਿਆ ਕਿ "ਦੋਸ਼ੀ ਬਖ਼ਸ਼ੇ ਨਹੀਂ ਜਾਣਗੇ।"

ਸਾਫ਼-ਸਫ਼ਾਫ਼ ਅਕਸ ਵਾਲੇ ਅਤੇ ਈਮਾਨਦਾਰੀ ਵਜੋਂ ਮਸ਼ਹੂਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਆਖ਼ਰਕਾਰ 16 ਮਹੀਨੇ ਕਿਉਂ ਖ਼ਾਮੋਸ਼ ਰਹੇ? ਹਾਲਾਂਕਿ 'ਕੈਗ' ਨੇ ਆਪਣੀ 77 ਸਫ਼ਿਆਂ ਦੀ ਰਿਪੋਰਟ ਵਿਚ ਸਾਫ਼ ਲਿਖਿਆ ਸੀ ਕਿ ਦੂਰਸੰਚਾਰ ਮੰਤਰੀ ਏ. ਰਾਜਾ ਨੇ ਕਾਨੂੰਨ ਅਤੇ ਵਿੱਤ ਮਹਿਕਮਿਆਂ ਦੀਆਂ ਸਲਾਹਾਂ ਨੂੰ ਵੀ ਦਰਕਿਨਾਰ ਕੀਤਾ। ਕੀ ਕਾਰਨ ਸੀ ਕਿ ਪਿਛਲੇ ਸਾਲ ਲੋਕ ਸਭਾ ਚੋਣਾਂ ਵਿਚ ਦੁਬਾਰਾ ਜਿੱਤਣ ਤੋਂ ਬਾਅਦ ਦੂਰਸੰਚਾਰ ਮਹਿਕਮਾ ਇਕ ਵਾਰ ਫਿਰ ਏ. ਰਾਜਾ ਨੂੰ ਸੌਂਪ ਦਿੱਤਾ ਗਿਆ? ਇਸ ਸਾਰੇ ਗੇੜ ਵਿਚ, ਉੱਪਰ ਤੱਕ ਪਹੁੰਚ ਰੱਖਣ ਵਾਲੇ ਕੁਝ ਪੱਤਰਕਾਰਾਂ ਨੇ ਜੋ ਰੋਲ ਨਿਭਾਇਆ, ਉਹ ਸਚਮੁੱਚ ਫ਼ਿਕਰ ਵਾਲੀ ਗੱਲ ਹੈ। ਕਾਰੋਬਾਰੀਆਂ ਦੇ ਮੁਫ਼ਾਦੀ ਦਖ਼ਲ ਕਾਰਨ ਪੱਤਰਕਾਰੀ ਦਾ ਮਿਸ਼ਨ ਤਾਂ ਪਹਿਲਾਂ ਹੀ ਡੋਲ ਚੁੱਕਾ ਹੈ, ਹੁਣ ਸਿਆਸਤਦਾਨਾਂ, ਕਾਰੋਬਾਰੀਆਂ ਤੇ ਅਫ਼ਸਰਸ਼ਾਹੀ ਨਾਲ ਪੱਤਰਕਾਰਾਂ ਦਾ ਗਠਜੋੜ ਮਾੜੇ ਨਤੀਜੇ ਹੀ ਕੱਢੇਗਾ! ਮਿਸਾਲ ਹੁਣੇ ਹੀ ਸਾਹਮਣੇ ਆ ਗਈ ਹੈ। ਏ. ਰਾਜਾ ਨੂੰ ਮੰਤਰੀ ਬਣਵਾਉਣ ਵਿਚ ਅਹਿਮ ਰੋਲ ਨਿਭਾਉਣ ਵਾਲੇ ਪੱਤਰਕਾਰਾਂ ਖ਼ਿਲਾਫ਼ ਉਸ ਤਰ੍ਹਾਂ ਦੀ ਲਾਮਬੰਦੀ ਨਹੀਂ ਹੋਈ ਜੋ ਹੋਣੀ ਚਾਹੀਦੀ ਸੀ। ਕਰੂਰ ਅਤੇ ਭ੍ਰਿਸ਼ਟ ਤਾਣੇ-ਬਾਣੇ ਵਿਚ 'ਬੇਵਸੀ' ਦਾ ਇਹ ਆਲਮ ਤੰਗ ਕਰਨ ਵਾਲਾ ਹੈ। ਇਹ ਬੇਵਸੀ ਸ਼ਾਇਦ ਪ੍ਰਧਾਨ ਮੰਤਰੀ ਦੀ ਵੀ ਹੈ। ਸ਼ਾਇਦ ਇਸੇ ਕਰਕੇ ਹਾਲ ਹੀ 'ਚ 'ਕੈਗ' ਦੀ 150ਵੀਂ ਵਰ੍ਹੇਗੰਢ ਮੌਕੇ ਕਰਵਾਏ ਸਮਾਗਮ ਵਿਚ ਭਾਸ਼ਨ ਕਰਦਿਆਂ ਉਨ੍ਹਾਂ ਤਰਲਾ ਜਿਹਾ ਕੀਤਾ ਸੀ ਕਿ 'ਕੈਗ' ਨੂੰ ਅਣਭੋਲ ਹੋਈਆਂ ਗ਼ਲਤੀਆਂ ਅਤੇ ਜਾਣਬੁਝ ਕੇ ਕੀਤੀਆਂ ਜਾਦੀਆਂ ਗ਼ਲਤੀਆਂ ਵਿਚ ਫ਼ਰਕ ਜ਼ਰੂਰ ਰੱਖਣਾ ਚਾਹੀਦਾ ਹੈ। ਅਜਿਹੇ ਹਾਲਾਤ ਵਿਚ ਇਕੱਲੇ ਬੰਦੇ ਦੀ ਈਮਾਨਦਾਰੀ ਦਾ ਜੋ ਹਸ਼ਰ ਹੁੰਦਾ ਹੈ, ਉਹ ਸਭ ਦੇ ਸਾਹਮਣੇ ਹੈ। ਅਫ਼ਸੋਸ ਦੀ ਗੱਲ ਇਹ ਕਿ ਪ੍ਰਧਾਨ ਮੰਤਰੀ ਦਾ ਸਮੂਹ ਦੀ ਈਮਾਨਦਾਰੀ ਨਾਲ ਕੋਈ ਨਾਤਾ ਨਹੀਂ ਜੁੜਿਆ ਹੈ। ਨਹੀਂ ਤਾਂ ਕਿਸੇ ਏ. ਰਾਜਾ ਦੀ ਮਜਾਲ ਨਹੀਂ ਸੀ ਕਿ ਉਹ ਪ੍ਰਧਾਨ ਮੰਤਰੀ ਦਫ਼ਤਰ ਦੇ ਅੱਖੀਂ ਘੱਟਾ ਪਾ ਕੇ ਸਰਕਾਰ ਨੂੰ 1,76,645 ਕਰੋੜ ਰੁਪਏ ਦਾ ਰਗੜਾ ਲਾ ਜਾਂਦਾ। ਨਤੀਜਾ ਇਹ ਨਿਕਲਿਆ ਹੈ ਕਿ ਲੋਕਾਂ ਨੂੰ ਸਸਤੀ ਟੈਲੀਫੋਨ ਸੇਵਾ ਮੁਹੱਈਆ ਕਰਵਾਉਣ ਦੇ ਨਾਂ 'ਤੇ ਸ਼ੁਰੂ ਕੀਤਾ 2ਜੀ. ਸਪੈੱਕਟ੍ਰਮ, ਭ੍ਰਿਸ਼ਟਾਚਾਰ ਦਾ ਸਪੈੱਕਟ੍ਰਮ ਬਣ ਕੇ ਰਹਿ ਗਿਆ। ਹੁਣ ਏ. ਰਾਜਾ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ ਗਿਆ ਹੈ, ਬਾਕੀ ਸਭ ਉਵੇਂ ਹੀ ਹੈ ਜਿਵੇਂ ਪਹਿਲਾਂ ਸੀ। ਸੰਸਾਰ ਦੀ ਸਭ ਤੋਂ ਵੱਡੀ, ਭਾਰਤੀ ਜਮਹੂਰੀਅਤ ਦਾ ਇਹੀ ਸਭ ਤੋਂ ਵੱਡਾ ਦੁਖਾਂਤ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਘੁਟਾਲਿਆਂ ਦਾ ਦੇਸ

ਧੀਆਂ ਭੈਣਾਂ ਦੀ ਆਬਰੂ ਰਹੀ ਕੋਈ ਨਾ, ਖੋਰਾ ਖੋਜ ਨਾ ਲੱਭੇ ਉਧਾਲਿਆਂ ਦਾ।
ਖੰਭ ਲਾ ਕੇ ਉਡੀ ਇਮਾਨਦਾਰੀ, ਬੋਲ ਬਾਲਾ ਏ ਘਾਲਿਆਂ ਮਾਲਿਆਂ ਦਾ।
ਚਿੱਟੇ ਕੁੜਤਿਆਂ ਵਾਲੇ ਵੀ ਲੁਟਦੇ ਨੇ, 'ਕੱਲਾ ਕੰਮ ਨਹੀਂ ਕੱਛਿਆਂ ਕਾਲਿਆਂ ਦਾ।
ਨਹੀਂਓਂ ਰਿਸ਼ਵਤਾਂ ਖਾਣ ਵਿਚ ਕੋਈ ਸਾਨੀ, ਇਨ੍ਹਾਂ ਮੋਟੀਆਂ ਗੋਗੜਾਂ ਵਾਲਿਆਂ ਦਾ।
ਸੂੰਨ ਲਾਉਣ ਸਰਕਾਰੀ ਖਜ਼ਾਨਿਆਂ ਨੂੰ ਠੱਗਾਂ ਚੋਰਾਂ ਨੂੰ ਰੋਕਾ ਕੀ ਤਾਲਿਆਂ ਦਾ।
ਭਾਰਤ, ਹਿੰਦ ਜਾਂ ਇੰਡੀਆ ਕਹਿਣ ਨਾਲੋਂ, ਆਖੋ ਏਸ ਨੂੰ ਦੇਸ਼ ਘੁਟਾਲਿਆਂ ਦਾ!

# ਵਿਹਾਰਕ ਪਹੁੰਚ ਦੀ ਘਾਟ ਨੇ ਪੰਜਾਬ ਨੂੰ ਕਰਜ਼ੇ ਦੇ ਮੱਕੜ ਜਾਲ ਵੱਲ ਧੱਕਿਆ

**ਆਰ.ਐਸ. ਬਾਵਾ**

ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਪਹਿਲੇ ਸਥਾਨ ਤੋਂ ਖਿਸਕ ਕੇ ਚੌਥੇ ਸਥਾਨ 'ਤੇ ਆ ਗਿਆ ਹੈ। ਪ੍ਰਤੀ ਵਿਅਕਤੀ ਆਮਦਨ ਤੋਂ ਇਲਾਵਾ ਹੋਰ ਪੱਖਾਂ ਤੋਂ ਵੀ ਸੂਬੇ ਦੇ ਹਾਲਾਤ ਫ਼ਿਕਰਮੰਦੀ ਵਾਲੇ ਹਨ। ਵਿੱਤ ਪ੍ਰਬੰਧ ਦੇ ਲਿਹਾਜ਼ ਤੋਂ ਪੰਜਾਬ ਸਿਹਤਮੰਦ ਨਹੀਂ ਹੈ। ਜੇ ਇਲਾਜ ਲਈ ਕੁਝ ਜ਼ਰੂਰੀ ਅਤੇ ਠੋਸ ਕਦਮ ਨਾ ਚੁੱਕੇ ਗਏ ਤਾਂ ਭਵਿੱਖ ਵਿਚ ਵੀ ਨਿਰਾਸ਼ਾ ਹੀ ਪੱਲੇ ਪਵੇਗੀ।

ਵਿੱਤੀ ਅਤੇ ਸਰਕਾਰੀ ਆਮਦਨ ਦੇ ਘਾਟੇ ਨੂੰ ਘੱਟ ਕਰਨ ਲਈ ਪੰਜਾਬ ਸਰਕਾਰ ਨੇ ਮਈ 2003 ਵਿਚ 'ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਬਿੱਲ' ਪਾਸ ਕੀਤਾ। ਕੇਂਦਰ ਸਰਕਾਰ ਨੇ ਸਾਰੇ ਸੂਬਿਆਂ ਨੂੰ ਸਾਲ 2007-08 ਤੱਕ ਵਿੱਤੀ ਘਾਟਾ 3% ਅਤੇ ਸਰਕਾਰੀ ਆਮਦਨ ਦਾ ਘਾਟਾ ਸਿਫ਼ਰ ਤੱਕ ਲਿਆਉਣ ਲਈ ਕਿਹਾ ਸੀ ਪਰ ਕੇਰਲ ਅਤੇ ਪੱਛਮੀ ਬੰਗਾਲ ਸਮੇਤ ਪੰਜਾਬ ਇਹ ਟੀਚਾ ਪੂਰਾ ਕਰਨ ਵਿਚ ਨਾਕਾਮ ਰਿਹਾ। 2007-08 ਦੌਰਾਨ ਪੰਜਾਬ ਨੂੰ ਮਾਲੀਏ ਵਿਚ ਸਭ ਤੋਂ ਵੱਧ ਘਾਟਾ ਪਿਆ। 13ਵੇਂ ਵਿੱਤੀ ਕਮਿਸ਼ਨ ਨੇ ਇਨ੍ਹਾਂ ਸੂਬਿਆਂ ਨੂੰ ਕੇਂਦਰ ਦੀਆਂ ਸ਼ਰਤਾਂ ਉਤੇ ਪੂਰਾ ਉਤਰਨ ਲਈ 2014-15 ਤੱਕ ਦਾ ਸਮਾਂ ਦਿੱਤਾ ਹੈ। ਪੰਜਾਬ ਦੇ ਵਿੱਤੀ ਹਾਲਾਤ ਬਾਰੇ ਅੰਦਾਜ਼ਾ ਸਿਰਫ ਇਹ ਜਾਣ ਕੇ ਹੀ ਲਾਇਆ ਜਾ ਸਕਦਾ ਹੈ ਕਿ ਕੇਂਦਰ ਤੋਂ ਲਏ ਕਰਜ਼ੇ ਅਤੇ ਵੱਖ-ਵੱਖ ਸਰੋਤਾਂ ਤੋਂ ਜੁਟਾਈ ਆਮਦਨ ਕਿਸ ਤਰ੍ਹਾਂ ਖਰਚ ਕੀਤੀ ਜਾਂਦੀ ਹੈ?

2009-10 ਵਿਚ ਪੰਜਾਬ ਦੇ ਵਿੱਤੀ ਹਾਲਾਤ ਦਾ ਅੰਦਾਜ਼ਾ ਲਾਉਣ ਲਈ ਕਈ ਪੱਖਾਂ ਤੋਂ ਵਿਚਾਰ ਕਰਨ ਦੀ ਲੋੜ ਹੈ। ਸੂਬੇ ਨੂੰ ਹੋਈ ਆਮਦਨ ਕੁੱਲ ਆਮਦਨ ਦਾ 58% ਹਿੱਸਾ ਸੀ। ਇਸ ਨਾਲ ਪੰਜਾਬ ਮੁਲਕ ਵਿਚ 7ਵੇਂ ਨੰਬਰ ਉਤੇ ਰਿਹਾ। ਆਮਦਨ ਅਤੇ ਕੁੱਲ ਸੂਬਾਈ ਘਰੇਲੂ ਉਤਪਾਦਨ ਦਾ ਅਨੁਪਾਤ ਤਕਰੀਬਨ 0.14 ਸੀ ਅਤੇ ਮੁਲਕ ਵਿਚ ਸੂਬੇ ਨੇ 20ਵਾਂ ਸਥਾਨ ਹਾਸਲ ਕੀਤਾ।

ਪੰਜਾਬ ਸਰਕਾਰ ਨੂੰ ਕਰਾਂ ਤੋਂ ਪ੍ਰਤੀ ਵਿਅਕਤੀ 5198 ਰੁਪਏ ਅਤੇ ਕਰਾਂ ਤੋਂ ਬਿਨਾਂ ਪ੍ਰਤੀ ਵਿਅਕਤੀ 2766 ਰੁਪਏ ਆਮਦਨ ਹੋਈ। ਇਨ੍ਹਾਂ ਪੱਖਾਂ ਤੋਂ ਪੰਜਾਬ ਨੇ ਕ੍ਰਮਵਾਰ 8ਵੀਂ ਅਤੇ 15ਵੀਂ ਥਾਂ ਹਾਸਲ ਕੀਤੀ। ਹਰਿਆਣਾ ਨੂੰ ਪ੍ਰਤੀ ਵਿਅਕਤੀ ਕਰਾਂ ਅਤੇ ਗੈਰ-ਕਰਾਂ ਤੋਂ ਕ੍ਰਮਵਾਰ 6020 ਅਤੇ 2412 ਰੁਪਏ, ਜਦੋਂ ਕਿ ਕੇਰਲ ਨੂੰ ਕ੍ਰਮਵਾਰ 5247 ਅਤੇ 1298 ਰੁਪਏ ਆਮਦਨ ਹੋਈ। ਇਸ ਤੋਂ ਸਪਸ਼ਟ ਹੈ ਕਿ ਇਨ੍ਹਾਂ ਦੋਵਾਂ ਸੂਬਿਆਂ ਨੂੰ ਕਰਾਂ ਤੋਂ ਪੰਜਾਬ ਦੇ ਮੁਕਾਬਲੇ ਵੱਧ ਆਮਦਨ ਹੁੰਦੀ ਹੈ।

ਪੰਜਾਬ ਕੁੱਲ ਵਿੱਤੀ ਘਾਟੇ ਦੇ ਲਿਹਾਜ਼ ਤੋਂ ਮੁਲਕ ਵਿਚ 8ਵੇਂ ਸਥਾਨ ਉਤੇ ਹੈ। ਪੰਜਾਬ ਨੂੰ 9660 ਕਰੋੜ ਰੁਪਏ, ਜਦੋਂ ਕਿ ਹਰਿਆਣਾ ਅਤੇ ਕੇਰਲ ਨੂੰ ਕ੍ਰਮਵਾਰ 8558 ਅਤੇ 5680 ਕਰੋੜ ਰੁਪਏ ਕੁੱਲ ਵਿੱਤੀ ਘਾਟਾ ਪਿਆ।

ਇਸੇ ਤਰ੍ਹਾਂ 6234 ਕਰੋੜ ਰੁਪਏ ਵਿੱਤੇ ਘਾਟੇ ਨਾਲ ਪੰਜਾਬ ਪੂਰੇ ਮੁਲਕ ਵਿਚੋਂ ਤੀਜੇ ਨੰਬਰ ਉਤੇ ਹੈ। ਦੂਜੇ ਪਾਸੇ ਹਰਿਆਣਾ ਅਤੇ ਕੇਰਲ ਨੇ ਕ੍ਰਮਵਾਰ 3384 ਅਤੇ 3008 ਕਰੋੜ ਰੁਪਏ ਘਾਟਾ ਝੱਲਿਆ। ਵਸੋਂ ਦੇ ਹਿਸਾਬ ਨਾਲ ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ ਵਿੱਤੀ ਹਾਲਾਤ ਵਧੇਰੇ ਵਿਸਫੋਟਕ ਹਨ।

ਇਸ ਸਾਲ ਮਾਰਚ ਤੱਕ ਪੰਜਾਬ 63,227 ਕਰੋੜ ਰੁਪਏ ਦੇ ਕਰਜ਼ੇ ਕਾਰਨ ਮੁਲਕ ਵਿਚ 10ਵੇਂ ਥਾਂ ਉਤੇ ਸੀ। ਹਰਿਆਣਾ ਅਤੇ ਕੇਰਲ ਸਿਰ ਕ੍ਰਮਵਾਰ 37,248 ਅਤੇ 67,354 ਕਰੋੜ ਰੁਪਏ ਕੁੱਲ ਕਰਜ਼ਾ ਹੈ ਪਰ ਪੰਜਾਬ ਦੇ ਹਰ ਵਿਅਕਤੀ ਸਿਰ 23,000 ਰੁਪਏ ਕਰਜ਼ਾ ਹੈ। ਇਹ ਮੁਲਕ ਦੇ ਸਾਰੇ ਸੂਬਿਆਂ ਨਾਲੋਂ ਵੱਧ ਹੋਣ ਕਾਰਨ ਚਿੰਤਾ ਦਾ ਅਹਿਮ ਕਾਰਨ ਹੈ। ਸੂਬੇ ਦੀ ਕੁੱਲ ਆਮਦਨ ਦਾ 22.22% ਹਿੱਸਾ ਸਮੁੱਚੇ ਕਰਜ਼ੇ ਦੇ ਵਿਆਜ ਵਜੋਂ ਅਦਾ ਕੀਤਾ ਗਿਆ ਹੈ। ਇਸ ਮਾਮਲੇ ਵਿਚ ਸਾਡੇ ਸੂਬੇ ਦਾ ਦੂਜਾ ਨੰਬਰ ਹੈ। ਹਰਿਆਣਾ ਅਤੇ ਕੇਰਲ ਲਈ ਇਹ ਕ੍ਰਮਵਾਰ 13.38 ਅਤੇ 18.87% ਸੀ। ਪੱਛਮੀ ਬੰਗਾਲ ਹੀ ਅਜਿਹਾ ਇਕਲੌਤਾ ਸੂਬਾ ਹੈ ਜਿਸ ਵਿਚ ਇਹ 31.12% ਭਾਵ ਪੰਜਾਬ ਨਾਲੋਂ ਵੱਧ ਹੈ। ਪੰਜਾਬ ਸਿਰ ਕਰਜ਼ਾ ਕੁੱਲ ਘਰੇਲੂ ਉਤਪਾਦਨ ਦਾ 38.2% ਹੈ। ਇਸ ਕਾਰਨ ਮੁਲਕ ਵਿਚੋਂ ਪੰਜਾਬ 11ਵੇਂ ਸਥਾਨ 'ਤੇ ਹੈ। ਹਰਿਆਣਾ ਵਿਚ ਇਹ 17.5% ਅਤੇ ਕੇਰਲ ਵਿਚ 34.1% ਹੈ।

ਖਰਚ ਉਤੇ ਝਾਤ ਮਾਰ ਕੇ ਪਤਾ ਲੱਗਦਾ ਹੈ ਕਿ ਇਸ ਪੱਖੋਂ ਵੀ ਹਾਲਾਤ ਜ਼ਿਆਦਾ ਚੰਗੇ ਨਹੀਂ। ਪੰਜਾਬ ਵਿਚ ਹਰ ਵਿਅਕਤੀ ਨੂੰ ਸਮਾਜਕ ਸੇਵਾਵਾਂ ਮੁਹੱਈਆ ਕਰਵਾਉਣ ਲਈ 2632 ਰੁਪਏ ਅਤੇ ਆਰਥਿਕ ਸੇਵਾਵਾਂ ਲਈ 2052 ਰੁਪਏ ਖਰਚ ਕੀਤੇ ਜਾਂਦੇ ਹਨ। ਇਸ ਵਿਚ ਪੰਜਾਬ ਕ੍ਰਮਵਾਰ 23ਵੇਂ ਅਤੇ 13ਵੇਂ ਸਥਾਨ ਉਤੇ ਹੈ। ਇਨ੍ਹਾਂ ਦੋਵਾਂ ਲਈ ਹਰਿਆਣਾ ਵਿਚ ਪ੍ਰਤੀ ਵਿਅਕਤੀ ਕ੍ਰਮਵਾਰ 4021 ਅਤੇ 3318 ਰੁਪਏ ਅਤੇ ਕੇਰਲ ਵਿਚ ਕ੍ਰਮਵਾਰ 3184 ਅਤੇ 1,050 ਰੁਪਏ ਖਰਚ ਕੀਤੇ ਜਾਂਦੇ ਹਨ।

ਪੰਜਾਬ ਵਿਚ ਵਿਕਾਸ ਕਾਰਜਾਂ ਲਈ ਪ੍ਰਤੀ ਵਿਅਕਤੀ 4684 ਰੁਪਏ ਖਰਚ ਕੀਤੇ ਜਾਂਦੇ ਹਨ। ਇਸ ਪੱਖੋਂ ਪੰਜਾਬ 20ਵੇਂ ਨੰਬਰ ਉਤੇ ਹੈ। ਵਿਕਾਸ ਤੋਂ ਬਿਨਾਂ ਹੋਰ ਕਾਰਜਾਂ ਲਈ ਪੰਜਾਬ ਵਿਚ ਪ੍ਰਤੀ ਵਿਅਕਤੀ 6176 ਰੁਪਏ ਜਦੋਂ ਕਿ ਹਰਿਆਣਾ ਅਤੇ ਕੇਰਲ ਵਿਚ ਕ੍ਰਮਵਾਰ 3237 ਅਤੇ 4018 ਰੁਪਏ ਖਰਚ ਕੀਤੇ ਜਾਂਦੇ ਹਨ।

ਇਸ ਤੋਂ ਸੂਬੇ ਦੇ ਫੰਡਾਂ ਦੀ ਵਰਤੋਂ ਬਾਰੇ ਸਾਫ ਪਤਾ ਲੱਗਦਾ ਹੈ। ਇਸ ਬਾਰੇ ਹੋਰ ਚੰਗੀ ਤਰ੍ਹਾਂ ਜਾਣਨ ਲਈ ਵਿਦਿਆ ਅਤੇ ਸਿਹਤ ਖੇਤਰ ਵਿਚ ਪ੍ਰਤੀ ਵਿਅਕਤੀ ਖਰਚ ਉਤੇ ਝਾਤ ਮਾਰੀ ਜਾ ਸਕਦੀ ਹੈ।

ਸਿੱਖਿਆ ਦੇ ਖੇਤਰ ਵਿਚ ਹਰ ਵਿਅਕਤੀ ਉਤੇ ਖਰਚ ਦੇ ਮਾਮਲੇ ਵਿਚ ਪੰਜਾਬ 16ਵੇਂ ਨੰਬਰ ਉਤੇ ਹੈ। ਪੰਜਾਬ, ਹਰਿਆਣਾ ਅਤੇ ਕੇਰਲ ਲਈ ਇਹ ਕ੍ਰਮਵਾਰ 1598, 2236 ਅਤੇ 1811 ਰੁਪਏ ਹੈ। ਇਸੇ ਤਰ੍ਹਾਂ ਸਿਹਤ ਸਹੂਲਤਾਂ ਲਈ ਪੰਜਾਬ, ਹਰਿਆਣਾ ਅਤੇ ਕੇਰਲ ਵਿਚ ਪ੍ਰਤੀ ਵਿਅਕਤੀ ਕ੍ਰਮਵਾਰ 376, 392 ਅਤੇ 426 ਰੁਪਏ ਖਰਚ ਕੀਤੇ ਗਏ।

ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਹੈ ਕਿ ਪੰਜਾਬ ਆਮਦਨ ਜੁਟਾਉਣ ਵਿਚ ਬਾਕੀ ਸੂਬਿਆਂ ਦੇ ਮੁਕਾਬਲੇ ਕਾਫੀ ਪੱਛੜ ਗਿਆ ਹੈ। ਇਸ ਦਾ ਮੂਲ ਕਾਰਨ ਟੈਕਸਾਂ ਦਾ ਘੱਟ ਹੋਣਾ ਨਹੀਂ ਸਗੋਂ ਉਨ੍ਹਾਂ ਦੀ ਵਸੂਲੀ ਦਾ ਮਾੜਾ ਪ੍ਰਬੰਧ ਹੈ। ਜਾਪਦਾ ਹੈ ਕਿ ਪੰਜਾਬ ਸਿਰ ਕਰਜ਼ਾ ਵਿਹਾਰਕ ਪਹੁੰਚ ਦੀ ਕਮੀ ਕਾਰਨ ਚੜ੍ਹਿਆ ਹੈ ਪਰ ਖਰਚ ਪੱਖੋਂ ਹਾਲਾਤ ਹੋਰ ਸਪਸ਼ਟ ਅਤੇ ਵਿਸਫੋਟਕ ਹੋ ਜਾਂਦੇ ਹਨ। ਸਮਾਜਕ, ਵਿਦਿਅਕ ਅਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਹਿੱਤ ਪੰਜਾਬ ਵਿਚ ਬਹੁਤ ਘੱਟ ਰਕਮ ਖਰਚ ਹੁੰਦੀ ਹੈ। ਇਸ ਲਈ ਪੰਜਾਬ ਵਿਚ ਆਮਦਨ ਦੇ ਸਾਧਨ ਜੁਟਾਉਣ ਅਤੇ ਖਰਚ ਦਾ ਕੰਮ ਸਹੀ ਢੰਗ ਨਾਲ ਨਹੀਂ ਹੋ ਰਿਹਾ। ਪੰਜਾਬ ਦੇ ਹਰ ਵਿਅਕਤੀ ਸਿਰ ਮੁਲਕ ਦੇ ਬਾਕੀ ਸੂਬਿਆਂ ਦੇ ਮੁਕਾਬਲੇ ਸਭ ਤੋਂ ਵੱਧ ਕਰਜ਼ਾ ਹੈ। ਕੇਂਦਰ ਤੋਂ ਲਿਆ ਇਹ ਕਰਜ਼ਾ ਸੂਬੇ ਦੇ ਲੋਕਾਂ ਦੇ ਹਿੱਤਾਂ ਦੀ ਬਜਾਏ ਹੋਰ ਕੰਮਾਂ ਲਈ ਵਰਤਿਆ ਜਾ ਰਿਹਾ ਹੈ।

# ਮਨਪ੍ਰੀਤ ਬਾਦਲ ਦਾ ਨਿਸ਼ਾਨਾ 'ਮਿਸ਼ਨ 2012'

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਨਪ੍ਰੀਤ ਬਾਦਲ ਵੱਲੋਂ ਪੰਜਾਬ ਦੀ ਸਿਆਸਤ 'ਚ ਕੀਤੀ ਹਿੱਲਜੁਲ ਨੇ ਇਕ ਵਾਰ ਸਭ ਦਾ ਧਿਆਨ ਖਿੱਚਿਆ ਹੈ। ਉਨ੍ਹਾਂ ਨੇ ਲੋਕਾਂ ਨੂੰ ਉਹ ਸਾਰੇ ਵੱਡੇ-ਵੱਡੇ ਨਾਅਰੇ ਦਿੱਤੇ ਹਨ ਜੋ ਸੱਤਾ 'ਚੋਂ ਬਾਹਰ ਹੋਣ ਵੇਲੇ ਸਾਰੀਆਂ 'ਧਿਰਾਂ' ਦਿੰਦੀਆਂ ਹਨ। ਬੇਸ਼ੱਕ ਮੌਜੂਦਾ ਲੋਕਤੰਤਰੀ ਢਾਂਚੇ 'ਚ ਇਨ੍ਹਾਂ ਨਾਅਰਿਆਂ ਦਾ ਲੋਕਾਂ ਨੂੰ ਲੁਭਾਉਣ ਤੋਂ ਵੱਧ ਕੋਈ ਮਤਲਬ ਨਹੀਂ ਪਰ ਲੰਬਾ ਸਮਾਂ ਆਪਣੇ ਘਾਗ ਸਿਆਸਤਦਾਨ ਤਾਏ ਪ੍ਰਕਾਸ਼ ਸਿੰਘ ਬਾਦਲ ਦਾ ਚਹੇਤਾ ਰਹਿਣ ਤੋਂ ਬਾਅਦ ਮਨਪ੍ਰੀਤ ਵੱਲੋਂ ਉਨ੍ਹਾਂ ਦੀ ਕਾਰਜ ਸ਼ੈਲੀ 'ਤੇ ਉਠਾਏ ਸਵਾਲਾਂ ਨੇ ਨਵੀਂ ਚਰਚਾ ਛੇੜੀ ਹੈ।

ਦੂਜੇ ਪਾਸੇ ਉਨ੍ਹਾਂ ਦੇ ਬਾਗੀ ਤੇਵਰ ਤੇ ਲੋਕ ਮਸਲਿਆਂ ਬਾਰੇ ਗੱਲ ਕਰਨ ਦੇ ਢੰਗ ਨੇ ਸਾਰੀਆਂ ਸਿਆਸੀ ਧਿਰਾਂ ਨੂੰ ਸਕਤੇ 'ਚ ਪਾ ਦਿੱਤਾ ਹੈ। ਉਨ੍ਹਾਂ ਵੱਲੋਂ ਉਠਾਏ ਸਾਵਲ ਜਿੰਨੇ ਅਕਾਲੀ ਦਲ ਲਈ ਚੁਣੌਤੀ ਭਰੇ ਹਨ ਓਨੇ ਹੀ ਕਾਂਗਰਸ ਸਣੇ ਦੂਜੀਆਂ ਸਿਆਸੀ ਧਿਰਾਂ ਲਈ।

ਭਾਵੇਂ ਅਜੇ ਉਨ੍ਹਾਂ ਨੇ ਆਪਣੀਆਂ ਸਿਆਸੀ ਯੋਜਨਾਵਾਂ ਦੇ ਪੱਤੇ ਨਹੀਂ ਖੋਲ੍ਹੇ ਪਰ ਉਨ੍ਹਾਂ ਦੀ ਕਾਰਜ ਸ਼ੈਲੀ ਤੋਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਦਾ ਮੁੱਖ ਨਿਸ਼ਾਨਾ ਵਿਧਾਨ ਸਭਾ ਚੋਣਾਂ 'ਚ ਆਪਣੀ ਹੋਂਦ ਦਾ ਪ੍ਰਗਟਾਵਾ ਕਰਨ ਲਈ 'ਮਿਸ਼ਨ 2012' ਹੈ। ਇਨ੍ਹਾਂ ਚੋਣਾਂ 'ਚ ਕਾਂਗਰਸ ਜਾਂ ਅਕਾਲੀ ਦਲ ਦੀ ਜਿੱਤ-ਹਾਰ ਦਾ ਫੈਸਲਾ ਮਨਪ੍ਰੀਤ ਹੀ ਤੈਅ ਕਰਨਗੇ। ਮਨਪ੍ਰੀਤ ਬਾਦਲ ਆਪਣੀਆਂ ਯੋਜਨਾਵਾਂ ਗੁਪਤ ਰੱਖ ਕੇ ਆਪਣਾ ਆਧਾਰ ਜਾਚਣ ਲਈ ਕੁਝ ਸਮਾਂ ਹਾਸਲ ਕਰਨ 'ਚ ਸਫਲ ਹੋ ਗਏ ਹਨ। ਆਪਣੀ 'ਜਾਗੋ ਪੰਜਾਬ ਯਾਤਰਾ' ਨਾਲ ਉਹ ਇਹ ਟੋਹ ਲਾਉਣ ਦੀ ਕੋਸ਼ਿਸ਼ ਕਰਨਗੇ ਕਿ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਵਿਚੋਂ ਕੌਣ-ਕੌਣ ਉਨ੍ਹਾਂ ਦੇ ਰਾਹ ਦਾ ਪਾਂਧੀ ਬਣ ਸਕਦਾ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਲਈ ਅਜੇ ਸਾਲ ਤੋਂ ਵੀ ਵੱਧ ਸਮਾਂ ਪਿਆ ਹੈ। ਆਪਣੀ ਯੋਜਨਾ ਮੁਲਤਵੀ ਕਰਕੇ ਮਨਪ੍ਰੀਤ ਨੇ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਰੜੇ ਲਿਆ ਖਲਾਰਿਆ ਹੈ। ਆਪਣੇ ਸਮਾਗਮ ਵਿਚ ਉਨ੍ਹਾਂ ਇਕੱਠ ਵੀ ਵਾਹਵਾ ਕਰ ਲਿਆ ਪਰ ਇਹ ਵੱਖਰੀ ਗੱਲ ਹੈ ਕਿ ਕੋਈ ਸੀਨੀਅਰ ਸਿਆਸੀ ਆਗੂ ਇਕੱਠ ਵਿਚ ਨਜ਼ਰ ਨਹੀਂ ਪਿਆ।

ਉਂਜ 'ਜਾਗੋ ਪੰਜਾਬ ਯਾਤਰਾ' ਦੇ ਐਲਾਨ ਨਾਲ ਮਨਪ੍ਰੀਤ ਨੇ ਇਹ ਤਾਂ ਸਪਸ਼ਟ ਕਰ ਹੀ ਦਿੱਤਾ ਹੈ ਕਿ ਉਨ੍ਹਾਂ ਦਾ ਸਿਆਸੀ ਏਜੰਡਾ ਸਿਰਫ਼ ਉਨ੍ਹਾਂ ਦੇ ਆਪਣੇ ਹਲਕੇ ਤਕ ਹੀ ਸੀਮਤ ਨਹੀਂ ਹੈ। ਉਨ੍ਹਾਂ ਨੇ ਮਹਾਭਾਰਤ ਦੇ ਅਰਜਨ ਵਾਲੀ ਅੱਖ ਦਾ ਨਿਸ਼ਾਨਾ 2012 ਦੀਆਂ ਚੋਣਾਂ ਉਤੇ ਸੇਧਿਆ ਹੋਇਆ ਹੈ। ਉਨ੍ਹਾਂ ਦੇ ਸਿਆਸੀ ਵਿਰੋਧੀ ਭਾਵੇਂ 14 ਨਵੰਬਰ ਵਾਲੇ ਸਮਾਗਮ ਨੂੰ ਫਲਾਪ ਸ਼ੋਅ ਐਲਾਨ ਰਹੇ ਹਨ ਪਰ ਮਨਪ੍ਰੀਤ ਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਕੀਤਾ ਮਾਰਚ ਪੂਰੇ ਰੰਗ ਵਿਚ ਸੀ। ਇਸ ਸਮਾਗਮ ਨੂੰ ਇਸ ਕਰਕੇ ਵੀ ਪ੍ਰਭਾਵਸ਼ਾਲੀ ਆਖਿਆ ਜਾਣਾ ਚਾਹੀਦਾ ਹੈ ਕਿ ਸੱਤਾਧਾਰੀ ਅਕਾਲੀ ਦਲ-ਭਾਜਪਾ ਗੱਠਜੋੜ ਨੇ ਇਸ ਸਮਾਗਮ ਲਈ ਹਰ ਅੜਿੱਕਾ ਪਾਉਣ ਦਾ ਯਤਨ ਕੀਤਾ ਤੇ ਸਮੁੱਚੀ ਸਰਕਾਰੀ ਮਸ਼ੀਨਰੀ ਲੋਕਾਂ ਨੂੰ ਡਰਾਉਣ ਤੇ ਡੱਕਣ ਲਈ ਲੱਗੀ ਹੋਈ ਸੀ। ਮਨਪ੍ਰੀਤ ਨੇ ਸ਼ਾਇਦ ਅਕਾਲੀ ਦਲ ਦੇ ਇਤਿਹਾਸ ਤੋਂ ਇਕ ਸਬਕ ਜ਼ਰੂਰ ਸਿੱਖਿਆ ਹੈ ਕਿ ਜਦੋਂ ਤਕ ਕੋਈ ਆਗੂ ਸਿਆਸੀ ਮੁਹਿੰਮ ਰਾਹੀਂ ਨਾਇਕ ਵਜੋਂ ਨਹੀਂ ਉਭਰਦਾ ਉਹ ਕਾਮਯਾਬ ਨਹੀਂ ਹੋ ਸਕਦਾ।

'ਜਾਗੋ ਪੰਜਾਬ ਯਾਤਰਾ' ਸ਼ੁਰੂ ਕਰਕੇ ਮਨਪ੍ਰੀਤ ਨੇ ਆਪਣੀ ਸਿਆਸੀ ਮੁਹਿੰਮ ਦਾ ਮੂੰਹ ਲੋਕਾਂ ਵੱਲ ਕਰ ਲਿਆ ਹੈ। ਉਨ੍ਹਾਂ ਇਕ ਸਬਕ ਹੋਰ ਵੀ ਸਿੱਖਿਆ ਹੈ। ਅਕਾਲੀ ਦਲ ਦਾ ਇਤਿਹਾਸ ਦੱਸਦਾ ਹੈ ਕਿ ਜਿਸ ਵੀ ਪਾਰਟੀ ਆਗੂ ਨੇ ਹਾਈ ਕਮਾਂਡ ਖ਼ਿਲਾਫ਼ ਝੰਡਾ ਚੁੱਕਿਆ ਉਸ ਦਾ ਸਿਆਸੀ ਤੇਜ਼ ਹੌਲੀ-ਹੌਲੀ ਘੱਟ ਹੋ ਗਿਆ। ਇਸ ਇਕੱਠ ਨਾਲ ਮਨਪ੍ਰੀਤ ਬਾਦਲ ਨੇ ਆਪਣੀ ਪੈਂਠ ਵੀ ਦਰਸਾ ਦਿੱਤੀ ਹੈ ਤੇ ਹੋਰ ਸਿਆਸੀ ਯੋਜਨਾਵਾਂ ਲਈ ਵੀ ਰਾਹ ਖੁੱਲ੍ਹਾ ਰੱਖਿਆ ਹੈ।

ਇਸ ਪ੍ਰਸੰਗ ਵਿਚ ਸਭ ਨੂੰ ਦੋ ਚੀਜ਼ਾਂ ਧਿਆਨ ਵਿਚ ਰੱਖਣੀਆਂ ਚਾਹੀਦੀਆਂ ਹਨ-ਇਕ ਤਾਂ ਇਹ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੋ ਪਾਰਟੀ ਦੇ ਸਰਪ੍ਰਸਤ ਵੀ ਹਨ, ਨੇ ਅਜੇ ਆਪਣੇ ਭਤੀਜੇ ਮਨਪ੍ਰੀਤ ਦੀਆਂ ਸਰਗਰਮੀਆਂ ਬਾਰੇ ਆਪਣੇ ਦਿਲ ਦੀ ਗੱਲ ਨਹੀਂ ਦੱਸੀ। ਦੂਜੇ ਪਾਸੇ ਮਨਪ੍ਰੀਤ ਵੀ ਕੋਈ ਸਾਧਾਰਨ ਅਕਾਲੀ ਨਹੀਂ ਹੈ। ਉਹ ਵੀ ਬਾਦਲ ਪਰਿਵਾਰ ਵਿਚੋਂ ਹੀ ਹੈ ਤੇ ਮੰਨਿਆ ਜਾਂਦਾ ਹੈ ਕਿ ਉਹ ਮੁੱਖ ਮੰਤਰੀ ਦੇ ਵੀ ਨੇੜੇ ਹੈ। ਜੇਕਰ ਉਨ੍ਹਾਂ ਦੇ ਤਾਏ ਨੇ ਉਸ ਉਤੇ ਜ਼ੋਰ ਪਾਇਆ ਤਾਂ ਉਹਦੇ ਲਈ ਬੜੀ ਕਸੂਤੀ ਹਾਲਤ ਬਣ ਜਾਵੇਗੀ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਵੀ ਜਾਣ ਲਿਆ ਹੈ ਕਿ ਉਨ੍ਹਾਂ ਦੀ ਪਹਿਲੀ ਸਿਆਸੀ ਭੁੱਲ ਇਹ ਨਹੀਂ ਸੀ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਟਿਕਟ ਨਹੀਂ ਸੀ ਦਿੱਤੀ ਗਈ ਜੋ ਮਗਰੋਂ ਕਾਂਗਰਸ ਵਿਚ ਚਲੇ ਗਏ ਸਨ ਤੇ ਫਿਰ ਸਿਆਸੀ ਸ਼ਰੀਕ ਬਣ ਕੇ ਸਾਹਮਣੇ ਆਣ ਖਲੋਤੇ। ਦੂਜੇ, ਜਦੋਂ ਮੁੱਖ ਮੰਤਰੀ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਅਕਾਲੀ ਦਲ ਤੋਂ ਵੱਖ ਕੀਤਾ ਤਾਂ ਇਸ ਨਾਲ ਅਕਾਲੀ ਦਲ ਦੀਆਂ ਸੱਤਾ ਵਿਚ ਆਉਣ ਦੀਆਂ ਸੰਭਾਵਨਾਵਾਂ ਨੂੰ ਸੱਟ ਵੱਜੀ ਸੀ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਕੀ ਉਹ ਮਨਪ੍ਰੀਤ ਨੂੰ ਚੋਣਾਂ ਵਿਚ ਅਜਿਹੀ ਸੱਟ ਮਾਰਨ ਦਾ ਮੌਕਾ ਦੇਣਗੇ? ਜਾਪਦਾ ਹੈ, ਉਹ ਵੀ ਮਨਪ੍ਰੀਤ ਨੂੰ ਕੁਝ ਸੋਚਣ ਦਾ ਮੌਕਾ ਹੀ ਦੇ ਰਹੇ ਹਨ।

# ਦੂਰਸੰਚਾਰ ਘਪਲੇ ਨੇ ਭ੍ਰਿਸ਼ਟਾਚਾਰ ਤੇ ਸਿਆਸੀ ਨਾ-ਅਹਿਲੀਅਤ ਦੇ ਮੁੱਦੇ ਉਭਾਰੇ

**ਗੋਬਿੰਦ ਠੁਕਰਾਲ**

ਡਾ. ਮਨਮੋਹਨ ਸਿੰਘ ਵਰਗੇ ਇਮਾਨਦਾਰ ਇਨਸਾਨ ਲਈ ਭ੍ਰਿਸ਼ਟਾਚਾਰ ਨਾਲ ਮੁਸ਼ਕ ਮਾਰਦੀ ਕੇਂਦਰੀ ਸਰਕਾਰ ਦੀ ਅਗਵਾਈ ਕਰਨੀ ਔਖੀ ਹੋਵੇਗੀ। ਰਾਸ਼ਟਰ ਮੰਡਲ ਖੇਡਾਂ ਨਾਲ ਜੁੜੇ ਘਪਲੇ ਦਾ ਮਾਮਲਾ ਅਜੇ ਹੱਲ ਨਹੀਂ ਹੋਇਆ ਸੀ ਕਿ 2-ਜੀ ਸਪੈਕਟਰਮ ਦੇ ਘਪਲੇ ਨੇ ਸੰਸਦ ਨੂੰ ਹਿਲਾ ਕੇ ਰੱਖ ਦਿੱਤਾ ਹੈ। ਡੀ. ਐਮ. ਕੇ. ਦੇ ਆਗੂ ਅਤੇ ਦੂਰਸੰਚਾਰ ਮੰਤਰੀ ਏ. ਰਾਜਾ ਉਤੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਦਬਾਅ ਪਾਇਆ ਗਿਆ। ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਅਨੁਸਾਰ ਇਸ ਘਪਲੇ ਨਾਲ ਸਰਕਾਰ ਦਾ 1.76 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਪੈਸਾ ਭਾਰਤ ਦੇ 6.5 ਲੱਖ ਪਿੰਡਾਂ ਵਿਚ ਪ੍ਰਾਇਮਰੀ ਸਕੂਲਾਂ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਲਈ ਕਾਫ਼ੀ ਹੈ। ਇਹ ਪੈਸਾ ਸਿਆਸਤਦਾਨਾਂ, ਅਧਿਕਾਰੀਆਂ ਤੇ ਕਾਰੋਬਾਰੀ ਪੂੰਜੀਪਤੀਆਂ ਦੀਆਂ ਜੇਬਾਂ ਵਿਚ ਚਲਾ ਗਿਆ ਹੈ। ਪਿਛਲੇ ਕਈ ਦਿਨਾਂ ਤੋਂ ਵਿਰੋਧੀ ਪਾਰਟੀਆਂ ਸੰਸਦ ਦੇ ਕੰਮ-ਕਾਰ ਨੂੰ ਚੱਲਣ ਨਹੀਂ ਦੇ ਰਹੀਆਂ। ਭਾਜਪਾ ਤੇ ਖੱਬੀਆਂ ਪਾਰਟੀਆਂ ਦੇ ਆਗੂ ਘੁਟਾਲੇ ਦੀ ਜਾਂਚ ਲਈ ਸਾਂਝੀ ਸੰਸਦੀ ਕਮੇਟੀ ਬਣਾਉਣ ਅਤੇ ਏ. ਰਾਜਾ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਹਨ। ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਦਾ ਕਹਿਣਾ ਹੈ ਕਿ ਉਹ ਅਜਿਹੀ ਜਾਂਚ ਨਹੀਂ ਕਰਾਏਗੀ ਤੇ ਉਹ ਇਸ ਦਾ ਜ਼ਿੰਮਾ ਸੰਸਦ ਦੀ ਲੋਕ ਲੇਖਾ ਕਮੇਟੀ ਨੂੰ ਸੌਂਪ ਸਕਦੀ ਹੈ। ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਕੋਲ ਕਮਜ਼ੋਰ ਬਹੁਮਤ ਹੈ ਅਤੇ ਉਹ ਡੀ. ਐਮ. ਕੇ. ਜਿਸ ਦੇ 18 ਸੰਸਦ ਮੈਂਬਰ ਹਨ, ਨੂੰ ਨਾਰਾਜ਼ ਕਰਨ ਦਾ ਖ਼ਤਰਾ ਮੁੱਲ ਨਹੀਂ ਲੈ ਸਕਦੀ ਭਾਵੇਂ ਅੰਨਾ ਡੀ. ਐਮ. ਕੇ. ਦੀ ਆਗੂ ਜੈਲਲਿਤਾ ਨੇ ਸਰਕਾਰ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਦੀ ਪੇਸ਼ਕਸ਼ ਕੀਤੀ ਹੈ।

ਸੁਪਰੀਮ ਕੋਰਟ ਨੇ ਵੀ ਇਸ ਬਾਰੇ ਪ੍ਰਧਾਨ ਮੰਤਰੀ ਨੂੰ ਚੰਗੀ ਝਾੜ ਪਾਈ ਹੈ। ਉਹ ਪ੍ਰਧਾਨ ਮੰਤਰੀ 'ਤੇ ਇਸ ਲਈ ਖਫ਼ਾ ਹੈ ਕਿ ਉਨ੍ਹਾਂ ਨੇ ਏ. ਰਾਜਾ, ਜਿਸ ਦੀ ਇਸ ਘੁਟਾਲੇ 'ਚ ਸ਼ਮੂਲੀਅਤ ਸਾਹਮਣੇ ਆਈ ਹੈ, ਵਿਰੁਧ ਆਈ ਅਰਜ਼ੀ 'ਤੇ ਕੋਈ ਕਾਰਵਾਈ ਨਹੀਂ ਸੀ ਕੀਤੀ। ਇਸ ਅਰਜ਼ੀ ਵਿਚ ਰਾਜਾ ਵਿਰੁਧ ਅਪਰਾਧਿਕ ਮਾਮਲਾ ਦਰਜ ਕਰਨ ਦੀ ਪ੍ਰਧਾਨ ਮੰਤਰੀ ਕੋਲੋਂ ਇਜਾਜ਼ਤ ਮੰਗੀ ਗਈ ਸੀ। ਜਸਟਿਸ ਜੀ. ਐਸ. ਸਿੰਘਵੀ ਅਤੇ ਏ. ਕੇ. ਗਾਂਗੁਲੀ ਦੇ ਬੈਂਚ ਨੇ ਕਿਹਾ ਹੈ ਕਿ ਅਜਿਹੀ ਕਾਰਵਾਈ ਲਈ ਇਜਾਜ਼ਤ ਦੇਣ ਵਾਲੇ ਅਹੁਦੇਦਾਰ ਜੋ ਪ੍ਰਧਾਨ ਮੰਤਰੀ ਹਨ, ਵੱਲੋਂ ਕੋਈ ਕਾਰਵਾਈ ਨਾ ਕਰਨ ਅਤੇ ਚੁੱਪ ਸਾਧੀ ਰੱਖਣ ਕਾਰਨ 'ਸੰਕਟ' ਪੈਦਾ ਹੋਇਆ ਹੈ। ਇਹ ਅਰਜ਼ੀ ਜਨਤਾ ਪਾਰਟੀ ਦੇ ਆਗੂ ਸੁਬਰਾਮਨੀਅਮ ਸਵਾਮੀ ਨੇ ਦਿੱਤੀ ਸੀ।



*ਏ ਰਾਜਾ*

ਕਿਸੇ ਵੀ ਮੰਤਰੀ ਵਿਰੁਧ ਮੁਕੱਦਮਾ ਚਲਾਉਣ ਲਈ ਪ੍ਰਧਾਨ ਮੰਤਰੀ ਦੀ ਮਨਜ਼ੂਰੀ ਜ਼ਰੂਰੀ ਹੁੰਦੀ ਹੈ। ਵਿਨੀਤ ਨਾਰਾਇਣ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਫ਼ੈਸਲੇ ਅਨੁਸਾਰ ਅਜਿਹੀ ਮਨਜ਼ੂਰੀ ਲਈ ਆਈ ਅਰਜ਼ੀ 'ਤੇ ਫ਼ੈਸਲਾ ਤਿੰਨ ਮਹੀਨਿਆਂ ਦੇ ਵਿਚ-ਵਿਚ ਕਰਨਾ ਪਵੇਗਾ। ਸਵਾਮੀ ਵੱਲੋਂ ਅਰਜ਼ੀ 16 ਮਹੀਨੇ ਪਹਿਲਾਂ ਭੇਜੀ ਗਈ ਸੀ ਪਰ ਅਜੇ ਤੱਕ ਇਸ ਬਾਰੇ ਪ੍ਰਧਾਨ ਮੰਤਰੀ ਵੱਲੋਂ ਕੋਈ ਫ਼ੈਸਲਾ ਨਹੀਂ ਕੀਤਾ ਗਿਆ।

2-ਜੀ ਸਪੈਕਟਰਮ ਦੇ ਲਾਇਸੰਸ ਜਾਰੀ ਕਰਨ ਦੇ ਮਾਮਲੇ ਸਬੰਧੀ 'ਕੈਗ' ਦੀ ਬਹੁਚਰਚਿਤ ਰਿਪੋਰਟ ਅਨੁਸਾਰ 2008 ਵਿਚ ਏ. ਰਾਜਾ ਨੇ ਪ੍ਰਧਾਨ ਮੰਤਰੀ, ਵਿੱਤ ਤੇ ਕਾਨੂੰਨ ਮੰਤਰੀ ਦੀਆਂ 2-ਜੀ ਸਪੈਕਟਰਮ ਸੈਲ ਫੋਨ ਸੇਵਾ ਲਈ ਨਵੀਆਂ ਕੰਪਨੀਆਂ ਨੂੰ ਲਾਇਸੰਸ ਦੇਣ ਸਬੰਧੀ ਦਿੱਤੀਆਂ ਸਲਾਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ। ਸਿੱਟੇ ਵਜੋਂ ਸਰਕਾਰ ਨੂੰ 1.76 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ। 'ਕੈਗ' ਅਨੁਸਾਰ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਆਪਹੁਦਰੇ ਢੰਗ ਨਾਲ ਕੰਮ ਕੀਤਾ। ਇਸ ਨੇ ਆਪਹੁਦਰਾ ਫ਼ੈਸਲਾ ਇਹ ਕੀਤਾ ਕਿ ਪ੍ਰਵਾਨਗੀ ਪੱਤਰ ਜਾਰੀ ਕਰਨ ਦੀ ਆਖਰੀ ਤਾਰੀਖ਼ ਨੂੰ 25 ਸਤੰਬਰ, 2007 ਤੱਕ ਵਧਾ ਦਿੱਤਾ ਜਾਵੇਗਾ ਅਤੇ ਅਰਜ਼ੀਆਂ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ 'ਤੇ ਮਨਜ਼ੂਰ ਕੀਤੀਆਂ ਜਾਣਗੀਆਂ।

ਅਨਿਲ ਧੀਰੂਭਾਈ ਅੰਬਾਨੀ ਗਰੁਪ ਨੂੰ ਜਨਵਰੀ 2008 ਵਿਚ ਏ. ਰਾਜਾ ਵੱਲੋਂ ਨੌਂ ਕੰਪਨੀਆਂ ਨੂੰ, 2-ਜੀ ਸਪੈਕਟਰਮ ਦੇ ਨਵੇਂ ਲਾਇਸੰਸ ਦੇਣ ਦੇ ਫ਼ੈਸਲੇ ਨਾਲ ਸਭ ਤੋਂ ਜ਼ਿਆਦਾ ਫਾਇਦਾ ਹੋਇਆ ਸੀ। ਇਹ ਕੈਗ ਦੀ 77 ਸਫ਼ਿਆਂ ਵਾਲੀ ਰਿਪੋਰਟ ਵਿਚ ਦਰਜ ਹੈ। ਇਸ ਨੇ ਇਹ ਵੀ ਧਿਆਨ 'ਚ ਲਿਆਂਦਾ ਹੈ ਕਿ ਇਸ ਗਰੁਪ ਨੇ ਦੂਰਸੰਚਾਰ ਮਹਿਕਮੇ ਦੀ ਦੋਹਰੀ ਤਕਨਾਲੋਜੀ ਬਾਰੇ ਲਾਇਸੰਸ ਜਾਰੀ ਕਰਨ ਸਬੰਧੀ ਨੀਤੀ ਦਾ ਵੀ ਸਭ ਤੋਂ ਵੱਧ ਫਾਇਦਾ ਲਿਆ। ਇਹ ਨੀਤੀ ਜੀ. ਐਸ. ਐਮ. ਸੇਵਾਵਾਂ ਦੇਣ ਲਈ ਸੀ. ਡੀ. ਐਮ. ਏ. ਮੋਬਾਈਲ ਆਪ੍ਰੇਟਰਾਂ ਨੂੰ 2-ਜੀ ਸਪੈਕਟਰਮ ਸੇਵਾ ਹਾਸਲ ਕਰਨ ਦੀ ਇਜਾਜ਼ਤ ਦਿੰਦੀ ਹੈ। ਸਵੈਨ ਟੈਲੀਕਾਮ ਜਿਸ ਵਿਚ ਅਨਿਲ ਅੰਬਾਨੀ ਦੇ ਰਿਲਾਇੰਸ ਟੈਲੀਕਾਮ ਲਿਮਟਿਡ ਦੀ, ਅਰਜ਼ੀਆਂ ਭਰਨ ਸਮੇਂ 10 ਫ਼ੀਸਦੀ ਸਾਂਝੇਦਾਰੀ ਸੀ, ਨੇ 2-ਜੀ ਸੇਵਾ ਦੇ ਲਾਇਸੰਸ ਅੱਗੇ ਵੇਚੇ। 'ਪਹਿਲਾਂ ਆਓ, ਪਹਿਲਾਂ ਪਾਓ' ਦੇ ਅਮਲ ਵਿਚ ਹੋਈਆਂ ਬੇਨਿਯਮੀਆਂ ਦਾ ਫਾਇਦਾ 'ਸਵੈਨ ਟੈਲੀਕਾਮ' ਨੂੰ ਮਿਲਿਆ।

ਨਵੰਬਰ, 2007 ਵਿਚ ਪ੍ਰਧਾਨ ਮੰਤਰੀ ਨੇ ਦੂਰਸੰਚਾਰ ਮੰਤਰਾਲੇ ਨੂੰ ਚਿੱਠੀ ਲਿਖ ਕੇ ਇਹ ਸੁਝਾਅ ਦਿੱਤੇ ਕਿ 2-ਜੀ ਸਪੈਕਟਰਮ ਅਧੀਨ ਮੋਬਾਈਲ ਫੋਨ ਸੇਵਾਵਾਂ ਦੇਣ ਦੀ ਇਜਾਜ਼ਤ ਲੈਣ ਲਈ ਵੱਡੀ ਗਿਣਤੀ 'ਚ ਅਰਜ਼ੀਆਂ ਆਈਆਂ ਹਨ ਅਤੇ ਲਾਇਸੰਸ ਦੇਣ ਲਈ ਪਾਰਦਰਸ਼ੀ ਢੰਗ ਨਾਲ ਬੋਲੀ ਕਰਾਈ ਜਾਵੇ ਤੇ ਇਨ੍ਹਾਂ ਅਰਜ਼ੀਆਂ ਲਈ ਦਾਖ਼ਲਾ ਫ਼ੀਸ 'ਚ ਤਬਦੀਲੀ ਕੀਤੀ ਜਾਵੇ। ਕਾਨੂੰਨ ਮੰਤਰਾਲੇ ਨੇ ਇਹ ਸੁਝਾਅ ਦਿੱਤਾ ਸੀ ਕਿ ਵੱਡੀ ਗਿਣਤੀ 'ਚ ਆਈਆਂ ਅਰਜ਼ੀਆਂ 'ਤੇ ਵਿਚਾਰ ਕਰਨ ਅਤੇ ਇਨ੍ਹਾਂ ਫੋਨ ਸੇਵਾਵਾਂ ਦੇ ਲਾਇਸੰਸਾਂ ਲਈ ਢੁੱਕਵੀਂ ਕੀਮਤ ਤੈਅ ਕਰਨ ਲਈ ਵਿਸ਼ੇਸ਼ ਅਧਿਕਾਰਾਂ ਵਾਲੇ ਮੰਤਰੀਆਂ ਦਾ ਗਰੁਪ ਬਣਾਇਆ ਜਾਵੇ ਪਰ ਦੂਰਸੰਚਾਰ ਮੰਤਰਾਲੇ ਨੇ ਇਸ ਸੁਝਾਅ ਨੂੰ ਰੱਦ ਕਰ ਦਿੱਤਾ। ਅਜਿਹਾ ਵਤੀਰਾ ਸਰਕਾਰ ਦੇ ਪ੍ਰਭਾਵੀ ਤਰੀਕੇ ਨਾਲ ਕੰਮ ਕਰਨ ਦੇ ਸਥਾਪਿਤ ਤੇ ਸਮੇਂ ਦੁਆਰਾ ਪਰਖੇ ਗਏ ਢੰਗ ਅਤੇ ਸੰਘੀ ਸਰਕਾਰ ਦੀ ਸਮੂਹਿਕ ਜ਼ਿੰਮੇਵਾਰੀ ਦੇ ਸਿਧਾਂਤ ਦੇ ਵਿਰੁਧ ਜਾਂਦਾ ਹੈ।

ਕੈਗ ਰਿਪੋਰਟ ਵੱਡੇ ਕਾਰੋਬਾਰੀ ਅਦਾਰਿਆਂ ਦੇ ਵਿਰੁੱਧ ਵੀ ਜਾਂਦੀ ਹੈ ਜਿਨ੍ਹਾਂ ਨੇ 2-ਜੀ ਸਪੈਕਟਰਮ ਘਪਲੇ ਦਾ ਫਾਇਦਾ ਉਠਾਇਆ। ਇਸ ਦਾ ਭਾਰਤ ਦੇ ਧਨਾਢ ਤੇ ਉੱਘੇ ਕਾਰੋਬਾਰੀ ਘਰਾਣਿਆਂ ਜਿਨ੍ਹਾਂ ਨੇ ਲਾਇਸੰਸ ਹਾਸਲ ਕਰਨ ਲਈ 'ਨਾਜਾਇਜ਼ ਤਰੀਕੇ' ਵਰਤੇ, 'ਤੇ ਲੱਗੇ ਦੋਸ਼ ਬਹੁਤ ਸਾਰੇ ਸਫ਼ਿਆਂ ਵਿਚ ਦਰਜ ਹਨ। ਰਿਪੋਰਟ ਨੇ ਸਿਰਫ਼ ਦੋਸ਼ੀ ਕੰਪਨੀਆਂ ਦੀ ਸੂਚੀ ਹੀ ਨਹੀਂ ਦਿੱਤੀ ਸਗੋਂ ਉਨ੍ਹਾਂ ਦੁਆਰਾ ਕੀਤੀਆਂ ਗਈਆਂ ਉਲੰਘਣਾਵਾਂ ਦਾ ਵੀ ਜ਼ਿਕਰ ਕੀਤਾ ਹੈ। ਸਵੈਨ, ਯੂਨੀਟੈਕ, ਲੂਪ ਅਤੇ ਡਾਟਾਕਾਮ ਅਲਾਇੰਸ ਇਨਫਰਾ ਵਰਗੀਆਂ ਕਈ ਕੰਪਨੀਆਂ ਨੂੰ ਲਾਇਸੰਸ ਜਾਰੀ ਕਰਦੇ ਸਮੇਂ ਕਈ ਕਾਨੂੰਨੀ ਉਲੰਘਣਾਵਾਂ ਹੋਈਆਂ। ਜਾਰੀ ਕੀਤੇ ਗਏ 120 ਲਾਇਸੰਸਾਂ ਵਿਚੋਂ 85 ਲਾਇਸੰਸ ਗ਼ੈਰ-ਕਾਨੂੰਨੀ ਸਨ। ਇਨ੍ਹਾਂ ਵਿਚੋਂ ਬਹੁਤੀਆਂ ਕੰਪਨੀਆਂ ਨੇ ਅੱਗੇ ਜਲਦੀ ਹੀ ਆਪਣੇ ਲਾਇਸੰਸ ਵੱਡੀਆਂ ਰਕਮਾਂ ਲੈ ਕੇ ਵੇਚ ਦਿੱਤੇ। ਉਨ੍ਹਾਂ ਨੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਮਿਹਰਬਾਨੀ ਨਾਲ ਕਰੋੜਾਂ ਰੁਪਏ ਕਮਾਏ।

'ਕੈਗ' ਨੇ ਏ. ਰਾਜਾ ਨੂੰ ਇਸ ਲਈ ਦੋਸ਼ੀ ਠਹਿਰਾਇਆ ਕਿ ਉਹ ਚੋਣਵੀਆਂ ਕੰਪਨੀਆਂ ਦੇ ਹੱਕ 'ਚ ਇਸ ਤਰ੍ਹਾਂ ਭੁਗਤਿਆ ਕਿ ਉਸ ਨੇ 10 ਜਨਵਰੀ, 2008 ਨੂੰ ਦੁਪਹਿਰ ਦੇ ਪੌਣੇ ਕੁ ਤਿੰਨ ਵਜੇ ਪ੍ਰੈਸ ਨੋਟ ਜਾਰੀ ਕਰਦਿਆਂ ਇਨ੍ਹਾਂ ਕੰਪਨੀਆਂ ਨੂੰ ਦੂਰਸੰਚਾਰ ਮਹਿਕਮੇ ਦੇ ਦਫ਼ਤਰ ਵਿਚ ਇਸ ਕੰਮ ਲਈ ਇਕੱਠੇ ਹੋਣ ਵਾਸਤੇ ਸਿਰਫ਼ 45 ਮਿੰਟ ਦਿੱਤੇ ਕਿ ਉਹ ਆਪਣੀਆਂ ਅਰਜ਼ੀਆਂ ਸਬੰਧੀ ਸਰਕਾਰੀ ਆਦੇਸ਼ ਹਾਸਲ ਕਰ ਲੈਣ। ਰਾਜਾ ਦੀਆਂ ਚਹੇਤੀਆਂ ਕੰਪਨੀਆਂ ਜਿਨ੍ਹਾਂ ਕੋਲ ਸੁਨੇਹਾ ਪਹਿਲਾਂ ਹੀ ਪਹੁੰਚ ਗਿਆ ਸੀ, ਨੂੰ ਸਮੇਂ ਸਿਰ ਕਾਰਗੁਜ਼ਾਰੀ ਸਬੰਧੀ ਬੈਂਕ ਗਾਰੰਟੀ, ਵਿੱਤੀ ਬੈਂਕ ਗਾਰੰਟੀ ਤੇ ਹੋਰ ਲੋੜੀਂਦੇ ਦਸਤਾਵੇਜ਼ ਤਿਆਰ ਕਰਨ ਦਾ ਮੌਕਾ ਮਿਲ ਗਿਆ।

ਰਿਪੋਰਟ ਨੇ ਰਾਜਾ ਦੇ ਇਸ ਦਾਅਵੇ ਨੂੰ ਵੀ ਤਹਿਸ-ਨਹਿਸ ਕਰ ਦਿੱਤਾ ਕਿ ਉਸ ਨੇ 'ਪਹਿਲਾਂ ਆਓ, ਪਹਿਲਾਂ ਪਾਓ' ਦਾ ਤਰੀਕਾ ਇਸ ਲਈ ਅਪਨਾਇਆ ਕਿ ਦੂਰਸੰਚਾਰ ਮਹਿਕਮਾ ਪਹਿਲਾਂ ਵੀ ਅਜਿਹਾ ਤਰੀਕਾ ਅਪਨਾਉਂਦਾ ਆਇਆ ਹੈ। 'ਕੈਗ' ਨੇ ਰਾਜਾ 'ਤੇ ਦੋਸ਼ ਤੈਅ ਕਰਨ ਲਈ ਜ਼ਮੀਮਾ ਉਪਲਬਧ ਕਰਾ ਦਿੱਤਾ ਹੈ। ਪ੍ਰਵਾਨ ਅਮਲਾਂ ਦੇ ਅਧੀਨ ਪਹਿਲਾਂ ਸਾਰੀਆਂ ਅਰਜ਼ੀਆਂ ਮੰਤਰਾਲੇ ਦੇ ਰਜਿਸਟਰੀ ਸੈਕਸ਼ਨ ਵਿਚ ਲਈਆਂ ਜਾਂਦੀਆਂ ਸਨ ਜਿਥੋਂ ਰਸੀਦ ਦੀ ਤਾਰੀਖ ਤੇ ਲੜੀ ਅੰਕ ਸਬੰਧਤ ਧਿਰਾਂ ਨੂੰ ਡਾਕ ਰਾਹੀਂ ਭੇਜੇ ਜਾਂਦੇ ਸਨ। ਇਥੇ ਹੀ ਇਸ ਦੇ ਆਧਾਰ 'ਤੇ ਸੀਨੀਆਰਤਾ ਬਾਰੇ ਫ਼ੈਸਲਾ ਕੀਤਾ ਜਾਂਦਾ ਸੀ ਪਰ ਰਾਜਾ ਨੇ ਇਸ ਕਾਰਵਾਈ ਨੂੰ ਇਸ ਆਧਾਰ 'ਤੇ ਬਦਲ ਦਿੱਤਾ ਕਿ ਪ੍ਰਵਾਨਗੀ ਪੱਤਰ ਨਾਲ ਜੁੜੀਆਂ ਸ਼ਰਤਾਂ ਜਿਵੇਂ ਬੈਂਕ ਗਾਰੰਟੀ ਤੇ ਦਾਖਲਾ ਫ਼ੀਸ ਸਣੇ ਪਹਿਲਾਂ ਜਿਸ ਨੇ ਅਰਜ਼ੀ ਦਿੱਤੀ ਹੋਵੇ, ਲਾਇਸੰਸ ਦੇਣ ਦਾ ਫ਼ੈਸਲਾ ਉਸ ਦੇ ਹੱਕ ਵਿਚ ਕਰ ਦਿੱਤਾ ਜਾਏ। ਇਸੇ ਤਰ੍ਹਾਂ ਪੱਖਪਾਤ ਹੋਇਆ।

ਰਾਜਾ ਵੱਲੋਂ ਦੇਰ ਨਾਲ ਅਸਤੀਫ਼ਾ ਦੇਣ ਪਿੱਛੇ ਸਿਆਸੀ ਤੇ ਪ੍ਰਸ਼ਾਸਕੀ ਦੋਵੇਂ ਕਾਰਨ ਹਨ। ਸੁਪਰੀਮ ਕੋਰਟ ਵੱਲੋਂ ਪ੍ਰਧਾਨ ਮੰਤਰੀ ਨੂੰ ਪਾਈ ਝਾੜ ਅਤੇ 'ਕੈਗ' ਦੀ ਰਿਪੋਰਟ ਨੇ ਸਰਕਾਰ ਲਈ ਇਸ ਮੰਤਰੀ ਦਾ ਬਚਾਅ ਕਰਨਾ ਔਖਾ ਕਰ ਦਿੱਤਾ ਸੀ। ਵਿਰੋਧੀ ਧਿਰ ਨੇ ਇੰਨਾ ਦਬਾਅ ਪਾ ਦਿੱਤਾ ਕਿ ਸਾਂਝੇ ਪ੍ਰਗਤੀਸ਼ੀਲ ਗਠਜੋੜ ਤੇ ਡੀ. ਐਮ. ਕੇ. ਲਈ ਮੰਤਰੀ ਵਿਰੁਧ ਲੱਗੇ ਦੋਸ਼ਾਂ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਿਲ ਹੋ ਗਿਆ ਸੀ।

ਸੰਚਾਰ ਤੇ ਸੂਚਨਾ ਤਕਨਾਲੋਜੀ, ਸਸ਼ਕਤੀਕਰਨ ਤੇ ਵਿਕਾਸ ਦਾ ਅਹਿਮ ਹਥਿਆਰ ਹੈ ਤੇ ਇਸ ਮਹਿਕਮੇ ਨੂੰ ਕਿਸੇ ਲਾਇਕ ਮੰਤਰੀ ਦੇ ਹੱਥਾਂ 'ਚ ਹੀ ਦੇਣਾ ਚਾਹੀਦਾ ਹੈ। ਚੰਗਾ ਪ੍ਰਸ਼ਾਸਨ ਇਹੀ ਮੰਗ ਕਰਦਾ ਹੈ। ਵੱਡੇ ਜਨਤਕ ਮੁੱਦੇ ਦੇ ਤੌਰ 'ਤੇ ਉਭਰੇ ਭ੍ਰਿਸ਼ਟਾਚਾਰ ਜਿਸ ਦੇ ਰਾਜਨੀਤਕ ਪ੍ਰਭਾਵ ਵੀ ਹਨ, ਨੇ ਸਰਕਾਰੀ ਕਰਨਧਾਰਾਂ ਨੂੰ ਅਸਤੀਫ਼ੇ ਦੇਣ ਲਈ ਮਜਬੂਰ ਕਰ ਦਿੱਤਾ। ਹੁਣ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਦੋਸ਼ੀਆਂ ਨੂੰ ਸਜ਼ਾ ਮਿਲੇ ਅਤੇ ਨਾਜਾਇਜ਼ ਢੰਗ ਨਾਲ ਕਮਾਏ ਗਏ ਪੈਸੇ ਸਰਕਾਰੀ ਖਜ਼ਾਨੇ ਵਿਚ ਜਮਾ ਹੋਣ। ਭ੍ਰਿਸ਼ਟ ਲੋਕਾਂ ਨੂੰ ਉਮਰ ਭਰ ਲਈ ਜੇਲ੍ਹ ਹੋਵੇ। ਚੀਨ ਵਿਚ ਅਜਿਹੇ ਲੋਕਾਂ ਨੂੰ ਸ਼ਰ੍ਹੇਆਮ ਚੌਕਾਂ ਵਿਚ ਗੋਲੀ ਮਾਰ ਦਿੱਤੀ ਜਾਂਦੀ ਹੈ।

# ਮਿਆਂਮਾਰ ਵਿਚ ਸਬਰ, ਜਿੱਤ ਤੇ ਜਮਹੂਰੀਅਤ ਦੀ ਦਸਤਕ

**ਸੁਰਜੀਤ ਸਿੰਘ ਗੋਪੀਪੁਰ**

ਸੰਸਾਰ ਪੱਧਰ 'ਤੇ ਮਨੁੱਖੀ ਆਜ਼ਾਦੀ, ਜਮਹੂਰੀਅਤ ਅਤੇ ਮਨੁੱਖੀ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੀਆਂ ਹਸਤੀਆਂ 'ਚੋਂ ਆਂਗ ਸਾਨ ਸੂ ਚੀ ਦਾ ਨਾਂ ਉਭਰਵੇਂ ਰੂਪ 'ਚ ਸਾਹਮਣੇ ਆਉਂਦਾ ਹੈ। ਉਹ ਆਪਣੀ ਜ਼ਿੰਦਗੀ ਦੇ 15 ਸਾਲ ਨਜ਼ਰਬੰਦ ਰਹੀ ਪਰ ਉਸ ਨੇ ਆਪਣੀ ਹਿੰਮਤ ਫਿੱਕੀ ਨਾ ਪੈਣ ਦਿੱਤੀ ਤੇ ਆਪਣੇ ਦੇਸ਼ ਦੇ ਲੋਕਾਂ ਨੂੰ ਫ਼ੌਜੀ ਤਾਨਾਸ਼ਾਹ ਹੁਕਮਰਾਨਾਂ ਦੇ ਗਲਬੇ ਤੋਂ ਆਜ਼ਾਦ ਕਰਾਉਣ ਦੀ ਲਹਿਰ ਨੂੰ ਕਿਸੇ ਨਾ ਕਿਸੇ ਰੂਪ 'ਚ ਜਾਰੀ ਰੱਖਿਆ। ਉਸ ਦੀ ਪ੍ਰਤੀਬੱਧਤਾ ਕਾਰਨ ਉਸ ਨੂੰ 'ਦ ਲੇਡੀ ਆਫ਼ ਮਿਆਂਮਾਰ' ਕਰਕੇ ਜਾਣਿਆ ਜਾਂਦਾ ਹੈ। ਜਦੋਂ ਹੁਣ ਉਸ ਦੀ ਨਜ਼ਰਬੰਦੀ ਹਟਾਈ ਗਈ ਤਾਂ ਉਸ ਦੇ ਘਰ ਮੂਹਰੇ ਵੱਡੀ ਤਾਦਾਦ ਵਿਚ ਖੜ੍ਹੇ ਸਮਰਥਕ ਉਸ ਦੀ ਮਿਆਂਮਾਰ ਦੇ ਲੋਕਾਂ ਵਿਚ ਹਰਮਨ-ਪਿਆਰਤਾ ਦੀ ਸ਼ਾਹਦੀ ਭਰ ਰਹੇ ਸਨ।

ਜ਼ਿਕਰਯੋਗ ਹੈ ਕਿ ਮਿਆਂਮਾਰ ਦਾ ਆਵਾਮ 1962 ਤੋਂ ਲੈ ਕੇ ਫ਼ੌਜੀ ਤਾਨਾਸ਼ਾਹੀ ਹਕੂਮਤ ਦੇ ਸਾਏ ਹੇਠ ਜੀਅ ਰਿਹਾ ਹੈ। ਸੰਸਾਰ ਪੱਧਰ 'ਤੇ ਇਹ ਗੱਲ ਮੰਨੀ ਹੋਈ ਹੈ ਕਿ ਮਿਆਂਮਾਰ ਦਾ ਫ਼ੌਜੀ ਸ਼ਾਸਨ ਦੁਨੀਆਂ ਦੇ ਸਭ ਤੋਂ ਦਮਨਕਾਰੀ ਤੇ ਜ਼ਾਲਮ ਸ਼ਾਸਨਾਂ 'ਚੋਂ ਇਕ ਹੈ। 'ਹਿਊਮਨ ਰਾਈਟਸ ਵਾਚ', 'ਐਮਨੇਸਟੀ ਇੰਟਰਨੈਸ਼ਨਲ' ਤੇ ਹੋਰ ਵੱਕਾਰੀ ਆਲਮੀ ਮਨੁੱਖੀ ਅਧਿਕਾਰ ਜਥੇਬੰਦੀਆਂ ਅਨੁਸਾਰ ਫ਼ੌਜੀ ਹਕੂਮਤ ਵੱਲੋਂ ਉਥੇ ਵੱਡੇ ਪੱਧਰ 'ਤੇ ਲੋਕ-ਹੱਕਾਂ ਦਾ ਘਾਣ ਕੀਤਾ ਗਿਆ ਹੈ। ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਇਸ ਦੇਸ਼ ਵਿਚ ਕੋਈ ਆਜ਼ਾਦ ਨਿਆਂਪਾਲਿਕਾ ਨਹੀਂ ਹੈ। ਇਥੇ ਪੁਲਿਸ ਤੇ ਫ਼ੌਜ ਦਾ ਰਾਜ ਹੈ ਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਵੀ ਲੋਕਾਂ ਨੂੰ ਨਹੀਂ ਹੈ। ਅਜਿਹੇ ਘੁਟਵੇਂ ਮਾਹੌਲ ਤੇ ਨਿਰਾਸ਼ਾ ਦੇ ਆਲਮ ਵਿਚ ਮਿਆਂਮਾਰ ਦੇ ਲੋਕਾਂ ਨੂੰ ਸੂ ਚੀ ਵਰਗੀ ਅਣਥੱਕ, ਸੂਝਵਾਨ ਤੇ ਮਨੁੱਖਤਾ ਦਾ ਦਰਦ ਰੱਖਣ ਵਾਲੀ ਆਗੂ ਦਾ ਮਿਲਣਾ ਕਿਸੇ ਨਿਆਮਤ ਤੋਂ ਘੱਟ ਨਹੀਂ। ਉਹ ਜਮਹੂਰੀਅਤ ਤੇ ਮਨੁੱਖੀ ਹੱਕਾਂ ਦੀ ਸੱਚੀ-ਸੁੱਚੀ ਤਰਜਮਾਨ ਹੈ ਜਿਸ ਦੇ ਇਕ-ਇਕ ਬੋਲ ਨੂੰ ਮਿਆਂਮਾਰ ਦੇ ਇਨਸਾਫਪਸੰਦ ਬਾਸ਼ਿੰਦੇ ਸੁਣਨ ਨੂੰ ਉਤਾਵਲੇ ਰਹਿੰਦੇ ਹਨ।

ਹੁਣ ਉਸ ਦੇ ਜੀਵਨ 'ਤੇ ਉਡਦੀ ਝਾਤ ਮਾਰਦੇ ਹਾਂ। ਉਸ ਦਾ ਜਨਮ 1945 ਵਿਚ ਮਿਆਂਮਾਰ ਦੀ ਰਾਜਧਾਨੀ ਯੰਗੂਨ ਵਿਚ ਹੋਇਆ। ਉਸ ਨੂੰ ਮਨੁੱਖੀ ਸਰੋਕਾਰਾਂ ਦੀ ਪੈਰਵੀ ਕਰਨ ਦੀ ਚਿਣਗ ਵਿਰਾਸਤ ਵਜੋਂ ਆਪਣੇ ਪਿਤਾ ਜਨਰਲ ਆਂਗ ਸੇਨ ਤੋਂ ਮਿਲੀ ਜਿਨ੍ਹਾਂ ਨੇ ਬਰਮਾ (ਮਿਆਂਮਾਰ ਦਾ ਪਹਿਲਾਂ ਨਾਂ) ਦੀ ਆਧੁਨਿਕ ਫ਼ੌਜ ਦਾ ਗਠਨ ਕੀਤਾ ਤੇ ਬਰਮਾ ਨੂੰ ਅੰਗਰੇਜ਼ੀ ਰਾਜ ਦੀ ਗੁਲਾਮੀ ਤੋਂ ਨਿਜਾਤ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਉਹ ਬਰਮਾ ਦੇ ਕੌਮੀ ਨਾਇਕ ਸਨ। ਉਨ੍ਹਾਂ ਦਾ 1947 ਵਿਚ ਉਨ੍ਹਾਂ ਦੇ ਵਿਰੋਧੀਆਂ ਵੱਲੋਂ ਕਤਲ ਕਰ ਦਿੱਤਾ ਗਿਆ। ਉਸ ਦੇ ਮਾਤਾ ਖਿਨ ਚੀ ਭਾਰਤ ਤੇ ਨੇਪਾਲ ਵਿਚ ਸਫ਼ੀਰ ਸਨ। ਸੂ ਚੀ ਨੇ ਨਵੀਂ ਦਿੱਲੀ ਅਤੇ ਆਕਸਫੋਰਡ ਤੋਂ ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ ਅਤੇ ਦਰਸ਼ਨ ਸ਼ਾਸਤਰ ਵਿਚ ਉਚੇਰੀ ਵਿੱਦਿਆ ਹਾਸਲ ਕੀਤੀ। ਉਸ ਨੇ ਸੰਯੁਕਤ ਰਾਸ਼ਟਰ ਲਈ ਤਿੰਨ ਸਾਲ ਕੰਮ ਕੀਤਾ। ਉਸ ਦਾ ਵਿਆਹ ਡਾ. ਮਾਇਕਲ ਐਰਿਸ ਨਾਲ ਹੋਇਆ ਤੇ ਉਸ ਦੇ ਦੋ ਬੇਟੇ ਹਨ। 1988 ਵਿਚ ਉਹ ਆਪਣੀ ਮਾਂ ਦੇ ਬਿਮਾਰ ਪੈਣ ਕਰਕੇ ਵਾਪਸ ਮਿਆਂਮਾਰ ਆ ਗਈ ਤੇ ਬਾਅਦ ਵਿਚ ਉਸ ਨੇ ਦੇਸ਼ ਵਿਚ ਜਮਹੂਰੀਅਤ-ਪੱਖੀ ਲਹਿਰ ਦੀ ਅਗਵਾਈ ਸੰਭਾਲੀ। ਉਸ ਦਾ ਪਤੀ ਐਰਿਸ ਉਸ ਨੂੰ ਆਖਰੀ ਵਾਰ 1995 ਵਿਚ ਮਿਲਿਆ ਕਿਉਂਕਿ ਸੂ ਚੀ ਮਿਆਂਮਾਰ ਵਿਚ ਰਹਿ ਰਹੀ ਸੀ ਤੇ ਉਸ ਦੇ ਪਤੀ ਨੂੰ ਫ਼ੌਜੀ ਸ਼ਾਸਕਾਂ ਨੇ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਐਰਿਸ 1997 ਵਿਚ ਗੰਭੀਰ ਰੂਪ 'ਚ ਬਿਮਾਰ ਪੈ ਗਿਆ ਤਾਂ ਸੰਯੁਕਤ ਰਾਸ਼ਟਰ ਸਣੇ ਕਈ ਕੌਮਾਂਤਰੀ



ਜਥੇਬੰਦੀਆਂ ਅਤੇ ਆਗੂਆਂ ਨੇ ਮਿਆਂਮਾਰ ਸਰਕਾਰ ਨੂੰ ਐਰਿਸ ਨੂੰ ਵੀਜ਼ਾ ਦੇਣ ਦੀ ਅਪੀਲ ਕੀਤੀ ਪਰ ਫ਼ੌਜੀ ਸਰਕਾਰ ਨੇ ਇਹ ਆਖਦਿਆਂ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੇ ਦੇਸ਼ ਵਿਚ ਐਰਿਸ ਦੀ ਦੇਖਭਾਲ ਕਰਨ ਦੀਆਂ ਢੁਕਵੀਆਂ ਸਹੂਲਤਾਂ ਨਹੀਂ ਹਨ ਤੇ ਇਹ ਕਿਹਾ ਕਿ ਸੂ ਚੀ ਉਸ ਨੂੰ ਮਿਲਣ ਲਈ ਦੇਸ਼ ਛੱਡ ਕੇ ਜਾ ਸਕਦੀ ਹੈ। ਸੂ ਚੀ ਉਸ ਸਮੇਂ ਆਰਜ਼ੀ ਤੌਰ 'ਤੇ ਨਜ਼ਰਬੰਦੀ ਤੋਂ ਆਜ਼ਾਦ ਸੀ ਪਰ ਉਸ ਨੇ ਦੇਸ਼ ਛੱਡ ਕੇ ਨਾ ਜਾਣ ਦਾ ਫ਼ੈਸਲਾ ਕੀਤਾ ਕਿਉਂਕਿ ਉਸ ਨੂੰ ਡਰ ਸੀ ਕਿ ਜੇਕਰ ਇਕ ਵਾਰ ਉਹ ਦੇਸ਼ 'ਚੋਂ ਨਿਕਲ ਗਈ ਤਾਂ ਮੁੜ ਉਸ ਨੂੰ ਦੇਸ਼ 'ਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਖੈਰ, ਐਰਿਸ ਵੀ 1999 ਵਿਚ ਪੂਰਾ ਹੋ ਗਿਆ।


ਜਦੋਂ ਸੂ ਚੀ 1988 ਵਿਚ ਆਪਣੇ ਦੇਸ਼ ਵਾਪਸ ਪਰਤੀ ਤਾਂ ਇਤਫ਼ਾਕ ਨਾਲ ਇਸੇ ਸਾਲ ਲੰਮੇ ਸਮੇਂ ਤੋਂ ਚਲੇ ਆ ਰਹੇ ਫ਼ੌਜੀ ਸ਼ਾਸਨ ਵਿਰੁਧ 8 ਅਗਸਤ 1988 ਨੂੰ ਜਮਹੂਰੀਅਤ ਦੇ ਹੱਕ ਵਿਚ ਵੱਡਾ ਜਨਤਕ ਸੰਘਰਸ਼ ਚੱਲਿਆ ਜਿਸ ਨੂੰ ਹਿੰਸਕ ਤਰੀਕੇ ਨਾਲ ਦਰੜ ਦਿੱਤਾ ਗਿਆ। ਸਤੰਬਰ 1988 ਵਿਚ ਫ਼ੌਜੀ ਸਰਕਾਰ ਬਦਲਵੇਂ ਰੂਪ ਵਿਚ ਹੋਂਦ ਵਿਚ ਆ ਗਈ। ਇਸ ਤੋਂ ਬਾਅਦ 24 ਸਤੰਬਰ ਨੂੰ 'ਨੈਸ਼ਨਲ ਲੀਗ ਆਫ ਡੈਮੋਕ੍ਰੇਸੀ' ਦਾ ਗਠਨ ਹੋਇਆ ਤੇ ਸੂ ਚੀ ਇਸ ਦੀ ਜਨਰਲ ਸਕੱਤਰ ਬਣੀ। 1990 ਵਿਚ ਫ਼ੌਜੀ ਸਰਕਾਰ ਨੇ ਦੇਸ਼ ਵਿਚ ਆਮ ਚੋਣਾਂ ਕਰਾਉਣ ਦਾ ਫ਼ੈਸਲਾ ਕੀਤਾ ਜਿਸ ਵਿਚ 'ਨੈਸ਼ਨਲ ਲੀਗ ਫਾਰ ਡੈਮੋਕ੍ਰੇਸੀ' ਨੂੰ 59 ਫ਼ੀਸਦੀ ਵੋਟਾਂ ਮਿਲੀਆਂ ਅਤੇ ਉਸ ਨੂੰ ਸੰਸਦ ਵਿਚ 80 ਫ਼ੀਸਦੀ ਸੀਟਾਂ ਹਾਸਲ ਹੋਈਆਂ। ਇਸ ਪਾਰਟੀ ਦੀ ਆਗੂ ਹੋਣ ਕਰਕੇ ਆਂਗ ਸੂ ਚੀ ਨੇ ਮਿਆਂਮਾਰ ਦਾ ਪ੍ਰਧਾਨ ਮੰਤਰੀ ਬਣਨਾ ਸੀ ਪਰ ਹੋਇਆ ਕੁਝ ਹੋਰ। ਫ਼ੌਜੀ ਸ਼ਾਸਕਾਂ ਨੇ ਉਸ ਨੂੰ ਸੱਤਾ ਸੌਂਪਣ ਤੋਂ ਨਾਂਹ ਕਰ ਦਿੱਤੀ। ਇਸ ਕਾਰਵਾਈ ਦਾ ਕੌਮਾਂਤਰੀ ਪੱਧਰ 'ਤੇ ਵਿਰੋਧ ਹੋਇਆ। ਸੂ ਚੀ ਨੂੰ ਘਰ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ।

ਸੂ ਚੀ ਮਹਾਤਮਾ ਗਾਂਧੀ ਦੇ ਅਹਿੰਸਾ ਪੱਖੀ ਵਿਚਾਰਾਂ ਤੇ ਖਾਸ ਕਰਕੇ ਬੋਧੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ। ਉਸ ਨੇ ਆਪਣੀ ਇਕ ਮਸ਼ਹੂਰ ਤਕਰੀਰ ਵਿਚ ਇਹ ਬੋਲ ਕਹੇ ਸਨ, "ਰਾਜ ਸੱਤਾ ਬੰਦੇ ਨੂੰ ਭ੍ਰਿਸ਼ਟ ਨਹੀਂ ਬਣਾਉਂਦੀ, ਸਗੋਂ ਡਰ ਬਣਾਉਂਦਾ ਹੈ। ਸੱਤਾਹੀਣ ਹੋਣ ਦਾ ਡਰ ਉਨ੍ਹਾਂ ਨੂੰ ਭ੍ਰਿਸ਼ਟ ਬਣਾਉਂਦਾ ਹੈ ਜੋ ਸੱਤਾ ਦੀ ਵਰਤੋਂ ਕਰਦੇ ਹਨ ਤੇ ਸੱਤਾ ਦੇ ਕਹਿਰ ਦੇ ਡਰ ਤੋਂ ਉਹ ਲੋਕ ਭ੍ਰਿਸ਼ਟ ਬਣਦੇ ਹਨ ਜੋ ਇਸ ਦੇ ਅਧੀਨ ਹੁੰਦੇ ਹਨ।"

ਸੂ ਚੀ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਨੋਬਲ ਸ਼ਾਂਤੀ ਪੁਰਸਕਾਰ ਨਾਲ ਵੀ ਸਨਮਾਨਿਆ ਗਿਆ ਤੇ ਹੋਰ ਵੀ ਬਹੁਤ ਕੌਮਾਂਤਰੀ ਪੁਰਸਕਾਰ ਉਸ ਨੂੰ ਮਿਲੇ। ਉਸ ਦੀ ਹਾਲ ਹੀ 'ਚ ਹੋਈ ਰਿਹਾਈ ਤੋਂ ਬਾਅਦ ਇਹ ਖਦਸ਼ੇ ਵੀ ਜ਼ਾਹਰ ਕੀਤੇ ਜਾ ਰਹੇ ਹਨ ਕਿ ਉਸ ਦੀ ਲੋਕਾਂ ਨੂੰ ਪ੍ਰਭਾਵਿਤ ਤੇ ਲਾਮਬੰਦ ਕਰਨ ਦੀ ਸਮਰੱਥਾ ਕਰਕੇ ਉਸ ਨੂੰ ਅਜੇ ਵੀ ਤਾਨਾਸ਼ਾਹ ਸਰਕਾਰ ਤੋਂ ਖ਼ਤਰਾ ਹੈ ਤੇ ਉਸ ਨੂੰ ਮੁੜ ਨਜ਼ਰਬੰਦ ਕੀਤਾ ਜਾ ਸਕਦਾ ਹੈ। ਪਰ ਜ਼ਾਲਮ ਸਰਕਾਰਾਂ ਦੀ ਤਾਕਤ ਲੋਕ ਰੋਹ ਅੱਗੇ ਇਕ ਨਾ ਇਕ ਦਿਨ ਫਿੱਕੀ ਪੈ ਜਾਂਦੀ ਹੈ ਤੇ ਆਂਗ ਸੂ ਚੀ ਵਰਗੇ ਲੋਕ ਆਗੂ ਮਘਦੇ ਸੂਰਜ ਵਾਂਗ ਲੋਕਾਂ ਦੇ ਵਿਹੜਿਆਂ 'ਚ ਚਾਨਣ ਕਰਦੇ ਰਹਿੰਦੇ ਹਨ।

# ਜਾਤਿ ਗੋਤ ਸਿੰਘਨ ਕੀ ਦੰਗਾ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਵਿਦੇਸ਼ ਦੀ ਧਰਤੀ ਉਤੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲਾ ਇਕ ਸ਼ਹਿਰ। ਕਈ ਦਹਾਕਿਆਂ ਤੋਂ ਹੁੰਦੇ ਆ ਰਹੇ ਸਾਲਾਨਾ ਜੋੜ-ਮੇਲੇ ਸਮੇਂ ਦੂਰ-ਦੁਰਾਡੇ ਤੋਂ ਆਏ ਹੋਏ ਲਗਪਗ ਪੰਜਾਹ-ਸੱਠ ਹਜ਼ਾਰ ਸਿੱਖਾਂ ਦਾ ਇਕੱਠ। ਸੂਈ ਦੇ ਨੱਕੇ ਵਿਚੋਂ ਲੰਘਣ ਵਰਗੀ ਪਰਵਾਸੀ ਤਰਜ਼-ਇ-ਜ਼ਿੰਦਗੀ ਤੋਂ ਅੱਕੇ ਹੋਏ ਸਿੰਘ, ਪੰਜਾਬ ਦੇ ਮੇਲਿਆਂ-ਮਸ੍ਹਾਵਿਆਂ ਜਿਹਾ ਖੁੱਲ੍ਹ-ਖੁਲਾਸਾ ਆਨੰਦ ਮਾਨਣ ਲਈ ਹੁੰਮ-ਹੁਮਾ ਕੇ ਮੇਲੇ 'ਤੇ ਪਹੁੰਚੇ ਹੋਏ ਪਰ ਬੇ-ਮੌਸਮੇ ਭਾਰੀ ਮੀਂਹ ਨੇ ਸ਼ਰਧਾਲੂਆਂ ਦਾ ਸੂਹਜ-ਸੁਆਦ ਹੀ ਕਿਰਕਿਰਾ ਕਰ ਦਿੱਤਾ। ਚਲੋ, ਇਹ ਤਾਂ ਕੁਦਰਤੀ ਅਮਲ ਸੀ ਜਿਸ ਨੂੰ ਰੋਕ ਸਕਣਾ ਮਨੁੱਖ ਦੇ ਵੱਸ ਵਿਚ ਨਹੀਂ ਪਰ ਇਸ ਜੋੜ-ਮੇਲੇ ਦੇ ਵਿਆਹ ਵਰਗੇ ਮਾਹੌਲ ਵਿਚ 'ਬੀ ਦਾ ਲੇਖਾ' ਪਾਉਣ ਲਈ ਸਥਾਨਕ ਸਿੱਖਾਂ ਦੀਆਂ ਧੜੇਬੰਦੀਆਂ ਨੇ ਆਪਸ ਵਿਚੀਂ ਸਿੰਗ ਫਸਾਉਣ ਦੇ ਜੌਹਰ ਵੀ ਦਿਖਾਲੇ। ਮੇਲੇ ਦੀਆਂ ਖ਼ਬਰਾਂ ਵਿਚ ਦੱਸਿਆ ਗਿਆ ਕਿ ਲੜਾਈ-ਭਿੜਾਈ ਕਾਰਨ ਲੱਗੀਆਂ ਸੱਟਾਂ-ਫੇਟਾਂ ਕਰਕੇ ਜਿੰਨੇ ਕੁ ਸਿੰਘ-ਸੂਰਮਿਆਂ ਨੂੰ ਹਸਪਤਾਲ ਦਾਖ਼ਲ ਹੋਣਾ ਪਿਆ, ਓਨਿਆਂ ਕੁ ਨੂੰ ਹੀ ਪੁਲਿਸ ਵਾਲੇ ਗ੍ਰਿਫ਼ਤਾਰ ਕਰ ਕੇ ਲੈ ਗਏ।

ਇਕ ਸੀਨੀਅਰ ਪੱਤਰਕਾਰ ਨੇ ਜੋੜ-ਮੇਲੇ ਦੀ ਖ਼ਬਰ ਬਣਾਉਂਦਿਆਂ ਚੁਟਕੀ ਲਈ, "ਭਈ ਕਰਤਾਪੁਰਖ਼ ਨੇ ਮੇਲੇ ਵਿਚ ਠੰਢ-ਠੇਰ ਰੱਖਣ ਲਈ, ਤਪਦੇ ਹਿਰਦਿਆਂ ਨੂੰ ਸ਼ਾਂਤ ਰੱਖਣ ਦੀ ਕਵਾਇਦ ਵਜੋਂ ਲਗਾਤਾਰ ਵਰਖਾ ਈ ਪਾਈ ਰੱਖੀ।" ਲੇਕਿਨ ਫਿਰ ਵੀ 'ਦੰਗਾ ਹੀ ਇਨ ਗੁਰ ਸਿਉਂ ਮੰਗਾ' ਦੇ ਧਾਰਨੀ ਸਿੰਘਾਂ 'ਤੇ ਇਸ ਦਾ ਕੋਈ ਅਸਰ ਨਾ ਹੋਇਆ। ਯਾਦ ਰਹੇ, ਹਰ ਸਾਲ ਇਹ ਜੋੜ-ਮੇਲਾ ਸਿੱਖ ਜਗਤ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਹੁੰਦਾ ਹੈ। ਵਿਚਾਰਯੋਗ ਨੁਕਤਾ ਇਹ ਹੈ ਕਿ ਉਸ ਜਨ-ਸਮੂਹ ਨੂੰ ਮੀਂਹ ਵੀ ਕਿੰਨਾ ਕੁ ਸ਼ਾਂਤ ਕਰ ਸਕਦਾ ਹੈ ਜਿਹੜਾ ਆਪਣੇ ਸਤਿਗੁਰੂ ਦੇ ਇਤਿਹਾਸਕ ਪੁਰਬ ਦੇ ਸਮਾਗਮ ਵਿਚ ਘੁੰਮਦਿਆਂ ਹੋਇਆਂ 'ਤਪਸ਼' ਵੀ ਨਾਲ ਹੀ ਚੁੱਕੀ ਫਿਰਦਾ ਹੋਵੇ!

ਮਸਕੀਨ ਜੀ ਕਿਹਾ ਕਰਦੇ ਸਨ ਕਿ ਵੱਖ ਵੱਖ ਕੌਮਾਂ ਦੇ ਸੁਭਾਅ ਹੌਲੀ ਹੌਲੀ ਪੱਕੀਆਂ ਆਦਤਾਂ ਬਣ ਕੇ ਸਦੈਵ-ਕਾਲ ਲਈ ਉਨ੍ਹਾਂ ਦੇ ਨਾਲ ਹੀ ਜੁੜ ਗਏ। ਬਾਣੀਆਂ ਨਾਲ ਮਾਇਆ ਦਾ ਮੋਹ ਜੁੜ ਗਿਆ। ਔਰਤ ਜਿਸਮ ਦੀ ਲਾਲਸਾ ਇਸਲਾਮੀ ਮਰਦ-ਜਮਾਤ ਨਾਲ ਜੁੜ ਗਈ। ਇਸੇ ਤਰ੍ਹਾਂ ਸ਼ਰਾਬ ਪੀਣ ਦੀ ਲਾਹਣਤ ਪੂਰੀ ਤਰ੍ਹਾਂ ਸਿੱਖਾਂ ਦੀ ਸੰਗੀ ਬਣ ਚੁੱਕੀ ਹੈ। ਜੇ ਸਵਰਗੀ ਮਸਕੀਨ ਜੀ ਕੁਝ ਵਰ੍ਹੇ ਹੋਰ ਜੀਵਤ ਰਹਿੰਦੇ ਤਾਂ ਸ਼ਰਾਬ ਦੇ ਨਾਲ ਨਾਲ 'ਲੜਾਈ' ਦੀ ਇਕ ਹੋਰ ਖ਼ੂਬੀ ਵੀ ਆਪਣੀ ਕੌਮ ਨਾਲ ਜੁੜਦੀ ਦੇਖ ਲੈਂਦੇ!

ਖ਼ਾਲਸਾ ਸਾਜਨਾ ਦਿਵਸ, ਸ੍ਰੀ ਆਨੰਦਪੁਰ ਸਾਹਿਬ ਦੀ ਇਤਿਹਾਸਕ ਵਿਸਾਖੀ ਦਾ ਬਿਰਤਾਂਤ ਸੁਣਾਉਂਦਿਆਂ ਕਥਾਵਾਚਕ ਅਤੇ ਰਾਗੀ-ਢਾਡੀ, ਪੁਰਾਤਨ ਗ੍ਰੰਥਾਂ ਦੇ ਹਵਾਲਿਆਂ ਨਾਲ ਕਿਹਾ ਕਰਦੇ ਹਨ ਕਿ ਜਦੋਂ ਸਾਹਿਬ ਦਸਮੇਸ਼ ਪਿਤਾ ਅੰਮ੍ਰਿਤ ਦਾ ਬਾਟਾ ਤਿਆਰ ਕਰ ਰਹੇ ਸਨ ਤਾਂ ਗੁਰੂ ਕੇ ਮਹਿਲ ਮਾਤਾ ਜੀਤੋ ਜੀ ਨੇ ਝੋਲੀ ਪਤਾਸਿਆਂ ਦੀ ਬਾਟੇ 'ਚ ਲਿਆ ਪਾਈ। ਗੁਰੂ ਸਾਹਿਬ ਨੇ ਵੱਡੀ ਪ੍ਰਸੰਨਤਾ ਜ਼ਾਹਿਰ ਕਰਦਿਆਂ ਮਾਤਾ ਜੀ ਦੇ ਇਸ ਕਰਤਵ ਦੀ ਭਰਪੂਰ ਸਰਾਹਨਾ ਕੀਤੀ। ਆਪ ਨੇ ਫੁਰਮਾਇਆ ਕਿ ਅੰਮ੍ਰਿਤ ਦੀ ਸ਼ਕਤੀ ਵਿਚ ਬੀਰ-ਰਸ ਦੇ ਨਾਲ ਪ੍ਰੇਮ-ਰਸ ਵੀ ਰਲ ਗਿਆ ਹੈ। ਜਿਵੇਂ ਜੋਸ਼ ਦੇ ਨਾਲ ਹੋਸ਼ ਜ਼ਰੂਰੀ ਹੈ, ਇਵੇਂ ਜੰਗਜੂ ਸੁਭਾਅ ਦੇ ਨਾਲ ਹਲੀਮੀ ਅਤੇ ਨਿਮਰਤਾ ਵੀ ਲਾਜ਼ਮੀ ਚਾਹੀਏ। ਪਤਾਸਿਆਂ ਦੀ ਮਿਠਾਸ ਨਾਲ ਇਸ ਅੰਮ੍ਰਿਤ ਵਿਚ ਇਹ ਸਦ-ਗੁਣ ਵੀ ਰਚ-ਮਿਚ ਗਏ ਹਨ!

ਜਿਵੇਂ ਸੰਸਾਰ ਵਿਚ ਮਚੇ ਹੋਏ ਕਲਹ-ਕਲੇਸ਼, ਈਰਖਾ-ਸਾੜਾ ਅਤੇ ਮਾਰ-ਧਾੜ ਤੋਂ ਦੁਖੀ ਹੋਇਆ ਇਕ ਵਿਦਵਾਨ ਕਹਿੰਦਾ ਹੈ ਕਿ ਬਹੁਤ ਸਾਰੇ ਰਹਿਬਰਾਂ ਦੇ ਧਰਮ-ਫ਼ਲਸਫ਼ਿਆਂ ਦੇ ਹੁੰਦਿਆਂ ਵੀ ਜੇ ਦੁਨੀਆਂ ਦਾ ਆਹ ਹਾਲ ਹੈ, ਤਾਂ ਇਨ੍ਹਾਂ ਦੇ ਨਾ ਹੋਣ ਦੀ ਸੂਰਤ ਵਿਚ ਦੁਨੀਆਂ 'ਤੇ ਕੀ ਗੁਜ਼ਰਦੀ? ਇਵੇਂ ਹੀ ਸੋਚਿਆ ਜਾਵੇ ਕਿ ਜੇ ਮਾਤਾ ਜੀਤੋ ਜੀ ਅੰਮ੍ਰਿਤ ਦੇ ਬਾਟੇ ਵਿਚ ਪਤਾਸਿਆਂ ਦੀ ਝੋਲੀ ਭਰ ਕੇ ਨਾ ਪਾਉਂਦੇ ਤਾਂ ਸ਼ਾਇਦ ਸਾਡਾ ਇਤਿਹਾਸ ਕਿਸੇ ਹੋਰ ਤਰ੍ਹਾਂ ਦਾ ਹੀ ਹੁੰਦਾ! ਪੂਜਯ ਮਾਤਾ ਜੀ ਦਾ ਕੋਟਾਨਿ-ਕੋਟਿ ਸ਼ੁਕਰਾਨਾ ਕਰਨਾ ਬਣਦਾ ਹੈ ਜਿਨ੍ਹਾਂ ਦੇ ਕਰਤਵ ਸਦਕਾ ਚਿੜੀਆਂ ਕੋਲੋਂ ਬਾਜ਼ਾਂ ਨੂੰ ਤੁੜਵਾਉਣ ਦੀ ਸ਼ਕਤੀ ਵਾਲੇ ਅੰਮ੍ਰਿਤ ਵਿਚ ਪ੍ਰੇਮ-ਰਸ ਵੀ ਸਮਾ ਗਿਆ!

ਪੰਜਵੇਂ ਗੁਰੂ ਜੀ ਦੀ ਸ਼ਹਾਦਤ ਦੇ ਪਿੱਛੇ ਸਾਜ਼ਿਸ਼ਘਾੜਿਆਂ ਵਿਚੋਂ ਇਕ ਚੰਦੂ ਦੇ ਨੱਕ ਵਿਚ ਨਕੇਲ ਪਾ ਕੇ ਜਦੋਂ ਉਸ ਨੂੰ ਲਾਹੌਰ ਦੀਆਂ ਗਲੀਆਂ ਵਿਚ ਘੁੰਮਾਇਆ ਜਾ ਰਿਹਾ ਸੀ ਤਾਂ ਛੇਵੇਂ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਹਰ ਸਿੱਖ ਚੰਦੂ ਦੇ ਪੰਜ ਜੁੱਤੀਆਂ ਜ਼ਰੂਰ ਮਾਰੇ। ਇਸ ਮੌਕੇ ਦੇ ਇਤਿਹਾਸ ਨੂੰ ਥੋੜ੍ਹਾ ਵਿਅੰਗਮਈ ਅੰਦਾਜ਼ ਨਾਲ ਪੇਸ਼ ਕਰਦਿਆਂ ਢਾਡੀ ਦਿਲਬਰ ਜੀ ਕਿਹਾ ਕਰਦੇ ਸਨ ਕਿ ਇਹੋ ਜਿਹੇ ਕੰਮ ਲਈ ਸਾਡਾ ਭਾਈਚਾਰਾ ਬਹੁਤ ਫੁਰਤੀ ਦਿਖਾਉਂਦਾ ਹੈ! ਕਈ ਸਿੱਖ ਚੰਦੂ ਦੇ ਸਿਰ 'ਚ ਪੰਜ ਛਿੱਤਰ ਮਾਰ ਕੇ ਵੀ ਕਹਿਣ ਲੱਗ ਪਿਆ ਕਰਨ, 'ਸੱਚੇ ਪਾਤਸ਼ਾਹ ਜੀ, ਹਾਲੇ ਪੰਜ ਨਹੀਂ ਪੂਰੇ ਹੋਏ!!' ਕਈ ਜਣੇ ਇਹ 'ਸੇਵਾ' ਭੁਗਤਾਉਣ ਤੋਂ ਦੋ-ਚਾਰ ਘੰਟੇ ਬਾਅਦ ਘੁੰਮ-ਘੁਮਾ ਕੇ ਫਿਰ ਆਣ ਫ਼ਤਿਹ ਬੁਲਾਉਣ, 'ਮਹਾਰਾਜ ਜੀ, ਮੇਰੀ ਤਾਂ ਹਾਲੇ ਵਾਰੀ ਹੀ ਨਹੀਂ ਆਈ!'

ਵੱਖ ਵੱਖ ਭੂਗੋਲਿਕ ਖਿੱਤਿਆਂ ਵਿਚ ਪੈਦਾ ਹੋਈਆਂ ਕੌਮਾਂ ਜਾਂ ਵਿਸ਼ੇਸ਼ ਜਨ-ਸਮੂਹਾਂ ਦੀਆਂ ਖ਼ਾਸੀਅਤਾਂ ਉਨ੍ਹਾਂ ਦੇ ਜੀਨਜ਼ ਵਿਚ ਰਚ ਗਈਆਂ। ਕਾਬੁਲ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ ਵਾਲੀ ਕਹਾਵਤ ਅਫ਼ਗਾਨੀ ਪਠਾਣਾਂ ਦੀ ਜੰਗਜੂ ਬਿਰਤੀ ਦੀ ਲਖਾਇਕ ਬਣ ਗਈ। ਇਸੇ ਤਰ੍ਹਾਂ ਪੰਜਾਂ ਦਰਿਆਵਾਂ ਦੀ ਜਰਖ਼ੇਜ਼ ਭੂਮੀ ਵਿਚ ਸਾਜੀ ਗਈ ਸਿੱਖ ਕੌਮ ਮਾਰਸ਼ਲ ਕੌਮਾਂ ਵਿਚ ਗਿਣੀ ਜਾਂਦੀ ਹੈ ਕਿਉਂ ਜੋ ਇਸ ਦਾ ਨਿਆਰਾ ਸਰੂਪ, ਵਿਗਿਆਨਕ ਤੇ ਇਨਕਲਾਬੀ ਫ਼ਲਸਫ਼ਾ ਇਸ ਕੌਮ ਨੂੰ ਵਿਲੱਖਣਤਾ ਬਖ਼ਸ਼ਦਾ ਹੈ। ਇਹ ਵਿਲੱਖਣਤਾ ਵਾਲ ਮੀਰੀ ਗੁਣ ਦੂਸਰਿਆਂ ਦੇ ਅੱਖਾਂ ਵਿਚ ਰੜਕਦਾ ਹੀ ਰਹਿੰਦਾ ਹੈ। ਤਿੰਨ ਸਦੀਆਂ ਤੋਂ ਆਪਣੀ ਹਸਤੀ ਦੀ ਰਾਖੀ ਲਈ ਲੜਦੇ-ਭਿੜਦੇ ਰਹਿਣ ਕਰਕੇ ਇੱਟ-ਖੜੱਕੇ ਵਾਲੀਆਂ ਆਦਤਾਂ ਸਾਡੀ ਕੌਮ ਵਿਚ ਕੁਝ ਜ਼ਿਆਦਾ ਹੀ ਘਰ ਕਰ ਗਈਆਂ ਹਨ।

'ਪਿਆਰ ਨਾਲ ਗ਼ੁਲਾਮੀ ਕਰਨ ਤਕ ਚਲੇ ਜਾਣਾ ਪਰ ਕਿਸੇ ਦੀ 'ਟੈਂ' ਨਾ ਮੰਨਣਾ' ਪ੍ਰੋ. ਪੂਰਨ ਸਿੰਘ ਵੱਲੋਂ ਪੰਜਾਬ ਵਾਸੀਆਂ ਦੀ ਸਿਫ਼ਤ ਵਿਚ ਕਹੇ ਗਏ ਇਸ ਕਥਨ ਦੀ ਪ੍ਰੌੜ੍ਹਤਾ ਹਿਤ ਜੇ ਕੋਈ ਮਿਸਾਲ ਲੱਭਣੀ ਹੋਵੇ ਤਾਂ ਨਿਰਸੰਕੋਚ ਘਨਈਆ ਮਿਸਲ ਨਾਲ ਸਬੰਧਤ ਸਰਦਾਰ ਹਕੀਕਤ ਸਿੰਘ ਦਾ ਵਾਕਿਆ ਪੜ੍ਹ ਲੈਣਾ ਚਾਹੀਦਾ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਇਹ ਸਿੰਘ ਸਰਦਾਰ ਅਮਨ-ਅਮਾਨ ਦੇ ਦਿਨੀਂ ਆਪਣੀ ਹਵੇਲੀ ਦੇ ਵਿਹੜੇ ਵਿਚ ਦਰਖ਼ਤ ਦੀ ਛਾਂ ਹੇਠ ਸੁਸਤਾ ਰਿਹਾ ਸੀ। ਭਾਦੋਂ ਦੀ ਦੁਪਹਿਰ ਢਲ ਰਹੀ ਸੀ। ਇਸ ਨੇ ਅਚਾਨਕ ਮੰਜੇ ਲਾਗਿਉਂ ਆਪਣੀ ਬੰਦੂਕ ਚੁੱਕ ਦੇ ਦੋ-ਤਿੰਨ ਫਾਇਰ ਕਰ ਦਿੱਤੇ। ਇਸ ਦੇ ਸੰਗੀ-ਸਾਥੀ ਸੈਨਿਕ, ਗੋਲੀਆਂ ਚੱਲਣ ਦਾ ਖੜਾਕ ਸੁਣ ਕੇ ਇਧਰੋਂ-ਉਧਰੋਂ ਹਥਿਆਰ ਸੰਭਾਲਦੇ ਹੋਏ ਇਹਦੇ ਵੱਲ ਦੌੜੇ ਆਏ ਪਰ ਉਥੇ ਸਰਦਾਰ ਹਕੀਕਤ ਸਿੰਘ ਤੋਂ ਬਿਨਾਂ ਨਾ ਕੋਈ ਕਾਂ, ਨਾ ਕੋਈ ਪਰਿੰਦਾ! ਉਨ੍ਹਾਂ ਹੈਰਾਨ ਹੁੰਦਿਆਂ ਆਪਣੇ ਸਰਦਾਰ ਨੂੰ ਫਾਇਰ ਕਰਨ ਦਾ ਕਾਰਨ ਪੁੱਛਿਆ। ਸਿੰਘ ਸਾਹਿਬ ਮੁੱਛਾਂ 'ਤੇ ਹੱਥ ਫੇਰ ਕੇ ਮੁਸਕਰਾਉਂਦਿਆਂ ਹੋਇਆਂ ਕਹਿੰਦੇ, 'ਆਹ ਆਸਮਾਨ ਵਿਚ ਜ਼ਰਾ ਬੱਦਲ ਗਰਜਿਆ ਸੀ। ਮੈਨੂੰ ਜਾਪਿਆ ਕਿ ਇਹ ਖ਼ਾਲਸੇ ਨੂੰ ਵੰਗਾਰ ਰਿਹਾ ਹੈ! ਹਥਿਆਰ ਕੋਲ ਹੋਵੇ ਤੇ ਸਿੰਘ ਵੰਗਾਰ ਦਾ ਜਵਾਬ ਨਾ ਦੇਵੇ? ਇਹ ਕਿਵੇਂ ਹੋ ਸਕਦਾ ਹੈ! ਸੋ ਭਾਈ ਸਿੰਘੋ, ਮੈਂ ਤਾਂ ਬੱਦਲ ਦੀ ਗਰਜ ਦਾ 'ਜਵਾਬ' ਦਿੱਤਾ ਹੈ!'

ਸਿੱਖਾਂ ਦੇ 'ਤੱਤੇ ਵਿਰਸੇ' ਨੂੰ ਦਰਸਾਉਂਦਾ ਇਕ ਹੋਰ ਇਤਿਹਾਸਕ ਵਾਕਿਆ ਸੁਣੋ। ਸੰਮਤ 1789 ਬਿਕਰਮੀ ਦੇ ਅਖ਼ੀਰ ਵਿਚ ਲਾਹੌਰ ਦੇ ਨਾਜ਼ਮ ਨੇ ਦਿੱਲੀ ਤਖ਼ਤ ਨੂੰ ਖ਼ਤ ਲਿਖ ਕੇ ਜਾਣੂ ਕਰਾਇਆ ਕਿ 'ਅਸੀਂ ਮਾਰ ਮਾਰ ਥੱਕ ਗਏ ਹਾਂ ਪਰ ਸਿੱਖ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਨੇ, ਇਹ ਨਹੀਂ ਮੁੱਕਦੇ। ਕੋਈ ਸੁਲਾਹਕੁਲ ਤਰੀਕਾ ਲੱਭਿਆ ਜਾਏ।' ਉਸ ਵੇਲੇ ਦੇ ਦਿੱਲੀ-ਪਤਿ ਮੁਹੰਮਦ ਸ਼ਾਹ ਨੇ ਸਿੱਖਾਂ ਦੇ ਸਿਰੜ ਤੇ ਸਿਦਕ ਦੀਆਂ ਸਿਤਮ ਭਰੀਆਂ ਗੱਲਾਂ ਸੁਣ ਕੇ ਇੱਛਾ ਜ਼ਾਹਿਰ ਕੀਤੀ ਕਿ ਮੈਨੂੰ ਸਿੱਖਾਂ ਦੀਆਂ ਨਕਲਾਂ ਦਿਖਾਈਆਂ ਜਾਣ! ਸ਼ਾਹੀ ਹੁਕਮ ਹੋਣ 'ਤੇ ਭੰਡ ਇਕੱਠੇ ਕੀਤੇ ਗਏ। ਭੰਡ ਕਹਿਣ ਲੱਗੇ ਕਿ ਜੇ ਅਸਲ ਵਰਗੀ ਨਕਲ ਦੇਖਣੀ ਚਾਹੁੰਦੇ ਹੋ ਤਾਂ ਨਕਲਾਂ ਕਰਦਿਆਂ ਉਨ੍ਹਾਂ ਦੇ ਕਸੂਰ ਮੁਆਫ਼ ਕੀਤੇ ਜਾਣ! ਮੰਗ ਪ੍ਰਵਾਨ ਹੋ ਗਈ। ਭੰਡਾਂ ਨੇ ਦੋ ਦਿਨ ਤਿਆਰੀ ਕਰਨ ਲਈ ਮੰਗੇ।

ਤੈਅਸ਼ੁਦਾ ਪ੍ਰੋਗਰਾਮ ਮੁਤਾਬਕ ਭੰਡ ਮੈਦਾਨ ਵਿਚ ਪਹੁੰਚ ਗਏ। ਉਨ੍ਹਾਂ ਦੋ ਜਥੇ ਬਣਾ ਲਏ। ਇਕ ਪਾਸੇ ਮੁਗ਼ਲ ਸੈਨਾ ਜਿਸ ਵਿਚ ਖਜੂਰਾਂ ਜਿੱਡੇ ਲੰਮੇ ਅਤੇ ਮੋਟੇ ਪਲੇ ਹੋਏ ਭੰਡ ਪਰ ਦੂਜੇ ਪਾਸੇ ਭੁੱਖਣ-ਭਾਣੇ 'ਸਿੰਘ' ਜਿਨ੍ਹਾਂ ਕੋਲ ਜੰਗਾਲ ਖਾਧੀਆਂ ਕਿਰਪਾਨਾਂ ਤੇ ਬਰਛੇ। ਮੁਗ਼ਲ ਸੈਨਾ ਕੋਲ ਵਧੀਆ ਹਥਿਆਰ। ਲੜਾਈ ਦਾ ਸੀਨ ਸ਼ੁਰੂ ਹੁੰਦਿਆਂ ਹੀ ਦੁਬਲੇ-ਪਤਲੇ, ਫਟੇ ਹੋਏ ਕਛਹਿਰਿਆਂ ਵਾਲੇ 'ਸਿੰਘ ਜਥੇ' ਨੇ ਮੁਗ਼ਲ ਸੈਨਾ ਦੀ ਭੂਤਨੀ ਭੁਲਾ ਦਿੱਤੀ। ਤਵਾਰੀਖ਼ ਗੁਰੂ ਖ਼ਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ 'ਸਿੰਘ' ਬਣੇ ਹੋਏ ਭੰਡਾਂ ਨੇ ਤੇਗ਼ ਦੇ ਐਸੇ ਜੌਹਰ ਦਿਖਾਏ ਕਿ ਮੁਗ਼ਲ ਬਣੇ ਹੋਏ ਕਈ ਭੰਡਾਂ ਦੇ ਸਿਰ ਲਾਹ ਸੁੱਟੇ। ਮੁਹੰਮਦ ਸ਼ਾਹ ਬਾਦਸ਼ਾਹ ਨੇ ਮੂੰਹ 'ਚ ਉਂਗਲਾਂ ਪਾਉਂਦਿਆਂ ਭੰਡਾਂ ਦੇ 'ਸਿੱਖ ਜਥੇ' ਨੂੰ ਪੁੱਛਿਆ ਕਿ "ਜਦ ਤੁਹਾਨੂੰ ਪਤਾ ਸੀ ਕਿ ਅਸੀਂ ਫ਼ਰਜ਼ੀ ਲੜਾਈ ਲੜ ਰਹੇ ਹਾਂ ਤਾਂ ਫਿਰ ਤੁਸੀਂ ਦੂਜੇ ਪਾਸੇ ਦੇ ਕਈ ਬੰਦੇ ਸੱਚਮੁਚ ਹੀ ਕਤਲ ਕਿਉਂ ਕਰ ਦਿੱਤੇ?"

ਗਾਤਰੇ ਕਿਰਪਾਨਾਂ ਅਤੇ ਸਿਰਾਂ 'ਤੇ ਨੀਲੇ-ਪੀਲੇ ਦੁਮਾਲੇ ਬੰਨ੍ਹੀ ਖੜ੍ਹੇ ਭੰਡ ਕਹਿੰਦੇ, "ਜਹਾਂ ਪਨਾਹ! ਅੱਲ੍ਹਾ ਦੀ ਸੌਂਹ!! ਜਦ ਅਸੀਂ ਇਹ ਪਹਿਰਾਵਾ ਪਹਿਨ ਕੇ ਮੈਦਾਨ ਵਿਚ ਨਿਕਲੇ, ਸਾਨੂੰ ਸੱਚਮੁਚ ਸਿੰਘਾਂ ਜਿੰਨਾ ਜੋਸ਼ ਚੜ੍ਹ ਗਿਆ!! ਸਾਨੂੰ ਭੁੱਲ ਹੀ ਗਿਆ ਕਿ ਅਸੀਂ ਨਕਲਾਂ ਕਰ ਰਹੇ ਹਾਂ!"

ਜਿਸ ਧਰਮ ਦੇ ਪੈਰੋਕਾਰਾਂ ਦਾ ਸਿਰਫ਼ ਬਾਹਰੀ ਪਹਿਰਾਵਾ ਪਹਿਨ ਕੇ ਦਰ ਦਰ ਘੁੰਮਣ ਵਾਲੇ ਭੰਡ ਵੀ ਮਰਨ-ਮਾਰਨ 'ਤੇ ਉਤਾਰੂ ਹੋ ਗਏ ਹੋਣ ਉਨ੍ਹਾਂ ਨੂੰ ਵਰਖਾ ਛੱਡ ਕੇ ਗੜੇਮਾਰੀ ਵੀ ਠੰਢੇ ਨਹੀਂ ਕਰ ਸਕਦੀ! ਹਾਂ, ਜੇ ਸਮਰਥ ਗੁਰੂ 'ਨੱਥ ਇਨ ਨਿਕਟਿ ਬਹਾਏ ਹੈਂ' ਵਾਲੀ ਕ੍ਰਿਪਾ ਕਰ ਦੇਵੇ, ਫੇਰ ਭਾਵੇਂ ਉਹ 'ਸ਼ਾਂਤੀ ਵਿਚਾਰੀ' ਦੀ ਗੱਲ ਸੁਣ ਲੈਣ!! ਜਿਵੇਂ ਬਾਬਾ ਬੀਰ ਸਿੰਘ ਨੌਰੰਗਾਬਾਦੀ ਨੇ ਆਪਣੇ ਡੇਰੇ ਵਿਚ ਜੰਗੀ ਸਾਜ਼ੋ-ਸਾਮਾਨ ਅਤੇ ਜਾਂਬਾਜ਼ ਸੂਰਮੇ ਮੌਜੂਦ ਹੋਣ ਦੇ ਬਾਵਜੂਦ ਸਿੱਖ ਫ਼ੌਜਾਂ ਉਤੇ ਮੋੜਵਾਂ ਹਮਲਾ ਨਹੀਂ ਸੀ ਕੀਤਾ। ਧਿਆਨ ਸਿੰਹੁ ਡੋਗਰੇ ਦੇ ਪੁੱਤ ਹੀਰਾ ਸਿੰਹੁ ਦੇ ਭੜਕਾਏ ਹੋਏ ਸਿੱਖ ਫ਼ੌਜੀ ਬਾਬਾ ਬੀਰ ਸਿੰਘ ਜਿਹੇ ਦਾਨੇ ਤੇ ਦੂਰ-ਅੰਦੇਸ਼ ਸਿੰਘ ਦੀ ਜਾਨ ਲੈ ਕੇ ਇੰਜ ਚਾਂਭੜਾ ਪਾਉਂਦੇ ਰਹੇ:

ਵੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ,
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।

ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਨੇ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਗਰਦਾਨਣ ਵਾਲੇ ਸਰਕੂਲਰ ਨੂੰ 'ਕੌਮੀ ਹੱਤਕ' ਮੰਨਿਆ ਸੀ। ਆਪਣੇ ਭਾਈਆਂ ਲਈ ਇਹ ਸ਼ਬਦ ਸੁਣ ਕੇ ਸਿਰਦਾਰ ਜੀ ਹੁਰਾਂ ਬੁਰਾ ਮਨਾਇਆ ਸੀ। 'ਜ਼ਰਾਇਮਪੇਸ਼ਾ' ਦੇ ਅਰਥ ਭਾਵੇਂ ਲੜਾਕੂ ਹੋਣ ਨਾਲੋਂ ਕਿਤੇ ਵੱਧ ਘਿਰਣਾਯੋਗ ਹਨ ਪਰ ਅਸੀਂ ਸਵੈ-ਪੜਚੋਲ ਕਰ ਕੇ ਦੇਖੀਏ ਤਾਂ ਸਹੀ ਕਿ ਸਾਡਾ ਅਕਸ ਕਿਹੋ ਜਿਹਾ ਬਣਦਾ ਜਾ ਰਿਹਾ ਹੈ? ਕੀ ਕਾਰਨ ਹੈ ਕਿ ਸਿੱਖਾਂ ਦੇ ਗੁਰਦੁਆਰੇ, ਡੇਰੇ, ਸਭਾ-ਸੁਸਾਇਟੀਆਂ, ਦਲਾਂ, ਫੈਡਰੇਸ਼ਨਾਂ, ਕਮੇਟੀਆਂ ਜਾਂ ਪਾਰਟੀਆਂ ਵਿਚ ਖੜਕਾ-ਦੜਕਾ ਵਧਦਾ ਹੀ ਜਾ ਰਿਹਾ ਹੈ? ਮੰਨਿਆ ਕਿ ਨਿਜੀ ਗਰਜ਼ਾਂ, ਅਹੁਦਿਆਂ ਦੇ ਲਾਲਚ ਜਾਂ ਕਿਸੇ 'ਹੋਰ' ਕਾਰਨ ਸਾਡੇ ਹੀ ਭਰਾ ਸਿੱਖ ਵਿਰੋਧੀਆਂ ਦੇ ਕੁਹਾੜੇ ਦਾ ਦਸਤਾ ਬਣਨ ਤੋਂ ਗੁਰੇਜ਼ ਨਹੀਂ ਕਰਦੇ ਅਤੇ ਅਜਿਹੇ ਕੌਮਘਾਤੀਆਂ ਦੀਆਂ ਕਰਤੂਤਾਂ ਦੇਖ ਕੇ ਮਨਾਂ ਵਿਚ ਉਬਾਲੇ ਉਠਣੇ ਸੁਭਾਵਿਕ ਹਨ ਪਰ ਇਨ੍ਹਾਂ ਦਾ 'ਇਲਾਜ' ਕੁਝ ਐਸੇ ਤਰੀਕੇ ਨਾਲ ਹੋਵੇ ਜਿਵੇਂ ਕਹਾਵਤ ਹੈ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ!

ਆਪਣੇ ਪੁਸ਼ਤੈਨੀ ਗੁਣ ਜੰਗਜੂ-ਸੁਭਾਅ ਦਾ ਪ੍ਰਗਟਾਵਾ ਕਰਦਿਆਂ ਅਠਾਰ੍ਹਵੀਂ ਸਦੀ ਵਿਚ ਸਾਡੇ ਵਡਿੱਕਿਆਂ ਨੇ ਕਿਹਾ ਸੀ:

ਜਾਤਿ ਗੋਤ ਸਿੰਘਨ ਕੀ ਦੰਗਾ, ਰਹਤ ਰਨ ਦਿਨ ਸੋਹੈ।
ਦੰਗਾ ਸਿੰਘਨ ਗੁਰੂ ਤੇ ਮੰਗੈ, ਦੰਗੈ ਖ਼ੁਸ਼ ਹੋਹੈ। (ਪੰਥ ਪ੍ਰਕਾਸ਼)

ਬਾਰਾਂ ਮਿਸਲਾਂ ਦੇ ਦੌਰ ਸਮੇਂ ਮਿਸਲਦਾਰ ਸਰਦਾਰ ਇਕ ਦੂਸਰੇ ਨਾਲ ਭਾਵੇਂ ਲੜਦੇ-ਭਿੜਦੇ ਰਹਿੰਦੇ ਸਨ ਪਰ ਸ੍ਰੀ ਅੰਮ੍ਰਿਤਸਰ ਵਿਖੇ ਹੋਣ ਵਾਲੇ ਸਰਬੱਤ ਖ਼ਾਲਸੇ ਦੇ ਇਕੱਠਾਂ ਵਿਚ ਭਰਾਵਾਂ ਵਾਂਗ ਵਿਚਰਦੇ। ਆਪਣੇ ਹਥਿਆਰ ਵੀ ਬਾਹਰ ਰੱਖ ਆਉਂਦੇ ਸਨ। ਖਹਿਬਾਜ਼ੀਆਂ ਵਧਣ 'ਤੇ ਜਦ ਉਹ 'ਆਪਨ ਸੰਗਾ' ਹੀ 'ਦੰਗਾ' ਕਰਨ ਲੱਗ ਪਏ ਤਾਂ ਪੰਥ ਦੇ ਹਿਤੈਸ਼ੀਆਂ ਆਵਾਜ਼ ਬੁਲੰਦ ਕੀਤੀ:

ਮਿਸਲ ਵਾਰ ਅਬ ਲੜਨੋ ਨਾਹਿ।
ਰਲ ਮਿਲ ਖੜ ਅਬ ਪੰਥ ਬਚਾਹਿ।

ਹੁਣ ਇਹ ਕੌਮ ਨੇ ਸੋਚਣਾ ਹੈ ਕਿ ਦੰਗਿਆਂ-ਪੰਗਿਆਂ ਦੇ ਰਾਹ ਪੈਣਾ ਹੈ ਕਿ ਰਲ-ਮਿਲ ਕੇ ਪੰਥ ਬਚਾਉਣ ਦੀਆਂ ਤਰਕੀਬਾਂ ਘੜਨੀਆਂ ਹਨ!

---

**ਨਵੰਬਰ '84 ਦੇ ਰਿਸਦੇ ਜ਼ਖ਼ਮ**

# ਪੀੜਤਾਂ ਦਾ ਹੁਣ ਤੱਕ ਸਿਆਸੀ ਸ਼ੋਸ਼ਣ ਹੀ ਹੋਇਐ

**ਜਸਵੰਤ ਸਿੰਘ ਅਜੀਤ**

"ਰੱਬ ਦਾ ਵਾਸਤਾ ਜੇ, ਬਸ ਕਰੋ... ਬਹੁਤ ਹੋ ਚੁੱਕਿਐ! ਹੁਣ ਤਾਂ ਸਾਨੂੰ ਸ਼ਾਂਤੀ ਨਾਲ ਜੀਅ ਲੈਣ ਦਿਓ," ਇਹ ਆਖਦਿਆਂ ਸਿਰ 'ਤੇ ਦੁਹੱਥੜਾ ਮਾਰ ਕੇ ਉਹ ਭੁੱਬਾਂ ਮਾਰ ਰੋਣ ਲੱਗਾ। ਇਹ ਪੰਜਾਹਵਿਆਂ ਦੀ ਉਮਰ ਵਿਚ ਵਿਚਰਦਾ ਉਹ ਵਿਅਕਤੀ ਸੀ ਜਿਸ ਨੇ ਨਵੰਬਰ 84 ਵਿਚ ਵਾਪਰੇ ਘੱਲੂਘਾਰੇ ਦੌਰਾਨ ਗੁਆਂਢੀ ਦੇ ਘਰ ਦੁਬਕਿਆਂ ਅੱਥਰੂਆਂ ਨਾਲ ਭਰੀਆਂ ਆਪਣੀਆਂ ਅੱਖਾਂ ਨਾਲ ਆਪਣੇ ਟੱਬਰ ਦੇ ਪੰਜ ਜੀਆਂ ਨੂੰ ਅੱਗ 'ਚ ਸੜਦਿਆਂ ਵੇਖਿਆ ਅਤੇ ਉਨ੍ਹਾਂ ਦੀਆਂ ਭਿਆਨਕ ਚੀਕਾਂ ਸੁਣੀਆਂ ਸਨ। ਉਸ ਨੂੰ ਇਹ ਮਲਾਲ ਸੀ ਕਿ ਉਹ ਗੁਆਂਢੀਆਂ ਵੱਲੋਂ ਡੱਕੀ ਰੱਖਣ ਕਾਰਨ ਨਾ ਤਾਂ ਉਨ੍ਹਾਂ ਦੀ ਕੋਈ ਮਦਦ ਕਰ ਸਕਿਆ ਤੇ ਨਾ ਉਨ੍ਹਾਂ ਨਾਲ ਆਪ ਸੜ ਮਰ ਸਕਿਆ।

ਇਸ ਵਾਰ ਪੀੜਤ ਪਰਿਵਾਰ ਨਾਲ ਮੇਰੀ ਮੁਲਾਕਾਤ ਬੀਤੇ ਵਰ੍ਹਿਆਂ ਦੀਆਂ ਮੁਲਾਕਾਤਾਂ ਤੋਂ ਬਿਲਕੁਲ ਹੀ ਵੱਖਰੀ ਅਤੇ ਟੁੰਬਣ ਵਾਲੀ ਹੋਵੇਗੀ, ਇਸ ਗੱਲ ਦੀ ਮੈਨੂੰ ਉਸ ਸਮੇਂ ਕਲਪਨਾ ਵੀ ਨਹੀਂ ਸੀ ਜਦੋਂ ਮੈਂ ਪੱਛਮੀ ਦਿੱਲੀ ਵਿਚ ਸਥਿਤ ਸੰਸਾਰ ਦੀ ਇਕੋ ਇਕ ਵਿਧਵਾ ਕਾਲੋਨੀ ਤਿਲਕ ਵਿਹਾਰ ਪੁੱਜਾ ਤੇ ਇਕ ਪੀੜਤ ਪਰਿਵਾਰ ਦੇ ਦਰਵਾਜ਼ੇ ਦੇ ਬਾਹਰ ਵਾਣੇ ਮੰਜੇ 'ਤੇ ਬੈਠੇ ਬਜ਼ੁਰਗ ਨਾਲ ਗੱਲ ਕਰਨ ਲਈ ਉਸ ਦੇ ਸਾਹਮਣੇ ਰੱਖੇ ਸਟੂਲ 'ਤੇ ਜਾ ਬੈਠਾ।

ਜਦੋਂ ਨੋਟਬੁੱਕ ਖੋਲ੍ਹ ਕੇ ਜੇਬ ਵਿਚੋਂ ਅਜੇ ਪੈਨ ਕੱਢਿਆ ਹੀ ਸੀ, ਉਹ ਦੁਬਲਾ-ਪਤਲਾ ਬੰਦਾ ਬਾਹਰ ਨਿਕਲ ਕੇ ਚੀਕ ਕੇ ਮੈਨੂੰ ਪੈ ਗਿਆ।

ਆਪਣੇ ਉਤੇ ਅਚਾਨਕ ਹੋਏ ਇਸ ਸ਼ਬਦੀ ਹਮਲੇ ਕਾਰਨ ਪਹਿਲਾਂ ਤਾਂ ਮੈਂ ਬੌਂਦਲਾ ਜਿਹਾ ਗਿਆ, ਫਿਰ ਕਿਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਿਆ। ਮੈਂ ਉਸ ਨੂੰ ਦੱਸਿਆ ਕਿ ਮੈਂ ਪੱਤਰਕਾਰ ਹਾਂ ਤੇ...। ਇਸ ਤੋਂ ਪਹਿਲਾਂ ਕਿ ਮੈਂ ਆਪਣੀ ਗੱਲ ਪੂਰੀ ਕਰਦਾ, ਉਸ ਨੇ ਉਸੇ ਤਰ੍ਹਾਂ ਭੁੱਬਾਂ ਮਾਰ ਕੇ ਰੋਂਦਿਆਂ ਮੈਨੂੰ ਪੁੱਛਿਆ ਕਿ ਤੁਸਾਂ ਤੇ ਤੁਹਾਡੇ ਵਰਗੇ ਹੋਰ ਪੱਤਰਕਾਰਾਂ ਨੇ ਸਿਵਾਏ ਸਾਡੇ ਦੁੱਖ-ਦਰਦ ਦੀਆਂ ਕਹਾਣੀਆਂ ਮਸਾਲੇ ਲਾ-ਲਾ ਕੇ ਛਪਵਾਉਣ ਅਤੇ ਸਾਡੇ ਕਹਿੰਦੇ-ਕਹਾਉਂਦੇ ਹਮਦਰਦੀਆਂ ਨੇ ਸਾਡੀਆਂ ਚੀਸਾਂ ਦਾ ਮੁੱਲ ਵੱਟਣ ਤੇ ਸਾਡਾ ਰਾਜਸੀ ਸ਼ੋਸ਼ਣ ਕਰਨ ਤੋਂ ਬਿਨਾਂ ਕੀਤਾ ਹੀ ਕੀ ਹੈ?

ਕਿਸੇ ਤਰ੍ਹਾਂ ਉਸ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਆਪਣੇ ਦਿਲ ਦੀ ਭੜਾਸ ਕੱਢਦਿਆਂ ਬੋਲਣਾ ਜਾਰੀ ਰੱਖਿਆ। ਫਿਰ ਕਿਹਾ ਕਿ ਦੁਸ਼ਮਣਾਂ ਨੇ ਤਾਂ ਇਕ ਵਾਰ ਸਾਡੇ ਸੀਨਿਆਂ ਨੂੰ ਸੱਲਿਆ ਸੀ ਪਰ ਤੁਹਾਡੇ ਵਰਗੇ ਹਮਦਰਦਾਂ ਨੇ ਤਾਂ ਇਨ੍ਹਾਂ ਵਰ੍ਹਿਆਂ ਵਿਚ ਕੋਈ ਪੰਜਾਹ ਵਾਰੀ ਨਸ਼ਤਰ ਲੈ ਕੇ ਸਾਡੇ ਜ਼ਖ਼ਮ ਕੁਰੇਦੇ ਹਨ। ਤੁਸੀਂ ਲੋਕ ਨਾ ਤਾਂ ਸਾਡੇ ਜ਼ਖ਼ਮ ਭਰਨ ਦਿੰਦੇ ਹੋ ਅਤੇ ਨਾ ਹੀ ਕੁਰੇਦੇ ਗਏ ਜ਼ਖ਼ਮਾਂ ਨਾਲ ਉਠਦੀਆਂ ਚੀਸਾਂ ਕਾਰਨ ਵਹਿੰਦੇ ਅੱਥਰੂਆਂ ਨੂੰ ਸੁੱਕਣ ਦਿੰਦੇ ਹੋ। ਤੁਹਾਨੂੰ ਕੀ ਪਤਾ ਕਿ ਸਾਲ ਵਿਚ ਇਕ ਵਾਰ ਆ ਕੇ ਤੁਸੀਂ ਜੋ ਸਾਡੇ ਜ਼ਖ਼ਮ ਕੁਰੇਦ ਜਾਂਦੇ ਹੋ, ਅਸੀਂ ਉਨ੍ਹਾਂ ਦੇ ਦਰਦ ਕਾਰਨ ਉਠਣ ਵਾਲੀਆਂ ਚੀਸਾਂ ਸਹਿੰਦੇ ਕਦੋਂ ਤਕ ਅੱਥਰੂ ਵਹਾਉਂਦੇ ਰਹਿੰਦੇ ਹਾਂ?

ਉਸ ਦੇ ਬੋਲਾਂ ਨੇ ਮੈਨੂੰ ਧੁਰ ਅੰਦਰ ਤਕ ਹਿਲਾ ਕੇ ਰੱਖ ਦਿੱਤਾ। ਉਸ ਸਮੇਂ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਮੈਂ ਹਰ ਵਰ੍ਹੇ ਇਥੇ ਆ ਕੇ ਆਪਣੀ ਕਹਾਣੀ ਬਣਾਉਣ ਦੀ ਲਾਲਸਾ ਨੂੰ ਪੂਰਿਆਂ ਕਰਨ ਲਈ ਜੋ ਗੁਨਾਹ ਕਰਦਾ ਚਲਿਆ ਆ ਰਿਹਾ ਹਾਂ, ਉਹ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ। ਪੀੜਤ ਪਰਿਵਾਰ ਨਾਲ ਨਵੰਬਰ 84 ਦੇ ਸਾਕੇ ਦੀ ਗੱਲ ਛੇੜ ਕੇ ਉਨ੍ਹਾਂ ਦੇ ਭਰੇ ਜਾਂਦੇ ਜ਼ਖ਼ਮਾਂ ਨੂੰ ਕੁਰੇਦ ਦਿੰਦਾ ਹਾਂ। ਬੀਤੇ 26 ਵਰ੍ਹਿਆਂ ਤੋਂ ਇਹ ਮਹਿਜ਼ ਰਸਮ ਜਿਹੀ ਬਣੀ ਚਲੀ ਆ ਰਹੀ ਹੈ ਕਿ ਜਦੋਂ ਵੀ ਨਵੰਬਰ ਦੇ ਮਹੀਨੇ ਦੀ ਸ਼ੁਰੂਆਤ ਹੋਵੇ, ਪ੍ਰੈਸ ਕਾਨਫਰੰਸਾਂ ਕਰ ਕੇ ਪੀੜਤਾਂ ਨਾਲ ਹਮਦਰਦੀ ਪ੍ਰਗਟ ਕਰੋ, ਦੋਸ਼ੀਆਂ ਨੂੰ ਸਜ਼ਾ ਨਾ ਮਿਲਣ 'ਤੇ ਮਗਰਮੱਛੀ ਅੱਥਰੂ ਵਹਾਓ ਅਤੇ ਕਾਂਗਰਸ ਨੂੰ ਇਸ ਲਈ ਜ਼ਿੰਮੇਵਾਰ ਗਰਦਾਨ ਕੇ ਕੋਸੋ, ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਮੰਗ ਨੂੰ ਲੈ ਕੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਕਦੇ ਕਦੇ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਚੀਫ ਜਸਟਿਸ ਤਕ ਨੂੰ ਮੰਗ ਪੱਤਰ ਦੇ ਕੇ ਆਪਣੇ ਆਪ ਨੂੰ ਪੀੜਤਾਂ ਦੇ ਸੱਚੇ ਹਮਦਰਦ ਹੋਣ ਦਾ ਅਹਿਸਾਸ ਕਰਵਾਓ। ਜੇ ਹੋਰ ਕੁਝ ਕਰਨਾ ਹੋਵੇ ਤਾਂ ਕੈਂਡਲ ਮਾਰਚ ਕਰੋ। ਇਸ ਵਿਚ ਸ਼ਾਮਲ ਹੋਣ ਲਈ ਭਾਵੇਂ ਇਸ ਤਰ੍ਹਾਂ ਸੱਜ-ਧੱਜ ਕੇ ਪੁੱਜੋ, ਜਿਵੇਂ ਤੁਸੀਂ ਕਿਸੇ ਰੋਸ ਸਮਾਗਮ ਵਿਚ ਨਹੀਂ ਸਗੋਂ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਆਏ ਹੋ। ਇਨਸਾਫ਼ ਦਾ ਵਾਸਤਾ ਪਾ ਕੇ ਪੰਜਾਬ ਤੇ ਦਿੱਲੀ ਬੰਦ ਦੇ ਸੱਦੇ ਦੇਵੋ, ਅਰਦਾਸ ਕਰ ਕੇ ਸ਼ਰਧਾਂਜਲੀ ਭੇਟ ਕਰੋ ਤੇ ਆਪਣੇ ਫ਼ਰਜ਼ ਦੀ ਪੂਰਤੀ ਹੋ ਗਈ ਮੰਨ ਕੇ ਮੁੜ ਏਅਰ-ਕੰਡੀਸ਼ਨਡ ਕੋਠੀਆਂ ਜਾਂ ਦਫ਼ਤਰਾਂ ਵਿਚ ਜਾ ਬਿਰਾਜੋ। ਫਿਰ ਚੋਣਾਂ ਮੌਕੇ ਉਨ੍ਹਾਂ ਦਾ ਰਾਜਸੀ ਸ਼ੋਸ਼ਣ ਕਰਨਾ ਸ਼ੁਰੂ ਕਰ ਦਿਓ। ਕੀ ਬੀਤੇ 26 ਵਰ੍ਹਿਆਂ ਤੋਂ ਇਹੋ ਕੁਝ ਹੀ ਨਹੀਂ ਹੁੰਦਾ ਚਲਿਆ ਆ ਰਿਹਾ?

ਅਜੇ ਤਕ ਨਾ ਤਾਂ ਕੋਈ ਅਜਿਹਾ ਕਮਿਸ਼ਨ ਬਣਿਆ ਹੈ ਤੇ ਨਾ ਹੀ ਕੋਈ ਅਜਿਹੀ ਕਮੇਟੀ ਬਣਾਈ ਗਈ ਹੈ ਜੋ ਇਸ ਗੱਲ ਦੀ ਜਾਂਚ-ਪੜਤਾਲ ਕਰੇ ਕਿ ਪੀੜਤਾਂ ਦੀ ਮਦਦ ਕਰਨ ਦੇ ਨਾਂ 'ਤੇ ਜੋ ਬੰਦੇ ਸਰਗਰਮ ਰਹੇ ਤੇ ਜੋ ਕਮੇਟੀਆਂ ਹੋਂਦ ਵਿਚ ਆਈਆਂ ਸਨ, ਉਨ੍ਹਾਂ ਦੇ ਮੁਖੀਆਂ ਨੇ ਪੀੜਤਾਂ ਦੀ ਮਦਦ ਅਤੇ ਉਨ੍ਹਾਂ ਦੇ ਮੁੜ-ਵਸੇਬੇ ਵਿਚ ਭੂਮਿਕਾ ਅਦਾ ਕਰਨ ਦੇ ਨਾਂ 'ਤੇ ਅਪੀਲਾਂ ਅਤੇ ਦੇਸ਼-ਵਿਦੇਸ਼ ਦੇ ਦੌਰਿਆਂ ਰਾਹੀਂ ਦੂਰ-ਦੁਰਾਡੇ ਵੱਸਦੇ ਸਿੱਖਾਂ ਦਾ ਭਾਵਨਾਤਮਕ ਸ਼ੋਸ਼ਣ ਕਰ ਕੇ ਉਨ੍ਹਾਂ ਪਾਸੋਂ ਜੋ ਕਰੋੜਾਂ ਰੁਪਏ ਦੇ ਫੰਡ ਇਕੱਠੇ ਕੀਤੇ ਸਨ, ਉਨ੍ਹਾਂ ਦਾ ਕੀ ਬਣਿਆ ਹੈ? ਜਿਨ੍ਹਾਂ ਨੇ ਪੀੜਤ ਵਿਧਵਾਵਾਂ ਨੂੰ ਪੈਰਾਂ 'ਤੇ ਖੜ੍ਹਿਆ ਕਰ ਕੇ ਆਤਮ-ਨਿਰਭਰ ਬਣਾਉਣ ਦੇ ਨਾਂ 'ਤੇ ਸਰਕਾਰ ਪਾਸੋਂ ਭਵਨ ਅਲਾਟ ਕਰਵਾਏ, ਸਰਕਾਰ ਤੇ ਆਮ ਸਿੱਖਾਂ ਪਾਸੋਂ ਲੱਖਾਂ ਰੁਪਏ ਦੇ ਫੰਡ ਮਦਦ ਵਜੋਂ ਲਏ, ਮਸ਼ੀਨਾਂ ਤੇ ਹੋਰ ਸੰਦ ਆਦਿ ਲਏ, ਕਿੱਥੇ ਹਨ ਉਹ ਲੋਕ...?

ਸਵਾਲ ਇਹ ਵੀ ਉਠਦਾ ਹੈ ਕਿ ਅੱਜ ਜਿਹੜੀਆਂ ਪਾਰਟੀਆਂ ਪੀੜਤਾਂ ਦੇ ਨਾਂ 'ਤੇ ਰਾਜਨੀਤੀ ਕਰ ਰਹੀਆਂ ਹਨ, ਉਨ੍ਹਾਂ ਦੇ ਮੁਖੀਆਂ ਦਾ ਆਪਣਾ ਕਿਰਦਾਰ ਕੀ ਹੈ? ਕੀ ਉਨ੍ਹਾਂ ਨੇ ਆਪਣੀ ਪਾਰਟੀ ਵਿਚਲੇ ਉਨ੍ਹਾਂ ਬੰਦਿਆਂ ਵਿਰੁਧ ਕੋਈ ਕਾਰਵਾਈ ਕੀਤੀ ਹੈ, ਜਿਨ੍ਹਾਂ 'ਤੇ ਦੋਸ਼ੀਆਂ ਨਾਲ ਸਾਂਝ ਪਾ ਕੇ ਉਨ੍ਹਾਂ ਵਿਰੁਧ ਗਵਾਹਾਂ ਦੇ ਬਿਆਨ ਬਦਲਵਾਉਣ ਦਾ ਗੁਨਾਹ ਕੀਤੇ ਜਾਣ ਅਤੇ ਜਿਨ੍ਹਾਂ 'ਤੇ ਦੋਸ਼ੀਆਂ ਨੂੰ ਕਲੀਨ ਚਿੱਟ ਦਿੱਤੇ ਜਾਣ ਦੇ ਦੋਸ਼ ਲੱਗਦੇ ਰਹੇ ਹਨ?

*ਮੋਬਾਈਲ:91-98689-17731*

# ਅਮੈਰੀਕਨ ਏਅਰਲਾਈਨ ਨੇ ਦਿੱਲੀ-ਸ਼ਿਕਾਗੋ ਸਿੱਧੀ ਉਡਾਣ ਦੀ ਪੰਜਵੀਂ ਵਰ੍ਹੇਗੰਢ ਮਨਾਈ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਅਮੈਰਿਕਨ ਏਅਰਲਾਈਨਜ਼ ਵਲੋਂ ਸ਼ਿਕਾਗੋ ਤੋਂ ਦਿੱਲੀ ਲਈ ਸਿਧੀ ਉਡਾਣ ਦੀ ਪੰਜਵੀਂ ਵਰ੍ਹੇ-ਗੰਢ ਇਥੋਂ ਦੀ ਇਕ ਸਬਰਬ ਓਕ ਬਰੁਕ ਦੇ ਹੋਟਲ







'ਡਬਲ ਟਰੀ' ਵਿਚ ਮਨਾਈ ਗਈ ਜਿਸ ਵਿਚ ਅਮੈਰਿਕਨ ਏਅਰਲਾਈਨ ਦੇ ਅਧਿਕਾਰੀਆਂ, ਸਟਾਫ, ਟਰੈਵਲ ਕੰਪਨੀਆਂ ਦੇ ਮਾਲਕਾਂ, ਅਧਿਕਾਰੀਆਂ ਤੇ ਸ਼ਹਿਰ ਦੇ ਪੰਤਵਤੇ ਸੱਜਣਾਂ ਨੇ ਸ਼ਿਰਕਤ ਕੀਤੀ।

ਅਮੈਰਿਕਨ ਏਅਰਲਾਈਨ ਨੇ ਇਹ ਸਿਧੀ ਉਡਾਣ 14 ਨਵੰਬਰ 2005 ਨੂੰ ਸ਼ੁਰੂ ਕੀਤੀ ਸੀ। ਇਹ ਭਾਰਤ ਜਾਣ ਲਈ ਪਹਿਲੀ ਲੰਬੀ ਨਾਨ-ਸਟਾਪ ਹਵਾਈ ਉਡਾਣ ਸੀ। ਆਪਣੀਆਂ ਚੰਗੇਰੀਆਂ ਸਹੂਲਤਾਂ ਕਰਕੇ ਇਹ ਭਾਰਤੀ ਲੋਕਾਂ ਵਿਚ ਜਲਦੀ ਹੀ ਹਰਮਨ ਪਿਆਰੀ ਹੋ ਗਈ ਤੇ ਅੱਜ ਤੱਕ ਵੀ ਉਸ ਦਾ ਇਹ ਰਸੂਖ ਕਾਇਮ ਹੈ।

ਅਮੈਰਿਕਨ ਏਅਰਲਾਈਨਜ਼ ਦੇ ਸਟਾਫ ਮੈਂਬਰਾਂ ਨੇ ਰਵਾਇਤੀ ਤਰੀਕੇ ਨਾਲ ਮਹਿਮਾਨਾਂ ਦਾ ਸਵਾਗਤ ਕੀਤਾ। ਉਪਰੰਤ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਅਮੈਰਿਕਨ ਏਅਰਲਾਈਨਜ਼ ਦੇ ਕਾਰਜਕਾਰੀ ਅਧਿਕਾਰੀ (ਏਸ਼ੀਆ/ਪੈਸੇਫਿਕ ਖੇਤਰ) ਸ੍ਰੀ ਰਾਜ ਸਿੱਧੂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਅਮੈਰੀਕਨ ਏਅਰਲਾਈਨਜ਼ ਦੇ ਉਚ ਅਧਿਕਾਰੀਆਂ ਨਾਲ ਜਾਣ ਪਛਾਣ ਕਰਾਈ।

ਅਮੈਰਿਕਨ ਏਅਰਲਾਈਨਜ਼ ਦੇ ਵਾਈਸ ਪ੍ਰੈਜੀਡੈਂਟ ਟਾਮ ਐਚਹਲੀਸ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਸ ਉਡਾਣ ਦੀ ਸਫਲਤਾ ਇਕ ਟੀਮ ਵਰਕ ਕਰ ਕੇ ਹੈ ਤੇ ਅਸੀਂ ਗਾਹਕਾਂ ਨੂੰ ਵਧੀਆ ਸਹੂਲਤਾਂ ਦੇਣ ਵਿਚ ਵਿਸ਼ਵਾਸ ਰਖਦੇ ਹਾਂ। ਹਰ ਖੇਤਰ ਦੇ ਮੁਸਾਫਰਾਂ ਦੀਆਂ ਮੰਗਾਂ ਨੂੰ ਧਿਆਨ ਵਿਚ ਰਖਦੇ ਹੋਏ ਉਨ੍ਹਾਂ ਦੀ ਯਾਤਰਾ ਨੂੰ ਹੋਰ ਆਰਾਮਦੇਹ ਬਣਾਉਂਦੇ ਹਾਂ ਤਾਂ ਕਿ ਹਵਾਈ ਸਫਰ ਇਕ ਸੁਹਾਣੇ ਸਫਰ ਦੇ ਤੌਰ 'ਤੇ ਯਾਦ ਰਹੇ। ਟੂਰਿਸਟਾਂ ਦੇ ਅਨੁਭਵਾਂ ਤੇ ਸੁਝਾਵਾਂ ਨੂੰ ਮੁਖ ਰਖਦੇ ਹੋਏ ਸਮੇਂ ਸਮੇਂ ਸਮੀਖਿਆ ਕਰਕੇ ਬਿਹਤਰ ਸੇਵਾਵਾਂ ਦੇਣ ਦੇ ਉਪਰਾਲੇ ਕਰਦੇ ਹਾਂ ਤੇ ਨਵੀਆਂ ਯੋਜਨਾਵਾਂ ਉਲੀਕਦੇ ਹਾਂ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼ਿਕਾਗੋ 'ਚ ਭਾਰਤੀ ਕੌਂਸਲ ਜਨਰਲ ਸ੍ਰੀਮਤੀ ਸ਼ੀਲਾ ਤੋਮਰ ਨੇ ਕਿਹਾ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਅਮਰੀਕਾ ਤੇ ਭਾਰਤ-ਦੋਵਾਂ ਦੇਸਾਂ ਵਿਚ ਸੰਬੰਧ ਹੋਰ ਵੀ ਮਜਬੂਤ ਹੋ ਰਹੇ ਹਨ। ਇਸ ਨਾਲ ਆਪਸੀ ਵਪਾਰ ਦੇ ਹੋਰ ਮੌਕਿਆਂ ਵਿਚ ਵਾਧਾ ਹੋ ਰਿਹਾ ਹੈ। ਏਅਰਲਾਈਨ ਸਟਾਫ ਵਲੋਂ ਕੌਂਸਲ ਜਨਰਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।



ਰੰਗਾਰਗ ਪ੍ਰੋਗਰਾਮ ਵਿਚ ਨ੍ਰਿਤਯ ਕਲਾ ਸ੍ਰੀ ਡਾਂਸ ਅਕੈਡਮੀ ਦੇ ਕਲਾਕਾਰਾਂ ਨੇ ਟੀ. ਚੌਧਰੀ ਦੇ ਨਿਰਦੇਸ਼ਨ ਹੇਠ ਕਲਾਸੀਕਲ ਡਾਂਸ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸੇ ਹੀ ਟੀਮ ਨੇ ਅਦਾਕਾਰਾ ਮਾਧੁਰੀ ਦੀਕਸ਼ਤ ਦੇ ਵੱਖ-ਵੱਖ ਗੀਤਾਂ 'ਇਕ ਦੋ ਤਿੰਨ,' 'ਆਜਾ ਨੱਚ ਲੈ,' 'ਢੋਲਾ ਰੇ ਢੋਲਾ' ਆਦਿ ਵੰਨਗੀਆਂ ਪੇਸ਼ ਕਰ ਕੇ ਦਰਸ਼ਕਾਂ ਦੀ ਖੂਬ ਦਾਦ ਹਾਸਿਲ ਕੀਤੀ। ਉਪਰੰਤ ਜੈਮੀਨੀ ਬੋਮਾਨੀ, ਸੋਲੋਨੀ ਸ਼ਾਹ, ਦਨੀਕਾ ਪਟੇਲ ਦੀ ਟੀਮ ਨੇ ਭਾਰਤ-ਨਾਟਿਅਮ ਡਾਂਸ, ਫਯੂਜਨ ਡਾਂਸ ਤੇ ਦੀਯਾ ਡਾਂਸ ਦੀ ਮਿਕਸ ਕੋਰਿਓਗ੍ਰਾਫੀ ਪੇਸ਼ ਕਰ ਕੇ ਸਰੋਤਿਆਂ ਦੀ ਵਾਹ ਵਾਹ ਲੁਟੀ।

ਇਸ ਮੌਕੇ ਰੈਫਲ ਡਰਾਅ ਵੀ ਕਢੇ ਗਏ ਜਿਸ ਵਿਚ ਇੰਡੀਆ ਜਾਣ, ਯੂਰਪ ਦੀ ਸੈਰ ਤੇ ਅਮਰੀਕਾ ਵਿਚ ਕਿਤੇ ਵੀ ਘਰੇਲੂ ਹਵਾਈ ਉਡਾਣ ਲਈ ਫਰੀ ਟਿਕਟਾਂ ਤੋਹਫੇ ਵਜੋਂ ਦਿੱਤੀਆਂ ਗਈਆਂ। ਅੰਤ ਵਿਚ ਲੋਰਏਟਾ ਕਲੂਸ, ਡਾਇਰੈਕਟਰ ਪਸੰਜਰ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

## ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਵਿਖੇ ਗੁਰਪੁਰਬ ਦੀਆਂ ਰੌਣਕਾਂ

**ਸ਼ਿਕਾਗੋ:** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਵਿਚ ਸੰਗਤਾਂ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਗੁਰੂ ਘਰ ਨੂੰ ਅੰਦਰੋਂ ਅਤੇ ਬਾਹਰੋਂ ਖੂਬਸੂਰਤ ਢੰਗ ਨਾਲ ਸਜਾਇਆ ਗਿਆ ਸੀ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਹੀਰਾ ਸਿੰਘ ਅਤੇ ਭਾਈ ਮਾਨ ਸਿੰਘ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਗੁਰ-ਸ਼ਬਦ ਨਾਲ ਜੋੜਿਆ। ਅਖੰਡ ਪਾਠ ਅਤੇ ਲੰਗਰ ਦੀ ਸੇਵਾ ਜੋਗਿੰਦਰ ਸਿੰਘ ਬਾਮਰਾ ਅਤੇ ਕਿਰਪਾਲ ਕੌਰ ਬਾਮਰਾ ਦੇ ਪਰਿਵਾਰ ਵਲੋਂ ਕੀਤੀ ਗਈ। ਨਿਸਾਨ ਸਾਹਿਬ ਉਪਰ ਵੀ ਨਵਾਂ ਚੋਲਾ ਚੜ੍ਹਾਇਆ ਗਿਆ।

ਇਸ ਮੌਕੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰੂ ਘਰ ਦੇ ਮੁੱਖ ਸੇਵਾਦਾਰ ਸੰਤ ਦਲਜੀਤ ਸਿੰਘ ਸ਼ਿਕਾਗੋ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਉਪਦੇਸ਼ ਅਤੇ ਉਨ੍ਹਾਂ ਵਲੋਂ ਸਮੁੱਚੀ ਮਾਨਵਤਾ ਨੂੰ ਦਿੱਤੀ ਗਈ ਸੇਧ ਉਪਰ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਅਤੇ ਊਚ-ਨੀਚ ਦੇ ਵਖਰੇਵਿਆਂ ਵਿਚੋਂ ਕੱਢ ਕੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਆਲਮੀ ਸਿਧਾਂਤ ਬਖਸ਼ਿਆ। ਉਨ੍ਹਾਂ ਦੀਆਂ ਸਿੱਖਿਆਵਾਂ, ਸਮਾਜ ਸੁਧਾਰਕ, ਵਿਗਿਆਨਕ ਅਤੇ ਵਿਸ਼ਵ ਵਿਆਪੀ ਇੰਕਲਾਬ ਦੇ ਸੁਨੇਹੇ ਵਾਲੀਆਂ ਹਨ।



*ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਵਿਖੇ ਨਿਸ਼ਾਨ ਸਾਹਿਬ ਦੀ ਸੇਵਾ ਕਰਦੀਆਂ ਸੰਗਤਾਂ*



# ਡੀ ਐਫ ਡਬਲਿਊ ਇੰਟਰਨੈਸ਼ਨਲ ਸਪੋਰਟਸ ਕਲੱਬ, ਡੈਲਸ (ਟੈਕਸਸ)

## ਸਮੂਹ ਖਿਡਾਰੀਆਂ, ਖੇਡ ਪ੍ਰੇਮੀਆਂ, ਪਾਠਕਾਂ ਅਤੇ ਸਮੁੱਚੀ ਸਿੱਖ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਲੱਖ ਲੱਖ ਵਧਾਈ

### ਡੀ ਐਫ ਡਬਲਿਊ ਇੰਟਰਨੈਸ਼ਨਲ ਸਪੋਰਟਸ ਕਲੱਬ ਦੇ ਖੇਡ ਮੇਲੇ (ਸਾਲ 2010) ਦੀਆਂ ਕੁਝ ਤਸਵੀਰਾਂ

















Sponsored Page





ੴ ਸਤਿਗੁਰੂ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ॥
ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ॥
ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ॥
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ॥
ਗੁਰਮਖਿ ਕਲਿ ਵਿਚ ਪਰਗਟੁ ਹੋਆ ॥੨੭॥



ਸਮੂਹ ਸਿੱਖ ਸੰਗਤਾਂ ਨੂੰ ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀ

ਕੋਟਾਨਿ ਕੋਟਿ ਵਧਾਈ

ਸੰਗਤਾਂ ਦੇ ਦਾਸ:ਸਮੂਹ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ


ਪ੍ਰਧਾਨ
ਜਸਵਿੰਦਰ ਸਿੰਘ ਭੱਦਾਸ


ਮੀਤ ਪ੍ਰਧਾਨ
ਕਨਵਰਵੀਰ ਸਿੰਘ ਕੇਪੀ


ਸੁਖਦੇਵ ਸਿੰਘ ਖਾਲਸਾ


ਚੇਅਰਮੈਨ
ਜੱਗੀ ਸਿੰਘ ਘੋਤੜਾ
ਬਿਸ਼ਨਪੁਰ


ਸੀਨੀਅਰ ਵਾਈਸ ਚੇਅਰਮੈਨ
ਕਸ਼ਮੀਰ ਸਿੰਘ ਨੀਲਾ
ਜਲਾਲਪੁਰ


ਵਾਈਸ ਚੇਅਰਮੈਨ
ਜਸਵਿੰਦਰ ਸਿੰਘ ਜੱਸੀ
ਉਰਫ ਰੱਬ ਸਲੇਮਪੁਰ


ਖਜ਼ਾਨਚੀ
ਜਰਨੈਲ ਸਿੰਘ ਵੱਡੀ ਮਿਆਣੀ


ਮੀਤ ਖਜ਼ਾਨਚੀ
ਸੁਖਵਿੰਦਰ ਸਿੰਘ ਬਰੀਮਪੁਰ



ਫੰਡਰੇਜ਼ਿੰਗ ਟਰਸਟੀ
ਨਿਰਮਲ ਸਿੰਘ ਭੱਦਾਸ


ਫੰਡਰੇਜ਼ਿੰਗ ਟਰਸਟੀ
ਹਰਮਿੰਦਰ ਸਿੰਘ ਬਿੱਟਾ


ਫੰਡਰੇਜ਼ਿੰਗ ਟਰਸਟੀ
ਪਰਮਜੀਤ ਸਿੰਘ ਪੁਲਸੀਆ
ਸਲੇਮਪੁਰ


ਫੰਡਰੇਜ਼ਿੰਗ ਟਰਸਟੀ
ਗੁਰਪਿਆਰ ਸਿੰਘ ਬਬਲੂ


ਫੰਡਰੇਜ਼ਿੰਗ ਟਰਸਟੀ
ਨਰਿੰਦਰਪਾਲ ਸਿੰਘ
ਬਿੱਲਾ ਸਲੇਮਪੁਰ


ਫੰਡਰੇਜ਼ਿੰਗ ਟਰਸਟੀ
ਦਵਿੰਦਰ ਸਿੰਘ ਬੱਬੂ
ਬਰੀਮਪੁਰ

# ਡੈਲਸ ਦੀਆਂ ਸੰਗਤਾਂ ਨੇ ਗੁਰਪੁਰਬ ਸ਼ਰਧਾ ਨਾਲ ਮਨਾਇਆ

**ਡੈਲਸ, ਟੈਕਸਸ (ਰਾਣਾ ਇਕਬਾਲ):** ਡੈਲਸ ਦੀਆਂ ਸੰਗਤਾਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਲੰਘੇ ਐਤਵਾਰ ਨੂੰ ਇਥੋਂ ਦੇ ਵੱਖ ਵੱਖ ਗੁਰੂ ਘਰਾਂ-ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ, ਗੁਰਦੁਆਰਾ ਸਿੰਘ ਸਭਾ ਰਿਚਰਡਸਨ, ਸਿੱਖ ਸੰਗਤ ਯੂਲਿਸ ਅਤੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਹੈਜ਼ਲਟ ਵਿਚ ਬੜੀ ਸ਼ਰਧਾ ਨਾਲ ਮਨਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਉਪਰੰਤ ਦੀਵਾਨ ਸਜਾਏ ਗਏ। ਰਾਗੀ ਸਿੰਘਾਂ ਨੇ ਸ਼ਬਦ ਕੀਰਤਨ ਅਤੇ ਵਿਆਖਿਆਕਾਰਾਂ ਨੇ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਪਾਤਸ਼ਾਹ ਵਲੋਂ ਦਿੱਤੇ ਸੁਨੇਹੇ ਨਾਲ ਜੋੜਿਆ।

ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਵਿਚ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂ ਘਰ ਦੀ ਹਦੂਦ ਦੇ ਅੰਦਰ ਨਗਰ ਕੀਰਤਨ ਕੀਤਾ ਗਿਆ ਅਤੇ ਨਿਸ਼ਾਨ ਸਾਹਿਬ ਉਤੇ ਨਵਾਂ ਚੋਲਾ ਚੜ੍ਹਾਇਆ ਗਿਆ। ਗੁਰੂ ਘਰ ਦੇ ਗੁਰਮਤਿ ਸਕੂਲ ਦੇ ਬੱਚਿਆਂ ਨੇ ਸ਼ਬਦ ਕੀਰਤਨ ਕਰਕੇ ਹਾਜ਼ਰੀ ਭਰੀ। ਰਾਗੀ ਕੁਲਵੰਤ ਸਿੰਘ ਤਾਰਾ ਪਾਉਂਟਾ ਸਾਹਿਬ, ਭਾਈ ਅਬਿਨਾਸ਼ ਸਿੰਘ ਤਾਰਾ ਤੇ ਭਾਈ ਕੰਵਲ ਸਿੰਘ ਨੇ ਬਹੁਤ ਹੀ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਸਕੱਤਰ ਭਾਈ ਗੋਬਿੰਦ ਰਾਏ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਇਸ ਮੌਕੇ ਹੋਰਨਾਂ ਧਰਮਾਂ ਦੇ ਲੋਕਾਂ ਨੇ ਵੀ ਗੁਰੂ ਨਾਨਕ ਦੇਵ ਜੀ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਗੁਰੂ ਕਾ ਲੰਗਰ ਅਤੁੱਟ ਵਰਤਿਆ।

### ਗੁਰੂਘਰ ਸਿੰਘ ਸਭਾ 'ਚ ਗੁਰਪੁਰਬ ਦੀਆਂ ਰੌਣਕਾਂ

ਪ੍ਰਥਮ ਪਾਤਸ਼ਾਹੀ ਦਾ 541ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਸਿੰਘ ਸਭਾ ਰਿਚਰਡਸਨ ਦੀਆਂ ਸੰਗਤਾਂ ਵਲੋਂ ਪੂਰਨ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਨਿਸ਼ਾਨ ਸਾਹਿਬ ਉਤੇ ਚੋਲਾ ਚੜ੍ਹਾਇਆ ਗਿਆ। ਖਾਲਸਾ ਸਕੂਲ ਦੇ ਬੱਚਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸ਼ਬਦ ਕੀਰਤਨ ਕੀਤਾ। ਉਪਰੰਤ ਭਾਈ ਜਸਵੰਤ ਸਿੰਘ, ਭਾਈ ਹਰਨਾਮ ਸਿੰਘ ਅਤੇ ਭਾਈ ਸਾਜਨ ਸਿੰਘ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਭਾਈ ਸੁਰਿੰਦਰ ਸਿੰਘ ਗਿੱਲ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਅਸੀਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ ਅਤੇ ਸਿੱਖ ਕੌਮ ਨੂੰ ਵੀ ਸਤਿਕਾਰ ਨਾਲ ਜਿਉਣ ਦਾ ਹੱਕ ਹੈ। ਸਿੱਖਾਂ ਨੂੰ ਉਨ੍ਹਾਂ ਦੇ ਹੱਕ ਮਿਲਣੇ ਚਾਹੀਦੇ ਹਨ। ਗੁਰਦੁਆਰਾ ਕਮੇਟੀ ਨੇ ਆਈਆਂ ਸਮੂਹ ਸੰਗਤਾਂ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ।

ਇਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਖਾਲਸਾ ਸਕੂਲ ਵੀ ਚਲਾਇਆ ਜਾਂਦਾ ਹੈ ਜਿਥੇ ਅੱਠਵੀਂ ਤੱਕ ਦੀਆਂ ਜਮਾਤਾਂ ਲੱਗਦੀਆਂ ਹਨ ਅਤੇ ਬੱਚਿਆਂ ਨੂੰ ਪੰਜਾਬੀ, ਸਿੱਖ ਇਤਿਹਾਸ ਅਤੇ ਸ਼ਬਦ ਗਾਇਨ ਸਿਖਾਇਆ ਜਾਂਦਾ ਹੈ। ਇਹ ਕਲਾਸਾਂ ਹਰ ਸ਼ੁੱਕਰਵਾਰ ਸ਼ਾਮ ਅਤੇ ਐਤਵਾਰ ਸਵੇਰ ਨੂੰ ਲੱਗਦੀਆਂ ਹਨ।






ਗੁਰਦੁਆਰਾ ਸਿੰਘ ਸਭਾ ਰਿਚਰਡਸਨ ਵਿਖੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕਰਦੀਆਂ ਸੰਗਤਾਂ



ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਵਿਖੇ ਕੀਰਤਨ ਦਾ ਅਨੰਦ ਮਾਣਦੀਆਂ ਸੰਗਤਾਂ

# ਗੁਰਦੁਆਰਾ ਪੈਲਾਟਾਈਨ ਦੇ ਨਵੇਂ ਪ੍ਰਾਜੈਕਟ ਲਈ ਇਕ ਲੱਖ ਡਾਲਰ ਦੀ ਰਕਮ ਇਕੱਤਰ

**ਸ਼ਿਕਾਗੋ:** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 541ਵਾਂ ਪ੍ਰਕਾਸ਼ ਉਤਸਵ ਮਨਾਉਣ ਲਈ ਐਤਵਾਰ ਨੂੰ ਇਕੱਤਰ ਹੋਈਆਂ ਸੰਗਤਾਂ ਨੇ ਗੁਰੂਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਵਲੋਂ ਅਰੰਭੇ ਗਏ ਗੁੰਬਦ ਅਤੇ ਸੁੱਖ ਆਸਣ ਦੇ ਪ੍ਰਾਜੈਕਟ ਲਈ ਇਕ ਫੰਡਰੇਜ਼ਰ ਵਿਚ ਇਕ ਲੱਖ ਡਾਲਰ ਤੋਂ ਵੱਧ ਦੀ ਰਕਮ ਇਕੱਤਰ ਕਰ ਦਿੱਤੀ।

ਇਸ ਤੋਂ ਪਹਿਲਾਂ ਗੁਰਪੁਰਬ ਸਮਾਗਮਾਂ ਲਈ ਅਰੰਭ ਹੋਏ ਅਖੰਡ ਪਾਠ ਦਾ ਭੋਗ ਪਾਇਆ ਗਿਆ। ਜੈਕਾਰਿਆਂ ਦੀ ਗੂੰਜ ਵਿਚ ਪ੍ਰਭਾਤ ਫੇਰੀ ਕੱਢੀ ਗਈ। ਨਿਸ਼ਾਨ ਸਾਹਿਬ 'ਤੇ ਨਵਾਂ ਚੋਲਾ ਚੜ੍ਹਾਇਆ ਗਿਆ। ਗੁਰੂ ਮਹਾਰਾਜ ਦਾ ਓਟ ਆਸਰਾ ਤੱਕਦਿਆਂ ਗੁੰਬਦ ਦੀ ਉਸਾਰੀ ਤੇ ਸੁੱਖ-ਆਸਨ ਦੇ ਕਮਰੇ ਲਈ ਟੱਕ ਲਾਉਣ ਦੀ ਰਸਮ ਪੰਜ ਪਿਆਰਿਆਂ ਨੇ ਜੈਕਾਰਿਆਂ ਦੀ ਗੂੰਜ ਹੇਠ ਕੀਤੀ।

ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਗੁਰਜੰਟ ਸਿੰਘ ਤੇ ਭਾਈ ਰਾਜਿੰਦਰ ਸਿੰਘ ਦੇ ਜਥੇ ਨੇ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰਮਤਿ ਸਕੂਲ ਦੇ ਬੱਚਿਆਂ ਨੇ ਵੀ ਸ਼ਬਦ ਕੀਰਤਨ ਰਾਹੀਂ ਗੁਰੂ ਚਰਨਾਂ ਵਿਚ ਹਾਜ਼ਰੀ ਲਵਾਈ। ਸੰਗਤਾਂ ਦਾ ਪ੍ਰਵਾਹ ਸਾਰਾ ਦਿਨ ਇਸ ਕਦਰ ਜਾਰੀ ਰਿਹਾ ਕਿ ਪਾਰਕਿੰਗ ਲਈ ਜਗ੍ਹਾ ਲੱਭਣੀ ਵੀ ਮੁਸ਼ਕਿਲ ਹੋ ਗਈ। ਆਈਆਂ ਸੰਗਤਾਂ ਦੀ ਭਾਂਤ-ਸੁਭਾਂਤੇ ਭੋਜਨਾਂ ਨਾਲ ਸ਼ਰਧਾਲੂਆਂ ਨੇ ਸੇਵਾ ਕੀਤੀ ਅਤੇ ਗੁਰਪੁਰਬ ਮਨਾਉਂਦਿਆਂ ਮਿਠਾਈਆਂ ਵੀ ਵੰਡੀਆਂ। ਦੀਪਮਾਲਾ ਵੀ ਕੀਤੀ ਗਈ।





ਗੁਰਦੁਆਰਾ ਪੈਲਾਟਾਈਨ ਦੇ ਗੁੰਬਦ ਅਤੇ ਸੁੱਖ ਆਸਣ ਸਥਾਨ ਪ੍ਰਾਜੈਕਟ ਨੂੰ ਟੱਕ ਲਾਉਂਦੇ ਹੋਏ ਪੰਜ ਪਿਆਰੇ

# ਗੁਰਦੁਆਰਾ ਕਰਾਊਨ ਪੁਆਇੰਟ ਦੀਆਂ ਸੰਗਤਾਂ ਵਲੋਂ ਡਾ. ਕਪੂਰ ਦਾ ਸਨਮਾਨ

**ਕਰਾਊਨ ਪੁਆਇੰਟ, ਇੰਡੀਆਨਾ:** ਪ੍ਰਥਮ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਇਥੇ ਗੁਰਦੁਆਰਾ ਕਰਾਊਨ ਪੁਆਇੰਟ ਵਿਖੇ ਇੰਡੀਆਨਾ, ਇਲੀਨਾਏ ਅਤੇ ਮਿਸ਼ੀਗਨ ਦੀਆਂ ਸੰਗਤਾਂ ਵਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਹਰਪਾਲ ਸਿੰਘ ਅਤੇ ਹਜੂਰੀ ਰਾਗੀ ਭਾਈ ਅਜੀਤ ਸਿੰਘ ਦੇ ਰਾਗੀ ਜੱਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਬੱਚਿਆਂ ਦੇ ਜਥੇ ਨੇ ਵੀ ਕੀਰਤਨ ਕਰ ਕੇ ਗੁਰੂ ਚਰਨਾਂ ਵਿਚ ਆਪਣੀ ਹਾਜਰੀ ਲਵਾਈ। ਸਤਿਨਾਮ ਵਾਹਿਗੁਰੂ ਦਾ ਜਾਪੁ ਕਰਦਿਆਂ ਗੁਰੂ ਕੀਆਂ ਸੰਗਤਾਂ ਨੇ ਨਿਸ਼ਾਨ ਸਾਹਿਬ ਤੇ ਨਵਾਂ ਚੋਲਾ ਚੜ੍ਹਾਉਣ ਦੀ ਸੇਵਾ ਕੀਤੀ।

ਗੁਰੂਘਰ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ ਆਫ ਇੰਡੀਆਨਾ ਦੀ 15 ਸਾਲ ਪ੍ਰਧਾਨ ਵਜੋਂ ਸੇਵਾ ਕਰਨ ਬਦਲੇ ਡਾ. ਗੁਰਬਚਨ ਸਿੰਘ ਕਪੂਰ ਨੂੰ ਗੁਰੂਘਰ ਦੀ ਤਰਫੋਂ ਭਾਈ ਹਰਪਾਲ ਸਿੰਘ ਅਤੇ ਨਵੇਂ ਪ੍ਰਧਾਨ ਸ. ਗੁਰਨਾਮ ਸਿੰਘ ਸਿੱਧੂ ਵਲੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਨਿਵਾਜਿਆ ਗਿਆ। ਉਨਾਂ ਨੂੰ ਯਾਦਗਾਰੀ ਚਿੰਨ੍ਹ ਵੀ ਦਿੱਤਾ ਗਿਆ। ਡਾ. ਕਪੂਰ ਨੇ ਇਸ ਮੌਕੇ ਬੋਲਦਿਆਂ ਸਮੂਹ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿਤੀ ਅਤੇ ਸਨਮਾਨ ਲਈ ਪ੍ਰਬੰਧਕ ਕਮੇਟੀ ਤੇ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਪਣੀ ਤਰਫੋਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਵੀ ਦਵਾਇਆ।

ਦੀਵਾਨ ਦੀ ਸਮਾਪਤੀ ਉਪਰੰਤ ਗੁਰੂਘਰ ਦੀ ਸੰਗਤ ਦੀ ਇਕ ਜਨਰਲ ਬਾਡੀ ਮੀਟਿੰਗ ਹੋਈ ਜਿਸ ਦੀ ਕਾਰਵਾਈ ਐਗਜੈਕਟਿਵ ਸੈਕਟਰੀ ਸ. ਸਰਵਣ ਸਿੰਘ ਟਿਵਾਣਾ ਨੇ ਚਲਾਈ। ਪ੍ਰਧਾਨ ਸ. ਗੁਰਨਾਮ ਸਿੰਘ ਸਿੱਧੂ ਨੇ ਪ੍ਰਬੰਧਕ ਕਮੇਟੀ ਦੀਆਂ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿਤਾ ਅਤੇ ਅਗਲੇ ਸਾਲ ਦੇ ਪ੍ਰਾਜੈਕਟਾਂ ਬਾਰੇ ਵੀ ਦੱਸਿਆ। ਵਿਤ ਸਕੱਤਰ ਸ. ਰਾਜਿੰਦਰ ਸਿੰਘ ਬੈਂਸ ਨੇ ਚਾਰਟਰਡ ਅਕਾਊਂਟੈਂਟ ਵਲੋਂ ਤਿਆਰ ਕੀਤੀ ਗਈ ਵਿਤੀ ਰਿਪੋਰਟ ਪੇਸ਼ ਕੀਤੀ। ਸ. ਸ਼ਮਸ਼ੇਰ ਸਿੰਘ ਬੋਪਾਰਾਏ ਨੇ ਆਰੰਭੇ ਗਏ ਬਹੁਮੰਤਵੀ ਹਾਲ ਦੇ ਪ੍ਰਾਜੈਕਟ ਬਾਰੇ ਆਪਣੀ ਰਿਪੋਰਟ ਦਿਤੀ ਜੋ ਕਿ ਕਮੇਟੀ ਦਾ ਇਕ ਮੁਖ ਪ੍ਰਾਜੈਕਟ ਹੈ। ਸੰਗਤ ਵਲੋਂ ਪ੍ਰਬੰਧਾਂ ਬਾਰੇ ਸਵਾਲ ਵੀ ਪੁਛੇ ਗਏ ਜਿਨ੍ਹਾਂ ਦਾ ਬੋਰਡ ਮੈਂਬਰਾਂ ਨੇ ਤਸੱਲੀਬਖਸ਼ ਜਵਾਬ ਦਿਤਾ। ਮੀਟਿੰਗ ਦੇ ਅਖੀਰ ਵਿਚ ਸ. ਸਿੱਧੂ ਨੇ ਆਈ ਸਾਧ-ਸੰਗਤ ਦਾ ਧੰਨਵਾਦ ਕੀਤਾ ਅਤੇ ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਮੀਟਿੰਗ ਦੀ ਕਾਰਵਾਈ ਨੂੰ ਪ੍ਰਵਾਨਗੀ ਦਿਤੀ।





ਪ੍ਰਬੰਧਕ ਕਮੇਟੀ ਡਾ. ਕਪੂਰ ਦਾ ਸਨਮਾਨ ਕਰਦੇ ਹੋਏ

# ਗੁਰੂਘਰ ਦਸ਼ਮੇਸ਼ ਦਰਬਾਰ ਸੈਲਮ ਵਿਚ ਗੁਰਪੁਰਬ ਦੀਆਂ ਰੌਣਕਾਂ

**ਸੈਲਮ, ਓਰੇਗਾਨ:** ਪ੍ਰਥਮ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਐਤਵਾਰ 21 ਨਵੰਬਰ ਨੂੰ ਇਥੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸੰਗਤਾਂ ਰੋਜ਼ਬਰਗ, ਪੋਰਟਲੈਂਡ, ਵੈਨਕੂਵਰ ਅਤੇ ਰੈਡਿੰਗ ਤੋਂ ਵੀ ਹੁਮ ਹੁਮਾ ਕੇ ਗੁਰੂ ਕੇ ਚਰਨਾਂ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰਨ ਲਈ ਪਹੁੰਚੀਆਂ।

ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਮਹਾਨ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਹਜ਼ੂਰੀ ਰਾਗੀ ਭਾਈ ਦਰਸ਼ਨ ਸਿੰਘ ਸਿੰਗਾਪੁਰੀ ਅਤੇ ਭਾਈ ਅਮਰਜੀਤ ਸਿੰਘ ਬਰੇਲੀ ਵਾਲਿਆਂ ਦੇ ਜਥਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਅਖੰਡ ਪਾਠ, ਲੰਗਰ ਅਤੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸ. ਹਰਨੇਕ ਸਿੰਘ ਅਤੇ ਬੀਬੀ ਹਰਪ੍ਰੀਤ ਕੌਰ ਦੇ ਪਰਿਵਾਰ ਵਲੋਂ ਕੀਤੀ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਬਹਾਦਰ ਸਿੰਘ, ਸ. ਜਸਵੰਤ ਸਿੰਘ, ਸ. ਰਾਜਿੰਦਰ ਸਿੰਘ ਅਤੇ ਸ. ਦਲਜੀਤ ਸਿੰਘ ਨੇ ਗੁਰਪੁਰਬ ਸਮਾਗਮ ਦੇ ਪ੍ਰਬੰਧਾਂ ਨੂੰ ਪੂਰੀ ਸ਼ਰਧਾ ਨਾਲ ਨੇਪਰੇ ਚਾੜ੍ਹਿਆ।

# ਦੋ ਸਿਆਸੀ ਪੁੜਾਂ (ਪਾਰਟੀਆਂ) 'ਚ ਹੀ ਪਿਸਦਾ ਰਿਹਾ ਹੈ ਪੰਜਾਬ

**ਬਾਵਾ ਸਿੰਘ**

ਪੰਜਾਬ ਦੀ ਵੱਸੋਂ ਦਾ ਵੱਡਾ ਹਿੱਸਾ ਅਜਿਹਾ ਹੈ ਜਿਸ ਦੇ ਜ਼ਿਹਨ ਵਿਚ ਰਾਜਨੀਤੀ ਦੇ ਅਰਥ ਸਿਰਫ ਦੋ ਹੀ ਸ਼ਬਦਾਂ ਤੱਕ ਮਹਿਦੂਦ ਹਨ: ਅਕਾਲੀ ਅਤੇ ਕਾਂਗਰਸ। ਪੰਜਾਬ ਦੇ ਰਾਜਸੀ ਅਖਾੜੇ ਵਿਚ ਪੂਰੇ ਛੇ ਦਹਾਕਿਆਂ ਤੋਂ ਸਿਰਫ ਇਹੋ ਹੀ ਦੋ ਟੀਮਾਂ ਪਾਲਾ ਬਦਲ ਬਦਲ ਕੇ ਖੇਡ ਰਹੀਆਂ ਹਨ। ਇਨ੍ਹਾਂ ਦੋਹਾਂ ਪਾਰਟੀਆਂ ਵਿਚ ਆਪਸੀ ਅਤੇ ਅੰਦਰੂਨੀ ਟੁੱਟ-ਭੱਜ ਤਾਂ ਕਦੇ ਕਦੇ ਹੁੰਦੀ ਰਹੀ ਹੈ ਪਰ ਰਾਜਨੀਤੀ ਵਿਚ ਕੁਝ ਅਸਲੋਂ ਨਵਾਂ ਅਤੇ ਸਿਫ਼ਤੀ ਤਬਦੀਲੀ ਵਰਗਾ ਵਰਤਾਰਾ ਕਦੇ ਨਹੀਂ ਵਾਪਰਿਆ। ਇਹ ਭਾਵੇਂ ਸਹੀ ਹੈ ਕਿ ਪੰਜਾਬ ਵਿਚ ਇੱਕਾ-ਦੁੱਕਾ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਲਹਿਰਾਂ ਵੀ ਕਿਸੇ ਵਿਸ਼ੇਸ਼ ਹਾਲਾਤ ਵਿਚ ਉਠੀਆਂ ਪਰ ਇਹ ਸਾਰੀਆਂ ਇਕ ਜਾਂ ਦੂਜੇ ਕਾਰਨਾਂ ਕਰਕੇ ਸਥਾਪਤ ਰਾਜਸੀ ਪ੍ਰਬੰਧ ਦਾ ਪਾਸਾ ਨਾ ਪਲਟ ਸਕੀਆਂ। ਨਤੀਜਨ ਪੰਜਾਬ ਦੀ ਰਾਜਨੀਤੀ ਅਕਾਲੀਆਂ ਅਤੇ ਕਾਂਗਰਸੀਆਂ ਦੀ ਸਰਦਾਰੀ ਬਣੀ ਰਹੀ।

ਦੋਵੇਂ ਪਾਰਟੀਆਂ ਕਦੇ ਵੀ ਆਪਣੇ ਕਿਸੇ ਐਲਾਨੇ ਪ੍ਰੋਗਰਾਮ ਜਾਂ ਮੈਨੀਫੈਸਟੋ ਦੇ ਬਲਬੂਤੇ ਨਹੀਂ ਸਗੋਂ ਆਪਣੇ ਪੁਰਾਣੇ ਇਤਿਹਾਸ/ਅਤੀਤ ਦੀਆਂ ਹੋਈਆਂ ਬੀਤੀਆਂ ਘਟਨਾਵਾਂ, ਕਹਾਣੀਆਂ ਅਤੇ ਪ੍ਰਸੰਗਾਂ ਨੂੰ ਬੜੇ ਯੋਜਨਾਬੱਧ ਤਰੀਕਿਆਂ ਨਾਲ ਵਰਤ ਕੇ ਲੋਕਾਂ ਦੇ ਮਨਾਂ 'ਤੇ ਆਪਣੀ ਜਕੜ ਬਰਕਰਾਰ ਰੱਖਦੀਆਂ ਰਹੀਆਂ ਹਨ। ਕਾਂਗਰਸ ਨੇ ਇਸ ਮਕਸਦ ਲਈ ਕੌਮੀ ਆਜ਼ਾਦੀ ਦੀ ਲਹਿਰ ਅਤੇ ਦੇਸ਼ ਦੇ 'ਕੌਮੀ ਇਤਿਹਾਸ' ਨੂੰ ਪੌੜੀ ਬਣਾਇਆ ਹੈ। ਅਕਾਲੀ ਪਾਰਟੀ ਨੇ ਸਿੱਖ ਇਤਿਹਾਸ, ਸਿੱਖ ਧਰਮ ਅਤੇ ਗੁਰਦੁਆਰਾ ਸੁਧਾਰ ਲਹਿਰ ਨੂੰ ਸਦਾ ਹੀ ਆਪਣੇ ਸੌੜੇ ਸਿਆਸੀ ਮਨੋਰਥਾਂ ਲਈ ਬੜੀ ਬੇਕਿਰਕੀ ਨਾਲ ਵਰਤਿਆ ਹੈ। ਇਨ੍ਹਾਂ ਦੋਹਾਂ ਹੁਕਮਰਾਨ ਪਾਰਟੀਆਂ ਨੂੰ ਆਪਣੇ-ਆਪਣੇ ਵੋਟਰਾਂ, ਵੋਟ-ਬੈਂਕਾਂ 'ਤੇ ਸਦਾ ਹੀ ਪੂਰਨ ਭਰੋਸਾ ਰਿਹਾ ਹੈ। ਦੋਹਾਂ ਪਾਰਟੀਆਂ ਨੂੰ ਖੂਬ ਪਤਾ ਹੈ ਕਿ ਪਾਰਟੀ ਪ੍ਰੋਗਰਾਮ, ਮੈਨੀਫੈਸਟੋ, ਰਾਜਸੀ ਵਾਅਦੇ, ਵਿਕਾਸ ਯੋਜਨਾਵਾਂ, ਆਰਥਿਕ/ਸਨਅਤੀ ਪ੍ਰਾਜੈਕਟ; ਖੇਤੀਬਾੜੀ ਖੇਤਰ, ਰੁਜ਼ਗਾਰ ਯੋਜਨਾਵਾਂ ਸਿੱਖਿਆ/ਸਿਹਤ ਖੇਤਰ ਨਾਲ ਸਬੰਧਤ ਸਕੀਮਾਂ ਵਗੈਰਾ ਸਭ ਫਜ਼ੂਲ ਦੀ ਮਗਜ਼ ਖਪਾਈ ਹੈ। ਦੋਵਾਂ ਪਾਰਟੀਆਂ ਨੂੰ ਪਤਾ ਹੈ ਕਿ ਰਾਜ ਸੱਤਾ 'ਤੇ ਕਾਬਜ਼ ਹੋਣ ਲਈ ਕੋਈ ਨਵੇਂ ਨਵੇਂ ਵਿਦਿਅਕ, ਆਰਥਿਕ ਜਾਂ ਸਨਅਤੀ ਪ੍ਰੋਗਰਾਮ ਦੇਣ ਦੀ ਲੋੜ ਨਹੀਂ ਹੁੰਦੀ। ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਜਾਣਦੀ ਹੈ ਕਿ ਸੱਤਾਧਾਰੀ ਪਾਰਟੀ ਤੋਂ ਨਿਰਾਸ਼, ਅਸੰਤੁਸ਼ਟ ਅਤੇ ਸਤਾਏ ਹੋਏ ਲੋਕ ਆਪਣੇ ਆਪ ਹੀ ਦੂਜੀ ਧਿਰ ਵੱਲ ਆਉਣਗੇ।

ਦੋਹਾਂ ਪਾਰਟੀਆਂ ਨੂੰ ਯਕੀਨ ਹੈ ਕਿ ਪੰਜਾਬ ਵਿਚ ਉਹ ਦੋਵੇਂ ਤਾਂ ਇੱਕ-ਦੂਜੀ ਨੂੰ ਸਮੇਂ-ਸਮੇਂ ਤੇ ਰਾਜਸੀ ਸੱਤਾ ਤੋਂ ਬਦਲਦੀਆਂ ਰਹਿਣਗੀਆਂ ਪਰ ਕੋਈ ਹੋਰ ਤੀਜੀ ਸਿਆਸੀ ਧਿਰ ਉਨ੍ਹਾਂ ਦੀ ਥਾਂ ਨਹੀਂ ਲੈ ਸਕਦੀ। ਪੰਜਾਬ ਦੇ ਸਮੁੱਚੇ ਵਿਕਾਸ ਦੇ ਪ੍ਰਸੰਗ ਵਿਚ ਜਦੋਂ ਇਸ ਸਾਰੇ ਸਮੇਂ ਦੇ ਰਾਜਸੀ-ਸਭਿਆਚਾਰ ਨੂੰ ਬਾਰੀਕਬੀਨੀ ਨਾਲ ਵੇਖਣ-ਘੋਖਣ ਦਾ ਯਤਨ ਕਰੀਦਾ ਹੈ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦੋਹਾਂ ਪਾਰਟੀਆਂ ਨੇ ਪੰਜਾਬ ਦਾ ਨੁਕਸਾਨ ਇਕ ਦੂਜੇ ਨਾਲੋਂ ਵਧ ਚੜ੍ਹ ਕੇ ਕੀਤਾ ਹੈ। ਪਿਛਲੀ ਅੱਧੀ ਸਦੀ ਤੋਂ ਜੋ ਰਾਜਨੀਤਕ ਸਭਿਆਚਾਰ ਪੰਜਾਬ ਵਿਚ ਪੈਦਾ ਕੀਤਾ ਹੈ, ਪੈਦਾ ਹੀ ਨਹੀਂ ਕੀਤਾ ਸਗੋਂ ਪਰਪੱਕ ਵੀ ਕੀਤਾ ਹੈ, ਉਹ ਸਿਰੇ ਦਾ ਜਾਗੀਰੂ, ਗੈਰ-ਜਮਹੂਰੀ, ਫਿਰਕੂ, ਅਨੈਤਿਕ, ਭ੍ਰਿਸ਼ਟ, ਪ੍ਰਸ਼ਾਸਨਿਕ ਜਬਰ/ਅਨਿਆਂਪੂਰਨ, ਝੂਠ-ਫਰੇਬ 'ਤੇ ਆਧਾਰਤ ਮੈਕਿਆਵਲੀ ਕਿਸਮ ਦਾ ਹੈ। ਰਾਜ ਸੱਤਾ ਲੰਮੇ ਸਮੇਂ ਲਈ ਕਾਂਗਰਸ ਕੋਲ ਰਹੀ ਹੋਣ ਕਾਰਨ, ਅਕਾਲੀਆਂ ਦਾ ਮੁਕਾਬਲਤਨ 'ਚੰਗੇ' ਹੋਣ ਦਾ ਭਰਮ ਦੇਰ ਤੱਕ ਬਣਿਆ ਰਿਹਾ। 1997 ਦੇ ਸ਼ੁਰੂ ਤੋਂ ਲੈ ਕੇ ਜਦੋਂ ਪੰਜਾਬ ਦੀ ਸੱਤਾ ਉਨ੍ਹਾਂ ਨੇ ਭਾਰੀ ਬਹੁਮਤ ਨਾਲ ਹਾਸਲ ਕੀਤੀ; ਹੁਣ ਤੱਕ (ਜਦੋਂ ਉਹ ਦੂਜੀ ਵਾਰ ਸੱਤਾ ਵਿਚ ਹਨ) ਜਿਸ ਤਰ੍ਹਾਂ ਦੀ ਹਕੂਮਤ ਉਹ ਕਰ ਰਹੇ ਹਨ, ਇਹ ਅਨੁਮਾਨ ਸਹਿਜੇ ਹੀ ਲੱਗ ਜਾਂਦਾ ਹੈ ਕਿ ਕਾਂਗਰਸ ਅਤੇ ਅਕਾਲੀਆਂ ਦੀ ਕਾਰਜ-ਸ਼ੈਲੀ, ਰਾਜਸੀ-ਸਭਿਆਚਾਰ, ਉਦੇਸ਼ ਅਤੇ ਹਿੱਤ ਇਕੋ ਹੀ ਹਨ।

ਪੰਜਾਬ ਦੀਆਂ ਇਨ੍ਹਾਂ ਦੋਵਾਂ ਰਾਜਸੀ ਪਾਰਟੀਆਂ ਦੇ ਜ਼ਿਆਦਾਤਰ ਆਗੂ ਅਤੇ ਇਨ੍ਹਾਂ ਦੀਆਂ ਸਰਕਾਰਾਂ ਵਿਚ ਸ਼ਾਮਲ ਵਿਅਕਤੀਆਂ/ਵਜ਼ੀਰਾਂ ਦੇ ਹਿੱਤ ਅਤੇ ਉਦੇਸ਼ ਮੁੱਖ ਰੂਪ ਵਿਚ ਧਨ ਜੋੜਨਾ; ਜਾਇਦਾਦਾਂ/ਮਿਲਖਾਂ ਬਣਾਉਣੀਆਂ/ਉਸਾਰਨੀਆਂ, ਧਨ ਅਤੇ ਰਾਜਸੀ ਤਾਕਤ ਦਾ ਵਖਾਵਾ ਅਤੇ ਦੁਰਵਰਤੋਂ ਕਰਨਾ ਹੈ। ਇਨ੍ਹਾਂ ਅਸ਼ੁੱਭ ਉਦੇਸ਼ਾਂ ਦੀ ਪ੍ਰਾਪਤੀ ਲਈ ਇਨ੍ਹਾਂ ਲੋਕਾਂ ਦੀ ਕਾਰਜ-ਸ਼ੈਲੀ ਵੀ ਇਕੋ ਜਹੀ ਹੈ। ਪੰਜਾਬ ਦੇ ਪਿੰਡਾਂ ਵਿਚ ਪਿਛਲੇ ਚਹੁੰ ਦਹਾਕਿਆਂ ਵਿਚ ਧੜੇਬੰਦੀ ਖੂਬ ਪ੍ਰਚਲਿਤ ਹੋਈ ਹੈ।

ਦੋਹਾਂ ਪਾਰਟੀਆਂ ਦੇ ਘੜੰਮ ਚੌਧਰੀਆਂ, ਸਥਾਨਕ ਲੀਡਰਾਂ ਤੇ ਅਸੰਬਲੀ ਮੈਂਬਰਾਂ ਨੇ ਧੜੇਬੰਦੀਆਂ ਬਣਾ ਬਣਾ ਕੇ ਲੋਕਾਂ ਨੂੰ ਖੂਬ ਲੁੱਟਿਆ ਤੇ ਖੁਆਰ ਕੀਤਾ ਹੈ। ਪੰਚਾਇਤਾਂ, ਬਲਾਕ ਸਮਿਤੀਆਂ, ਜ਼ਿਲ੍ਹਾ ਪ੍ਰੀਸ਼ਦਾਂ, ਸਹਿਕਾਰੀ ਸਭਾਵਾਂ, ਨੋਟੀਫਾਈਡ ਏਰੀਆ ਕਮੇਟੀਆਂ-ਸਭਨਾਂ ਵਿਚ ਰਾਜਨੀਤੀ ਘਸੋੜ ਕੇ ਲੋਕ ਏਕਤਾ ਤੇ ਸਾਂਝੀਵਾਲਤਾ ਨੂੰ ਜੜ੍ਹੋਂ ਪੁੱਟਿਆ ਹੈ। ਹੋਰ ਤਾਂ ਹੋਰ ਪਿੰਡਾਂ ਵਿਚ ਲੱਗਦੇ ਮੇਲੇ ਅਤੇ ਟੂਰਨਾਮੈਂਟ ਵੀ ਇਨ੍ਹਾਂ ਦੋਵਾਂ ਰਾਜਸੀ ਪਾਰਟੀਆਂ ਦੇ "ਪਾੜੋ ਅਤੇ ਰਾਜ ਕਰੋ" ਦੀਆਂ ਕੋਝੀਆਂ ਕਰਤੂਤਾਂ ਦਾ ਸ਼ਿਕਾਰ ਹੋਣੋਂ ਨਹੀਂ ਬਚ ਸਕੇ। ਪਿੰਡਾਂ ਦੀਆਂ ਸਾਂਝੀਆਂ ਜੂਹਾਂ, ਸ਼ਾਮਲਾਟਾਂ, ਛੱਪੜਾਂ/ਟੋਭਿਆਂ, ਬੇਨਾਮ ਜ਼ਮੀਨਾਂ, ਸਰਕਾਰੀ/ਨੀਮ-ਸਰਕਾਰੀ ਜ਼ਮੀਨਾਂ, ਇਮਾਰਤਾਂ ਤੇ ਆਪੋ-ਆਪਣੇ ਰਾਜ-ਕਾਲਾਂ ਦੌਰਾਨ ਆਪੋ-ਆਪਣੇ ਚੇਲਿਆਂ-ਚਾਟੜਿਆਂ ਨੂੰ ਲਗਦੀ ਵਾਹ ਕਾਬਜ਼ ਕਰਵਾਇਆ ਹੈ। ਹਰ ਪਿੰਡ ਵਿਚ ਨਾਲੀਆਂ, ਕੰਧਾਂ, ਪਾਣੀ ਨਿਕਾਸ ਦੇ ਛੋਟੇ-ਛੋਟੇ ਝਗੜਿਆਂ ਨੂੰ ਸਥਾਨਕ ਪੱਧਰ 'ਤੇ ਬਤੌਰ ਸਾਂਝੇ ਸਾਲਸ ਬਣ ਕੇ ਸੁਲਝਾਉਣ ਦੀ ਥਾਂ, ਥਾਣਿਆਂ, ਕਚਹਿਰੀਆਂ ਤੱਕ ਉਲਝਾ ਕੇ ਰੱਖਣਾ ਇਨ੍ਹਾਂ ਦੀ ਕਾਰਜ-ਸ਼ੈਲੀ ਦਾ ਹਿੱਸਾ ਹੈ।

ਪੰਜਾਬ ਦੇ ਪਿੰਡਾਂ ਨੂੰ ਦੂਜੀ ਵੱਡੀ ਮਾਰ ਵਿਦਿਆ ਅਤੇ ਸਿਹਤ ਸਹੂਲਤਾਂ ਦੇ ਖੇਤਰਾਂ ਵਿਚ ਪੈ ਰਹੀ ਹੈ। ਦੁਨੀਆਂ ਦਾ ਸਾਧਾਰਨ ਤੋਂ ਸਾਧਾਰਨ ਵਿਅਕਤੀ ਵੀ ਇਸ ਤੱਥ ਨੂੰ ਬਾ-ਖੂਬ ਸਮਝਦਾ ਹੈ ਕਿ ਜਿੰਨੀ ਦੇਰ ਪ੍ਰਾਇਮਰੀ ਵਿਦਿਆ ਬਿਹਤਰੀਨ ਨਹੀਂ ਹੁੰਦੀ, ਉਨੀ ਦੇਰ ਉੱਚ ਵਿਦਿਆ ਬਿਹਤਰੀਨ ਨਹੀਂ ਹੋ ਸਕਦੀ। ਇਹ ਵਿਸਥਾਰ ਵਿਚ ਦੱਸਣ ਦੀ ਲੋੜ ਨਹੀਂ ਕਿ ਪੰਜਾਬ ਦੀ ਪ੍ਰਾਇਮਰੀ ਵਿਦਿਆ ਅਤੇ ਪੰਜਾਬ ਦੇ ਪਿੰਡਾਂ ਵਿਚ 'ਪ੍ਰਾਇਮਰੀ ਸਿਹਤ ਕੇਂਦਰ' ਕਿਸ ਹਾਲਤ ਵਿਚ ਹਨ। ਬਹੁਤ ਸਾਰੇ ਪਿੰਡਾਂ ਵਿਚ ਪ੍ਰਾਇਮਰੀ ਸਕੂਲਾਂ ਦੇ ਢਹਿ ਰਹੀਆਂ ਛੱਤਾਂ ਵਾਲੇ ਇਕ ਦੋ ਕਮਰੇ, ਕੋਈ ਬੈਂਚ-ਕੁਰਸੀ (ਬੱਚਿਆਂ ਲਈ) ਨਹੀਂ, ਕੋਈ ਚਾਰ-ਦੀਵਾਰੀ ਨਹੀਂ, ਕੋਈ ਖੇਡ/ਮਨੋਰੰਜਨ ਸਾਮਾਨ ਨਹੀਂ, ਕੋਈ ਲਾਇਬਰੇਰੀ (ਬਾਕਾਇਦਾ) ਨਹੀਂ, ਕੋਈ ਲਾਅਨ/ਗਰਾਊਂਡ ਨਹੀਂ, ਕੋਈ ਫੁੱਲ-ਬੂਟੇ ਕਿਆਰੀਆਂ ਨਹੀਂ, (ਕਿਉਂਕਿ ਮਾਲੀ/ਚੌਕੀਦਾਰ ਹੀ ਪੂਰੇ ਨਹੀਂ) ਆਦਿ ਆਦਿ। ਸਿਹਤ ਦੇ ਖੇਤਰ ਵਿਚ ਹਾਲਾਤ ਇਸ ਤੋਂ ਵੀ ਤਰਸਯੋਗ ਹਨ।



ਅਫਸਰਸ਼ਾਹੀ ਨਾਲ ਸਾਂਝ-ਭਿਆਲੀ ਵਿਚ ਵੀ ਦੋਵੇਂ ਪਾਰਟੀਆਂ ਇਕੋ ਜਿਹੀ ਪਹੁੰਚ ਰੱਖਦੀਆਂ ਹਨ। ਆਪੋ-ਆਪਣੇ ਅਫ਼ਸਰ ਵੰਡੇ ਹੋਏ ਹਨ। ਲੋਕਾਂ ਦੀ ਛਿੱਲ ਲਾਹੁਣ ਲਈ "ਰਾਜੇ ਸ਼ੀਂਹ ਮੁਕੱਦਮ ਕੁੱਤੇ" ਵਾਲੀ ਗੱਲ ਹੋਈ ਪਈ ਹੈ। ਛੋਟੇ ਜਿਹੇ ਪੰਜਾਬ ਨੂੰ ਅਫ਼ਸਰਸ਼ਾਹੀ ਦੇ ਭਾਰ ਹੇਠ ਦੂਹਰਾ ਕੀਤਾ ਪਿਆ ਹੈ। ਸਾਡੀਆਂ ਅੰਦਰੂਨੀ ਪ੍ਰਬੰਧਕੀ ਲੋੜਾਂ ਨਾਲੋਂ ਪੰਜ ਗੁਣਾਂ ਵੱਧ ਅਫ਼ਸਰ ਤਹਿਸੀਲ, ਜ਼ਿਲ੍ਹਾ ਅਤੇ ਸੂਬਾ ਪੱਧਰ 'ਤੇ ਨਿਯੁਕਤ ਕੀਤੇ ਹੋਏ ਹਨ। ਅਜਿਹੀਆਂ ਵੀ ਮਿਸਾਲਾਂ ਹਨ ਕਿ ਹੇਠਾਂ ਕੋਈ ਮਹਿਕਮਾ ਕਾਰਜਸ਼ੀਲ ਹੈ ਹੀ ਨਹੀਂ ਪਰ ਉਪਰ ਅਫਸਰਾਂ ਦੀ ਪੂਰੀ ਦੀ ਪੂਰੀ ਟੀਮ ਤਾਇਨਾਤ ਹੈ।

ਉਂਜ ਵੀ ਅਸਲੀਅਤ ਇਹ ਹੈ ਕਿ ਇਹ ਸਮੁੱਚੀ ਅਫ਼ਸਰਸ਼ਾਹੀ ਲੋਕ ਭਲਾਈ ਲਈ ਜਾਂ ਵਿਕਾਸ ਕਾਰਜਾਂ ਲਈ, ਲੋਕਾਈ ਦੇ ਕੰਮਾਂ ਦੇ ਨਿਬੇੜੇ ਲਈ ਜਾਂ ਸਹੂਲਤ ਲਈ ਨਹੀਂ-ਸਗੋਂ ਆਪ ਜਨਤਾ ਦੀ ਖੱਜਲ-ਖੁਆਰੀ ਅਤੇ ਲੁੱਟ ਲਈ ਰੱਖੀ ਹੋਈ ਹੈ। ਪੰਜਾਬ ਵਿਚ ਜਦੋਂ ਤੋਂ ਪੁਲਿਸ ਦੀ ਨਫਰੀ ਵਧੀ ਹੈ, ਉਦੋਂ ਤੋਂ ਹੀ ਜੁਰਮ ਵੀ ਦੁੱਗਣੇ ਵਧੇ ਹਨ। ਸ਼ਾਇਦ ਏਸੇ ਲਈ ਕਈ ਸਿਆਣੇ ਲੋਕ ਕਹਿੰਦੇ ਸੁਣੇ ਜਾਂਦੇ ਹਨ ਕਿ ਜੇਕਰ ਪੰਜਾਬ ਦੀ ਸਮੁੱਚੀ ਪੁਲਿਸ ਨੂੰ ਹਫ਼ਤੇ ਲਈ ਜਬਰੀ ਛੁੱਟੀ 'ਤੇ ਭੇਜ ਦਿੱਤਾ ਜਾਵੇ ਤਾਂ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਹਫਤਾ ਭਰ ਪੰਜਾਬ ਵਿਚ ਕੋਈ ਜੁਰਮ ਵੀ ਨਹੀਂ ਹੋਵੇਗਾ। ਇਸ ਤਨਜੀਆ ਬਿਆਨ ਵਿਚ ਅਤਿਕਥਨੀ ਜ਼ਰੂਰ ਹੈ ਪਰ ਇਹ ਵੀ ਕੌੜਾ ਸੱਚ ਹੈ ਕਿ ਪਿਛਲੇ 50 ਸਾਲਾਂ ਵਿਚ ਪੰਜਾਬ ਪੁਲਿਸ ਵਿਚ ਭ੍ਰਿਸ਼ਟਾਚਾਰ ਲਗਾਤਾਰ ਵਧਿਆ ਹੈ।

ਦੋਵਾਂ ਰਵਾਇਤੀ ਪਾਰਟੀਆਂ ਦਾ ਥੋਥਾਪਨ ਅਤੇ ਢੌਂਗ ਚੌਰਾਹੇ ਵਿਚ ਨੰਗਾ ਹੋ ਰਿਹਾ ਹੈ। ਇਸ ਹਾਲਾਤ ਵਿਚ ਇਹ ਵਰਤਾਰਾ ਵੀ ਬੜਾ ਤਰਕਸੰਗਤ ਹੋਵੇਗਾ ਕਿ ਕੋਈ ਨਵੀਂ ਰਾਜਸੀ ਪਾਰਟੀ ਬੜੀ ਛੇਤੀ ਲੋਕ ਮਨਾਂ 'ਤੇ ਛਾ ਜਾਵੇ ਕਿਉਂਕਿ ਨਵੀਂ ਪਾਰਟੀ ਲਈ ਆਧਾਰ ਅਤੇ ਖਾਲੀ ਥਾਂ ਮੌਜੂਦ ਹੈ। ਲੋਕ ਦੇਰ ਤੋਂ ਇਨ੍ਹਾਂ ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਹਨ, ਥੱਕੇ ਹੋਏ ਹਨ। ਇਨ੍ਹਾਂ ਦੇ ਕੁੱਟੇ ਤੇ ਲੁੱਟੇ ਹੋਏ ਹਨ। ਇਨ੍ਹਾਂ ਦੇ ਸਤਾਏ ਹੋਏ ਹਨ ਤੇ ਮਾਯੂਸ ਹਨ। ਇਸ ਲਈ ਕੋਈ ਵੀ ਅਜਿਹੀ ਪਾਰਟੀ ਜੋ ਅਸਲੋਂ ਨਵੇਂ, ਲੋਕ-ਪੱਖੀ ਅਤੇ ਕਲਿਆਣਕਾਰੀ ਪ੍ਰੋਗਰਾਮ ਅਤੇ ਮੁੱਦਿਆਂ ਸਮੇਤ ਲੋਕਾਂ ਵਿਚ ਆਉਂਦੀ ਹੈ, ਉਸ ਨੂੰ ਹੁੰਗਾਰਾ ਮਿਲਣਾ ਕੁਦਰਤੀ ਅਤੇ ਤਰਕਸੰਗਤ ਜਾਪਦਾ ਹੈ।

ਇਸ ਤੱਥ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਖੱਬੀਆਂ ਧਿਰਾਂ/ਪਾਰਟੀਆਂ ਦੇ ਕਮਜ਼ੋਰ ਹੋਣ ਤੋਂ ਬਾਅਦ ਕਾਂਗਰਸ ਅਤੇ ਅਕਾਲੀ ਪਾਰਟੀਆਂ-ਦੋਹਾਂ ਦਾ ਵਿਰੋਧ ਕਰਨ ਵਾਲੀ ਕੋਈ ਵੱਡੀ ਧਿਰ ਗਾਇਬ ਹੈ। ਅਕਾਲੀ ਪਾਰਟੀ ਦੀਆਂ ਸਫਾਂ ਵਿਚ ਕਦੇ-ਕਦੇ ਲੀਡਰਸ਼ਿਪ ਨਾਲ ਰੋਸ-ਰੁਸਾਉਣ ਕਾਰਨ ਕੁਝ ਕੁ ਬੰਦਿਆਂ ਵੱਲੋਂ ਟਾਂਵੇਂ ਟਾਂਵੇਂ ਯਤਨ ਹੁੰਦੇ ਰਹੇ ਪਰ ਇਹ ਸਭ ਪਾਰਟੀ ਦੇ ਅੰਦਰ ਹੀ ਕੋਈ ਨਵੀਂ ਪਾਰਟੀ ਜਾਂ ਧੜਾ ਉਸਾਰਨ ਦੇ ਯਤਨਾਂ ਤੱਕ ਹੀ ਸੀਮਤ ਸਨ। ਇਸੇ ਤਰ੍ਹਾਂ ਦੇ ਇਕਾ-ਦੁੱਕਾ ਯਤਨ ਕਾਂਗਰਸ ਵਿਚ ਵੀ ਕਦੇ-ਕਦੇ ਹੋਏ। ਕਦੇ ਕਿਸੇ ਵੱਡੀ ਸ਼ਖ਼ਸੀਅਤ ਵਲੋਂ ਪੰਜਾਬ ਤੇ ਪੰਜਾਬ ਦੇ ਲੋਕਾਂ ਨੂੰ ਸਮਰਪਿਤ ਕਿਸੇ ਨਵੇਂ ਪ੍ਰੋਗਰਾਮ ਤਹਿਤ ਕੋਈ ਨਵੀਂ ਪਾਰਟੀ ਉਸਾਰਨ ਦਾ ਗੰਭੀਰ ਯਤਨ ਨਹੀਂ ਹੋਇਆ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ਼੍ਰੋਮਣੀ ਅਕਾਲੀ ਦਲ 1920; ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਸ਼੍ਰੋਮਣੀ ਅਕਾਲੀ ਦਲ (ਮਾਨ), ਵਗੈਰਾ ਵਗੈਰਾ, ਸਾਰੇ ਦੇ ਸਾਰੇ ਅਕਾਲੀ ਦਲ ਦੇ ਮਹਿਜ਼ ਗਰੁਪ ਬਲਕਿ ਠੁੱਸੇ ਹੋਏ ਗਰੁਪ ਹੀ ਹਨ। ਇਨ੍ਹਾਂ ਨੂੰ ਕੋਈ ਨਵੀਂ ਪਾਰਟੀ ਨਹੀਂ ਕਿਹਾ ਜਾ ਸਕਦਾ।

1980ਵਿਆਂ ਵਿਚ ਫਿਰ ਉਮੀਦ ਬੱਝੀ ਸੀ ਕਿ ਸ਼ਾਇਦ ਬਹੁਜਨ ਸਮਾਜ ਪਾਰਟੀ ਕੋਈ ਕ੍ਰਿਸ਼ਮਾ ਕਰ ਸਕੇ। ਇਸ ਪਾਰਟੀ ਦੀ ਕੇਂਦਰੀ ਟੀਮ ਦੀਆਂ ਆਪਣੀਆਂ ਤਰਜੀਹਾਂ ਹੋਰ ਹੋਣ ਕਰਕੇ ਅਤੇ ਪੰਜਾਬ ਵਿਚ ਇਸ ਪਾਰਟੀ ਦੀ ਇਕਾਈ ਨੂੰ ਕੇਂਦਰੀ ਹੁਕਮਾਂ ਦੇ ਤਹਿਤ ਚਲਾਉਣ ਦੀ ਵਜ੍ਹਾ ਕਰਕੇ ਇਹ ਵੀ ਹਰਮਨ ਪਿਆਰੀ ਨਾ ਹੋ ਸਕੀ। ਇਸੇ ਸਿਲਸਿਲੇ ਵਿਚ ਇਕ ਹੋਰ ਹੰਭਲਾ ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਉਦੋਂ ਮਾਰਿਆ ਜਦੋਂ 1997-98 ਵਿਚ ਉਸ ਨੇ ਲੋਕ ਭਲਾਈ ਪਾਰਟੀ ਉਸਾਰਨ ਦਾ ਯਤਨ ਕੀਤਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਇਤਿਹਾਸ ਵਿਚ ਕਿਸੇ ਵਿਅਕਤੀ ਵਿਸ਼ੇਸ਼ ਵੱਲੋਂ ਕੀਤਾ ਗਿਆ ਇਹ ਪਹਿਲਾ ਵੱਡਾ ਯਤਨ ਸੀ। ਆਪਣੀ ਹਿੰਮਤ ਅਤੇ ਸਮਰਥਾ ਤੋਂ ਬਾਹਰਾ ਹੋ ਕੇ ਵੀ ਉਸ ਨੇ ਪਾਰਟੀ ਉਸਾਰੀ ਅਤੇ ਪੰਜਾਬ ਨੂੰ ਨਵਾਂ ਪ੍ਰੋਗਰਾਮ ਦੇਣ ਦੇ ਵਾਅਦੇ ਵੀ ਕੀਤੇ।

ਪੰਜਾਬ ਦੀ ਵਰਤਮਾਨ ਸਰਕਾਰ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਅਕਾਲੀ ਦਲ ਵਿਚੋਂ ਕੱਢੇ (ਜਾਂ ਛੱਡੇ) ਜਾਣ ਤੋਂ ਬਾਅਦ, ਪੰਜਾਬ ਦੀਆਂ ਸੱਥਾਂ ਵਿਚ ਇਕ ਵਾਰ ਫੇਰ ਸਿਆਸਤ ਵਿਚ ਸੰਭਾਵੀ ਤਬਦੀਲੀਆਂ ਬਾਬਤ ਚਰਚਾ ਛਿੜ ਪਈ ਹੈ। ਸਿਆਸੀ ਖੇਮਿਆਂ ਵਿਚ ਕਈ ਤਰ੍ਹਾਂ ਦੀਆਂ ਕਿਆਸ-ਅਰਾਈਆਂ ਹੋ ਰਹੀਆਂ ਹਨ। ਬਹੁਤ ਸਾਰੀਆਂ



ਸੰਭਾਵਨਾਵਾਂ ਹੋ ਸਕਦੀਆਂ ਹਨ। ਸਿਆਸਤ ਆਖਰ "ਸੰਭਾਵਨਾਵਾਂ ਦੀ ਹੀ ਖੇਡ" ਹੈ।

ਇਹ ਸਾਰਾ ਕੁਝ ਕਾਫੀ ਦਿਲਚਸਪ ਹੈ। ਇਹ ਪੰਜਾਬ ਦੀ ਸਿਆਸਤ ਲਈ ਸਿਹਤਮੰਦ ਹੀ ਸਾਬਤ ਹੋਵੇਗਾ। ਰਾਜਸੀ ਹਲਕਿਆਂ ਵਿਚ ਨਵੀਆਂ ਸਫ਼ਬੰਦੀਆਂ, ਨਵੇਂ ਗਠਜੋੜ ਹੋ ਸਕਦੇ ਹਨ। ਸਿਆਸਤ ਵਿਚ ਪਾਰਦਰਸ਼ਤਾ ਵਧਣ ਦੀ ਸੰਭਾਵਨਾ ਬਣੀ ਹੈ। ਗੰਭੀਰ ਪਰ ਵਿਸਾਰੇ ਹੋਏ ਮੁੱਦੇ ਬਹਿਸ ਅਧੀਨ ਆਏ ਹਨ। ਕੋਈ ਹੈਰਾਨੀ ਨਹੀਂ ਹੋਵੇਗੀ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀਆਂ ਗੰਭੀਰ ਮੰਗਾਂ ਨੂੰ ਸਮਰਪਿਤ-ਸੁਹਿਰਦ ਰਾਜਸੀ ਪਾਰਟੀ ਹੋਂਦ ਵਿਚ ਆ ਹੀ ਜਾਵੇ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਦਾ ਵੀ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



Call For Special Price

Kashmir S. Thandi
Office: (866) 933-3038
Balhar S. Ranu
Cell:916-502-7733


4585 Pell Dr. Secramento CA, 95838

## ਸ਼ੈਰੀ ਦੀ ਡਾਇਰੀ

# ਮਹਾਂਪੁਰਸ਼ਾਂ ਵਰਗੇ ਲੋਕ

ਪ੍ਰੋ. ਕੁਲਵੰਤ ਸਿੰਘ ਰੋਮਾਣਾ

ਸ਼ੈਰੀ ਸੰਧੂ ਪਿਛਲੇ ਕਾਫ਼ੀ ਸਮੇਂ ਤੋਂ ਆਪਣੇ ਘਰੇਲੂ ਕੰਮਾਂ ਵਿਚ ਮਸਰੂਫ਼ ਰਿਹਾ ਹੋਣ ਕਰਕੇ ਕੁਝ ਵੀ ਭੇਜ ਨਾ ਸਕਿਆ ਭਾਵੇਂ ਗਾਹੇ-ਬਗਾਹੇ ਆਪਣੀ ਡਾਇਰੀ ਜ਼ਰੂਰ ਲਿਖਦਾ ਰਿਹਾ। ਇਕ ਤਾਂ ਬੜੀ ਦੇਰ ਤੋਂ ਉਸ ਦੀ ਪਤਨੀ ਕਹਿੰਦੀ ਆ ਰਹੀ ਸੀ ਕਿ ਹੁਣ ਜਦੋਂ ਉਹ ਪੈਂਹਟਾਂ (65) ਨੂੰ ਹੱਥ ਲਾਉਣ ਲੱਗੇ ਹਨ ਤਾਂ ਬਠਿੰਡਾ-ਚੰਡੀਗੜ੍ਹ ਵਿਚ ਜੋ ਕੁਝ ਉਨ੍ਹਾਂ ਦੇ ਪੱਲੇ ਹੈ, ਉਹ ਆਪਣੇ ਪੁੱਤਰ-ਨੂੰਹ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ ਅਤੇ ਇਸ ਸਬੰਧ ਵਿਚ ਜੋ ਕੋਈ ਕਾਗਜ਼ੀ ਕਾਰਵਾਈ ਹੈ, ਉਹ ਜਲਦੀ ਕਰਵਾ ਦਿੱਤੀ ਜਾਵੇ। ਫਿਰ ਉਹ ਜਾਣਨ ਤੇ



ਪ੍ਰੋ. ਰੋਮਾਣਾ

ਉਨ੍ਹਾਂ ਦਾ ਕੰਮ। ਜਦੋਂ ਉਹ ਮਹੀਨਾ-ਦੋ ਮਹੀਨਾ ਉਨ੍ਹਾਂ ਨਾਲ ਪੰਜਾਬ ਦੇ ਦਫ਼ਤਰਾਂ ਦੇ ਚੱਕਰ ਲਾਉਣਗੇ ਤਾਂ ਉਨ੍ਹਾਂ ਨੂੰ ਇੰਡੀਆ ਵਿਚ ਕੰਮ-ਧੰਦੇ ਕਰਨ, ਕਰਵਾਉਣ ਦਾ ਚੱਜ ਆ ਜਾਵੇਗਾ। ਫਿਰ ਜਦੋਂ ਉਹ ਮਾਂ-ਬਾਪ ਦੀ ਦੇਖ-ਰੇਖ ਵਿਚ ਚਾਰ-ਪੰਜ ਸਾਲ ਲਗਾਤਾਰ ਇੰਡੀਆ ਆਉਣਗੇ ਤੇ ਆਪਣੀ ਜਾਇਦਾਦ ਦੀ ਸਾਂਭ-ਸੰਭਾਲ ਕਰਨਗੇ ਤਾਂ ਉਨ੍ਹਾਂ ਨੂੰ ਆਪਣੇ ਦੇਸ਼ ਦੇ ਸਿਸਟਮ ਦੀ ਸਮਝ ਆ ਜਾਵੇਗੀ ਅਤੇ ਪਤਾ ਲੱਗ ਜਾਵੇਗਾ ਕਿ ਦਫ਼ਤਰਾਂ ਦੇ ਅਫ਼ਸਰਾਂ ਤੇ ਬਾਬੂਆਂ ਤੋਂ ਕੰਮ ਕਿਵੇਂ ਲਈਦਾ ਹੈ ਜਾਂ ਪੱਲਿਓਂ ਖ਼ਰਚ ਕਰ ਕੇ ਸਿਆਸੀ ਲੋਕਾਂ ਨਾਲ ਮੇਲ-ਜੋਲ ਰੱਖਣਾ ਕਿਉਂ ਜ਼ਰੂਰੀ ਹੁੰਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਵੀ ਗਿਆਨ ਹੋ ਜਾਵੇ ਕਿ ਭਾਰਤ ਤੋਂ ਅਮਰੀਕਾ 'ਚ ਫੇਰੀਆਂ 'ਤੇ ਆਏ ਲੀਡਰਾਂ, ਵੱਡੇ ਅਫ਼ਸਰਾਂ ਤੇ ਪੁੱਜਤ ਵਾਲੇ ਪੱਤਰਕਾਰਾਂ ਲਈ ਡਿਨਰ ਤੇ ਫੰਡ-ਰੇਜ਼ਿੰਗ ਕਰਨਾ ਤੇ ਉਨ੍ਹਾਂ ਨਾਲ ਤਸਵੀਰਾਂ ਖਿਚਵਾ ਕੇ ਅਮਰੀਕਾ ਦੇ ਪੰਜਾਬੀ ਅਖ਼ਬਾਰਾਂ ਵਿਚ ਛਪਵਾਉਣਾ ਕਿਉਂ ਮਹੱਤਵਪੂਰਨ ਹੈ।

ਜਦੋਂ ਉਹ ਇੰਡੀਆ ਤੋਂ ਉਪਰੋਕਤ ਕੰਮ-ਧੰਦੇ ਮੁਕਾ ਕੇ ਨਿਊ ਯਾਰਕ ਪਹੁੰਚੇ ਤਾਂ ਉਨ੍ਹਾਂ ਦੇ ਪੁੱਤਰ-ਨੂੰਹ ਦਾ ਉਥੋਂ ਕੈਲੀਫੋਰਨੀਆ 'ਚ ਮੂਵ ਹੋਣ ਦਾ ਜੁਗਾੜ ਬਣ ਗਿਆ। ਸ਼ੈਰੀ ਦੇ ਪੁੱਤਰ-ਨੂੰਹ ਅਤੇ ਧੀ-ਜਵਾਈ ਚਾਰੇ ਜਣੇ ਫੈਡਰਲ ਸਰਕਾਰ ਦੀ ਨੌਕਰੀ ਕਰਦੇ ਹਨ। ਇਨ੍ਹਾਂ ਦੋਹਾਂ ਪਰਿਵਾਰਾਂ ਦੀ ਕਾਫ਼ੀ ਦੇਰ ਤੋਂ ਕੈਲੀਫੋਰਨੀਆ 'ਚ ਜਾ ਵਸਣ ਦੀ ਬੜੀ ਤੀਬਰ ਇੱਛਾ ਸੀ। ਸ਼ੈਰੀ ਦੇ ਪੁੱਤਰ-ਨੂੰਹ ਦਾ ਇਹ ਸੁਪਨਾ ਤਾਂ ਪੂਰਾ ਹੋ ਗਿਆ ਹੈ ਪਰ ਉਸ ਦੇ ਧੀ-ਜਵਾਈ ਨੂੰ ਅਜੇ ਨਿਊ ਯਾਰਕ ਹੀ ਟਿਕਣਾ ਪੈਣਾ ਹੈ ਜਿਸ ਦਾ ਸ਼ੈਰੀ ਦੇ ਸਾਰੇ ਪਰਿਵਾਰ ਨੂੰ ਅਫ਼ਸੋਸ ਹੈ। ਕੈਲੀਫੋਰਨੀਆ ਆ ਕੇ ਸ਼ੈਰੀ ਦੇ ਪੁੱਤਰ ਨੂੰ ਲੱਗਾ ਕਿ ਨਿਊ ਯਾਰਕ ਦੇ ਮੁਕਾਬਲੇ ਤਾਂ ਇਥੇ ਘਰ ਬੇਹੱਦ ਸਸਤੇ ਹਨ। ਸੋ, ਉਸ ਨੇ ਘਰ ਵੀ ਖ਼ਰੀਦ ਲਿਆ ਤੇ ਇਥੇ ਸੈਟਲ ਹੋ ਗਏ। ਇਸ ਸਾਰੀ ਕਾਰਵਾਈ 'ਚ ਸ਼ੈਰੀ ਤੇ ਉਸ ਦੀ ਪਤਨੀ ਨੇ ਹੀ ਅਗਵਾਈ ਕੀਤੀ। ਹੁਣ ਸਿਰਫ਼ ਇਸ ਨਵੇਂ ਘਰ ਦੀ ਚੱਠ ਕਰਨੀ ਬਾਕੀ ਹੈ ਜੋ ਸ਼ੈਰੀ ਨੇ ਅਗਲੀਆਂ ਗਰਮੀਆਂ ਵਿਚ ਇੰਡੀਆ ਤੋਂ ਆ ਕੇ ਕਰਨੀ ਹੈ ਤੇ ਉਸ ਨੇ ਅਮਰੀਕਾ-ਕੈਨੇਡਾ ਆ ਵੱਸੇ ਆਪਣੇ ਜਾਣੂ ਤੇ ਅੱਗੇ ਉਨ੍ਹਾਂ ਦੇ ਜਾਣੂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਵਿਦਿਆਰਥੀਆਂ ਨੂੰ ਇਕੱਠੇ ਕਰਨ ਦਾ ਇਰਾਦਾ ਬਣਾ ਰੱਖਿਆ ਹੈ। ਉਪਰੋਕਤ ਦੋਹਾਂ ਮਸਰੂਫ਼ੀਆਂ ਦੌਰਾਨ ਉਹ ਕੀ ਸੋਚਦਾ ਤੇ ਵੇਖਦਾ ਰਿਹਾ, ਇਹ ਉਸ ਨੇ ਆਪਣੀ ਇਸ ਡਾਇਰੀ ਵਿਚ ਅੰਕਿਤ ਕੀਤਾ ਹੈ।

***

ਮੇਰੀ ਪਤਨੀ ਦੋ-ਤਿੰਨ ਸਾਲ ਤੋਂ ਮੈਨੂੰ ਇਹ ਗੱਲ ਬੜਾ ਜ਼ੋਰ ਦੇ ਕੇ ਕਹਿੰਦੀ ਆ ਰਹੀ ਸੀ ਕਿ ਪੁੱਤਰ-ਨੂੰਹ ਨੂੰ ਇੰਡੀਆ ਲੈ ਜਾ ਕੇ ਇਨ੍ਹਾਂ ਨੂੰ ਉਥੇ ਦੇ ਘਰ-ਬਾਰ ਦੀ ਸਾਂਭ-ਸੰਭਾਲ ਕਰਨ ਦੀ ਮੱਤ ਦੇਵੋ, ਨਹੀਂ ਤਾਂ ਇਨ੍ਹਾਂ ਤੋਂ ਪਿਉ-ਦਾਦੇ ਦੀ ਜਾਇਦਾਦ ਲੋਕਾਂ ਇਉਂ ਖੋਹ ਲੈਣੀ ਹੈ ਜਿਵੇਂ ਨਿਆਣਿਆਂ ਹੱਥੋਂ ਕਾਂ ਟੁੱਕਰ ਖੋਹ ਲੈ ਜਾਂਦੇ ਹਨ। ਮੈਂ ਹੱਸ ਕੇ ਇਹੋ ਕਹਿ ਛੱਡਦਾ ਕਿ ਮੱਤ ਤਾਂ ਅਜੇ ਮੈਨੂੰ ਆਪ ਨੂੰ ਨਹੀਂ ਆਈ ਤੇ ਮੈਂ ਇਨ੍ਹਾਂ ਨੂੰ ਕਿੱਥੋਂ ਦੇਵਾਂ ਪਰ ਮੈਂ ਉਸ ਦੀ ਗੱਲ ਸੁਣ ਕੇ ਇਹ ਜ਼ਰੂਰ ਸੋਚਦਾ ਕਿ ਸਾਡੀ ਜੱਟ-ਸੋਚ ਤੇ ਮੇਰੀ ਪਤਨੀ, ਜੋ ਜੱਟੀ ਨਾ ਹੋ ਕੇ ਇਕ ਸ਼ਹਿਰੀ ਵਪਾਰੀ ਪਰਿਵਾਰ ਦੀ ਧੀ ਹੈ, ਦੀ ਸੋਚ ਵਿਚ ਕਿੰਨਾ ਜ਼ਿਆਦਾ ਫ਼ਰਕ ਹੈ। ਮੇਰੇ ਯਾਦ ਹੈ ਜਦੋਂ ਮੇਰੇ ਦਾਦਾ ਜੀ ਨੇ ਵਸੀਅਤ ਕਰਵਾਈ ਸੀ ਤਾਂ ਮੇਰੇ ਦਾਦੀ ਜੀ ਦੀ ਜ਼ਿੱਦ ਕਰਨ 'ਤੇ ਉਸ ਨੇ ਆਪਣੇ ਤੋਂ ਬਾਅਦ ਸਾਰੇ ਹੱਕ ਮੇਰੀ ਦਾਦੀ ਜੀ ਨੂੰ ਦਿੱਤੇ ਸਨ ਤੇ ਉਸ ਤੋਂ ਬਾਅਦ ਹੀ ਮੇਰੇ ਪਿਤਾ ਜੀ ਦਾ ਨਾਂ ਸੀ। ਪਰ ਮੇਰੇ ਦਾਦੀ ਜੀ ਮੇਰੇ ਦਾਦਾ ਜੀ ਤੋਂ ਪਹਿਲਾਂ ਹੀ ਚਲਾਣਾ ਕਰ ਗਏ ਤੇ ਉਸ ਤੋਂ ਬਾਅਦ ਹੀ ਮੇਰੇ ਪਿਤਾ ਜੀ ਨੂੰ ਦਾਦਾ ਜੀ ਨੇ ਇਸ ਵਸੀਅਤ ਦੀ ਜਾਣਕਾਰੀ ਦਿੱਤੀ। ਪਿਤਾ ਜੀ ਬੀਮਾਰ ਹੋਏ ਤਾਂ ਮੇਰੇ ਮਾਤਾ ਜੀ ਚੁੱਪਚਾਪ ਮੇਰੇ ਪਿਤਾ ਜੀ ਨੂੰ ਤਹਿਸੀਲੇ ਲੈ ਗਏ ਤੇ ਵਸੀਅਤ ਵਿਚ ਪਹਿਲਾਂ ਆਪਣਾ ਨਾਂ ਤੇ ਆਪਣੀ ਮੌਤ ਤੋਂ ਬਾਅਦ ਮੇਰੇ ਨਾਂ ਦਾ ਜ਼ਿਕਰ ਕੀਤਾ। ਇਸ ਵਸੀਅਤ ਦਾ ਵੀ ਸਾਨੂੰ ਪਿਤਾ ਜੀ ਦੀ ਮੌਤ ਤੋਂ ਬਾਅਦ ਹੀ ਪਤਾ ਲੱਗਾ। ਉਦੋਂ ਤਾਂ ਮੈਂ ਇਨ੍ਹਾਂ ਮਾਮਲਿਆਂ ਨੂੰ ਇੰਨੀ ਗੰਭੀਰਤਾ ਨਾਲ ਨਹੀਂ ਸੀ ਲੈਂਦਾ ਪਰ ਅੱਜ ਮੈਨੂੰ ਮੇਰੀ ਮਾਤਾ ਜੀ ਦੇ ਉਹ ਬੋਲ ਯਾਦ ਆ ਰਹੇ ਹਨ ਜੋ ਮੈਨੂੰ ਉਨ੍ਹਾਂ ਪਿਤਾ ਜੀ ਦੀ ਵਸੀਅਤ ਦੇਣ ਲੱਗਿਆਂ ਕਹੇ ਸਨ: "ਕਾਕਾ, ਤੇਰੇ ਪਿਤਾ ਜੀ ਤਾਂ ਪੜ੍ਹੇ-ਲਿਖੇ ਸਨ। ਵਸੀਅਤ ਕਰਵਾ ਕੇ ਗਏ ਹਨ, ਨਹੀਂ ਤਾਂ ਜੱਟ ਤਾਂ ਵਸੀਅਤ ਕਰਵਾਉਂਦੇ ਹੀ ਨਹੀਂ। ਕਿਧਰੇ ਪੁੱਤਰ ਰਾਤ ਨੂੰ ਗਲ ਹੀ ਨਾ ਘੁੱਟ ਦੇਣ। ਭਾਵੇਂ ਮਗਰੋਂ ਪੁੱਤਰ-ਧੀਆਂ ਲੜ-ਲੜ ਕੇ ਹੀ ਮਰ ਜਾਣ।" ਇਹ ਸੋਚ ਕੇ ਮੈਨੂੰ ਆਪਣੀ ਪਤਨੀ ਦੀ ਦਿਆਨਤਦਾਰੀ ਤੇ ਆਪਣੀ ਔਲਾਦ ਪ੍ਰਤੀ ਸੁਹਿਰਦਤਾ 'ਤੇ ਵਿਸ਼ਵਾਸ 'ਤੇ ਮਾਣ ਹੋਣ ਲੱਗਦਾ ਹੈ। ਉਹ ਮੈਨੂੰ ਪਹਿਲਾਂ ਨਾਲੋਂ ਵੀ ਚੰਗੀ ਤੇ ਮਹਾਨ ਲੱਗਣ ਲਗਦੀ ਹੈ। ਇਸ ਦੇ ਮੁਕਾਬਲੇ ਜਦੋਂ ਮੈਂ ਆਪਣੀਆਂ ਬੇਪ੍ਰਵਾਹੀਆਂ ਤੇ ਅਲਗਰਜ਼ੀਆਂ ਬਾਰੇ ਸੋਚਦਾ ਹਾਂ ਜਾਂ ਕਈ ਵਾਰ ਉਸ 'ਤੇ ਰੌਬ ਪਾਉਣ ਲਈ ਆਪਣੇ ਜੱਟਵਾਦ ਦੇ ਸਹਾਰੇ ਬਾਰੇ ਸੋਚਦਾ ਹਾਂ ਤਾਂ ਮੈਨੂੰ ਆਪਣੇ ਆਪ 'ਤੇ ਕਚਿਆਣ ਆਉਣ ਲਗਦੀ ਹੈ।

ਇਸੇ ਤਰ੍ਹਾਂ ਕਈ ਸਾਲ ਪਹਿਲਾਂ ਮੇਰਾ ਇਕ ਮਿੱਤਰ ਲਾਲੀ ਬਰਾੜ ਚੰਡੀਗੜ੍ਹ ਪੀ.ਜੀ.ਆਈ. 'ਚ ਡਾਕਟਰ ਹੁੰਦਾ ਸੀ। ਉਸ ਦੀ ਆਵਾਜ਼ ਗੜਕਵੀਂ ਤੇ ਜ਼ਰਾ ਕੁਰੱਖ਼ਤ ਸੀ ਤੇ ਉਹ ਬੋਲਦਾ ਵੀ ਬਹੁਤ ਸੀ। ਉਸ ਦੇ ਸਾਥੀ ਡਾਕਟਰਾਂ ਵਿਚ ਉਸ ਬਾਰੇ ਲਤੀਫ਼ਾ ਪ੍ਰਚਲਤ ਸੀ ਕਿ ਡਾਕਟਰ ਸਾਹਿਬ ਨੂੰ ਘਰ ਤਾਂ ਬੋਲਣ ਦੀ ਆਗਿਆ ਨਹੀਂ, ਸੋ ਇਹ ਸਾਰੀ ਕਸਰ ਬਾਹਰ ਹੀ ਪੂਰੀ ਕਰ ਕੇ ਜਾਂਦੇ ਹਨ। ਇਕ ਦਿਨ ਉਹ ਸਵੇਰੇ ਸੈਰ ਕਰਦੇ ਕਰਦੇ ਮੇਰੇ ਕੋਲ ਆ ਗਏ। ਅਸੀਂ ਅੰਦਰ ਡਾਈਨਿੰਗ ਟੇਬਲ 'ਤੇ ਬੈਠ ਕੇ ਚਾਹ ਪੀਣ ਲੱਗੇ ਤਾਂ ਡਾ. ਲਾਲੀ ਦੀ ਨਜ਼ਰ ਟੇਬਲ 'ਤੇ ਫੁੱਲਾਂ ਦੇ ਗੁਲਦਸਤੇ ਕੋਲ ਪਈ ਅੱਧੀ ਕੁ ਵਿਸਕੀ ਦੀ ਬੋਤਲ 'ਤੇ ਜਾ ਪਈ। ਉਸ ਨੇ ਮੇਰੇ ਵੱਲ ਨੀਝ ਨਾਲ ਵੇਖਿਆ ਤੇ ਫਿਰ ਚਾਹ ਦੀ ਘੁੱਟ ਭਰਦਾ ਹੋਇਆ ਪੁੱਛਣ ਲੱਗਾ, "ਸ਼ੈਰੀ, ਤੂੰ ਜੱਟ ਐ?"

"ਤੈਨੂੰ ਕੋਈ ਸ਼ੱਕ ਐ!" ਮੈਂ ਅੱਗੋਂ ਸਵਾਲ ਕੀਤਾ।

ਦੁਬਾਰਾ ਵਿਸਕੀ ਦੀ ਬੋਤਲ ਵੱਲ ਵੇਖ ਕੇ ਕਹਿਣ ਲੱਗਾ, "ਲਗਦਾ ਤਾਂ ਨਹੀਂ। ਬੜੀ ਜੁਅਰੱਤ ਨਾਲ ਟੇਬਲ 'ਤੇ ਖਲੋਤੀ ਵਿਸਕੀ ਦੀ ਬੋਤਲ ਤਾਂ ਇਹੋ ਦਸਦੀ ਹੈ।"

ਆਪਣੀ ਇਸ ਸੋਚ ਦੀ ਵਿਆਖਿਆ ਕਰਦਿਆਂ ਉਹ ਬੋਲਿਆ, "ਜੱਟੀਆਂ ਨੂੰ ਘਰ ਵਿਚ ਸ਼ਰਾਬ ਦਾ ਮੁਸ਼ਕ ਵੀ ਆ ਜਾਵੇ ਤਾਂ ਸਾਰੇ ਘਰ ਵਿਚ ਇਉਂ ਫੁੰਕਾਰੇ ਮਾਰਦੀਆਂ ਫਿਰਨਗੀਆਂ ਜਿਵੇਂ ਉਨ੍ਹਾਂ ਹੁਣੇ ਈ ਬੰਦੇ ਨੂੰ ਸਿੰਗਾਂ 'ਤੇ ਚੱਕ ਲੈਣਾ ਹੁੰਦਾ ਹੈ। ਆਹ ਜਿਹੜੇ ਆਪਣੇ ਬਾਈ ਆਪਣੇ ਆਪ ਨੂੰ ਘਰ ਦੇ ਠਾਣੇਦਾਰ ਕਹਿੰਦੇ ਨਹੀਂ ਥੱਕਦੇ, ਤੀਵੀਆਂ ਉਨ੍ਹਾਂ ਦੀਆਂ ਵੀ ਸ਼ਰਾਬ ਨੂੰ ਸੌਕਣ ਈ ਸਮਝਦੀਆਂ ਹਨ। ਬਸ ਫੁੰਕਾਰੇ ਹੀ ਨਹੀਂ ਮਾਰਦੀਆਂ, ਮੱਥੇ 'ਚ ਤਿਊੜੀਆਂ ਪਾਈ ਰੱਖਦੀਆਂ ਹਨ। ਆਏ-ਗਏ ਵੱਲ ਨੱਕ-ਬੁੱਲ੍ਹ ਕੱਢੀ ਜਾਣਗੀਆਂ ਤੇ ਬਲੇ-ਸੜੇ ਮੂਡ ਨਾਲ ਰੋਟੀ-ਪਾਣੀ ਦਾ ਸਿਆਪਾ ਕਰ ਦਿੰਦੀਆਂ ਹਨ। ਜਦੋਂ ਮੈਂ ਵੇਖਿਆ ਕਿ ਇਧਰ ਟੇਬਲ 'ਤੇ ਬੋਤਲ ਪਈ ਐ ਪਰ ਭੈਣ ਜੀ ਬੜੇ ਖ਼ੁਸ਼ ਮੂਡ 'ਚ ਸਾਨੂੰ ਚਾਹ ਦੇ ਕੇ ਗਏ ਹਨ, ਮੇਰੇ ਪਰਿਵਾਰ ਦੀ ਖ਼ੈਰ-ਸੁਖ ਵੀ ਪੁੱਛੀ ਐ ਤਾਂ ਮੈਂ ਸੋਚਿਆ ਕਿ ਜੱਟੀ ਤੇ ਫਿਰ ਇਉਂ ਸ਼ਰੇਆਮ ਪਈ ਸ਼ਰਾਬ ਦੀ ਹੋਂਦ ਨੂੰ ਸਹਿਣ ਕਰ ਲਏ, ਯਕੀਨ ਨਹੀਂ ਆਉਂਦਾ। ਜੇ ਵਾਕਿਆਂ ਹੀ ਸਭ ਕੁਝ ਉਸੇ ਤਰ੍ਹਾਂ ਹੈ, ਜਿਵੇਂ ਦਿਸਦਾ ਹੈ ਤਾਂ ਕਰਮਾਂ ਵਾਲਾ ਐਂ ਸੰਧੂ ਮਿੱਤਰਾ...!"

ਲਾਲੀ ਚਲਾ ਗਿਆ ਤੇ ਮੈਨੂੰ ਅੱਜ ਫਿਰ ਆਪਣੀ ਪਤਨੀ ਦੇ ਸੁਭਾਅ 'ਤੇ ਰਸ਼ਕ ਹੋਣ ਲੱਗਦਾ ਹੈ। ਕਦੇ ਮੈਨੂੰ ਲਗਦਾ ਹੈ ਕਿ ਸ਼ਾਇਦ ਇਹਦੀਆਂ ਇਹ ਸਾਰੀਆਂ ਰਹਿਮਤਾਂ ਇਸ ਦੇ ਜੱਟੀ ਨਾ ਹੋਣ ਕਰਕੇ ਹਨ। ਮੈਨੂੰ ਅੱਜ ਮਾਤਾ ਜੀ ਦੇ ਕਹੇ ਬੋਲ ਯਾਦ ਆਉਂਦੇ ਹਨ ਜੋ ਉਨ੍ਹਾਂ ਚੰਡੀਗੜ੍ਹ ਸਾਡੇ ਕੋਲ ਰਹਿੰਦਿਆਂ ਕਹੇ ਸਨ, "ਸ਼ੈਰੀ ਪੁੱਤਰ, ਤੂੰ ਕਿਸਮਤ ਵਾਲਾ ਏਂ ਜੋ ਮਨਮੀਤ ਵਰਗੀ ਮੇਰੀ ਧੀ ਸਾਡੇ ਘਰ ਆ ਗਈ ਏ। ਸਾਰੇ ਘਰ-ਬਾਰ ਤੇ ਬੱਚਿਆਂ ਦੀ ਜ਼ਿੰਮੇਵਾਰੀ ਇਹਨੇ ਲਈ ਹੋਈ ਏ। ਤੈਨੂੰ ਦਫ਼ਤਰ ਨਿਆਣਿਆਂ ਵਾਂਗ ਤਿਆਰ ਕਰ ਕੇ ਭੇਜਦੀ ਹੈ ਤੇ ਤੂੰ ਕਦੇ ਵੀ ਦਫ਼ਤਰੋਂ ਵੇਲੇ ਸਿਰ ਘਰ ਨਹੀਂ ਆਉਂਦਾ। ਮੈਨੂੰ ਰੋਜ਼ ਗੁਰਦੁਆਰੇ ਲੈ ਕੇ ਜਾਂਦੀ ਹੈ ਤੇ ਉਥੇ ਵੀ ਤੇਰੀ ਹੀ ਖ਼ੈਰ ਮੰਗਦੀ ਏ। ਮੈਂ ਤੇ ਚਾਹੁੰਦੀ ਹਾਂ ਕਿ ਇਹ ਤੈਨੂੰ ਜ਼ਰਾ ਸਖ਼ਤੀ ਨਾਲ ਕਹੇ ਕਿ ਬਸ ਹੁਣ, ਤੂੰ ਬੰਦੇ ਦਾ ਪੁੱਤ ਬਣ ਜਾ।"

ਇਹ ਸੁਣ ਕੇ ਮਨਮੀਤ ਨੇ ਅੱਗੋਂ ਮਜ਼ਾਕ ਨਾਲ ਰਸੋਈ ਵਿਚੋਂ ਜ਼ਰਾ ਉਚੀ ਆਵਾਜ਼ ਵਿਚ ਕਹਿਣਾ, "ਮਾਤਾ ਜੀ, ਬੰਦੇ ਦੇ ਪੁੱਤਰਾਂ ਵਿਚ ਤਾਂ ਸੌ ਕੁਤਾਹੀਆਂ ਹੁੰਦੀਆਂ ਨੇ। ਸ਼ੈਰੀ ਵਰਗਾ ਸਭੇ ਕਲਾਂ ਸੰਪੂਰਨ ਤਾਂ ਤੁਹਾਡੇ ਵਰਗੀ ਮਾਤਾ ਹੀ ਪੈਦਾ



ਕਰ ਸਕਦੀ ਐ।"

ਇਹ ਸਭੇ ਗੱਲਾਂ ਸੋਚਦਿਆਂ ਮੈਨੂੰ ਆਪਣੇ ਆਪ 'ਚੋਂ ਮਨਮੀਤ ਦਾ ਇਕ ਸ਼ਰਧਾਲੂ ਨਜ਼ਰ ਆਉਣ ਲਗਦਾ ਹੈ। ਫਿਰ ਮੇਰੇ ਵਿਚ ਉਸ ਪ੍ਰਤੀ 1969-70 ਵਾਲੀ ਸ਼ਰਧਾ ਜਾਗ ਪਈ ਲਗਦੀ ਹੈ। ਮੇਰੇ ਇਨ੍ਹਾਂ ਵਿਚਾਰਾਂ ਨੂੰ ਜੇ ਕੋਈ ਸੁਣ ਲਵੇ ਤਾਂ ਉਹ ਸ਼ਾਇਦ ਮੈਨੂੰ ਜੋਰੂ ਦਾ ਖ਼ੁਸ਼ਾਮਦੀ ਜਾਂ ਚਮਚਾ ਸਮਝੇਗਾ ਪਰ ਮਹਾਂਪੁਰਸ਼ਾਂ ਦੇ ਤਾਂ ਸ਼ਰਧਾਲੂ ਹੀ ਹੋਇਆ ਕਰਦੇ ਨੇ, ਚਮਚੇ ਜਾਂ ਖ਼ੁਸ਼ਾਮਦੀ ਨਹੀਂ।

***

ਸਾਨੂੰ ਢਾਈ-ਤਿੰਨ ਮਹੀਨੇ ਹੋ ਗਏ ਹਨ ਨਿਊ ਯਾਰਕ ਤੋਂ ਕੈਲੀਫੋਰਨੀਆ ਆ ਕੇ ਵਸਿਆਂ ਨੂੰ। ਅਮਰੀਕਾ ਵਿਚ ਪੰਜਾਬੀਆਂ ਲਈ ਇਕ ਤੋਂ ਦੂਜੇ ਸੂਬੇ ਜਾਂ ਸ਼ਹਿਰ ਵਿਚ ਜਾ ਕੇ ਉਥੇ ਦੀ ਆਪਣੀ ਕਮਿਊਨਿਟੀ 'ਚ ਰਚਣ-ਮਿਚਣ ਵਿਚ ਕੋਈ ਬਹੁਤਾ ਸਮਾਂ ਨਹੀਂ ਲਗਦਾ। ਇਸ ਦਾ ਮੁੱਖ ਕਾਰਨ ਇਲਾਕੇ ਦਾ ਗੁਰਦੁਆਰਾ ਉਨ੍ਹਾਂ ਦੇ ਆਪਸੀ ਮਿਲਣ-ਜੁਲਣ ਦਾ ਐਸਾ ਕੇਂਦਰ ਹੈ ਕਿ ਦੋ-ਤਿੰਨ ਹਫ਼ਤਿਆਂ ਵਿਚ ਹੀ ਆਲੇ-ਦੁਆਲੇ ਦੇ ਲੋਕਾਂ ਨਾਲ ਤੁਹਾਡੀ ਚੰਗੀ ਜਾਣ-ਪਛਾਣ ਹੋ ਜਾਂਦੀ ਹੈ। ਤੁਸੀਂ ਉਨ੍ਹਾਂ ਦੇ ਦੁੱਖ-ਸੁਖ 'ਚ ਸ਼ਰੀਕ ਹੋਣ ਲਗਦੇ ਹੋ ਤੇ ਉਸ ਸਮਾਜ ਦਾ ਹਿੱਸਾ ਬਣ ਜਾਂਦੇ ਹੋ। ਅਸੀਂ ਇਥੇ ਭਾਵੇਂ ਨਵੇਂ ਹਾਂ ਪਰ ਇਥੇ ਦੇ ਪੰਜਾਬੀ ਸਮਾਜ ਦਾ ਹਿੱਸਾ ਬਣ ਗਏ ਹਾਂ। ਭਾਵੇਂ ਅਮਰੀਕਾ ਵਿਚ ਵਸਦੇ ਪੰਜਾਬੀਆਂ ਦਾ ਹਰ ਥਾਂ 'ਤੇ ਇਕੋ ਜਿਹਾ ਹੀ ਸੁਭਾਅ ਤੇ ਵਰਤਾਰਾ ਹੈ ਪਰ ਨਿਊ ਯਾਰਕ ਦੇ ਜਿਸ ਪੰਜਾਬੀ ਸਮਾਜ ਵਿਚ ਮੈਂ ਵਿਚਰਿਆ ਹਾਂ, ਉਥੋਂ ਨਾਲੋਂ ਇਥੇ ਦੇ ਪੰਜਾਬੀਆਂ ਵਿਚ ਇਕ ਵੱਡਾ ਅੰਤਰ ਇਹ ਹੈ ਕਿ ਇਹ ਹਰ ਵੇਲੇ ਇਕ-ਦੂਜੇ ਤੋਂ ਹੁਸ਼ਿਆਰ ਤੇ ਕੁਝ ਨਾ ਕੁਝ ਛੁਪਾਉਂਦੇ ਲਗਦੇ ਹਨ ਪਰ ਨਾਲ ਹੀ ਇਕ-ਦੂਏ ਬਾਰੇ ਸੂਹ ਲੈਣ ਦੀ ਤਾਕ 'ਚ ਵੀ ਰਹਿੰਦੇ ਹਨ। ਸ਼ਾਇਦ ਇਹ ਇਸ ਕਰਕੇ ਹੋਵੇ ਕਿ ਉਥੇ ਮੇਰਾ ਵਾਹ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਪੰਜਾਬੀਆਂ ਨਾਲ ਹੀ ਸੀ ਪਰ ਇਥੇ ਛੋਟੇ-ਵੱਡੇ ਬਿਜ਼ਨੈਸਾਂ ਵਾਲਿਆਂ ਜਾਂ ਉਥੇ ਕੰਮ ਕਰਨ ਵਾਲਿਆਂ ਨਾਲ ਹੈ।

ਕਿੱਤੇ ਨਾਲ ਬੰਦੇ ਦਾ ਸੁਭਾਅ ਬਦਲ ਜਾਂਦਾ ਹੈ। ਇਹ ਹਰ ਵੇਲੇ ਵਾਰਿਸ ਸ਼ਾਹ ਦੇ ਕਥਨ, "ਵਾਰਿਸ ਸ਼ਾਹ ਲੁਕਾਵੀਏ ਜੱਗ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਵੀਏ ਜੀ" ਉਤੇ ਕੁਝ ਜ਼ਿਆਦਾ ਹੀ ਅਮਲ ਕਰਦੇ ਲਗਦੇ ਹਨ। ਜੇ ਕੋਈ ਉਤਰ ਵੱਲ ਜਾ ਰਿਹਾ ਹੈ ਤੇ ਤੁਸੀਂ ਪੰਜਾਬੀ ਆਦਤ ਅਨੁਸਾਰ ਪੁੱਛ ਬੈਠੋਂ ਤਾਂ ਉਸ ਨੇ ਇਹੋ ਕਹਿਣਾ ਹੈ ਕਿ ਆਹ ਜ਼ਰਾ ਦੱਖਣ ਵੱਲ ਚੱਲਿਆ ਹਾਂ। ਖ਼ਰੀਦ ਕੇ ਲਿਆਂਦੀ ਗਰੌਸਰੀ ਦਾ ਭਾਅ ਤੇ ਸਟੋਰ ਦਾ ਨਾਂ ਨਹੀਂ ਦਸਦੇ ਤੇ ਵੱਡੀ ਖ਼ਰੀਦ-ਵੇਚ ਦੀ ਤਾਂ ਗੱਲ ਹੀ ਛੱਡੋ! ਇਥੇ ਇਕ ਕਿਸੇ ਕਥਾ-ਕਹਾਣੀ ਦੇ ਪਾਤਰ ਵਰਗਾ ਬੰਦਾ ਹੈ ਜਿਸ ਕੋਲ ਸਾਡੇ ਪੰਜਾਬੀਆਂ ਦੇ ਇਨ੍ਹਾਂ ਅਵੱਲੇ ਵਰਤਾਰਿਆਂ ਬਾਰੇ ਅਜੀਬ-ਅਜੀਬ ਵਿਆਖਿਆਵਾਂ ਹਨ। ਇਸ ਦਾ ਨਾਂ ਤਾਂ ਭਾਵੇਂ ਗੁਰਚੇਤਨ ਸਿੰਘ ਹੈ ਪਰ ਸਭ ਛੋਟੇ-ਵੱਡੇ ਇਸ ਨੂੰ 'ਚਾਚਾ' ਕਹਿ ਕੇ ਹੀ ਬੁਲਾਉਂਦੇ ਹਨ। ਸਿਰਫ਼ ਸਾਧੂ ਸਿੰਘ ਨਾਂ ਦਾ ਇਕ ਬੰਦਾ ਇਸ ਨੂੰ ਚੇਤਨ ਸਿੰਹੁ ਕਹਿ ਕੇ ਬੁਲਾਉਂਦਾ ਹੈ ਜਿਹੜਾ ਪਿੱਛੋਂ ਇਸ ਦਾ ਪੇਂਡੂ ਵੀ ਹੈ ਤੇ ਮਿੱਤਰ ਵੀ ਅਤੇ ਇਥੇ ਇਸ ਦਾ ਗੁਆਂਢੀ ਹੈ। ਸਭ ਲੋਕ ਇਸ ਨੂੰ 'ਚਾਚਾ' ਇਸ ਲਈ ਕਹਿੰਦੇ ਹਨ ਕਿ ਇਹ ਕਿਸੇ ਨਛੱਤਰ ਸਿੰਘ ਦਾ ਸਕਾ ਚਾਚਾ ਲਗਦਾ ਹੈ ਜਿਹੜਾ 20-25 ਸਾਲਾਂ ਤੋਂ ਇਸ ਸ਼ਹਿਰ 'ਚ ਰਹਿ ਰਿਹਾ ਹੈ ਤੇ ਥੋੜ੍ਹਾ-ਬਹੁਤਾ ਲੀਡਰੀ 'ਚ ਵੀ ਪੈਰ ਮਾਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਆਮ ਲੋਕ ਨੈਸ਼ ਕਹਿ ਕੇ ਬੁਲਾਉਂਦੇ ਹਨ ਜੋ ਗੋਰਿਆਂ 'ਚ ਆਮ ਨਾਂ ਹੈ। 'ਚਾਚਾ' ਕੋਈ 1993 ਦੇ ਗੇੜ 'ਚ ਇਥੇ ਆਇਆ ਤੇ ਉਦੋਂ ਤੋਂ ਹੀ ਆਪਣੀ ਧੀ ਕੋਲ ਰਹਿ ਰਿਹਾ ਹੈ। ਭਾਵੇਂ ਹੁਣ ਇਸ ਦੇ ਦੋ ਪੁੱਤਰ ਵੀ ਅਮਰੀਕਾ ਆ ਗਏ ਹਨ ਜੋ ਆਪਣੇ ਪਰਿਵਾਰਾਂ ਸਮੇਤ ਲਾਗਲੇ ਸ਼ਹਿਰ ਵਿਚ ਆਪਣੇ ਆਪਣੇ ਸਟੋਰਾਂ ਦੇ ਮਾਲਕ ਹਨ।

ਸਾਡੇ ਪੰਜਾਬੀਆਂ ਵੱਲੋਂ ਹਰ ਮਾਮੂਲੀ ਗੱਲ ਨੂੰ ਵੱਡੇ ਭੇਤ ਦੀ ਤਰ੍ਹਾਂ ਛੁਪਾਉਣ ਬਾਰੇ ਚਾਚੇ ਦਾ ਤਰਕ ਹੈ ਕਿ ਜਦੋਂ ਸਾਡੇ ਜ਼ਿਆਦਾ ਪੰਜਾਬੀ ਮੁੰਡੇ 1970ਵਿਆਂ ਦੇ ਅਖ਼ੀਰ 'ਚ ਤੇ 1980ਵਿਆਂ ਦੇ ਸ਼ੁਰੂ ਵਿਚ ਅਮਰੀਕਾ ਆਏ ਤਾਂ ਉਹ ਬਿਨਾਂ ਕਾਗ਼ਜ਼-ਪੱਤਰਾਂ ਤੋਂ ਸਨ ਤੇ ਉਸ ਵੇਲੇ ਇੰਮੀਗ੍ਰੇਸ਼ਨ ਮਹਿਕਮਾ ਬੜਾ ਸਖ਼ਤ ਸੀ ਅਤੇ ਕਈ ਵਾਰੀ ਗੈਰਕਾਨੂੰਨੀ ਪਰਵਾਸੀਆਂ 'ਤੇ ਛਾਪੇ ਵੀ ਮਾਰਦਾ ਸੀ। ਇਹ ਮੁੰਡੇ ਆਪਸੀ ਖਹਿਬਾਜ਼ੀ 'ਚ ਇਕ-ਦੂਜੇ ਨੂੰ ਗ੍ਰਿਫ਼ਤਾਰ ਕਰਵਾਉਣ ਦੀ ਕੋਸ਼ਿਸ਼ ਵੀ ਕਰ ਲੈਂਦੇ ਸਨ। ਸੋ ਡਰਦਾ ਕੋਈ ਕਿਸੇ ਨੂੰ ਭੇਤ ਨਹੀਂ ਸੀ ਦਿੰਦਾ। ਜੇ ਕੋਈ ਕੰਮ 'ਤੇ ਚੱਲਿਆ ਹੈ ਤਾਂ ਕਹਿਣਾ, ਬਸ ਕਿਸੇ ਨੂੰ ਮਿਲਣ ਚੱਲਿਆ ਹਾਂ। ਜਿਹੜੇ ਉਸ ਤੋਂ ਬਾਅਦ ਇੰਡੀਆ ਤੋਂ ਆਉਂਦੇ ਗਏ, ਉਹ ਨਛੱਤਰ ਵਰਗਿਆਂ ਤੋਂ ਉਹੋ ਸੇਹਲੀ-ਟੋਪੀ ਲੈਂਦੇ ਗਏ ਤੇ ਹੁਣ ਇਹ ਵਰਤਾਰਾ ਬਣ ਗਿਆ ਹੈ। ਹੁਣ ਤਾਂ ਕਿਸੇ ਦੇ ਘਰ ਜਾ ਕੇ ਤੁਹਾਨੂੰ ਕੋਈ ਸੀਨਰੀ ਜਾਂ ਫੋਟੋ ਚੰਗੀ ਲੱਗੇ ਜਾਂ ਰਸੋਈ ਵਿਚ ਹਰੀਆਂ ਮਿਰਚਾਂ ਹੀ ਚੰਗੀਆਂ ਦਿਸਣ ਤਾਂ ਪੁੱਛ ਬੈਠੋ ਕਿ ਕਿੱਥੋਂ ਲਈਆਂ ਨੇ ਤਾਂ ਜਵਾਬ ਇਹੋ ਮਿਲੇਗਾ ਕਿ ਤੁਹਾਨੂੰ ਲਿਆ ਹੀ ਦਿਆਂਗੇ, ਤੁਸੀਂ ਸਟੋਰ ਤੋਂ ਕੀ ਲੈਣਾ ਐ!

ਜਿਹੜੇ ਸਾਡੇ ਪੁਰਾਣੇ ਆਏ ਜ਼ਿਆਦਾ ਅਨਪੜ੍ਹ ਜਾਂ ਘੱਟ ਪੜ੍ਹੇ ਲੋਕ ਕਲੀਨਸ਼ੇਵਨ ਹਨ, ਉਨ੍ਹਾਂ ਬਾਰੇ ਵੀ 'ਚਾਚੇ' ਦੀ ਇਹੋ ਦਲੀਲ ਹੈ ਕਿ ਬਿਨਾਂ ਪੇਪਰਾਂ ਤੋਂ ਹੋਣ ਕਰਕੇ ਤੇ ਇੰਮੀਗ੍ਰੇਸ਼ਨ ਤੋਂ ਬਚਣ ਲਈ ਇਨ੍ਹਾਂ ਲੋਕਾਂ ਨੂੰ ਆਪਣੇ ਆਪ ਨੂੰ ਇਥੋਂ ਦੇ ਆਮ ਲੋਕਾਂ ਵਰਗੇ ਦਿਖਾਉਣ ਲਈ ਕਲੀਨਸ਼ੇਵ ਹੋਣਾ ਪਿਆ ਤੇ ਫਿਰ ਹੌਲੀ ਹੌਲੀ ਇਸੇ ਤਰ੍ਹਾਂ ਰਹਿਣਾ ਇਨ੍ਹਾਂ ਦਾ ਸੁਭਾਅ ਬਣ ਗਿਆ।

'ਚਾਚੇ' ਦੀਆਂ ਕਈ ਗੱਲਾਂ 'ਤੇ ਮੈਨੂੰ ਹੈਰਾਨੀ ਹੁੰਦੀ ਸੀ। ਜਿਵੇਂ ਉਸ ਦੇ ਦੋਵੇਂ ਪੁੱਤਰ ਤੇ ਨੂੰਹਾਂ ਇਥੇ ਹਨ ਜੋ ਉਸ ਦਾ ਬੜਾ ਸਤਿਕਾਰ ਕਰਦੇ ਹਨ। ਉਹ ਕਦੇ ਉਨ੍ਹਾਂ ਕੋਲ ਜਾ ਕੇ ਤੇ ਕਦੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਨਸੀਹਤਾਂ ਵੀ ਦਿੰਦਾ ਰਹਿੰਦਾ ਹੈ ਜਿਸ 'ਤੇ ਉਹ ਅਮਲ ਵੀ ਕਰਦੇ ਹਨ ਪਰ ਉਹ ਰਹਿੰਦਾ ਆਪਣੀ ਧੀ ਕੋਲ ਹੈ। ਉਸ ਦੇ ਭਤੀਜੇ ਨਛੱਤਰ ਤੇ ਬਚਿੱਤਰ ਉਸ ਦੀ ਬੜੀ ਇੱਜ਼ਤ ਕਰਦੇ ਹਨ। ਬਚਿੱਤਰ ਦੇ ਤਾਂ ਉਹ ਘਰ ਵੀ ਚਲਾ ਜਾਂਦਾ ਹੈ। ਉਸ ਨੂੰ ਮਖ਼ੌਲ ਵੀ ਕਰ ਲੈਂਦਾ ਹੈ ਤੇ ਉਸ ਦੀ ਤਾਰੀਫ਼ ਵੀ ਕਰਦਾ ਹੈ। ਪਰ ਨਛੱਤਰ, ਜਿਹੜਾ ਉਸ ਦਾ ਸੁਨੇਹਾ ਮਿਲਣ 'ਤੇ ਪੈਰੀਂ ਜੁੱਤੀ ਨਹੀਂ ਪਾਉਂਦਾ ਤੇ ਉਸ ਦੀ ਢਾਣੀ ਜਿਸ ਵਿਚ ਉਹਦਾ ਜਵਾਈ ਵੀ ਸ਼ਾਮਲ ਹੈ, ਨੂੰ ਉਹ ਆੜੇ ਹੱਥੀਂ ਹੀ ਲੈਂਦਾ ਹੈ ਤੇ ਉਹ ਅੱਗੋਂ ਕੁਝ ਨਹੀਂ ਬੋਲਦੇ। ਇਨ੍ਹਾਂ ਨੂੰ ਉਹ ਸੱਤ ਪੱਤਣਾਂ ਦੇ ਤਾਰੂ ਕਹਿੰਦਾ ਹੈ। ਇਨ੍ਹਾਂ ਵਿਚੋਂ ਕਿਸੇ ਨਾਲ ਕਾਰ ਦੀ ਅਗਲੀ ਸੀਟ 'ਤੇ ਬੈਠ ਕੇ ਉਹ ਟੌਹਰ ਨਾਲ ਗੁਰਦੁਆਰੇ ਆਉਂਦਾ ਹੈ ਤੇ ਫਿਰ ਜਾਣ ਵੇਲੇ ਵੀ ਉਨ੍ਹਾਂ ਨਾਲ ਗੱਲ ਕਰਦਾ ਹੈ। ਮੈਂ ਗੁਰਦੁਆਰੇ 'ਚ ਕਦੇ ਵੀ ਉਸ ਨੂੰ ਇਨ੍ਹਾਂ 8-10 ਜਣਿਆਂ ਦੀ ਢਾਣੀ 'ਚੋਂ ਕਿਸੇ ਨਾਲ ਬੈਠਾ ਜਾਂ ਗੱਲ ਕਰਦਾ ਨਹੀਂ ਵੇਖਿਆ। ਲੰਗਰ ਛਕਦਿਆਂ ਨਛੱਤਰ ਜ਼ਰੂਰ ਚਾਚੇ ਤੇ ਉਸ ਨਾਲ ਬੈਠੇ ਸਾਡੇ ਵਰਗਿਆਂ ਦੀ ਖ਼ਾਸ ਸੇਵਾ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਉਸ ਦੇ ਚਲੇ ਜਾਣ 'ਤੇ ਚਾਚੇ ਨੇ ਇਹੋ ਕਹਿਣਾ ਹੈ ਕਿ ਵੇਖਣ ਨੂੰ ਇਹ ਦਾਂਦੂ ਜਿਹਾ ਜੱਬਲ ਊਠ ਹੀ ਲਗਦਾ ਐ ਪਰ ਅਸਲ ਵਿਚ ਹੈ ਇਹ ਦੋ-ਧਾਰੀ ਛੁਰੀ। ਸਵਾਰਥ ਲਈ ਬੰਦੇ ਦਾ ਢਿੱਡ ਪਾੜ ਕੇ ਕਿਹੜਾ ਨਾ ਲੰਘ ਜਾਵੇ।

ਇਸੇ ਤਰ੍ਹਾਂ ਇਨ੍ਹਾਂ ਦਾ ਇਕ ਸਾਥੀ, ਜੋ ਹਮੇਸ਼ਾ ਫੰਕਸ਼ਨਾਂ 'ਚ ਸਟੇਜ 'ਤੇ ਹੀ ਦਿਖਦਾ ਹੈ, ਚੰਗਾ ਪਹਿਨ-ਪੱਚਰ ਕੇ ਰਹਿੰਦਾ ਹੈ। ਟਾਈ-ਸ਼ਾਈ ਲਾ ਕੇ ਰੱਖਦਾ ਹੈ, ਸਾਡੇ ਕੋਲ ਦੁਆ-ਸਲਾਮ ਕਰਨ ਆਇਆ ਤੇ ਚਾਚੇ ਦੇ ਉਸ ਨੇ ਪੈਰੀਂ ਵੀ ਹੱਥ ਲਾਏ। ਚਾਚਾ ਉਸ ਨੂੰ ਥਾਪੀ ਦੇ ਕੇ ਕਹਿਣ ਲੱਗਾ, "ਇਹ ਸਾਡੇ ਨਛੱਤਰ ਹੁਰਾਂ ਦਾ ਖ਼ਾਸ ਬੇਲੀ ਹੈ ਤੇ ਸਾਡੇ ਪਿੰਡਾਂ ਦਾ ਐ। ਬੜਾ ਮਿਹਨਤੀ ਐ, ਚੰਗੀ ਕਮਾਈ ਕੀਤੀ ਹੈ ਇਸ ਨੇ। ਇਥੇ ਤਾਂ ਹੁਣ ਤੁਸੀਂ ਵੇਖਿਆ ਈ ਹੋਣਾ ਕਿ ਇਹ ਸਟੇਜਾਂ 'ਤੇ ਸਿਆਸਤਾਂ ਤੇ ਇਨਕਲਾਬਾਂ ਦੀਆਂ ਗੱਲਾਂ ਵੀ ਕਰਦਾ ਐ। ਸੂਟ-ਬੂਟ ਤੋਂ ਲਗਦਾ ਨਹੀਂ ਕਿ ਇਹ ਨਿਰੋਲ, ਅਨਪੜ੍ਹ ਹੈ। ਸਾਡੇ ਉਥੇ ਤਾਂ ਇਹ ਬਿਜਲੀ ਮਹਿਕਮੇ ਵਿਚ ਹੁੰਦਾ ਸੀ ਤੇ ਓਵਰਸੀਅਰ ਇਹਨੂੰ ਖੰਭਿਆਂ 'ਤੇ ਹੀ ਟੰਗੀ ਰੱਖਦੇ ਸਨ।" ਮੈਨੂੰ ਨਛੱਤਰ ਤੇ ਉਸ ਦੀ ਢਾਣੀ ਬਾਰੇ ਇਉਂ ਲਾ-ਲਾ ਕੇ ਸਖ਼ਤ ਗੱਲਾਂ ਕਰਦਾ ਚਾਚਾ ਚੰਗਾ ਨਹੀਂ ਸੀ ਲਗਦਾ। ਮੈਂ ਇਸ ਦਾ ਕਾਰਨ ਵੀ ਜਾਣਨਾ ਚਾਹੁੰਦਾ ਸਾਂ ਤੇ ਉਸ ਨੂੰ ਵਰਜਣਾ ਵੀ ਚਾਹੁੰਦਾ ਸਾਂ। ਨਛੱਤਰ ਨੂੰ ਲੋਕ ਉਸ ਦੇ ਨਿੱਕ ਨੇਮ 'ਨੈਸ਼' ਕਹਿ ਕੇ ਬੁਲਾਉਂਦੇ ਹਨ ਤਾਂ ਚਾਚਾ 'ਨੈਸ਼' ਨੂੰ 'ਨਹਿਸ਼' ਕਹਿ ਕੇ ਹੀ ਉਸ ਦਾ ਜ਼ਿਕਰ ਕਰਦਾ ਹੈ।

ਇਕ ਦਿਨ ਚਾਚੇ ਬਾਰੇ ਜਾਣਨ ਦਾ ਸਬੱਬ ਬਣ ਗਿਆ ਜਦੋਂ ਮੈਨੂੰ ਇਕ ਸ਼ਾਮ ਨੂੰ ਚਾਚੇ ਦੇ ਮਿੱਤਰ ਸਾਧੂ ਸਿੰਘ ਨਾਲ ਬੈਠਣ ਦਾ ਮੌਕਾ ਮਿਲਿਆ। ਹੌਲੀ ਹੌਲੀ ਗੱਲ ਚੱਲਦੀ ਚੱਲਦੀ ਚਾਚੇ ਚੇਤੰਨ ਸਿੰਹੁ 'ਤੇ ਪਹੁੰਚ ਗਈ ਤੇ ਮੈਂ ਸਾਧੂ ਸਿੰਘ ਨੂੰ ਚਾਚੇ ਬਾਰੇ ਜਾਣਨ ਦੀ ਆਪਣੀ ਇੱਛਾ ਦੱਸੀ। ਇਸ ਸਬੰਧ ਵਿਚ ਸਾਧੂ ਸਿੰਘ ਨੇ ਸਾਰੀ ਵਿਚਲੀ ਗੱਲ ਖੋਲ੍ਹ ਕੇ ਦੱਸੀ। ਚਾਚੇ ਹੁਰੀਂ ਦੋ ਭਰਾ ਸਨ। ਨਛੱਤਰ ਹੁਰਾਂ ਦਾ ਬਾਪ ਵੱਡਾ ਸੀ ਅਤੇ ਦੋਵੇਂ ਭਰਾ ਸਕੀਆਂ ਭੈਣਾਂ ਨੂੰ ਵਿਆਹੇ ਸਨ। ਅਚਾਨਕ ਵੱਡੇ ਭਾਈ ਦੀ ਮੌਤ ਹੋ ਗਈ ਤੇ ਚੇਤੰਨ ਸਿੰਹੁ ਨੇ ਦੋਵੇਂ ਪਰਿਵਾਰਾਂ ਦੀ ਜ਼ਿੰਮੇਵਾਰੀ ਸੰਭਾਲ ਲਈ। ਉਸ ਨੇ ਨਛੱਤਰ ਤੇ ਬਚਿੱਤਰ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ। ਹਰ ਸਾਲ ਨਛੱਤਰ ਦੇ ਮਾਮੇ ਯਾਨਿ ਆਪਣੇ ਸਾਲੇ ਨੂੰ ਸੱਦ ਕੇ ਤੇ ਹਿਸਾਬ-ਕਿਤਾਬ ਕਰ ਕੇ ਖੇਤੀ ਵਿਚੋਂ ਅੱਧੀ ਬੱਚਤ ਨਕਦ ਨਛੱਤਰ ਦੀ ਮਾਂ ਨੂੰ ਦੇ ਦਿੰਦਾ। ਇਨ੍ਹਾਂ ਦੋਹਾਂ ਭਰਾਵਾਂ ਨੂੰ ਦਸਵੀਂ ਤਕ ਪੜ੍ਹਾਇਆ, ਅਮਰੀਕਾ ਭੇਜਿਆ ਤੇ ਕਿਹਾ ਕਿ ਇੰਡੀਆ ਕੋਈ ਪੈਸਾ ਨਹੀਂ ਭੇਜਣਾ। ਨਛੱਤਰ ਦੀ ਮਾਤਾ ਦੀ ਮੌਤ ਤੋਂ ਬਾਅਦ ਅਸੀਂ ਜ਼ਮੀਨ ਖ਼ੁਦ ਨਛੱਤਰ ਤੇ ਬਚਿੱਤਰ ਦੇ ਨਾਂ ਕੀਤੀ। ਰੌਲਾ ਉਦੋਂ ਪਿਆ ਜਦੋਂ ਚੇਤੰਨ ਸਿੰਹੁ ਇਥੇ ਆਪਣੀ ਲੜਕੀ ਕੋਲ ਪਹੁੰਚਿਆ ਜਿਸ ਦਾ ਰਿਸ਼ਤਾ ਨਛੱਤਰ

(ਬਾਕੀ ਅਗਲੇ ਸਫੇ 'ਤੇ)

# ਗਦਰ ਸ਼ਤਾਬਦੀ-1913:'ਸਾਡਾ ਨਾਂਉਂ ਤੇ ਸਾਡਾ ਕੰਮ'

***ਇਹ ਲੇਖ ਪਹਿਲੀ ਨਵੰਬਰ, 1913 ਨੂੰ ਗ਼ਦਰ ਦੇ ਪਹਿਲੇ ਉਰਦੂ ਪਰਚੇ 'ਗ਼ਦਰ ਦੀ ਗੂੰਜ' ਦਾ ਪੰਜਾਬੀ ਰੂਪ ਹੈ ਜੋ 9 ਦਸੰਬਰ, 1913 ਨੂੰ ਗ਼ਦਰ ਦੇ ਸੰਪਾਦਕੀ ਲੇਖ ਦੇ ਤੌਰ 'ਤੇ ਛਪਿਆ ਸੀ।***

**ਲਾਲਾ ਹਰਦਿਆਲ**

ਅੱਜ ਪਹਿਲੀ ਨਵੰਬਰ ਸੰਨ 1913 ਨੂੰ ਭਾਰਤ ਦੀ ਤਵਾਰੀਖ ਵਿਚ ਇਕ ਨਵਾਂ ਸੰਮਤ ਚੱਲਦਾ ਹੈ ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ ਵਿਚੋਂ ਦੇਸੀ ਜ਼ਬਾਨ ਵਿਚ ਜੰਗ ਛਿੜਦੀ ਹੈ। ਅੱਜ ਦਾ ਦਿਨ ਸ਼ੁਭ ਹੈ ਕਿ ਅੰਗਰੇਜ਼ੀ ਜ਼ੁਲਮ ਦੀ ਜੜ੍ਹ ਉਖਾੜਨ ਵਾਲਾ ਅੱਖਰ ਉਰਦੂ ਤੇ ਗੁਰਮੁਖੀ ਅਖ਼ਬਾਰ ਵਿਚ ਜ਼ਾਹਿਰ ਹੁੰਦਾ ਹੈ। ਘਰ



ਲਾਲਾ ਹਰਦਿਆਲ

ਤੋਂ ਦਸ ਹਜ਼ਾਰ ਮੀਲ ਦੂਰ ਪਰਦੇਸ ਵਿਚ ਇਸ ਅਖ਼ਬਾਰ ਦਾ ਛਪਣਾ ਅਜਿਹਾ ਕੰਮ ਹੈ ਜਿਸ 'ਤੇ ਨਿਗ੍ਹਾ ਮਾਰਨ ਉਤੇ ਦਿਲ ਵਿਚ ਖ਼ੁਸ਼ੀ ਭਰੀ ਨਹੀਂ ਸਮਾਉਂਦੀ।

ਅੱਜ ਭਾਰਤ ਦੀ ਕਿਸਮਤ ਹੱਸ ਰਹੀ ਹੈ। ਨਵੀਂ ਉਮੀਦ ਤੇ ਨਵੇਂ ਕੰਮਾਂ ਦਾ ਵੇਲਾ ਆ ਗਿਆ ਹੈ। ਅੱਜ ਚੋਬਰਾਂ ਦੇ ਕੁਮਲਾਏ ਹੋਏ ਦਿਲਾਂ 'ਤੇ ਜੋਸ਼ ਤੇ ਹਿੰਮਤ ਦਾ ਛਿੱਟਾ ਦੇ ਕੇ ਉਨ੍ਹਾਂ ਵਿਚ ਨਵੀਂ ਜਾਨ ਪਾਈ ਗਈ ਹੈ। ਅੱਜ ਕਲਮ ਦੀ ਤਾਕਤ ਦੇ ਨਾਲ ਅੰਗਰੇਜ਼ੀ ਰਾਜ ਪੁਰ ਤੋਪ ਬੀੜ ਦਿੱਤੀ ਗਈ ਹੈ। ਜਿਸ ਦਾ ਨਾਸ ਕਰੇ ਬਿਨਾਂ ਇਹ ਬੰਦ ਨਾ ਹੋਵੇਗੀ। ਅੱਜ ਹਿੰਦੀ ਭਾਈਆਂ ਦੀ ਗੁਲਾਮੀ ਨੂੰ ਦੂਰ ਕਰਨ ਦੀ ਖ਼ਾਤਰ ਨਵਾਂ ਸੰਦ ਘੜਿਆ ਗਿਆ ਹੈ ਜਿਸ ਤੋਂ ਸਰਕਾਰ ਦਾ ਲਹੂ ਸੁੱਕ ਗਿਆ ਹੈ।

ਅੱਜ ਉਹ ਕੰਮ ਚਲਿਆ ਹੈ ਜਿਸ ਦੀ ਮਹਿਮਾ ਸਾਰੀ ਦੁਨੀਆਂ ਵਿਚ ਹੋ ਜਊਗੀ, ਜਿਸ ਦੀਆਂ ਗੱਲਾਂ ਸਾਡੇ ਪੁੱਤ ਤੇ ਪੋਤਰੇ ਬੜੀ ਖ਼ੁਸ਼ੀ ਨਾਲ ਕਰਿਆ ਕਰਨਗੇ।

ਸਾਡਾ ਨਾਉਂ ਕੀ ਹੈ? "ਗ਼ਦਰ"।

ਕੰਮ ਕੀ ਹੈ? "ਗ਼ਦਰ"

ਨਾਉਂ ਅਤੇ ਕੰਮ ਇਕੋ ਹੈ, ਪੁੱਛਗਿੱਛ ਦੀ ਕੋਈ ਲੋੜ ਨਹੀਂ। ਸਵਾਲ ਤੋਂ ਜਵਾਬ ਪਹਿਲਾਂ ਹਾਜ਼ਰ ਹੈ। ਗ਼ਦਰ ਦੀ ਕੀ ਲੋੜ ਹੈ? ਕਿਉਂ ਇਹ ਗ਼ਦਰ, ਗ਼ਦਰ ਹੋਵੇਗਾ? ਕਿਸ ਤਰ੍ਹਾਂ ਹੋਏਗਾ? ਕਦੋਂ ਹੋਵੇਗਾ? ਲਓ ਜੀ, ਸਾਰਾ ਭੇਤ ਦੱਸ ਦਿੰਦੇ ਹਾਂ। ਹਿੰਮਤ ਹੈ ਤਾਂ ਸੁਣ ਲਵੋ। ਨਹੀਂ ਤਾਂ ਘਰ ਨੂੰ ਭੱਜ ਜਾਓ।

ਕਿੱਥੇ ਗ਼ਦਰ ਹੋਵੇਗਾ? ਭਾਰਤ ਵਿਚ। ਕਦੋਂ ਹੋਵੇਗਾ? ਥੋੜ੍ਹੇ ਬਰਸਾਂ ਤਕ। ਕਿਉਂ ਹੋਵੇਗਾ? ਕਿਉਂਕਿ ਅੱਜ ਅੰਗਰੇਜ਼ਾਂ ਦੇ ਜ਼ੁਲਮ ਤੋਂ ਖ਼ਲਕਤ ਦੁਖੀ ਹੋ ਗਈ ਹੈ ਅਤੇ ਆਜ਼ਾਦੀ ਦੀ ਖ਼ਾਤਰ ਲੜਨ-ਮਰਨ ਨੂੰ ਤਿਆਰ ਹੈ। ਦੇਸ਼ ਗ਼ਦਰ ਦੀ ਖ਼ਾਤਰ ਹਰ ਇਕ ਹਿੰਦੋਸਤਾਨੀ ਦਾ ਤਿਆਰ ਹੋ ਜਾਣਾ ਧਰਮ ਹੈ।

ਡੇਢ ਸੌ ਸਾਲ ਤੋਂ ਅੰਗਰੇਜ਼ਾਂ ਨੇ ਰਾਜ ਜਮਾਉਣਾ ਅਰੰਭਿਆ ਹੋਇਆ ਹੈ। ਹੌਲੇ ਹੌਲੇ ਸਾਰਾ ਹਿੰਦੋਸਤਾਨ ਦੱਬ ਲਿਆ ਹੈ। ਰਿਆਸਤਾਂ ਵਿਚ ਵੀ ਆਪਣਾ ਹੱਥ ਪਾਉਂਦੇ ਜਾਂਦੇ ਹਨ। ਮਸਾਂ ਨੇਪਾਲ ਤੇ ਭੂਟਾਨ ਇਨ੍ਹਾਂ ਦੇ ਦੰਦਾਂ ਤੋਂ ਬਚੇ ਹਨ। ਹੁਣ ਵੇਲਾ ਆ ਗਿਆ ਹੈ ਕਿ ਇਸ ਅੱਗ ਨੂੰ ਬੁਝਾਇਆ ਜਾਵੇ। ਇਸ ਪਲੇਗ ਦਾ ਖ਼ਾਤਮਾ ਕੀਤਾ ਜਾਵੇ। ਇਸ ਬੇਜ਼ਾਤ ਜ਼ਾਲਮ ਗੌਰਮਿੰਟ ਨੂੰ ਬਰਬਾਦ ਕਰ ਕੇ ਮੁਲਕ ਦੀ ਭਲਾਈ ਦਾ ਰਸਤਾ ਫੜਿਆ ਜਾਏ। ਅੰਗਰੇਜ਼ਾਂ ਦੇ ਰਾਜ ਨੇ ਮੁਲਕ ਦਾ ਨਾਸ ਕਰ ਦਿੱਤਾ ਹੈ। ਜਿਥੇ ਅੰਗਰੇਜ਼ਾਂ ਦੇ ਪਾਪੀ ਝੰਡੇ ਦੀ ਛਾਂ ਪੈਂਦੀ ਹੈ, ਉਥੋਂ ਖ਼ੁਸ਼ੀ ਤਾਂ ਇਕ ਪਲ ਵਿਚ ਉਡ ਜਾਂਦੀ ਹੈ। ਇਹ ਅਹਿਰਨ ਜਿਥੇ ਵੀ ਜਾਂਦੀ ਹੈ, ਇਕ ਵੀ ਹਰਾ ਪੱਤਾ ਨਹੀਂ ਛੱਡਦੀ। ਜਿਸ ਮੁਲਕ ਵਿਚ ਇਨ੍ਹਾਂ ਲੁਟੇਰਿਆਂ ਡੇਰਾ ਲਾਇਆ ਹੈ, ਉਥੇ ਕਾਲ, ਪਲੇਗ ਤੇ ਹੈਜ਼ਾ ਝੱਟ ਪੈਣ ਲੱਗ ਪਏ ਹਨ। ਭਾਰਤ ਨੂੰ ਅੱਜ ਕੱਲ੍ਹ ਮੂਜ਼ੀ ਦੇ ਨਾਲ ਹੱਥ ਜੋੜਨੇ ਪੈਂਦੇ ਹਨ। ਜੇ ਇਸ ਘੋਲ ਵਿਚ ਜਿੱਤ ਹੋਈ ਤਾਂ ਮੁਲਕ ਦੀ ਤਰੱਕੀ ਦੇ ਝੰਡੇ ਉਠਾਏ ਜਾਣਗੇ। ਸੰਮਤ 1857 ਵਿਚ ਭਾਰਤ ਦੇ ਲੋਕਾਂ ਨੇ ਸੋਚ-ਵਿਚਾਰ ਕਰ ਕੇ, ਅੰਗਰੇਜ਼ਾਂ ਨੂੰ ਕੱਢ ਕੇ ਆਪਣਾ ਰਾਜ ਬਣਾਉਣ ਦੀ ਖ਼ਾਤਰ ਹਿੰਦੂ ਤੇ ਮੁਸਲਮਾਨ ਤੇ ਰਾਜਾ-ਪਰਜਾ ਸਭ ਇਕੱਠੇ ਹੋ ਗਏ। ਮਈ ਦੇ ਮਹੀਨੇ ਗ਼ਦਰ ਅਰੰਭ ਹੋਇਆ ਜਿਸ ਦੇ ਨਾਂ ਤੋਂ ਹੁਣ ਵੀ ਅੰਗਰੇਜ਼ ਕੰਬਦੇ ਹਨ ਪਰ ਪੂਰਾ ਇਤਫ਼ਾਕ ਨਾ ਹੋਣ ਕਰਕੇ ਉਹ ਵਾਰ ਖ਼ਾਲੀ ਗਿਆ। ਅੰਗਰੇਜ਼ ਉਸ ਵੇਲੇ ਸਾਰੇ ਲੋਕਾਂ ਨੂੰ ਈਸਾਈ ਬਣਾ ਰਹੇ ਸਨ। ਰਿਆਸਤਾਂ ਖੋਹ ਰਹੇ ਸਨ। ਜੇ ਇਹ ਲੜਾਈ ਨਾ ਹੁੰਦੀ ਤਾਂ ਸਾਰੇ ਈਸਾਈ ਬਣ ਜਾਂਦੇ।

ਪੰਦਰਾਂ ਬਰਸ ਪਿੱਛੋਂ ਗੁਰੂ ਰਾਮ ਸਿੰਘ ਨੇ ਕੂਕੇ ਤਿਆਰ ਕੀਤੇ ਕਿ ਅੰਗਰੇਜ਼ਾਂ ਦੀ ਜੜ੍ਹ ਪੁੱਟ ਸੁੱਟੀਏ। ਕੂਕਿਆਂ ਨੇ ਅੰਗਰੇਜ਼ਾਂ ਦੀ ਨੌਕਰੀ ਨੂੰ ਪਾਪ ਕਿਹਾ ਤੇ ਗ਼ਦਰ ਦਾ ਉਪਦੇਸ਼ ਕਰਨ ਲਗ ਪਏ। 1872 ਵਿਚ ਉਨ੍ਹਾਂ ਨੇ ਲੜਾਈ ਸ਼ੁਰੂ ਕਰ ਦਿੱਤੀ ਪਰ ਸੁੱਤਿਆਂ ਵਿਚ ਇਕ ਜਾਗਦਾ ਭਾਈ ਕਿਸ ਤਰ੍ਹਾਂ ਲੜ ਸਕਦਾ ਹੈ। ਸੂਰਬੀਰ ਕੂਕੇ, ਆਦਮੀ ਤੇ ਬੱਚੇ ਤੋਪ ਦੇ ਨਾਲ ਉਡਾ ਦਿੱਤੇ ਗਏ ਅਤੇ ਸਾਰੇ ਨਾਮਰਦ ਦੇਖਦੇ ਰਹੇ।

ਹੁਣ ਫੇਰ 1905 ਵਿਚ ਲੜਾਈ ਦਾ ਕੰਮ ਤੋਰਿਆ ਹੈ ਜਿਸ ਦੇ ਪੂਰਾ ਕਰਨ ਦੀ ਖ਼ਾਤਰ ਮਹਾਂਪੁਰਸ਼ਾਂ ਤੇ ਬਹਾਦਰਾਂ ਨੇ ਆਪਣੀ ਜਾਨ ਦਿੱਤੀ। ਹੁਣ ਇਹ ਧੜਾ ਦਿਨ ਦੁੱਗਣਾ ਤੇ ਰਾਤ ਚੌਗੁਣਾ ਬਣਦਾ ਜਾਂਦਾ ਹੈ। ਦੇਸ਼ ਵਿਚ ਬੜੇ ਬੜੇ ਵਿਦਵਾਨ ਤੇ ਧਰਮਾਤਮਾ ਹਨ ਜਿਨ੍ਹਾਂ ਦੇ ਨਾਂ ਮੋਤੀਆਂ ਦੀ ਲੜੀ ਦੀ ਤਰ੍ਹਾਂ ਭਾਰਤ ਦੀ ਤਵਾਰੀਖ ਵਿਚ ਲਿਖੇ ਜਾਣਗੇ। ਇਸ ਧੜੇ ਦਾ ਇਹ ਪ੍ਰਣ ਹੈ ਕਿ ਹਿੰਦੋਸਤਾਨ ਵਿਚ ਗ਼ਦਰ ਕਰ ਕੇ ਅੰਗਰੇਜ਼ੀ ਰਾਜ ਨੂੰ ਬਰਬਾਦ ਕੀਤਾ ਜਾਵੇ ਤੇ ਪਰਜਾ ਆਪਣਾ ਰਾਜ ਬਣਾ ਕੇ ਸੁਖ ਨਾਲ ਰਹੇ।

ਇਹ ਗੱਲ ਤਾਂ ਠੀਕ ਹੈ ਪਰ ਕਿੱਥੇ ਹਿੰਦੋਸਤਾਨ ਤੇ ਕਿੱਥੇ ਸਾਨ ਫਰਾਂਸਿਸਕੋ! ਇਹ ਤਾਂ ਦੱਸੋ ਇਥੇ ਕਿਉਂ ਕਰ ਆਏ ਅਤੇ ਅਖ਼ਬਾਰ ਲਿਖਣ ਦੀ ਕਿੰਜ ਸੁੱਝੀ!

ਸੁਣੋ! ਹਿੰਦੁਸਤਾਨ ਵਿਚ 1905 ਤੋਂ ਉਹ ਬੜਾ ਭਾਰੀ ਕੰਮ ਤੁਰਿਆ। ਤਿੰਨ ਸਾਲ ਵਿਚ ਅੰਗਰੇਜ਼ ਥਰਥਰ ਕੰਬਣ ਲੱਗ ਪਏ। ਫੇਰ 1907 ਵਿਚ ਪੰਜਾਬ ਵਿਚ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੇ 'ਬਾਰ' ਵਿਚ ਮਾਮਲਾ ਵਧਣ ਤੋਂ ਬਾਅਦ ਬੜੇ ਜ਼ੋਰ ਨਾਲ ਲੈਕਚਰ ਦਿੱਤੇ। ਜ਼ਿਮੀਂਦਾਰ ਲੱਠ ਲੈ ਕੇ ਲਾਹੌਰ ਆ ਗਏ। ਫ਼ੌਜ ਵੀ ਬਿਗੜਨ ਲੱਗ ਪਈ ਤਾਂ ਸਰਕਾਰ ਨੇ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੂੰ ਫੜ ਕੇ ਬਰਮਾ ਭੇਜ ਦਿੱਤਾ। ਇਸ ਮਗਰੋਂ ਬੰਗਾਲ ਵਿਚ ਬੜਾ ਕੰਮ ਹੋਇਆ।

ਦੱਖਣੀ ਅਫ਼ਰੀਕਾ ਵਿਚ ਹਿੰਦੀਆਂ ਨੇ ਏਕਾ ਕਰ ਕੇ ਸਾਫ਼ ਕਹਿ ਦਿੱਤਾ ਕਿ ਅਸੀਂ ਬੇਇੱਜ਼ਤ ਕੌਮ ਦੀ ਤਰ੍ਹਾਂ ਰਹਿਣਾ ਪਸੰਦ ਨਹੀਂ ਕਰਾਂਗੇ ਅਤੇ ਕਾਨੂੰਨ ਨੂੰ ਨਾ ਮੰਨਣ ਕਰਕੇ ਸੈਂਕੜੇ ਆਦਮੀ ਜੇਲ੍ਹਖ਼ਾਨੇ ਵਿਚ ਭੇਜ ਦਿੱਤੇ ਗਏ। ਛੇਕੜ ਫੇਰ ਛੱਡਣੇ ਪਏ।

ਇਸ ਮਗਰੋਂ ਬੰਗਾਲ ਦੇ ਸੂਰੇ ਹੇਮ ਚੰਦਰ ਨੇ ਪੈਰਿਸ ਵਿਚ ਜਾ ਕੇ ਬੰਬ ਬਣਾਉਣੇ ਸਿੱਖੇ। ਕਲਕੱਤੇ ਆ ਕੇ ਹੋਰ ਆਦਮੀਆਂ ਨੂੰ ਸਿਖਾਉਣ ਲੱਗ ਪਿਆ। 20 ਮਈ, 1908 ਨੂੰ ਮੁਜ਼ੱਫ਼ਰਪੁਰ, ਬੰਗਾਲ ਵਿਚ ਪਹਿਲਾ ਬੰਬ ਪਿਆ। ਇਸ ਬੰਬ ਦੀ ਆਵਾਜ਼ ਨਾਲ ਅੰਗਰੇਜ਼ਾਂ ਦੇ ਹੋਸ਼ ਉਡ ਗਏ। ਸਭ ਨੂੰ ਪਕੜਨ ਲੱਗ ਪਏ। ਫੇਰ ਕੀ ਸੀ, ਦੇਸ਼ ਅੰਦਰ ਸਾਰਾ ਪ੍ਰਚਾਰ ਬੰਦ ਹੋ ਗਿਆ, ਅਖ਼ਬਾਰ ਬੰਦ ਕਰ ਦਿੱਤੇ ਗਏ। ਲਿਖਣ ਵਾਲਿਆਂ ਨੂੰ ਸਜ਼ਾ ਦੇ ਦਿੱਤੀ। ਲੈਕਚਰ ਦੇਣ ਵਾਲੇ ਕਾਲੇ ਪਾਣੀ ਭੇਜ ਦਿੱਤੇ ਗਏ। ਤਿਲਕ ਨੂੰ ਛੇ ਸਾਲ ਦੀ ਜੇਲ੍ਹ ਦੇ ਦਿੱਤੀ ਗਈ ਅਤੇ ਮਹਾਤਮਾ ਔਰਬਿੰਦੋ ਘੋਸ਼ 'ਤੇ ਮੁਕੱਦਮਾ ਚਲਾ ਕੇ ਐਵੇਂ ਬਿਨਾਂ ਕਸੂਰ ਇਕ ਸਾਲ ਹਵਾਲਾਤ ਰੱਖਿਆ। ਬਨਸ ਗੁਪਾਲ ਨਾਮੀ ਲਾਹੌਰ ਦੇ ਰਹਿਣ ਵਾਲੇ ਗੱਭਰੂ ਨੂੰ ਸੱਤ ਸਾਲ ਲਈ ਕਾਲੇ ਪਾਣੀ ਭੇਜ ਦਿੱਤਾ ਗਿਆ। ਬਸ... ਅੰਗਰੇਜ਼ਾਂ ਨੇ ਸਭ ਨੂੰ ਚੁੱਪ ਕਰਾ ਦਿੱਤਾ।

ਪਰ ਜ਼ਾਲਮ ਹਮੇਸ਼ਾ ਗ਼ਲਤੀ ਕਰਦਾ ਹੈ। ਉਹਦੀ ਹਰ ਇਕ ਚਾਲ ਉਲਟੀ ਹੀ ਪੈਂਦੀ ਹੈ। ਹਰ ਇਕ ਤਦਬੀਰ ਸੁਆਹ ਹੋ ਜਾਂਦੀ ਹੈ। ਇਸ ਹਿਲਜੁਲ ਵਿਚ ਕੁਝ ਦੇਸ਼ ਭਗਤ, ਭੇਤੀਆਂ ਤੇ ਸਰਕਾਰ ਦੇ ਜਾਲ ਨੂੰ ਤੋੜ ਕੇ ਬਾਹਰ ਦੇ ਦੇਸ਼ਾਂ ਵਿਚ ਚਲੇ ਗਏ ਅਤੇ ਅੰਗਰੇਜ਼ ਦੇਖਦੇ ਰਹਿ ਗਏ। ਔਰਬਿੰਦੋ ਘੋਸ਼ ਤਾਂ ਫਰੈਂਚਾਂ ਦੇ ਪਾਂਡੀਚੇਰੀ ਵਿਚ ਚਲੇ ਗਏ ਜਿਥੇ ਅੰਗਰੇਜ਼ ਵਾਲ ਵਿੰਗਾ ਵੀ ਨਹੀਂ ਕਰ ਸਕਦੇ। ਸੂਫ਼ੀ ਅੰਬਾ ਪ੍ਰਸਾਦ ਤੇ ਅਜੀਤ ਸਿੰਘ ਫ਼ਾਰਸ ਵਿਚ ਚਲੇ ਗਏ। ਸ਼ਾਮ ਜੀ ਕ੍ਰਿਸ਼ਨ ਵਰਮਾ ਜਿਹੜੇ ਲੰਡਨ ਰਹਿੰਦੇ ਸਨ, ਪੈਰਿਸ ਆ ਗਏ। ਮੈਡਮ ਕਾਮਾ ਨੇ ਸਵਿੱਟਜ਼ਰਲੈਂਡ ਵਿਚ 'ਵੰਦੇ ਮਾਤਰਮ' ਅਖ਼ਬਾਰ ਕੱਢਣਾ ਸ਼ੁਰੂ ਕਰ ਦਿੱਤਾ। ਸੂਫ਼ੀ ਅੰਬਾ ਪ੍ਰਸਾਦ ਨੇ ਫ਼ਾਰਸ ਵਿਚ ਹੀ ਉਥੋਂ ਦੇ ਲੋਕਾਂ ਨੂੰ ਅਖ਼ਬਾਰ ਕੱਢ ਕੇ ਅੰਗਰੇਜ਼ਾਂ ਦੇ ਖ਼ਿਲਾਫ਼ ਕਰ ਦਿੱਤਾ।


ਹੁਣ ਇਸੇ ਫ਼ੌਜ ਦਾ ਇਕ ਜਥਾ ਮਿਰਕਨ (ਅਮਰੀਕਾ) ਵਿਚ ਵੀ ਆ ਪੁੱਜਾ ਹੈ। ਗੁਲਾਮੀ ਦੇ ਪੰਜਾਬ ਵਿਚੋਂ ਨਿਕਲ ਕੇ ਕੈਲੀਫੋਰਨੀਆ ਦੂਜਾ ਪੰਜਾਬ ਲੱਭਿਆ ਹੈ। ਇਥੇ ਭਰਾਵਾਂ ਨਾਲ ਖੁੱਲ੍ਹੀਆਂ ਬਾਤਾਂ ਕਰ ਸਕਦੇ ਹਾਂ। ਇਥੇ ਵੀ ਸਾਰੇ ਭਾਈਆਂ ਵਿਚ ਬਹੁਤ ਜੋਸ਼ ਦਿਸਦਾ ਹੈ ਜਿਹੜਾ ਦੇਸ਼ ਵਿਚ ਹੈ। ਇਥੇ ਖੁੱਲ੍ਹੇ ਲੈਕਚਰ ਦੇ ਸਕਦੇ ਹਾਂ। ਇਥੋਂ ਹੀ ਇਸ ਜੰਗ ਵਿਚ ਹਮਲਾ ਕਰਨਾ ਹੈ। ਸਰੀਰ ਭਾਵੇਂ ਦੇਸ਼ ਤੋਂ ਦੂਰ ਹੈ ਪਰ ਦਿਲ ਵਤਨ ਵਿਚ ਹੈ।

"ਭਾਵਾਂ ਹੋਏ ਕੋਸ ਕਰੋੜ ਦੂਰ ਤੈਥੋਂ,<br>
(ਪਰ) ਦਿਲ ਤੇਰੇ ਹੀ ਵਿਚ ਹੈ ਮਾਤਾ।<br>
ਉਥੇ ਜਾਣਨ ਦਾਸ ਗ਼ਰੀਬ ਤਾਈਂ,<br>
ਦਿਲ ਜਿਸ ਦੇ ਹੀ ਵਿਚ ਹੈ ਮਾਤਾ।"

ਹੁਣ ਲੜਾਈ ਤੁਰੀ ਰਹਿਣ ਦੀ ਖ਼ਾਤਰ ਅਖ਼ਬਾਰ ਚਲਾਉਣਾ ਜ਼ਰੂਰੀ ਹੈ। ਇਥੇ ਕਿਤਾਬਾਂ ਛਾਪੀਆਂ ਜਾਣ ਅਤੇ ਇਥੋਂ ਦੇਸ਼ ਵੀ ਭੇਜੀਆਂ ਜਾਣ। ਜੰਗੀ ਕੰਮ ਲਿਖੇ ਜਾਣ, ਦੂਜੀਆਂ ਕੌਮਾਂ ਦੀ ਮਦਦ ਮੰਗੀ ਜਾਵੇ। ਇਸ ਕੰਮ ਦੀ ਖ਼ਾਤਰ ਇਕ ਸਭਾ ਬਣਾਈ ਗਈ ਹੈ ਜਿਸ ਦਾ ਨਾਂ 'ਪੈਸੀਫਿਕ ਕੋਸਟ ਹਿੰਦੀ ਸਭਾ' ਰੱਖਿਆ ਗਿਆ ਹੈ। ਪੋਰਟਲੈਂਡ, ਆਸਟਰੀਆ, ਸੇਂਟ ਜੌਹਨ, ਸੈਕਰਾਮੈਂਟੋ ਅਤੇ ਬਰੇਡਲਵੀਲ ਵਿਚ ਇਸ ਦੇ ਜਥੇ ਹਨ। ਦੇਸ਼ ਭਗਤਾਂ ਨੇ ਰੁਪਏ ਦਿੱਤੇ ਹਨ। ਸਾਨ ਫਰਾਂਸਿਸਕੋ ਵਿਚ ਜੁਗਾਂਤਰ ਆਸ਼ਰਮ ਬਣਾਇਆ ਹੈ। ਇਸ ਆਸ਼ਰਮ ਵਿਚ ਅਖ਼ਬਾਰ ਛਪਦਾ ਹੈ। ਕਿਤਾਬਾਂ ਵੀ ਛਪਣਗੀਆਂ। ਜਵਾਨ ਪ੍ਰਚਾਰਕ ਤਿਆਰ ਕੀਤੇ ਜਾਂਦੇ ਹਨ ਅਤੇ ਗ਼ਦਰ ਦੀ ਤਿਆਰੀ ਦਾ ਕੰਮ ਅਰੰਭ ਦਿੱਤਾ ਹੈ। ਇਹੋ ਜਿਹੇ ਆਸ਼ਰਮ ਫਰਾਂਸ, ਜਰਮਨੀ ਤੇ ਹੋਰ ਮੁਲਕਾਂ ਵਿਚ ਬਣਾਏ ਜਾਣਗੇ। ਫੇਰ ਕਿਸੇ ਤਰ੍ਹਾਂ ਦਾ ਡਰ ਨਹੀਂ।

ਇਹ ਆਸ਼ਰਮ ਨਹੀਂ, ਕਿਲਾ ਹੈ ਜਿਸ ਤੋਂ ਅੰਗਰੇਜ਼ੀ ਰਾਜ 'ਤੇ ਗੋਲਾਬਾਰੀ ਸ਼ੁਰੂ ਕੀਤੀ ਗਈ ਹੈ। ਇਹ ਅਖ਼ਬਾਰ ਨਹੀਂ ਤੋਪ ਹੈ ਜਿਸ ਤੋਂ ਕੋਈ ਜ਼ਾਲਮ ਬਚ ਕੇ ਨਹੀਂ ਜਾਵੇਗਾ। ਇਹ ਅਖ਼ਬਾਰ ਸਿਆਹੀ ਨਾਲ ਛਪਿਆ ਹੈ ਪਰ ਜਿਗਰ ਦੇ ਖ਼ੂਨ ਨਾਲ ਲਿਖਿਆ ਜਾਂਦਾ ਹੈ। ਇਸ ਵਿਚ ਮਾਮੂਲੀ ਲਿਖਤਾਂ ਨਹੀਂ! ਇਹ ਸੰਤਾਂ ਤੇ ਸੂਰਬੀਰਾਂ ਦੀ ਬਾਣੀ ਹੈ ਜਿਹੜੀ ਭਾਈਆਂ ਨੂੰ ਜਗਾਊਗੀ। ਇਹ ਪ੍ਰੇਮ ਸੁਨੇਹਾ ਹਜ਼ਾਰਾਂ ਮੀਲ ਸਮੁੰਦਰ ਪਾਰ ਜਾ ਕੇ ਦਿਲਾਂ 'ਤੇ ਅਸਰ ਕਰੇਗਾ। ਇਹ ਸ਼ਬਦ ਚਿੜੀਆਂ ਨੂੰ ਬਾਜ਼ ਬਣਾਉਣਗੇ ਅਤੇ ਲੋਭ, ਮੋਹ, ਹੰਕਾਰ, ਮੂਰਖਤਾ ਤੇ ਡਰ ਨੂੰ ਦੂਰ ਕਰ ਕੇ ਦੇਸ਼ ਨੂੰ ਗ਼ਦਰ ਦੀ ਖ਼ਾਤਰ ਤਿਆਰ ਕਰੂਗਾ, ਜਿਹੜਾ ਮਹਾਂ ਜੁੱਗ ਹੋਵੇਗਾ।

ਇਸ ਅਖ਼ਬਾਰ ਦਾ ਕੰਮ ਪ੍ਰੇਮ ਨਾਲ ਹੁੰਦਾ ਹੈ। ਲਿਖਣਾ, ਛਾਪਣਾ, ਭੇਜਣਾ ਸਭ ਕੰਮ ਪ੍ਰੇਮੀ ਲੋਕ ਕਰਦੇ ਹਨ। ਕਿਸੇ ਨੂੰ ਮਜ਼ੂਰੀ ਨਹੀਂ ਦਿੱਤੀ ਜਾਂਦੀ। ਇਸ ਤਰ੍ਹਾਂ ਸੰਜਮ ਦੇ ਨਾਲ ਕੰਮ ਚੱਲ ਸਕਦਾ ਹੈ। ਆਪਣਾ ਛਾਪਾ ਖ਼ਰੀਦ ਲਿਆ ਹੈ। ਹਿੰਦੋਸਤਾਨ ਵਿਚ ਕਈ ਲੱਖ ਉਰਦੂ ਤੇ ਗੁਰਮੁਖੀ




ਪੜ੍ਹਨ ਵਾਲੇ ਹਨ। ਥੋੜ੍ਹੇ ਅਖ਼ਬਾਰਾਂ ਨਾਲ ਕੁਝ ਨਹੀਂ ਬਣ ਸਕਦਾ, ਸਾਨੂੰ ਲੱਖਾਂ ਅਖ਼ਬਾਰ ਦੇਸ਼ ਭੇਜਣੇ ਚਾਹੀਦੇ ਹਨ। ਜੇ ਥੋੜ੍ਹਾ ਚਿਰ ਅਖ਼ਬਾਰ ਚੱਲ ਕੇ ਬੰਦ ਹੋ ਗਿਆ ਤਾਂ ਅੰਗਰੇਜ਼ ਖ਼ੁਸ਼ੀ ਮਨਾਉਣਗੇ। ਸਾਨੂੰ ਅਖ਼ਬਾਰ ਦੀ ਹਰ ਤਰ੍ਹਾਂ ਮਦਦ ਕਰਨੀ ਚਾਹੀਦੀ ਹੈ।

ਆਓ ਪਿਆਰੇ, ਵੇਲਾ ਬੀਤਦਾ ਜਾਂਦਾ ਹੈ। ਦੇਸ਼ ਵਿਚ ਜ਼ੁਲਮ ਦੀ ਹੱਦ ਹੋ ਗਈ ਹੈ। ਸਾਰੀ ਦੁਨੀਆਂ ਤੁਹਾਡਾ ਮੂੰਹ ਵੇਖ ਰਹੀ ਹੈ ਕਿ ਕਦ ਇਹ ਸ਼ੇਰ ਉਠਣ ਤੇ ਕਦ ਅੰਗਰੇਜ਼ਾਂ ਦਾ ਸੱਤਿਆਨਾਸ ਕਰਨ। ਤਨ, ਮਨ ਤੇ ਧਨ ਤੋਂ ਵਤਨ ਦੀ ਸੇਵਾ ਕਰੋ! ਸਾਰਿਆਂ ਨੂੰ ਗ਼ਦਰ ਦੀ ਖ਼ਾਤਰ ਤਿਆਰ ਕਰ ਲਵੋ। ਕਿਸੇ ਦਿਨ ਕਲਮ ਦੀ ਥਾਂ ਬੰਦੂਕ ਤੇ ਸਿਆਹੀ ਦੀ ਥਾਂ ਲਹੂ ਨਾਲ ਕੰਮ ਹੋਵੇਗਾ। ਇਸ ਗ਼ਦਰ ਦੀ ਖ਼ਾਤਰ ਪ੍ਰਾਰਥਨਾ ਕਰੋ, ਗੱਲ ਕਰੋ ਤਾਂ ਗ਼ਦਰ ਦੀ, ਸੁਪਨਾ ਦੇਖੋ ਤਾਂ ਗ਼ਦਰ ਦਾ, ਧਨ ਕਮਾਓ ਤਾਂ ਗ਼ਦਰ ਦੀ ਖ਼ਾਤਰ। ਬਸ ਗ਼ਦਰ ਦੇ ਸਿਪਾਹੀ ਬਣ ਜਾਓ।

***ਪੇਸ਼ਕਸ਼:ਕਸ਼ਮੀਰ ਸਿੰਘ ਕਾਂਗਣਾ***
***ਫੋਨ:661-831-6878***

## ਸ਼ੈਰੀ ਦੀ ਡਾਇਰੀ

ਨੇ ਆਪਣੇ ਦੋਸਤ ਹਰਜਿੰਦਰ ਨੂੰ ਕਰਵਾਇਆ ਸੀ। ਨਛੱਤਰ ਨੇ ਲੜਕੀ ਦੇ ਕਾਗਜ਼ ਇਹ ਕਹਿ ਕੇ ਇੰਡੀਆ ਭੇਜ ਦਿੱਤੇ ਕਿ ਕਿਸੇ ਕਾਰਨ ਮੁੰਡਾ ਇੰਡੀਆ ਨਹੀਂ ਆ ਸਕਦਾ ਤੇ ਵਿਆਹ ਅਮਰੀਕਾ ਹੀ ਕਰ ਦਿੱਤਾ ਜਾਵੇਗਾ। ਲੜਕੀ ਇਥੇ ਆ ਗਈ ਤੇ ਵਿਆਹ ਕੁਝ ਅਟਕ ਕੇ ਹੋ ਗਿਆ। ਚੇਤੰਨ ਸਿੰਹੁ ਨੂੰ ਇਥੇ ਆ ਕੇ ਪਤਾ ਲੱਗਾ ਕਿ ਨਛੱਤਰ ਜਿਸ 'ਤੇ ਉਹ ਪੁੱਤਾਂ ਨਾਲੋਂ ਵੱਧ ਵਿਸ਼ਵਾਸ ਕਰਦਾ ਸੀ, ਨੇ ਆਪਣੇ ਸਵਾਰਥ ਲਈ ਉਸ ਨਾਲ ਧੋਖਾ ਕੀਤਾ ਹੈ। ਭਾਵ ਆਪ ਪੱਕਾ ਹੋਣ ਲਈ ਪਹਿਲਾਂ ਚਾਚੇ ਦੀ ਪਰੀਆਂ ਵਰਗੀ ਕੁੜੀ ਦਾ ਕਾਗਜ਼ੀ ਵਿਆਹ ਹਰਜਿੰਦਰ ਦੀ ਮਾਸੀ ਦੇ ਸਿਟੀਜ਼ਨ ਮੁੰਡੇ ਨਾਲ ਕਰਵਾਇਆ ਤੇ ਫਿਰ ਤਲਾਕ ਕਰਵਾ ਕੇ ਅਸਲੀ ਵਿਆਹ ਹਰਜਿੰਦਰ ਨਾਲ ਕਰਵਾਇਆ ਤੇ ਬਦਲੇ ਵਿਚ ਆਪ ਹਰਜਿੰਦਰ ਦੀ ਸਿਟੀਜ਼ਨ ਮਾਸੀ ਦੀ ਕੁੜੀ ਨਾਲ ਵਿਆਹ ਕਰਵਾ ਕੇ ਪੱਕਾ ਹੋ ਗਿਆ। ਵੇਖ ਲੈ 24-25 ਸਾਲ ਹੋ ਗਏ ਇਸ ਗੱਲ ਨੂੰ, ਚੇਤੰਨ ਸਿੰਹੁ ਦੇ ਸੀਨੇ ਦਾ ਸੱਲ ਨਹੀਂ ਮਿਟਦਾ। ਇਸੇ ਕਰਕੇ ਇਹ ਹਰ ਵੇਲੇ ਇਨ੍ਹਾਂ ਦੀ ਢਾਣੀ 'ਤੇ ਕਿਸੇ ਨਾ ਕਿਸੇ ਤਰ੍ਹਾਂ ਗੁੱਸਾ ਕੱਢਦਾ ਰਹਿੰਦਾ ਹੈ ਅਤੇ ਆਪਣਾ ਗੁੱਸਾ ਕੱਢਣ ਲਈ ਹੀ ਇਹ ਆਪਣੇ ਮੁੰਡਿਆਂ ਕੋਲ ਰਹਿਣ ਦੀ ਬਜਾਏ ਇਥੇ ਰਹਿੰਦਾ ਹੈ। ਆਪਣੇ ਮੁੰਡਿਆਂ ਕੋਲ ਇਸ ਨੇ ਇਸ ਦੁੱਖ ਦਾ ਜ਼ਿਕਰ ਤਕ ਨਹੀਂ ਕੀਤਾ ਤੇ ਇਸ ਦੀ ਲੜਕੀ ਚੇਤੰਨ ਸਿੰਹੁ ਦੇ ਮਨ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝਦੀ ਹੈ।

ਸਾਰੀ ਕਹਾਣੀ ਸੁਣ ਕੇ ਮੈਨੂੰ ਚਾਚੇ ਨਾਲ ਹਮਦਰਦੀ ਹੋ ਗਈ ਹੈ। ਉਸ ਦੀ ਕਰੂਰਤਾ 'ਤੇ ਤਰਸ ਆਉਣ ਲੱਗ ਪਿਆ ਹੈ। ਅੱਜ ਕੱਲ੍ਹ ਅਸੀਂ ਤਿੰਨੋਂ-ਸਾਧੂ ਸਿੰਘ, ਚਾਚਾ ਤੇ ਮੈਂ ਇਕੋ ਟੇਬਲ 'ਤੇ ਲੰਗਰ ਛਕਦੇ ਹਾਂ ਤੇ ਕਦੇ-ਕਦੇ ਸ਼ਾਮ ਵੀ ਇਕੱਠੀ ਮਨਾ ਲੈਂਦੇ ਹਾਂ।

## ਸੰਪਾਦਕ ਦੀ ਡਾਕ

## ਭਾਰਤੀ ਸਫਾਰਤਖਾਨੇ ਦੀਆਂ ਜ਼ਿਆਦਤੀਆਂ

ਅਮਰੀਕਾ ਵਿਚ ਵਸਦੇ ਬਹੁਤ ਸਾਰੇ ਪੰਜਾਬੀਆਂ ਨਾਲ ਇੰਡੀਅਨ ਅੰਬੈਸੀ ਵਾਲੇ ਕਾਫੀ ਮਾੜਾ ਸਲੂਕ ਕਰ ਰਹੇ ਹਨ। ਬਹੁਤ ਸਾਰਿਆਂ ਦੇ ਤਾਂ ਪਾਸਪੋਰਟ ਬਿਨਾਂ ਵਜ੍ਹਾ ਅੰਬੈਸੀ ਵਿਚ ਪਏ ਹਨ ਜਦੋਂ ਪੁੱਛ-ਪੜਤਾਲ ਲਈ ਫੋਨ ਕਰੋ ਤਾਂ ਪਹਿਲਾਂ ਤਾਂ ਕੋਈ ਫੋਨ ਦਾ ਜਵਾਬ ਨਹੀਂ ਦਿੰਦਾ, ਜੇਕਰ ਭੁੱਲ-ਭੁਲੇਖੇ ਕਿਤੇ ਫੋਨ ਚੁੱਕ ਲਿਆ ਤਾਂ ਕਹਿ ਦਿੰਦੇ ਹਨ ਕਿ ਅਜੇ ਇੰਕੁਆਇਰੀ ਚਲ ਰਹੀ ਹੈ। ਕਈਆਂ ਨੂੰ ਤਾਂ ਸਾਲ-ਸਾਲ ਹੋ ਗਿਆ ਹੈ। ਅਮਰੀਕ ਸਿੰਘ ਨਾਂ ਦੇ ਇਕ ਵਿਅਕਤੀ ਨੇ ਆਪਣੇ ਮੁੰਡੇ ਗੁਰਿੰਦਰ ਸਿੰਘ ਦਾ ਪਾਸਪੋਰਟ ਵੀਜ਼ਾ ਲੈਣ ਵਾਸਤੇ ਭੇਜਿਆ। ਪਹਿਲਾਂ ਤਾਂ 8 ਨਵੰਬਰ ਸ਼ਾਮ ਨੂੰ ਈਮੇਲ ਆਈ ਕਿ ਵੀਜ਼ਾ ਤਿਆਰ ਹੈ, ਆ ਕੇ ਲੈ ਜਾਓ। ਇਸੇ ਖ਼ੁਸ਼ੀ ਵਿਚ ਉਨ੍ਹਾਂ ਨੇ 10 ਨਵੰਬਰ ਦੀ ਭਾਰਤ ਜਾਣ ਲਈ ਟਿਕਟ ਵੀ ਬੁੱਕ ਕਰਵਾ ਲਈ ਪਰ ਜਦੋਂ ਪਾਸਪੋਰਟ ਵਾਪਿਸ ਲੈਣ ਲਈ ਨਿਊ ਯਾਰਕ ਗਏ ਤਾਂ ਜਵਾਬ ਮਿਲਿਆ ਕਿ ਤੁਹਾਨੂੰ ਵੀਜ਼ਾ ਨਹੀਂ ਦਿਤਾ ਜਾਵੇਗਾ ਕਿਉਂਕਿ ਤੁਸੀਂ ਇੰਡੀਆ ਦੇ ਖ਼ਿਲਾਫ ਏਥੇ ਪੱਕੇ ਹੋਏ ਹੋ। ਅਮਰੀਕ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਅਸਾਈਲਮ ਦਾ ਕੇਸ ਕੀਤਾ ਸੀ ਨਾ ਕੇ ਉਸ ਦੇ ਮੁੰਡੇ ਨੇ। ਪਰ ਜੇਕਰ ਵੀਜ਼ਾ ਨਹੀਂ ਦੇਣਾ ਸੀ ਤਾਂ ਉਨ੍ਹਾਂ ਨੂੰ ਪਹਿਲਾਂ ਕਿਉਂ ਖੱਜਲ ਖ਼ਰਾਬ ਕੀਤਾ ਗਿਆ।

ਅਖ਼ਬਾਰ ਵਿਚ ਵਿਦੇਸ਼ ਰਾਜ ਮੰਤਰੀ ਬੀਬੀ ਪ੍ਰਨੀਤ ਕੌਰ ਦਾ ਬਿਆਨ ਪੜ੍ਹਿਆ ਸੀ ਕਿ ਜੋ 18 ਸਾਲ ਤੋਂ ਘੱਟ ਉਮਰ ਦੇ ਬੱਚੇ ਇੰਡੀਆ ਤੋਂ ਆਏ ਹਨ, ਉਨ੍ਹਾਂ ਨੂੰ ਵੀਜ਼ਾ ਜਰੂਰ ਮਿਲੇਗਾ। ਮੇਰਾ ਬੇਟਾ 5 ਸਾਲ ਦੀ ਉਮਰ ਦਾ ਸੀ ਜਦੋਂ ਇੰਡੀਆ ਤੋਂ ਆਇਆ ਸੀ। ਮੈਂ ਇਸ ਖੱਜਲ ਖੁਆਰੀ ਵਿਚ ਆਪਣਾ ਕਾਫੀ ਸਮਾਂ ਅਤੇ ਪੈਸਾ ਖ਼ਰਾਬ ਕਰ ਚੁਕਿਆ ਹਾਂ ਪਰ ਵੀਜ਼ਾ ਨਹੀਂ ਮਿਲਿਆ। ਸਾਡੇ ਨਾਲ ਇਨਸਾਫ ਹੋਣਾ ਚਾਹੀਦਾ ਹੈ।

***-ਭੁਪਿੰਦਰ ਸਿੰਘ, ਸਿਨਸਿਨੈਟੀ।***

---

## ਕਹਾਣੀ ਪਾਲਕ ਦਾ ਬੂਟਾ

ਪੰਜਾਬ ਟਾਈਮਜ਼ ਬਹੁਤ ਚੰਗਾ ਅਤੇ ਪਿਆਰਾ ਅਖ਼ਬਾਰ ਹੈ। ਚੰਗੇ ਚੰਗੇ ਲੇਖ ਪੜ੍ਹਨ ਲਈ ਮਿਲਦੇ ਹਨ। ਪੁਰਾਣਾ ਮਾਖਿਓਂ ਸਿਰਲੇਖ ਹੇਠ ਪੁਰਾਣੀਆਂ ਕਹਾਣੀਆਂ ਪੜ੍ਹ ਕੇ ਪੁਰਾਣੇ ਵੇਲੇ ਚੇਤੇ ਆ ਜਾਂਦੇ ਹਨ। ਕੁਝ ਹਫਤੇ ਪਹਿਲਾਂ ਛਪੀ ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ ਦਿਨ ਦਿਹਾੜੇ ਡਾਕਾ ਬਹੁਤ ਚੰਗੀ ਲੱਗੀ, ਬਿਆਨ ਕਰਨ ਦਾ ਅੰਦਾਜ਼ ਬੇਹਦ ਖ਼ੂਬਸੂਰਤ ਅਤੇ ਸਿੱਟਾ ਯਕੀਨ ਕਰਨ ਵਾਲਾ ਸੀ। ਉਸ ਤੋਂ ਬਾਅਦ ਦਲਬੀਰ ਚੇਤਨ ਦੀ ਕਹਾਣੀ ਪਾਲਕ ਦਾ ਬੂਟਾ ਪੜ੍ਹੀ। ਬਹੁਤ ਹੀ ਦਰਦਨਾਕ ਕਹਾਣੀ ਹੈ। ਚੇਤਨ ਦੇ ਵੀਰ ਤੋਂ ਪਤਾ ਲੱਗਾ ਕਿ ਦਲਬੀਰ ਇਸ ਦੁਨੀਆਂ ਵਿਚ ਨਹੀਂ ਹੈ। ਮੈਨੂੰ ਬਹੁਤ ਦੁੱਖ ਹੋਇਆ, ਉਹ ਪੰਜਾਬੀ ਸਾਹਿਤ ਨੂੰ ਬਹੁਤ ਕੁਝ ਦੇ ਸਕਦਾ ਸੀ।

ਪਾਲਕ ਦਾ ਬੂਟਾ ਕਹਾਣੀ ਬੇਸ਼ਕ ਹੱਡਬੀਤੀ ਵਾਂਗ ਹੈ ਫਿਰ ਵੀ ਇਸ ਦਾ ਅੰਤ ਕੁਝ ਜਚਦਾ ਨਹੀਂ। ਯਕੀਨ ਕਰਨ ਵਿਚ ਔਖ ਮਹਿਸੂਸ ਹੁੰਦੀ ਹੈ। ਇਸ ਗੱਲ ਵਿਚ ਰੱਤੀ ਭਰ ਵੀ ਸ਼ੱਕ ਨਹੀਂ ਕਿ ਬਹੁਤ ਹੀ ਦਰਦਨਾਕ ਅਤੇ ਭੈੜੀਆਂ ਘਟਨਾਵਾਂ ਖਾੜਕੂ ਦੌਰ ਦੌਰਾਨ ਵਾਪਰੀਆਂ ਪ੍ਰੰਤੂ ਕਿਸੇ ਫੌਜੀ ਦੇ ਘਰ ਵਾਲਿਆਂ ਨੂੰ ਦਹਿਸ਼ਤਗਰਦਾਂ ਹੱਥੋਂ ਮਾਰੇ ਜਾਣਾ ਘੱਟ ਹੀ ਸੁਣਿਆ ਹੈ। ਮੈਂ ਮੰਨਦਾ ਹਾਂ ਕਿ ਪਿੰਡਾਂ ਵਾਲਿਆਂ ਦੀ ਜ਼ਮੀਰ ਪਹਿਲਾਂ ਜਿਹੀ ਨਹੀਂ ਰਹੀ, ਫਿਰ ਵੀ ਅਜੇ ਮਰੀ ਨਹੀਂ। ਚੇਤਨ ਅਨੁਸਾਰ ਪਿੰਡ ਦੀਆਂ 4 ਹਜ਼ਾਰ ਵੋਟਾਂ ਹਨ ਜਿਸ ਦਾ ਭਾਵ ਹੈ 10-12 ਹਜ਼ਾਰ ਦੀ ਆਬਾਦੀ। ਤਿੰਨ ਗੁਰਦੁਆਰੇ, ਸ਼ਾਮ ਨੂੰ ਰਹਿਰਾਸ ਦਾ ਪਾਠ! ਵਿਚਾਰੇ ਮਾਸਟਰ ਜਗਤਾਰ ਜਿਹੇ ਸਾਊ ਬੰਦੇ ਲਈ ਇਕ ਵੀ ਆਦਮੀ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ, ਯਕੀਨ ਨਹੀਂ ਆਉਂਦਾ। ਲਾਸ਼ਾਂ ਵਿਚ ਰਿਮੋਟ ਕੰਟਰੋਲ ਬੰਬ ਦੀ ਵੀ ਮੈਂ ਉਨ੍ਹੀਂ ਦਿਨੀਂ ਨਹੀਂ ਸੀ ਸੁਣਿਆ। ਮਾਸਟਰ ਕੁਲਦੀਪ (ਪਾਲਕ ਦਾ ਬੂਟਾ) ਤੇ ਦਵਿੰਦਰ (ਜਿਸ ਦਾ ਪਤੀ ਕਤਲ ਹੋਇਆ ਅਤੇ ਜਿਸ ਨਾਲ ਦਰਿੰਦੇ ਆਦਮੀ ਨੇ ਕੁਕਰਮ ਕੀਤਾ) ਇਕ ਦੂਜੇ ਨਾਲ ਬੁੱਲ੍ਹੀਆਂ ਜੋੜਦੇ ਹਨ, ਕਿਹੋ ਜਿਹੀ ਪਾਤਰ ਉਸਾਰੀ ਹੈ? ਜਥੇਦਾਰ ਦਾ ਗੁਟਕੇ ਨਾਲ ਪਾਠ ਕਰੀ ਜਾਣਾ ਅਤੇ ਕੁਕਰਮ ਕਰ ਕੇ ਦਵਿੰਦਰ ਦੀ ਛਾਤੀ ਉਪਰ ਗਾਤਰੇ ਵਾਲੀ ਕਿਰਪਾਨ ਨਾਲ ਕੁਝ ਉਕਰਨਾ ਜਚਦਾ ਨਹੀਂ। ਉਂਜ ਦਹਿਸ਼ਤਗਰਦਾਂ ਦਾ ਕੋਈ ਧਰਮ ਨਹੀਂ ਹੁੰਦਾ, ਕੋਈ ਖਾਸ ਪਹਿਰਾਵਾ ਲਿਖਣ ਦੀ ਲੋੜ ਨਹੀਂ। ਸਾਇੰਸ ਦੇ ਇਸ ਯੁਗ ਵਿਚ ਲਿਖਾਰੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੋ ਗੱਲ ਅਸਲੀਅਤ ਦੀ ਕਸੌਟੀ ਉਤੇ ਪੂਰੀ ਨਾ ਉਤਰੇ ਉਹ ਕਿਸੇ ਲਹਿਰ ਦੇ ਹੱਕ ਜਾਂ ਵਿਰੋਧ ਵਿਚ ਪ੍ਰਾਪੇਗੰਡਾ ਤਾਂ ਬਣ ਜਾਂਦੀ ਹੈ ਪ੍ਰੰਤੂ ਸਦਾ ਕਾਇਮ ਰਹਿਣ ਵਾਲਾ ਸਾਹਿਤ ਨਹੀਂ ਬਣਦੀ।

***-ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ***
***ਪ੍ਰਿੰਸੀਪਲ ਰਿਟਾਇਰਡ।***
***ਫੋਨ 925-683-1982***

# ਭਾਰਤ ਦੇ ਗਰਭ 'ਚ ਪਲ ਰਹੇ ਹਨ ਇਨਕਲਾਬ ਤੇ ਉਲਟ ਇਨਕਲਾਬ

**ਜਤਿੰਦਰ ਪਨੂੰ**

ਭਾਰਤ ਇਸ ਵੇਲੇ ਬਹੁਤ ਨਾਜ਼ੁਕ ਮੋੜ 'ਤੇ ਹੈ। ਜਿਹੜੇ ਹਾਲਾਤ ਬਣ ਰਹੇ ਹਨ, ਉਹ ਕਿਸੇ ਇਨਕਲਾਬ ਦਾ ਪੜੁੱਲ ਵੀ ਸਾਬਤ ਹੋ ਸਕਦੇ ਹਨ ਤੇ ਕਿਸੇ ਉਲਟ ਇਨਕਲਾਬ ਵਾਲਾ ਵਹਿਣ ਵੀ। ਨਿਰਭਰ ਇਸ ਗੱਲ 'ਤੇ ਕਰੇਗਾ ਕਿ ਕਿਹੜੇ ਪਾਸੇ ਦੀਆਂ ਸ਼ਕਤੀਆਂ ਸਰਗਰਮ ਹਨ। ਇਨਕਲਾਬ ਨੇ ਆਉਣਾ ਹੋਵੇ ਤਾਂ ਹਮੇਸ਼ਾ ਇਸ ਗੱਲ ਦੀ ਉਡੀਕ ਨਹੀਂ ਕਰ ਸਕਦਾ ਕਿ ਕਿਸੇ ਸਮੁੰਦਰੀ ਜਹਾਜ਼ ਤੋਂ ਸੁਚੇਤ ਮਜ਼ਦੂਰ ਜਮਾਤ ਤੋਪ ਦਾ ਗੋਲਾ ਦਾਗ਼ੇਗੀ। ਉਲਟ ਇਨਕਲਾਬ ਵੀ ਹਰ ਵਾਰੀ ਕਿਸੇ ਆਇਤ-ਉਲਾ ਖ਼ੁਮੀਨੀ ਦੀ ਉਡੀਕ ਨਹੀਂ ਕਰਦਾ ਹੁੰਦਾ ਤੇ ਹਮੇਸ਼ਾ ਇਕੋ ਜਿਹਾ ਵੀ ਨਹੀਂ ਹੁੰਦਾ।

ਇਨਕਲਾਬ ਜਾਂ ਉਲਟ ਇਨਕਲਾਬ ਹੀ ਜ਼ਰੂਰੀ ਨਹੀਂ, ਭਾਰਤ ਕਿਸੇ ਉਹੋ ਜਿਹੀ ਖ਼ਾਨਾਜੰਗੀ ਜਾਂ ਲੁੱਟ-ਖੋਹ ਵਾਲੀ ਬਦ-ਅਮਨੀ ਦੀ ਝੋਲੀ ਵੀ ਪੈ ਸਕਦਾ ਹੈ, ਜਿੱਦਾਂ ਦੀ ਕੁਝ ਅਫਰੀਕੀ ਦੇਸ਼ਾਂ ਵਿਚ ਆਮ ਵੇਖੀ ਜਾਂਦੀ ਹੈ। ਜਦੋਂ ਓਦਾਂ ਦੀ ਬਦ-ਅਮਨੀ ਆਉਂਦੀ ਹੈ, ਉਦੋਂ ਫ਼ੌਜਾਂ ਅਤੇ ਫ਼ੌਜਾਂ ਵਰਗੀਆਂ ਫੋਰਸਾਂ ਤੋਂ ਵੀ ਲੋਕ ਸਾਮਾਨ ਲੁੱਟਣ ਲੱਗ ਪੈਂਦੇ ਹਨ। ਇਹ ਉਹ ਆਪ ਨਹੀਂ ਕਰਦੇ, ਢਿੱਡ ਦੀ ਭੁੱਖ ਕਰਵਾਉਂਦੀ ਹੈ। ਭਲਕ ਤਕ ਜ਼ਿੰਦਾ ਰਹਿਣ ਦੀ ਭਾਵਨਾ ਬੰਦੇ ਨੂੰ ਬੇਸ਼ਰਮ ਵੀ ਬਣਾ ਦਿੰਦੀ ਹੈ ਤੇ ਲੁਟੇਰਾ ਵੀ। ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਨੂੰ ਰਾਹਤ ਵੰਡਣ ਵੇਲੇ ਅਸੀਂ ਆਪਣੀ ਅੱਖੀਂ ਵੇਖਿਆ ਹੋਇਆ ਹੈ ਕਿ ਖਾਂਦੇ-ਪੀਂਦੇ ਘਰਾਂ ਦੇ ਜਿਹੜੇ ਲੋਕ ਕੱਲ੍ਹ ਤਕ ਹੋਰਨਾਂ ਨੂੰ ਵੰਡਦੇ ਸਨ, ਉਸ ਘੜੀ ਦੂਜਿਆਂ ਨਾਲ ਹੱਥੋਪਾਈ ਹੁੰਦੇ ਸਨ ਕਿ ਅਸੀਂ ਕਿਧਰੇ ਖ਼ਾਲੀ ਝੋਲੀ ਨਾ ਰਹਿ ਜਾਈਏ।

> ***ਇਨਕਲਾਬ ਜਾਂ ਉਲਟ ਇਨਕਲਾਬ ਹੀ ਜ਼ਰੂਰੀ ਨਹੀਂ, ਭਾਰਤ ਕਿਸੇ ਉਹੋ ਜਿਹੀ ਖ਼ਾਨਾਜੰਗੀ ਜਾਂ ਲੁੱਟ-ਖੋਹ ਵਾਲੀ ਬਦ-ਅਮਨੀ ਦੀ ਝੋਲੀ ਵੀ ਪੈ ਸਕਦਾ ਹੈ, ਜਿੱਦਾਂ ਦੀ ਕੁਝ ਅਫਰੀਕੀ ਦੇਸ਼ਾਂ ਵਿਚ ਆਮ ਵੇਖੀ ਜਾਂਦੀ ਹੈ। ਜਦੋਂ ਓਦਾਂ ਦੀ ਬਦ-ਅਮਨੀ ਆਉਂਦੀ ਹੈ, ਉਦੋਂ ਫ਼ੌਜਾਂ ਅਤੇ ਫ਼ੌਜਾਂ ਵਰਗੀਆਂ ਫੋਰਸਾਂ ਤੋਂ ਵੀ ਲੋਕ ਸਾਮਾਨ ਲੁੱਟਣ ਲੱਗ ਪੈਂਦੇ ਹਨ। ਇਹ ਉਹ ਆਪ ਨਹੀਂ ਕਰਦੇ, ਢਿੱਡ ਦੀ ਭੁੱਖ ਕਰਵਾਉਂਦੀ ਹੈ। ਭਲਕ ਤਕ ਜ਼ਿੰਦਾ ਰਹਿਣ ਦੀ ਭਾਵਨਾ ਬੰਦੇ ਨੂੰ ਬੇਸ਼ਰਮ ਵੀ ਬਣਾ ਦਿੰਦੀ ਹੈ ਤੇ ਲੁਟੇਰਾ ਵੀ।***

ਸਾਡਾ ਅੱਜ ਦਾ ਭਾਰਤ ਵੀ ਉਸ ਬਦ-ਅਮਨੀ ਵਾਲੇ ਪਾਸੇ ਵਧ ਰਿਹਾ ਜਾਪਦਾ ਹੈ। ਆਖ਼ਰ ਇਸ ਦੇਸ਼ ਦੇ ਲੋਕ ਕਿੰਨੀ ਕੁ ਦੇਰ ਉਸ ਖੋਹ-ਖਿੰਝ ਨੂੰ ਕਿਸੇ ਟੀ.ਵੀ. ਸੀਰੀਅਲ ਦੇ ਨਜ਼ਾਰੇ ਵਾਂਗ ਵੇਖਦੇ ਰਹਿਣਗੇ ਜਿਸ ਦਾ ਅੰਤ ਉਨ੍ਹਾਂ ਨੂੰ ਕੱਲ੍ਹ ਨਾਲੋਂ ਅੱਜ ਅਤੇ ਅੱਜ ਨਾਲੋਂ ਭਲਕ ਨੂੰ ਹੋਰ ਵੱਧ ਭੁੱਖੇ ਰੱਖਣ ਦਾ ਕਾਰਨ ਬਣਦਾ ਹੈ? ਕਦੋਂ ਤਕ ਉਹ ਇਹ ਸੁਣਨਗੇ ਕਿ ਜਿਹੜੀ ਗਰਾਂਟ ਏਡਜ਼ ਦੀ ਰੋਕਥਾਮ ਲਈ ਆਈ ਸੀ, ਉਹ ਸਿਹਤ ਵਿਭਾਗ ਦੇ ਅਫ਼ਸਰਾਂ ਨੇ ਡਕਾਰ ਲਈ ਹੈ ਤੇ ਜਿਹੜਾ ਰੈਡ ਕਰਾਸ ਦਾ ਫੰਡ ਅੜੇ-ਥੁੜ੍ਹੇ ਵਕਤ ਉਨ੍ਹਾਂ ਦੀ ਮਦਦ ਲਈ ਵਰਤਿਆ ਜਾਣਾ ਸੀ, ਉਸ ਨਾਲ ਕਿਸੇ ਡਿਪਟੀ ਕਮਿਸ਼ਨਰ ਦੇ ਜਵਾਕਾਂ ਦੇ ਪੋਤੜੇ ਖ਼ਰੀਦੇ ਗਏ ਹਨ? ਉਹ ਕਦੋਂ ਤੱਕ ਇਹ ਵੇਖੀ ਜਾਣਗੇ ਕਿ ਉਨ੍ਹਾਂ ਲਈ ਅੰਗਰੇਜ਼ਾਂ ਦੇ ਵੇਲੇ ਤੋਂ ਸਰਕਾਰੀ ਹਸਪਤਾਲ ਵਿਚ ਜਿਹੜੀ ਦਵਾਈ-ਪੱਟੀ ਹੁੰਦੀ ਸੀ, ਉਹ ਤਾਂ ਹੁਣ ਮਿਲਦੀ ਨਹੀਂ ਤੇ ਉਨ੍ਹਾਂ ਦੀ ਵੋਟ ਨਾਲ ਚੁਣੇ ਹੋਏ ਆਗੂ ਮਾੜੀ ਜਿਹੀ ਫ਼ਿਨਸੀ ਦੀ ਦਵਾਈ ਲੈਣ ਵੀ ਸਰਕਾਰੀ ਖ਼ਰਚ 'ਤੇ ਅਮਰੀਕਾ ਨੂੰ ਉਡਾਰੀਆਂ ਲਾ ਜਾਂਦੇ ਹਨ? ਕਿੰਨੀ ਦੇਰ ਉਹ ਆਪਣੇ ਸਬਰ ਨੂੰ ਪਰਖ਼ਦੇ ਅਤੇ ਬਘਿਆੜਾਂ ਨੂੰ ਹਿਰਨਾਂ ਦੀ ਡਾਰ ਉਤੇ ਝਪੱਟਾ ਮਾਰਦੇ ਵੇਖ ਕੇ 'ਬੱਲੇ' ਕਹਿੰਦੇ ਰਹਿਣਗੇ?

ਹਰ ਗੱਲ ਦੀ ਕੋਈ ਹੱਦ ਹੁੰਦੀ ਹੈ, ਲੋਕਾਂ ਦੇ ਸਬਰ ਦੀ ਵੀ ਤੇ ਬੇਈਮਾਨਾਂ ਦੀ ਬੇਸ਼ਰਮੀ ਦੀ ਵੀ ਪਰ ਜਦੋਂ ਦੋਵੇਂ ਪਾਸੇ ਗੱਲ ਹੱਦ ਤੋਂ ਲੰਘ ਜਾਵੇ ਉਦੋਂ ਕੀ ਹੋ ਸਕਦਾ ਹੈ, ਇਸ ਦਾ ਅੰਦਾਜ਼ਾ ਕੌਣ ਲਾਵੇਗਾ? ਕੀ ਉਹ ਆਗੂ ਲਾਉਣਗੇ ਜਿਨ੍ਹਾਂ ਨੂੰ ਆਪਣੀ ਔਲਾਦ ਤੋਂ ਬਿਨਾਂ ਹੋਰ ਕੋਈ ਦਿਖਾਈ ਨਹੀਂ ਦਿੰਦਾ ਜਾਂ ਉਹ ਬੁੱਧੀਜੀਵੀ ਜਿਹੜੇ ਸੈਮੀਨਾਰਾਂ ਵਿਚ ਜ਼ਮੀਨ-ਆਸਮਾਨ ਦੀਆਂ ਗੱਲਾਂ ਕਰਨ ਨਾਲ ਹੀ ਆਪਣੀ ਜ਼ਿੰਮੇਵਾਰੀ ਭੁਗਤ ਗਈ ਸਮਝ ਲੈਂਦੇ ਹਨ?

ਸਾਨੂੰ ਸਮਝਾਇਆ ਜਾਂਦਾ ਹੈ ਕਿ ਅੱਜ ਨਹੀਂ ਤਾਂ ਕੱਲ੍ਹ, ਭਾਰਤ ਨੇ ਇੰਨੀ ਤਰੱਕੀ ਕਰ ਜਾਣੀ ਹੈ ਕਿ ਇਸ ਨੇ ਸੰਸਾਰ ਦੀ ਮਹਾਂਸ਼ਕਤੀ ਬਣ ਜਾਣਾ ਹੈ। ਹੁਣ ਜਦੋਂ ਦੁਨੀਆਂ ਦੀ ਇਕਲੌਤੀ ਮਹਾਂਸ਼ਕਤੀ ਮੰਨੇ ਜਾਂਦੇ ਅਮਰੀਕਾ ਦਾ ਰਾਸ਼ਟਰਪਤੀ ਬਰਾਕ ਓਬਾਮਾ ਵੀ ਕਹਿ ਗਿਆ ਹੈ ਕਿ ਭਾਰਤ ਮਹਾਂਸ਼ਕਤੀ ਵਜੋਂ ਉਭਰ ਰਿਹਾ ਹੈ ਤਾਂ ਅਸੀਂ ਚਾਂਭਲੇ ਫਿਰਦੇ ਹਾਂ। ਉਸ ਨੇ ਕਹਿ ਦਿੱਤਾ ਹੈ ਕਿ ਭਾਰਤ ਨੂੰ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਦਾ ਮੈਂਬਰ ਬਣਾ ਦਿੱਤਾ ਜਾਵੇਗਾ। ਸਾਡਾ ਚਾਅ ਹੋਰ ਦੂਣਾ ਹੋ ਗਿਆ ਹੈ। ਭਲਾ ਜੇ ਉਹ ਮੈਂਬਰੀ ਮਿਲ ਵੀ ਗਈ ਤਾਂ ਜਿਨ੍ਹਾਂ ਦੇ 'ਘਰ ਖਾਣ ਨੂੰ ਨਹੀਂ, ਮਾਂ ਪੀਹਣ ਗਈ' ਵਾਲਾ ਹਾਲ ਹੈ, ਉਨ੍ਹਾਂ ਨੂੰ ਕਿਹੜੇ ਮਖਾਣੇ ਮਿਲ ਜਾਣਗੇ?...ਲਾਹੌਰ ਦੇ ਸ਼ੌਕੀਨ, ਬੋਝੇ 'ਚ ਗਾਜਰਾਂ।

ਸਲਾਮਤੀ ਕੌਂਸਲ ਦੀ ਮੈਂਬਰੀ ਮੰਗਣ ਵਾਲੇ ਭਾਰਤ ਦੇ ਕਿਸਾਨ ਖ਼ੁਦਕੁਸ਼ੀਆਂ ਕਰਦੇ ਸਨ। ਪ੍ਰਧਾਨ ਮੰਤਰੀ ਨੇ ਜਾ ਕੇ ਕਿਹਾ ਸੀ ਕਿ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਸਰਕਾਰ ਪੂਰੀ ਮਦਦ ਕਰੇਗੀ। ਅਗਲੇ ਸਾਲ ਉਸ ਇਲਾਕੇ ਦੇ ਕਈ ਕਿਸਾਨ ਇਸ ਕਰਕੇ ਹੀ ਖ਼ੁਦਕੁਸ਼ੀ ਕਰ ਗਏ ਕਿ ਸਰਕਾਰ ਮੇਰੇ ਪਰਿਵਾਰ ਦੀ ਮਦਦ ਕਰੇਗੀ। ਕਰਨਾ ਇਹ ਚਾਹੀਦਾ ਸੀ ਕਿ ਕਿਸਾਨਾਂ



ਨੂੰ ਯਕੀਨ ਦਿਵਾਉਂਦੇ ਤੇ ਫਿਰ ਇਹ ਯਕੀਨੀ ਬਣਾਉਂਦੇ ਕਿ ਜੋ ਹੋ ਚੁੱਕਾ ਸੋ ਹੋ ਚੁੱਕਾ, ਹੁਣ ਹੋਰ ਕਿਸੇ ਕਿਸਾਨ ਨੂੰ ਖ਼ੁਦਕੁਸ਼ੀ ਨਹੀਂ ਕਰਨੀ ਪਵੇਗੀ। ਇੰਜ ਕਰਨ ਦੀ ਥਾਂ ਮ੍ਰਿਤਕ ਦੇ ਵਾਰਸਾਂ ਦੀ ਮਦਦ ਦਾ ਐਲਾਨ ਕਰ ਆਏ। ਇਹ ਇੱਦਾਂ ਹੈ, ਜਿਵੇਂ ਕਿਸੇ ਪੁਲ 'ਤੇ ਹਾਦਸਾ ਵਾਪਰਨ ਪਿੱਛੋਂ ਸਰਕਾਰ ਇਹ ਨਾ ਕਹੇ ਕਿ ਪੁਲ ਇਸ ਤਰ੍ਹਾਂ ਸੁਧਾਰਿਆ ਜਾਵੇਗਾ ਕਿ ਅੱਗੇ ਤੋਂ ਹਾਦਸਾ ਨਾ ਵਾਪਰੇ ਸਗੋਂ ਇਹ ਕਹਿ ਦੇਵੇ ਕਿ ਇਸ ਪੁਲ ਉਤੇ ਮਰਨ ਵਾਲਿਆਂ ਨੂੰ ਛੇਤੀ ਮੁਆਵਜ਼ੇ ਦੇਣ ਲਈ ਅੱਗੇ ਤੋਂ ਵੱਖਰਾ ਫੰਡ ਕਾਇਮ ਕੀਤਾ ਜਾਵੇਗਾ।

ਕਿਸੇ ਵੀ ਸਰਕਾਰ ਨੇ ਦੇਸ਼ ਦੇ ਆਮ ਆਦਮੀ ਲਈ ਇਹੋ ਜਿਹਾ ਕਦਮ ਅੱਜ ਤਕ ਨਹੀਂ ਚੁੱਕਿਆ ਜਿਹੜਾ ਉਸ ਦੀ ਹਾਲਤ ਵਿਚ ਸੁਧਾਰ ਨੂੰ ਯਕੀਨੀ ਬਣਾ ਸਕੇ। ਇਕ ਪੇਂਡੂ ਰੁਜ਼ਗਾਰ ਗਾਰੰਟੀ ਸਕੀਮ ਆਈ ਤਾਂ ਉਸ ਉਤੇ ਵੀ ਸਹੀ ਅਮਲ ਦੀ ਗਾਰੰਟੀ ਨਾ ਹੋ ਸਕੀ। ਰਾਜਾਂ ਦੀਆਂ ਸਰਕਾਰਾਂ ਨੇ ਪੁਰਾਣੇ ਚੌਧਰੀਆਂ ਰਾਹੀਂ ਸਕੀਮ ਲਾਗੂ ਕੀਤੀ ਤਾਂ ਕਈ ਰਾਜਾਂ ਵਿਚ 'ਆਪਣੀ' ਰਾਜਨੀਤੀ ਵਾਲਿਆਂ ਲਈ ਇਸ ਦੇ ਲਾਭ ਰਾਖਵੇਂ ਰੱਖਣ ਅਤੇ ਦੂਜੀ ਸੋਚ ਵਾਲਿਆਂ ਲਈ ਸਿਰ ਫੇਰਨ ਦੇ ਕਿੱਸੇ ਸਾਹਮਣੇ ਆਉਣ ਲੱਗ ਪਏ। ਕਈ ਥਾਂ ਹਾਕਮ ਪਾਰਟੀ ਦੇ ਕਾਰਿੰਦੇ ਆਪਣੇ ਖੇਤਾਂ ਵਿਚ ਪੱਕੇ ਰੱਖੇ ਹੋਏ ਕਾਮਿਆਂ ਦੇ ਨਾਂ 'ਨਰੇਗਾ ਮਜ਼ਦੂਰ' ਵਜੋਂ ਭਰ ਕੇ ਉਨ੍ਹਾਂ ਤੋਂ ਕੰਮ ਆਪਣਾ ਕਰਵਾ ਕੇ ਪੈਸੇ ਉਸ ਸਕੀਮ ਵਿਚੋਂ ਦਿਵਾਈ ਗਏ। ਸਕੀਮ ਸਰਕਾਰ ਦੀ, ਆਈ ਗ਼ਰੀਬਾਂ ਵਾਸਤੇ, ਮੌਜ ਲੱਗੀ ਲੁਟੇਰਿਆਂ ਨੂੰ।

ਨਤੀਜਾ ਸਭ ਕਾਸੇ ਦਾ ਇਹ ਹੈ ਕਿ ਹਰ ਪਾਸੇ ਲੁੱਟ-ਖੋਹ ਵਧ ਰਹੀ ਹੈ। ਰਾਹਾਂ ਵਿਚ ਲੁੱਟਾਂ-ਖੋਹਾਂ ਕਰਨ ਵਾਲੇ ਹੁਣ ਸਾਰੇ ਬਦਮਾਸ਼ਾਂ ਦੇ ਗਰੋਹ ਨਹੀਂ, ਕੁਝ ਉਹ ਲੋਕ ਵੀ ਹਨ ਜਿਨ੍ਹਾਂ ਨੂੰ ਹੋਰ ਕੋਈ ਰਾਹ ਨਾ ਦਿਸਣ ਉਤੇ ਇਸ ਪਾਸੇ ਤੁਰ ਪਏ ਹਨ। ਹੈ ਤਾਂ ਇਹ ਅਪਰਾਧ ਪਰ ਇਥੇ ਆ ਕੇ ਫਿਰ ਕਾਣੀ ਡੰਡੀ ਹੈ। ਵੱਡਾ ਲੁਟੇਰਾ ਕਰੋੜਾਂ ਦੀ ਮਾਰ ਮਾਰਨ ਪਿੱਛੋਂ ਵੀ ਮੁੱਛਾਂ ਨੂੰ ਤਾਅ ਦੇ ਕੇ ਟੀ.ਵੀ. ਕੈਮਰਿਆਂ ਸਾਹਮਣੇ ਕਹਿੰਦਾ ਹੈ ਕਿ ਮੈਂ ਕੋਈ ਗ਼ਲਤ ਕੰਮ ਨਹੀਂ ਕੀਤਾ ਪਰ ਦੋ-ਚਾਰ ਸੌ ਦੀ ਲੁੱਟ ਕਰਨ ਵਾਲਾ ਛੋਟਾ ਲੁਟੇਰਾ ਪਹਿਲਾਂ ਭੀੜ ਦੇ ਛਿੱਤਰ ਖਾਂਦਾ ਹੈ ਤੇ ਫਿਰ ਇਲਾਕੇ ਦੇ ਥਾਣੇ ਦਾ ਮੁਖੀ ਹੁਣ ਤੱਕ ਦੀਆਂ ਸਾਰੀਆਂ ਵਾਰਦਾਤਾਂ ਉਸੇ ਸਿਰ ਪਾ ਕੇ ਜੇਲ੍ਹ ਭੇਜ ਦਿੰਦਾ ਹੈ, ਜਿਥੋਂ ਉਸ ਨੂੰ ਛੁਡਾਉਣ ਲਈ ਕੋਈ ਜ਼ਮਾਨਤ ਦੇਣ ਵਾਲਾ ਵੀ ਨਹੀਂ ਹੁੰਦਾ।

ਸਾਡੇ ਦੇਸ਼ ਵਿਚ ਇਨਸਾਫ਼ ਦੀ ਦੇਵੀ ਅੱਖਾਂ ਉਤੇ ਪੱਟੀ ਤਾਂ ਬੰਨ੍ਹ ਕੇ ਰੱਖਦੀ ਹੈ ਪਰ ਇਸ ਲਈ ਨਹੀਂ ਕਿ ਸਾਰਿਆਂ ਨੂੰ ਇਕੋ ਜਿਹੇ ਸਮਝਣਾ ਹੈ ਸਗੋਂ ਇਸ ਲਈ ਕਿ ਤਕੜਾ ਜੇ ਮਾੜੇ ਦਾ ਜੀਉਣਾ ਹਰਾਮ ਕਰੀ ਜਾਵੇ, ਵੇਖ ਕੇ ਅਣਡਿੱਠ ਕਰਨਾ ਹੈ। ਇਹੋ ਕਾਰਨ ਹੈ ਕਿ ਜੇ ਕੋਈ ਹਮਾਤੜ ਅੜ ਜਾਵੇ ਤਾਂ ਕੇਸ ਦੀ ਜਾਂਚ ਉਸ ਦੀ ਗ੍ਰਿਫ਼ਤਾਰੀ ਨਾਲ ਸ਼ੁਰੂ ਹੁੰਦੀ ਹੈ ਤੇ ਜਦੋਂ ਕੋਈ ਵੱਡਾ ਬੰਦਾ ਫਸਦਾ ਹੋਵੇ, ਉਸ ਦੀ ਗ੍ਰਿਫ਼ਤਾਰੀ ਰੋਕਣ ਦਾ ਇਕ ਪਿੱਛੋਂ ਦੂਜਾ ਰਾਹ ਨਿਕਲਦਾ ਆਉਂਦਾ ਹੈ। ਜੇ ਕਦੇ ਸਜ਼ਾ ਵੀ ਹੋ ਜਾਵੇ ਤਾਂ ਖੜ੍ਹੇ ਪੈਰ ਜ਼ਮਾਨਤ ਮਿਲ ਜਾਂਦੀ ਹੈ। ਫਿਰ ਉਪਰ ਦੀਆਂ ਅਦਾਲਤਾਂ ਦਾ ਚੱਕਰ ਸ਼ੁਰੂ ਹੋ ਜਾਂਦਾ ਹੈ ਜਿਥੇ ਗੱਲਾਂ ਨਾਲ ਗਿਣ ਕੇ ਨੋਟ ਚੱਲਦੇ ਹਨ ਤੇ ਇਨਸਾਫ਼ ਪੈਸੇ ਦਾ ਮੁਥਾਜ ਬਣ ਕੇ ਰਹਿ ਜਾਂਦਾ ਹੈ। ਜਿਸ ਕੋਲ ਜਾਇਜ਼-ਨਾਜਾਇਜ਼ ਦੌਲਤਾਂ ਦੇ ਅੰਬਾਰ ਹੋਣ, ਉਹ ਤਾਂ ਇਹ ਚੱਟੀ ਭਰ ਲਵੇਗਾ, ਉਹ ਗ਼ਰੀਬ ਕਿੱਥੋਂ ਭਰੇਗਾ, ਜਿਸ ਦੇ ਘਰ ਪਹਿਲਾਂ ਹੀ ਭੁੱਖ ਦੀ ਪੱਕੀ ਵੋਟ ਬਣੀ ਹੋਈ ਹੈ?

ਇਹ ਭਾਰਤ ਹੈ ਜਿਥੇ ਕਾਨੂੰਨ ਦਾ ਮਜ਼ਾਕ ਉਡਾਇਆ ਜਾਂਦਾ ਹੈ। ਪਿਛਲੇ ਦਿਨੀਂ ਇਹ ਕੁਝ ਹੁੰਦਾ ਅਸੀਂ ਕਈ ਵਾਰੀ ਵੇਖਿਆ ਹੈ। ਫ਼ੌਜ ਦੇ ਸਾਬਕਾ ਮੁਖੀਆਂ, ਸਮੁੰਦਰੀ ਫ਼ੌਜ ਦੇ ਇਕ ਸਾਬਕਾ ਮੁਖੀ, ਇਕ ਰਾਜ ਦੇ ਮੁੱਖ ਮੰਤਰੀ ਅਤੇ ਕਈ ਹੋਰ ਵੱਡੇ ਲੋਕਾਂ ਨੇ ਮੁੰਬਈ ਵਿਚ ਸ਼ਹੀਦਾਂ ਦਾ ਨਾਂ ਵਰਤ ਕੇ ਸੁਸਾਇਟੀ ਬਣਾਈ ਤੇ ਫਿਰ ਉਸ ਵਿਚ ਦਸਾਂ ਪੈਸਿਆਂ ਦਾ ਇਕ ਰੁਪੱਈਆ ਬਣਾਉਣ ਵਾਂਗ ਕਰੋੜਾਂ ਦੇ ਫਲੈਟ ਕੱਖਾਂ ਦੇ ਭਾਅ ਲੈ ਗਏ। ਜਦੋਂ ਹਰ ਪਾਸੇ ਤੋਂ ਫਿੱਟ ਲਾਹਨਤ ਪੈਣ ਲੱਗੀ ਤਾਂ ਸਾਰਿਆਂ ਨੇ ਕਹਿ ਦਿੱਤਾ ਕਿ ਅਸੀਂ ਇਹ ਫਲੈਟ ਛੱਡ ਦਿੰਦੇ ਹਾਂ। ਕਰਨਾਟਕ ਵਿਚ ਮੁੱਖ ਮੰਤਰੀ ਨੇ ਸਰਕਾਰੀ ਜ਼ਮੀਨ ਪਹਿਲਾਂ ਜਾਅਲੀ ਕੰਪਨੀ ਖੜ੍ਹੀ ਕਰ ਕੇ ਉਸ ਨੂੰ ਦਿੱਤੀ ਅਤੇ ਫਿਰ ਉਧਰੋਂ ਆਪਣੇ ਪੁੱਤਰਾਂ-ਧੀਆਂ ਦੇ ਨਾਂ ਕਰਵਾ ਲਈ। ਚੋਰੀ ਨੰਗੀ ਹੋਈ ਤਾਂ ਕਹਿ ਦਿੱਤਾ ਕਿ ਅਸੀਂ ਇਹ ਜ਼ਮੀਨ ਛੱਡ ਦਿੰਦੇ ਹਾਂ। ਇਹ ਇਨਸਾਫ਼ ਦਾ ਨਵਾਂ ਫਾਰਮੂਲਾ ਲੱਭ ਪਿਆ ਹੈ।

ਪਿਛਲੇ ਦਿਨੀਂ ਸਾਡੇ ਪੰਜਾਬ ਵਿਚ ਗ਼ਰੀਬ ਘਰਾਂ ਦੀਆਂ ਧੀਆਂ ਦੇ ਵਿਆਹ ਲਈ ਸ਼ਗਨ ਸਕੀਮ ਦੇ ਚੈੱਕ ਦੇਣ ਦਾ ਵੱਡਾ ਘਪਲਾ ਫੜਿਆ ਗਿਆ ਹੈ। ਜਿਹੜੇ ਕੁਝ ਲੋਕਾਂ ਨੇ ਇਹ ਚੈੱਕ ਹੇਰਾਫੇਰੀ ਨਾਲ ਲਏ ਸਨ, ਉਨ੍ਹਾਂ ਦੇ ਗਲ਼ ਹੁਣ ਰੱਸਾ ਪੈਣ ਲੱਗਾ ਹੈ। ਸਰਕਾਰ ਇਸ ਬਾਰੇ ਕੇਸ ਚਲਾਵੇ ਤਾਂ ਉਨ੍ਹਾਂ ਨੂੰ ਵੀ ਅਦਾਲਤ ਵਿਚ ਜਾ ਕੇ ਇਹ ਕਹਿਣ ਦਾ ਹੱਕ ਹੋਣਾ ਚਾਹੀਦਾ ਹੈ ਕਿ ਜੇ ਗ਼ਲਤ ਹੋਇਆ ਤਾਂ ਅਸੀਂ ਪੈਸੇ ਵਾਪਸ ਕਰ ਦਿੰਦੇ ਹਾਂ। ਹਰ ਛੋਟ ਕਿਉਂਕਿ ਵੱਡੇ ਲੋਕਾਂ ਲਈ ਹੁੰਦੀ ਹੈ, ਇਸ ਕਰਕੇ




*ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਨਾਲ ਏ ਰਾਜਾ*

ਫਲੈਟ ਅਤੇ ਜ਼ਮੀਨਾਂ ਹੜੱਪਣ ਵਾਲੇ ਵੱਡਿਆਂ ਨੂੰ ਕਾਨੂੰਨ ਨੇ ਉਹ ਕੁੜਿੱਕੀ ਨਹੀਂ ਪਾਉਣੀ, ਜਿਹੜੀ ਗ਼ਰੀਬ ਆਦਮੀ ਨੂੰ ਪਾਈ ਜਾਂਦੀ ਹੈ। ਕਾਨੂੰਨ ਤਾਂ ਕਾਨੂੰਨ ਹੈ, ਵੱਖੋ ਵੱਖਰੇ ਗਜ ਕਿਉਂ ਵਰਤੇ ਜਾਣ? ਜਦੋਂ ਦੇਸ਼ ਵਿਚ ਲੋਕ ਰਾਜ ਹੈ, ਵੋਟ ਹਰ ਵੱਡੇ-ਛੋਟੇ ਦੀ ਇਕੋ ਜਿਹੀ ਮੰਨੀ ਜਾਂਦੀ ਹੈ, ਭਾਵੇਂ ਛੋਟੇ ਬੰਦੇ ਦੀ ਵੋਟ ਕਿਸੇ ਨੇ ਧੱਕੇ ਨਾਲ ਹੀ ਪਵਾਈ ਹੋਵੇ, ਫਿਰ ਰੱਸਾ ਦੋਵਾਂ ਲਈ ਵੱਖੋ ਵੱਖਰਾ ਕਿਉਂ ਰੱਖਿਆ ਜਾਂਦਾ ਹੈ?

ਇਹ ਗੱਲ ਸਿਰਫ਼ ਹੁਣ ਨਹੀਂ ਹੋਣੀ ਸ਼ੁਰੂ ਹੋਈ, ਪਿਛਲੀ ਉਸ ਸਰਕਾਰ ਵੇਲੇ ਵੀ ਇਹੋ ਕੁਝ ਹੁੰਦਾ ਰਿਹਾ ਸੀ ਜਿਸ ਦੇ ਓਦੋਂ ਵਾਲੇ ਅਹਿਲਕਾਰ ਅੱਜ ਬਾਂਹਾਂ ਟੰਗ-ਟੰਗ ਕੇ ਦੂਜਿਆਂ ਨੂੰ ਲਲਕਾਰੇ ਮਾਰਦੇ ਹਨ। ਪੈਟਰੋਲ ਪੰਪ ਤੇ ਗੈਸ ਏਜੰਸੀਆਂ ਵੰਡੇ ਗਏ ਤਾਂ ਸਾਰੇ ਦੇ ਸਾਰੇ ਰਾਜ ਕਰਦੀ ਧਿਰ ਦੇ ਵੱਡੇ-ਛੋਟੇ ਲੀਡਰਾਂ ਦੇ ਉਨ੍ਹਾਂ ਧੀਆਂ-ਪੁੱਤਰਾਂ ਨੂੰ, ਜਿਨ੍ਹਾਂ ਕੋਲ ਪਹਿਲਾਂ ਹੀ ਮਾਇਆ ਦੀ ਕੋਈ ਘਾਟ ਨਹੀਂ ਸੀ। ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਵਿਚ ਕੇਸ ਗਿਆ ਤਾਂ ਵਾਜਪਾਈ ਸਰਕਾਰ ਨੇ ਵੀ ਇਸ ਤੋਂ ਬਚਣ ਦਾ ਇਹੋ ਰਾਹ ਕੱਢਿਆ ਕਿ ਇਕ ਵੱਢਿਓਂ ਸਾਰੇ ਲਾਇਸੈਂਸ ਰੱਦ ਕਰ ਦਿੱਤੇ, ਇਸ ਲਈ ਨਹੀਂ ਕਿ ਉਨ੍ਹਾਂ ਨੂੰ ਸਜ਼ਾ ਦੇਣੀ ਸੀ, ਸਗੋਂ ਇਸ ਲਈ ਕਿ ਜੇ ਫੋਲਣ ਬੈਠਦੇ ਤਾਂ ਖਿੱਦੋ ਦੀਆਂ ਲੀਰਾਂ ਨਿਕਲਦੀਆਂ ਜੋ ਸਰਕਾਰ ਦੇ ਮੁਖੀ ਵਾਜਪਾਈ ਦੇ ਘਰ ਤਕ ਪੁੱਜਣੀਆਂ ਸਨ। ਵਾਜਪਾਈ ਦਾ ਆਪਣੇ ਚੋਣ ਹਲਕੇ ਲਖਨਊ ਵਾਲਾ ਘਰ ਵੀ ਫ਼ਾਈਲਾਂ ਵਿਚ ਬੋਲਦਾ ਸੀ, ਜਿਸ ਦੇ ਪਤੇ 'ਤੇ ਇਕ ਨੇੜਲੇ ਰਿਸ਼ਤੇਦਾਰ ਦੇ ਨਾਂ ਪੈਟਰੋਲ ਪੰਪ ਅਲਾਟ ਕੀਤਾ ਗਿਆ ਸੀ। ਕਈ ਚੰਦਨ ਦਾ ਟਿੱਕਾ ਲਾਉਣ ਵਾਲੇ ਸਾਧ ਤੇ ਸਾਧਵੀਆਂ ਵੀ ਇਸ ਵਿਚ ਇੰਜ ਫਸਣੇ ਸਨ ਕਿ ਨਿਕਲ ਨਹੀਂ ਸਨ ਸਕਣੇ। ਸੌਖਾ ਰਾਹ ਇਹ ਕੱਢ ਲਿਆ ਕਿ ਸਾਰੇ ਲਾਇਸੈਂਸ ਰੱਦ ਕਰ ਦਿੱਤੇ ਜਾਣ ਤੇ ਜਦੋਂ ਇੰਜ ਕੀਤਾ ਗਿਆ, ਕਿਸੇ ਇਕ ਨੇ ਵੀ ਇਹ ਚੀਕ ਨਾ ਮਾਰੀ ਕਿ ਉਸ ਨੇ ਪੈਟਰੋਲ ਪੰਪ ਲਾਉਣ ਲਈ ਜ਼ਮੀਨ ਖ਼ਰੀਦਣ ਤੋਂ ਪਲਾਂਟ ਲਾਉਣ ਤਕ ਜਿਹੜੇ ਪੈਸੇ ਖ਼ਰਚੇ ਹਨ, ਉਹ ਹੁਣ ਕਿੱਥੋਂ ਪੂਰੇ ਹੋਣਗੇ?

ਇਸ ਵੇਲੇ ਮਾਮਲਾ ਓੜਕਾਂ ਨੂੰ ਪੁੱਜਾ ਪਿਆ ਹੈ ਤੇ ਆਮ ਲੋਕਾਂ ਦੀ ਹਾਲਤ ਉਸ ਗ਼ਰੀਬ ਵਰਗੀ ਹੈ, ਜਿਹੜਾ ਕੁਤਬ ਮੀਨਾਰ ਵੱਲ ਵੇਖਣ ਲੱਗਾ ਤਾਂ ਪੱਗ ਲੱਥ ਕੇ ਪਿੱਛੇ ਜਾ ਪਈ ਸੀ। ਸਾਡੇ ਕਈ ਲੋਕਾਂ ਨੂੰ ਹਜ਼ਾਰ ਤੋਂ ਵੱਧ ਦੀ ਗਿਣਤੀ ਨਹੀਂ ਆਉਂਦੀ, ਕਈ ਤਾਂ ਅੱਜ ਵੀ ਸੌ ਨੋਟ ਗਿਣਨੇ ਹੋਣ ਤਾਂ ਵੀਹ-ਵੀਹ ਕਰ ਕੇ ਗਿਣਦੇ ਹਨ ਤੇ ਲੱਖ ਦਾ ਸੁਫ਼ਨਾ ਤਕ ਨਹੀਂ ਲੈ ਸਕਦੇ। ਜਦੋਂ ਉਹ ਲੋਕ ਸੁਣਦੇ ਹਨ ਕਿ ਇਕ ਕੰਪਨੀ ਨੇ ਸੋਲਾਂ ਸੌ ਕਰੋੜ ਰੁਪਏ ਵਿਚ ਟੈਲੀਕਾਮ ਦਾ ਲਾਇਸੰਸ ਲਿਆ, ਇਕ ਵਾਰੀ ਉਦੋਂ ਇਕ ਦੂਜੇ ਵੱਲ ਅੱਖਾਂ ਟੱਡ ਕੇ ਵੇਖਦੇ ਹਨ ਕਿ ਸੋਲਾਂ ਸੌ ਕਰੋੜ ਕਿੰਨੇ ਹੁੰਦੇ ਹਨ। ਓਨੀ ਦੇਰ ਨੂੰ ਅਗਲੀ ਗੱਲ ਸੁਣ ਲੈਂਦੇ ਹਨ ਕਿ ਸੋਲਾਂ ਸੌ ਕਰੋੜ ਦੇ ਲਾਇਸੰਸ ਦਾ ਪੰਜਤਾਲੀ ਫ਼ੀਸਦ ਦਾ ਭਾਵ ਇਹ ਹੈ ਕਿ ਸਵਾ ਸੱਤ ਸੌ ਕਰੋੜ ਵਰਤ ਕੇ ਉਨ੍ਹਾਂ ਨੇ ਤੇਤੀ ਸੌ ਕਰੋੜ ਹੋਰ ਕਮਾ ਲਏ ਹਨ ਤੇ ਪੌਣੇ ਨੌਂ ਸੌ ਕਰੋੜ ਦਾ ਮਾਲ ਹਾਲੇ ਵੇਚਣ ਨੂੰ ਪਿਆ ਹੈ।

ਜਿਹੜੀ ਗੱਲ ਆਮ ਲੋਕਾਂ ਦੇ ਪੱਲੇ ਪੈਂਦੀ ਹੈ, ਉਹ ਇਹ ਕਿ ਰੁੱਖ ਜਿੰਨਾ ਵੀ ਫੈਲਦਾ ਜਾਵੇ, ਭਾਰ ਜੜ੍ਹ ਉਤੇ ਪੈਂਦਾ ਹੈ ਤੇ ਜੜ੍ਹ ਕਿਉਂਕਿ ਉਹ ਲੋਕ ਆਪ ਹਨ, ਉਹ ਇਹ ਸੋਚ ਲੈਂਦੇ ਹਨ ਕਿ ਕੋਈ ਹੋਰ ਰਾਖ਼ਸ਼ ਕਿਸੇ ਪਾਸੇ ਤੋਂ ਉਨ੍ਹਾਂ ਦੇ ਮਾਸ ਦੀ ਵੱਡੀ ਬੋਟੀ ਨੋਚ ਕੇ ਲੈ ਗਿਆ ਹੈ। ਸਰੀਰਾਂ ਤੋਂ ਬੋਟੀਆਂ ਦਾ ਇੰਜ ਮੁੜ ਮੁੜ ਨੋਚਿਆ ਜਾਣਾ ਤਾਂ ਜਾਨਵਰ ਨੂੰ ਵੀ ਮਹਿਸੂਸ ਹੋਣ ਲੱਗ ਪੈਂਦਾ ਹੈ, ਬੰਦਾ ਭਾਵੇਂ ਗ਼ਰੀਬ ਹੀ ਹੋਵੇ, ਆਖ਼ਰ ਹੈ ਤਾਂ ਬੰਦਾ ਹੀ। ਭਲਾ ਉਹ ਕਿੰਨੀ ਕੁ ਦੇਰ ਇਸ ਨਿੱਤ ਵਾਪਰਦੇ ਅਨਰਥ ਸਾਹਮਣੇ ਚੁੱਪ ਕੀਤਾ ਰਹੇਗਾ! ਹਰ ਥਾਂ ਨਕਸਲਵਾਦ ਭਾਵੇਂ ਨਾ ਆਵੇ, ਕੁਝ ਤਾਂ ਵਾਪਰ ਹੀ ਸਕਦਾ ਹੈ, ਕੁਝ ਵੀ।

ਇਹ ਹਨ ਉਹ ਕਾਰਨ, ਜਿਨ੍ਹਾਂ ਨੂੰ ਵੇਖਦੇ ਹੋਏ ਅਸੀਂ ਇਹ ਕਹਿਣ ਦੀ ਗੁਸਤਾਖ਼ੀ ਕਰ ਰਹੇ ਹਾਂ ਕਿ ਜਿਸ ਪਾਸੇ ਨੂੰ ਹਿੰਦ ਦੇ ਹਾਲਾਤ ਵਧਦੇ ਜਾਂਦੇ ਹਨ, ਓਧਰ ਇਸ ਦੇਸ਼ ਵਿਚ ਬਹੁਤਾ ਸਮਾਂ ਸੁਖਾਵਾਂ ਲੰਘਣ ਦੀ ਆਸ ਹੁਣ ਨਹੀਂ ਕਰਨੀ ਚਾਹੀਦੀ। ਕਸ਼ਮੀਰ ਹੋਵੇ ਜਾਂ ਨਾਗਾਲੈਂਡ ਜਾਂ ਫਿਰ ਮੱਧ ਭਾਰਤ ਦਾ ਨਕਸਲਵਾਦ/ਮਾਓਵਾਦ, ਪਹਿਲੇ ਖਿਲਾਰੇ ਤਾਂ ਹਾਲੇ ਤਕ ਸਾਂਭੇ ਨਹੀਂ ਗਏ, ਜਿਸ ਦਿਨ ਭੁੱਖੇ ਲੋਕ ਬਾਜ਼ਾਰਾਂ ਵਿਚ ਨਿਕਲ ਆਏ, ਉਨ੍ਹਾਂ ਦਾ ਸਾਹਮਣਾ ਕੌਣ ਕਰੇਗਾ?

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਧੀਏ ਮੋਰਨੀਏ

**ਡਾ. ਗੁਰਨਾਮ ਕੌਰ**

ਗੁਰੂ ਸਾਹਿਬਾਨ ਨੂੰ ਆਪਣੇ ਅਕਾਲ ਪੁਰਖ ਨਾਲ ਜੁੜੀ ਸੁਰਤਿ ਦੇ ਪਲਾਂ ਵਿਚ ਪਰਮਸਤਿ ਦਾ ਜੋ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਬਾਣੀ ਦੇ ਰੂਪ ਵਿਚ ਪ੍ਰਗਟ ਕੀਤਾ। ਇਸੇ ਲਈ ਬਾਣੀ ਨੂੰ ਧੁਰਿ ਕੀ ਬਾਣੀ ਕਿਹਾ ਹੈ। ਇਸ ਦਾ ਅਰਥ ਇਹੀ ਬਣਦਾ ਹੈ ਕਿ ਬਾਣੀ ਦਾ ਸੋਮਾ ਅਕਾਲ ਪੁਰਖ ਆਪ ਹੈ ਅਤੇ ਇਹ ਗੁਰੂ-ਜੋਤਿ ਨੂੰ ਹੋਏ ਇਲਹਾਮ ਦਾ ਸ਼ਬਦ ਰੂਪ ਵਿਚ ਪ੍ਰਕਾਸ਼ਨ ਹੈ। ਹਰ ਰੱਬੀ ਇਲਹਾਮ ਦੇ ਪ੍ਰਕਾਸ਼ਨ ਦੇ ਆਪਣੇ ਬਿੰਬ ਅਤੇ ਪ੍ਰਤੀਕ ਹੁੰਦੇ ਹਨ। ਰੱਬੀ ਸੱਚ ਨੂੰ ਆਮ ਭਾਸ਼ਾ ਜਾਂ ਸ਼ਬਦਾਂ ਵਿਚ ਦੱਸ ਸਕਣਾ ਮੁਸ਼ਕਿਲ ਹੀ ਨਹੀਂ ਬਹੁਤ ਮੁਸ਼ਕਿਲ ਹੁੰਦਾ ਹੈ ਕਿਉਂਕਿ ਰਹੱਸਾਤਮਕ ਅਨੁਭਵ ਭਾਸ਼ਾ ਤੋਂ ਉਤੇ ਦੀ ਚੀਜ਼ ਹੁੰਦੀ ਹੈ। ਇਸੇ ਲਈ ਆਮ ਇਨਸਾਨ ਨੂੰ ਸਮਝਾਉਣ ਲਈ ਬਿੰਬਾਂ, ਪ੍ਰਤੀਕਾਂ ਅਤੇ ਚਿੰਨ੍ਹਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨ ਨੇ ਵੀ ਇਸ ਸਤਿ ਨੂੰ ਆਮ ਜ਼ਿੰਦਗੀ ਵਿਚੋਂ ਉਦਾਹਰਣਾਂ, ਬਿੰਬ ਅਤੇ ਪ੍ਰਤੀਕ ਲੈ ਕੇ ਸਮਝਾਇਆ ਹੈ। ਅਕਾਲ ਪੁਰਖ ਲਈ ਜਗਿਆਸੂ ਦੇ ਪ੍ਰੇਮ, ਅਤਮਾ ਦੀ ਪਰਮਾਤਮਾ ਲਈ ਸਿੱਕ ਅਤੇ ਤਾਂਘ ਨੂੰ ਪ੍ਰਗਟ ਕਰਨ ਲਈ ਪਤੀ ਅਤੇ ਪਤਨੀ ਦੇ ਬਿੰਬ ਦੀ ਆਮ ਵਰਤੋਂ ਕੀਤੀ ਗਈ ਹੈ ਕਿਉਂਕਿ ਇਸ ਰਾਹੀਂ ਮਨੁੱਖ ਨੂੰ ਰੱਬੀ ਪ੍ਰੇਮ ਦੇ ਰਹੱਸ ਦੀ ਆਸਾਨੀ ਨਾਲ ਸਮਝ ਆ ਸਕਦੀ ਹੈ। ਇਹ ਬਿੰਬ ਇੱਕ ਸਮਰੱਥ ਸਾਧਨ ਹੈ। ਇਸੇ ਲਈ ਪ੍ਰਭੂ ਲਈ ਪਿਰ, ਪਿਆਰਾ, ਲਾਲ ਜੀਉ, ਸੱਜਣ ਆਦਿ ਅਨੇਕ ਸੰਬੋਧਨ ਵਰਤੇ ਹਨ ਅਤੇ ਜਗਿਆਸੂ ਲਈ ਧੰਨਿ, ਮੁੰਧ, ਇਆਨੜੀ, ਸਖੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਜੀਵ ਦੇ ਅਕਾਲ ਪੁਰਖ ਨਾਲ ਮਿਲਾਪ ਦੇ ਰਾਹ ਵਿਚ ਮਾਇਆ ਨੂੰ ਸਭ ਤੋਂ ਵੱਡੀ ਰੁਕਾਵਟ ਮੰਨਿਆ ਹੈ, ਮਾਇਆ ਅਗਿਆਨ ਹੈ, ਹਉਮੈ ਹੈ ਜੋ ਜੀਵ ਨੂੰ ਪਰਮਾਤਮਾ ਤੋਂ ਵਿਛੋੜੀ ਰੱਖਦੀ ਹੈ।



ਡਾ. ਗੁਰਨਾਮ ਕੌਰ

ਜਪੁਜੀ ਸਾਹਿਬ ਵਿਚ ਗੁਰੂ ਨਾਨਕ ਪਾਤਿਸ਼ਾਹ ਨੇ ਇਸ ਨੂੰ 'ਕੂੜੇ ਪਾਲਿ' ਕਿਹਾ ਹੈ। ਅਗਿਆਨ ਜਾਂ ਮਾਇਆ ਤੋਂ ਪੈਦਾ ਹੋਣ ਵਾਲੇ ਔਗੁਣ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਇਨਸਾਨ ਨੂੰ ਅਕਾਲ ਪੁਰਖ ਵੱਲ ਜਾਂਦੇ ਰਾਹ 'ਤੇ ਚੱਲਣ ਤੋਂ ਰੋਕ ਪਾਉਂਦੇ ਹਨ। ਜਿਵੇਂ ਉਪਰ ਗੱਲ ਕੀਤੀ ਹੈ ਕਿ ਆਤਮਾ ਜਾਂ ਜੀਵ ਵਾਸਤੇ ਇਸਤਰੀ ਸ਼ਬਦ ਅਤੇ ਪਰਮਾਤਮਾ ਲਈ ਪਤੀ ਅਤੇ ਹੋਰ ਸਬਦਾਂ ਦੀ ਵਰਤੋਂ ਕੀਤੀ ਹੈ। ਇਸੇ ਤਰ੍ਹਾਂ ਇਸ ਸੰਸਾਰ ਨੂੰ ਜੀਵ ਇਸਤਰੀ ਦਾ ਪੇਕਾ-ਘਰ ਕਿਹਾ ਹੈ ਅਤੇ ਅਗਲੇ ਸੰਸਾਰ ਨੂੰ ਜੀਵ ਇਸਤਰੀ ਦਾ ਸਹੁਰਾ ਘਰ ਕਿਉਂਕਿ ਉਹ ਉਸਦਾ ਅਸਲੀ ਘਰ ਹੈ ਜਿਥੇ ਉਸ (ਆਤਮਾ) ਨੇ ਪਰਮਾਤਮਾ ਵਿਚ ਮਿਲ ਜਾਣਾ ਹੈ। ਇਸੇ ਤਰ੍ਹਾਂ ਅਗਿਆਨ ਜਾਂ ਮਾਇਆ ਨੂੰ ਸੱਸ ਕਿਹਾ ਹੈ ਜੋ ਪਤੀ ਅਤੇ ਪਤਨੀ ਦੇ ਮਿਲਾਪ ਦੇ ਰਸਤੇ ਵਿਚ ਰੁਕਾਵਟ ਪਾਉਂਦੀ ਹੈ। ਸਰੀਰ ਦੇ ਮੋਹ ਨੂੰ ਸਹੁਰਾ ਕਿਹਾ ਹੈ, ਮੌਤ ਦੇ ਡਰ ਭਾਵ ਜਮਰਾਜ ਨੂੰ ਜੇਠ ਕਿਹਾ ਹੈ (ਸਸੁ ਵਿਰਾਇਣ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ॥ ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂ ਹੈ॥ ਪੰਨਾ 963)। ਇਸੇ ਤਰ੍ਹਾਂ ਆਸ਼ਾ ਅਤੇ ਤ੍ਰਿਸ਼ਨਾ ਨੂੰ ਜੋ ਜੀਵ ਦੇ ਪ੍ਰਭੂ ਨਾਲ ਮਿਲਾਪ ਦੇ ਰਸਤੇ ਵਿਚ ਰੋੜਾ ਬਣਦੀਆਂ ਹਨ, ਦਿਉਰਾਣੀ ਅਤੇ ਜੇਠਾਣੀ ਕਿਹਾ ਹੈ (ਸਸੂ ਤੇ ਪਿਰਿ ਕੀਨੀ ਵਾਖਿ॥ ਦੇਰ ਜਿਟਾਣੀ ਮੁਈ ਦੂਖਿ ਸੰਤਾਪਿ॥ ਘਰ ਕੇ ਜਿਠੇਰੇ ਕੀ ਚੂਕੀ ਕਾਣਿ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ॥ ਪੰਨਾ 370)। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਹਵਾਲੇ ਸਾਨੂੰ ਮਿਲ ਜਾਂਦੇ ਹਨ ਜਿਨ੍ਹਾਂ ਵਿਚ ਸਮਾਜਿਕ ਰਿਸਤਿਆਂ ਦੇ ਯਥਾਰਥ ਰਾਹੀਂ ਪਰਮਾਰਥ ਦੇ ਰਸਤੇ ਨੂੰ ਸਮਝਾਇਆ ਗਿਆ ਹੈ। ਇਹ ਸਭ ਤੱਥ ਸਾਡੇ ਸਮਾਜਿਕ ਰਿਸ਼ਤਿਆਂ ਵਿਚ ਕਿਤੇ ਨਾ ਕਿਤੇ ਜ਼ਰੂਰ ਮਿਲ ਜਾਦੇ ਹਨ।

ਸਾਡੇ ਸਮਾਜ ਵਿਚ ਬਹੁਤ ਸਾਰੀਆ ਕਹਾਣੀਆਂ ਉਪਲਬਧ ਹਨ ਜਿਥੇ ਲੜਕੀਆਂ ਦੀ ਵਿਆਹੁਤਾ ਜ਼ਿੰਦਗੀ ਵਿਚ ਉਪਰ ਦੱਸੇ ਰਿਸ਼ਤਿਆਂ ਵਿਚੋਂ ਕਿਸੇ ਨੇ ਆਪਣਾ ਨਾਂਹ-ਵਾਚਕ ਹਿੱਸਾ ਪਾਇਆ ਹੁੰਦਾ ਹੈ। ਅਖਬਾਰਾਂ ਵਿਚ ਅਸੀਂ ਵਿਆਹੁਤਾ ਕੁੜੀਆਂ ਦੀਆਂ ਦਹੇਜ ਨਾਲ ਸਬੰਧਤ ਮੌਤ ਬਾਰੇ ਆਮ ਹੀ ਪੜ੍ਹਦੇ ਹਾਂ ਜਿਨ੍ਹਾਂ ਵਿਚ ਕਿਸੇ ਸੱਸ-ਸਹੁਰੇ, ਦਿਉਰ-ਜੇਠ, ਜਠਾਣੀ-ਦਿਉਰਾਣੀ ਜਾਂ ਨਨਾਣ ਦੀ ਮਿਲੀਭੁਗਤ ਦਾ ਜ਼ਰੂਰ ਜ਼ਿਕਰ ਹੁੰਦਾ ਹੈ। ਇਹ ਇੱਕ ਸਮਾਜਿਕ ਸੱਚ ਹੈ ਕਿ ਬਹੁਤੀ ਵਾਰ ਔਰਤ ਹੀ ਔਰਤ ਦੀ ਦੁਸ਼ਮਣ ਬਣ ਜਾਂਦੀ ਹੈ ਭਾਵੇਂ ਉਹ ਆਪ ਵੀ ਕਿਉਂ ਨਾ ਇਹੋ-ਜਿਹੇ ਸੰਤਾਪ ਵਿਚੋਂ ਗੁਜ਼ਰੀ ਹੋਵੇ।

ਮੈਨੂੰ ਯਾਦ ਹੈ ਮੈਂ ਬਹੁਤ ਛੋਟੀ ਹੁੰਦੀ ਸੀ ਸ਼ਾਇਦ ਪ੍ਰਾਇਮਰੀ ਦੀ ਕਿਸੇ ਕੱਚੀ-ਪੱਕੀ ਜਮਾਤ ਵਿਚ ਪੜ੍ਹਦੀ ਸੀ ਜਦੋਂ ਸਾਡੇ ਪਿੰਡ ਇੱਕ ਕੇਸ ਦੀ ਬਹੁਤ ਚਰਚਾ ਸੀ। ਉਹ ਉਚੀ, ਲੰਬੀ ਜੁਆਨ, ਸੁਹਣੀ-ਸੁਨੱਖੀ ਕੁੜੀ ਜਿਸ ਦਿਨ ਆਪਣੇ ਵੀਰ ਨੂੰ ਨਾਲ ਲੈ ਕੇ ਆਪਣੇ ਗੁਜ਼ਾਰੇ-ਭੱਤੇ ਲਈ ਆਪਣੇ ਸਹੁਰਿਆਂ ਭਾਵ ਪਤੀ ਤੇ ਕੀਤੇ ਮੁਕੱਦਮੇ ਦੀ ਤਰੀਕ ਭੁਗਤਣ ਲੁਧਿਆਣੇ ਜਾਂਦੀ ਹੁੰਦੀ ਸੀ। ਉਦੋਂ ਤਲਾਕ ਦੇ ਕੇਸ ਆਮ ਨਹੀਂ ਸੀ ਹੁੰਦੇ ਅਤੇ ਇਸ ਤਰ੍ਹਾਂ ਕਿਸੇ ਧੀ-ਭੈਣ ਦਾ ਕਚਹਿਰੀਆਂ ਵਿਚ ਖੱਜਲ-ਖੁਆਰ ਹੋਣਾ ਬਹੁਤਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਕਈ ਵਰ੍ਹਿਆਂ ਤੱਕ ਉਹ ਲਗਾਤਾਰ ਕਚਹਿਰੀਆਂ ਦੇ ਚੱਕਰ ਆਪਣੇ ਵੀਰ ਨੂੰ ਨਾਲ ਲੈ ਕੇ ਕੱਟਦੀ ਰਹੀ ਪਰ ਉਸ ਨੂੰ ਗੁਜ਼ਾਰਾ ਨਹੀਂ ਲੱਗਿਆ ਕਿਉਂਕਿ ਉਸ ਦੇ ਪਤੀ ਨੇ ਦੂਜਾ ਵਿਆਹ ਨਹੀਂ ਸੀ ਕਰਾਇਆ। ਹਰ ਵਾਰ ਤਰੀਕ ਤੇ ਉਹ ਕਹਿ ਦਿੰਦਾ ਕਿ ਮੈਂ ਉਸ ਨੂੰ ਲੈ ਕੇ ਜਾਣ ਲਈ ਤਿਆਰ ਹਾਂ ਅਤੇ ਹਰ ਵਾਰ ਉਹ ਵਾਪਸ ਆ ਕੇ ਰੱਜ ਕੇ ਰੋਂਦੀ। ਬਹੁਤ ਵਾਰ ਮੇਰੀ ਮਾਂ ਕੋਲ ਉਸਨੇ ਜੇ ਕਿਸੇ ਛੋਟੇ-ਮੋਟੇ ਕੰਮ ਲਈ ਆਉਣਾ ਤਾਂ ਗੱਲਾਂ ਕਰਦੇ ਰੋਣ ਲੱਗ ਪੈਣਾ ਅਤੇ ਹੌਲੀ ਹੌਲੀ ਉਸਦੇ ਦਿਮਾਗ 'ਤੇ ਵੀ ਇਸਦਾ ਅਸਰ ਹੋਣ ਲੱਗ ਪਿਆ ਸੀ। ਅਖੀਰ ਫੈਸਲਾ ਹੋਣ ਤੋਂ ਬਾਅਦ ਗੁਆਂਢ ਵਿਚੋਂ ਭੈਣ ਲੱਗਦੀ ਬੀਬੀ ਨੇ ਆਪਣੇ ਸਹੁਰੀਂ ਉਸਦਾ ਰਿਸ਼ਤਾ ਕਰਵਾ ਦਿੱਤਾ। ਉਸ ਬੰਦੇ ਦੀ ਪਹਿਲੀ ਘਰ ਵਾਲੀ ਦੋ ਬੱਚੇ ਪਿੱਛੇ ਛੱਡ ਕੇ ਮਰ ਗਈ ਸੀ ਪਰ ਜੁਆਨੀ ਸਾਰੀ ਮੁਕੱਦਮੇ ਲੜਦਿਆਂ ਲੰਘ ਗਈ, ਇਹ ਕੋਈ ਘਰ ਵਸਾਉਣਾ ਨਹੀਂ ਸੀ। ਇਹ ਤਾਂ ਐਵੇਂ ਵਕਤ ਨੂੰ ਧੱਕਾ ਦੇਣ ਵਰਗੀ ਗੱਲ ਸੀ। ਕੁੱਝ ਸਾਲਾਂ ਬਾਅਦ ਮੇਰੇ ਪਿੰਡ ਦੀ ਇਹ ਧੀ ਪਿੱਛੇ ਸ਼ਾਇਦ ਇੱਕ ਬੱਚੀ ਛੱਡ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ। ਇਹ ਕੋਈ ਅਲੋਕਾਰੀ ਗੱਲ ਵੀ ਨਹੀਂ ਜਾਪਦੀ। ਪਰ ਅਸੀਂ ਗੱਲ ਕਰ ਰਹੇ ਸੀ ਗੁਰੂ ਸਾਹਿਬ ਵੱਲੋਂ ਪਰਮਸਤਿ ਦੇ ਅਨੁਭਵੀ ਪ੍ਰਕਾਸ਼ਨ ਲਈ ਸਮਾਜਿਕ ਰਿਸ਼ਤਿਆਂ ਵਿਚੋਂ ਲਏ ਬਿੰਬ ਅਤੇ ਪ੍ਰਤੀਕਾਂ ਦੀ ਵਰਤੋਂ ਦੀ। ਜਿਸ ਦਿਨ ਉਸ ਬੀਬੀ ਨੇ ਤਰੀਕ ਭੁਗਤ ਕੇ ਆਉਣਾ ਤਾਂ ਹਰ ਔਰਤ ਅਤੇ ਬੰਦੇ ਦੇ ਮੂੰਹ ਤੇ ਇੱਕੋ ਗੱਲ ਹੁੰਦੀ, "ਹੈ ਹੈ ਕੁੜ੍ਹੇ ਲੋਹੜਾ ਆ ਗਿਆ। ਹਨੇਰ ਸਾਈਂ ਦਾ ਸਕੀ ਭੈਣ ਹੋ ਕੇ ਭੈਣ ਦੇ ਪੈਰ ਨਹੀਂ ਲੱਗਣ ਦਿੰਦੀ ਸਹੁਰੇ ਘਰ ਵਿਚ। ਦਿਉਰ ਦੇ ਨਾਲ ਤਰੀਕ ਭੁਗਤਣ ਆਪ ਆਉਂਦੀ ਹੈ। ਬਈ ਤੂੰ ਘਰੇ ਮਰਜਾ, ਘਰੇ ਰਹਿ ਪੈ। ਹੋਰ ਨਹੀਂ ਤਾਂ ਆਪਣੇ ਇੱਕੋ-ਇੱਕ ਭਰਾ ਦੀ ਹੀ ਸ਼ਰਮ ਕਰ ਹੈਂਸਿਆਰੀਏ? ਬੇਬੇ! ਦੱਸਦੇ ਨੇ ਦਿਉਰ ਨੂੰ ਤਾਂ ਬੋਲਣ ਹੀ ਨਹੀਂ ਦਿੰਦੀ, ਜੱਜ ਦੇ ਮੂਹਰੇ ਆਪ ਹੀ ਤਾੜ੍ਹ ਤਾੜ੍ਹ ਜਵਾਬ ਦਿੰਦੀ ਹੈ।"

ਇਹ ਚਰਚਾ ਇਸ ਲਈ ਹੁੰਦੀ ਸੀ ਕਿਉਂਕਿ ਇਹ ਦੋਵੇਂ ਭੈਣਾਂ ਸਕੇ ਭਰਾਵਾਂ ਨੂੰ ਵਿਆਹੀਆਂ ਹੋਈਆਂ ਸਨ। ਵੱਡੀ ਆਪਣੇ ਘਰ ਵੱਸ ਰਹੀ ਸੀ ਅਤੇ ਛੋਟੀ ਦਾ ਮੁਕੱਦਮਾ ਚੱਲ ਰਿਹਾ ਸੀ। ਇੱਕ ਪਾਸੇ ਵੱਡੀ ਭੈਣ ਆਪਣੇ ਦਿਉਰ ਨਾਲ ਉਲਟੀ ਧਿਰ ਬਣ ਕੇ ਖੜ੍ਹੀ ਹੁੰਦੀ ਸੀ ਅਤੇ ਦੂਜੇ ਪਾਸੇ ਛੋਟੀ ਭੈਣ ਅਤੇ ਵੱਡਾ ਵੀਰ। ਕੀ ਆਦਮੀ ਅਤੇ ਕੀ ਇਸਤਰੀਆਂ? ਸਭ ਦੀ ਜ਼ਬਾਨ 'ਤੇ ਇੱਕੋ ਗੱਲ ਹੁੰਦੀ ਕਿ ਇੱਕ ਘਰ ਵਿਚ ਦੋ ਕੁੜੀਆਂ ਇਕੱਠੀਆਂ ਨਾ ਵਿਆਹਿਉ, ਘੱਟੋ-ਘੱਟ ਭੈਣਾਂ ਵਾਲਾ ਰਿਸ਼ਤਾ ਤਾਂ ਕਾਇਮ ਰਹੂ। ਸ਼ਰੀਕਣੀਆਂ ਨਹੀਂ ਬਣਨਗੀਆਂ।"

ਡਾ. ਸਤੀਸ਼ ਵਰਮਾ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਹੈ ਅਤੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੋਣ ਦੇ ਨਾਲ ਨਾਲ ਹੋਰ ਅਹੁਦਿਆਂ ਦਾ ਅਨੰਦ ਵੀ ਮਾਣਿਆ ਹੈ। ਉਦੋਂ ਉਹ ਲੈਕਚਰਾਰ ਸੀ ਅਤੇ ਬਹੁਤੇ ਅਧਿਆਪਕ ਉਦੋਂ ਯੂਨੀਵਰਸਿਟੀ ਕੈਂਪਸ ਵਿਚ ਹੀ ਰਹਿੰਦੇ ਸਨ। ਮੈਂ ਵੀ ਆਪਣੇ ਪਰਿਵਾਰ ਨਾਲ ਰਿਹਾਇਸ ਕੈਂਪਸ ਵਿਚ ਹੀ ਰੱਖੀ ਹੋਈ ਸੀ। ਡਾ. ਸਤੀਸ਼ ਵਰਮਾ ਨੂੰ ਥਿਏਟਰ ਦਾ ਸ਼ੌਕ ਹੈ। ਉਸ ਨੇ ਬੱਚਿਆਂ ਦਾ ਨਾਟਕ ਗਰੁਪ ਤਿਆਰ ਕਰਨ ਬਾਰੇ ਸੋਚਿਆ, ਆਸ-ਪਾਸ ਦੇ ਕੈਂਪਸ ਵਿਚ ਰਹਿੰਦੇ ਬੱਚਿਆਂ ਨੂੰ ਇਸ ਨਾਲ ਜੋੜਨ ਲਈ ਪਹੁੰਚ ਕਰਨੀ ਸ਼ੁਰੂ ਕੀਤੀ। ਉਹ ਮੇਰੇ ਕੋਲ ਵੀ ਆਇਆ ਅਤੇ ਬੋਲਿਆ, "ਮੈਡਮ ਮੈਂ ਬੱਚਿਆਂ ਨੂੰ ਥਿਏਟਰ

## ਰੰਗ-ਬੇਰੰਗ

ਨਾਲ ਜੋੜਨਾ ਚਾਹੁੰਦਾ ਹਾਂ ਅਤੇ ਮੈਂ ਬੇਟੀ ਪੂਨਮ ਨੂੰ ਵੀ ਇਸ ਵਿਚ ਸ਼ਾਮਲ ਕਰਨਾ ਹੈ। ਮੈਡਮ ਬਲਵਿੰਦਰ ਬਰਾੜ ਦੀ ਬੇਟੀ ਗੁਗੂ ਵੀ ਹਿੱਸਾ ਲੈ ਰਹੀ ਹੈ।" ਗੁੱਗੂ ਗੁਆਂਢ ਵਿਚ ਹੀ ਰਹਿੰਦੀ ਸੀ ਅਤੇ ਮੇਰੀ ਬੱਚੀ ਦੀ ਸਹੇਲੀ ਸੀ। ਸ਼ਾਇਦ ਡਾ. ਸਾਧੂ ਸਿੰਘ ਦਾ ਲਿਖਿਆ ਸੀ ਇਹ ਨਾਟਕ, "ਹਾਏ ਨੀਂ ਧੀਏ ਮੋਰਨੀਏ।" ਪੰਜਾਬ ਵਿਚ ਰਵਾਇਤ ਰਹੀ ਹੈ ਕਿ ਜੇ ਬਰਸਾਤ ਨਾ ਪਵੇ ਤਾਂ ਮੀਂਹ ਪੁਆਉਣ ਲਈ ਕੁੜੀਆਂ ਇਕੱਠੀਆਂ ਹੋ ਕੇ ਪਿੰਡ ਦੇ ਹਰ ਘਰ ਵਿਚੋਂ ਆਟਾ ਅਤੇ ਗੁੜ ਇਕੱਠਾ ਕਰਦੀਆਂ ਅਤੇ ਉਸ ਦੀਆਂ ਮਿੱਠੀਆਂ ਰੋਟੀਆਂ ਬਣਾ ਕੇ, ਬਾਹਰ ਕਿਸੇ ਨਿਵੇਕਲੀ ਥਾਂ 'ਤੇ ਗੁੱਡੀ ਫੂੱਕਣ ਦੀ ਰਸਮ ਕਰਦੀਆਂ। ਇਸ ਵਿਚ ਬਾਕਾਇਦਾ ਸਹੁਰੇ ਅਤੇ ਪੇਕੇ, ਦੋ ਗਰੁਪ ਬਣਾ ਕੇ ਮਕਾਣਾਂ ਆਉਂਦੀਆਂ, ਕੀਰਨੇ ਪਾਏ ਜਾਂਦੇ ਅਤੇ ਪਿੱਟ-ਸਿਆਪੇ ਦੀ ਰਸਮ ਕੀਤੀ ਜਾਂਦੀ। ਪਿੱਛੋਂ ਮਿਠੀਆਂ ਰੋਟੀਆਂ ਵਰਤਾਈਆਂ ਜਾਂਦੀਆਂ ਅਤੇ ਮੀਂਹ ਪਾਉਣ ਲਈ ਰੱਬ ਨੂੰ ਪੁਕਾਰਿਆ ਜਾਂਦਾ। ਇਸੇ ਨੂੰ ਪਿਛੋਕੜ ਵਿਚ ਰੱਖ ਕੇ ਇਹ ਨਾਟਕ ਰਚਿਆ ਗਿਆ ਸੀ ਪਰ ਇਸ ਵਿਚ ਮੌਤ ਸ਼ਾਇਦ ਦਾਜ ਕਰਕੇ ਹੋਣੀ ਦਰਸਾਈ ਸੀ (ਹੁਣ ਬਹੁਤਾ ਯਾਦ ਨਹੀਂ, ਹੁਣ ਤਾਂ ਬੱਸ ਮੌਤ ਅਤੇ ਉਹ ਕੀਰਨੇ ਹੀ ਯਾਦ ਨੇ ਜੋ ਮੇਰੀ ਬੇਟੀ ਨੇ ਉਸ ਨਾਟਕ ਵਿਚ ਪਾਏ)। ਗੁਗੂ ਅਤੇ ਪੂਨਮ (ਤਨਵੀਰ ਕੌਰ) ਦੇ ਨਾਲ ਸਾਡੇ ਦੋਹਾਂ ਦੇ ਬੇਟਿਆਂ ਜੋ ਸਾਡੀਆਂ ਬੱਚੀਆਂ ਤੋਂ ਛੋਟੇ ਹਨ, ਨੇ ਵੀ ਹਿੱਸਾ ਲਿਆ। ਡਾ. ਤ੍ਰਲੋਚਨ ਕੌਰ ਦੇ ਵੀ ਲੜਕਾ ਅਤੇ ਲੜਕੀ ਦੋਵੇਂ ਹਿੱਸਾ ਲੈ ਰਹੇ ਸਨ। ਡਾ. ਸਤੀਸ਼ ਵਰਮਾ ਨੇ ਬੜੀ ਮਿਹਨਤ ਨਾਲ ਨਾਟਕ ਤਿਆਰ ਕਰਾਇਆ, ਬੱਚੇ ਹਰ ਰੋਜ਼ ਰਿਹਰਸਲ ਕਰਨ ਜਾਂਦੇ। ਨਾਟਕ ਤਿਆਰ ਹੋਣ 'ਤੇ ਇੱਕ ਦਿਨ ਡਾ. ਵਰਮਾ ਨੇ ਸਾਨੂੰ ਸਭ ਨੂੰ ਨਾਟਕ ਵਿਖਾਉਣ ਦਾ ਪ੍ਰੋਗਰਾਮ ਬਣਾਇਆ। ਡਾ. ਦਲੀਪ ਕੌਰ ਟਿਵਾਣਾ (ਪੰਜਾਬੀ ਦੀ ਨਾਮਵਰ ਲੇਖਿਕਾ) ਉਦੋਂ ਹਾਲੇ ਕੈਂਪਸ ਵਿਚ ਆਏ ਨਹੀਂ ਸਨ ਪਰ ਉਨ੍ਹਾਂ ਨੂੰ ਬੀ-13 ਘਰ ਅਲਾਟ ਹੋ ਗਿਆ ਸੀ। ਇਹ ਨਾਟਕ ਬੀ-13 ਦੇ ਖੁਲ੍ਹੇ-ਡੁਲ੍ਹੇ ਵਿਹੜੇ ਵਿਚ ਖੇਡਿਆ ਗਿਆ। ਮੇਰਾ ਬੇਟਾ ਅਤੇ ਬਰਾੜ ਦਾ ਬੇਟਾ ਸੂਤਰਧਾਰ ਦਾ ਰੋਲ ਕਰ ਰਹੇ ਸਨ। ਮੇਰੀ ਬੱਚੀ ਨੇ ਸਹੁਰੇ ਘਰ ਮਰ ਗਈ ਜੁਆਨ ਕੁੜੀ ਦੀ ਮਾਂ ਦਾ ਰੋਲ ਕੀਤਾ। ਨਾਟਕ ਦੇ ਆਖਰੀ ਸੀਨ ਵਿਚ ਜਦੋਂ ਉਹ ਬੁੱਢੀਆਂ ਬਣੀਆਂ ਬੱਚੀਆਂ ਦੇ ਟੋਲੇ ਨਾਲ ਕੀਰਨੇ ਪਾਉਂਦੀ ਸਟੇਜ 'ਤੇ ਆਈ ਤਾਂ ਮੇਰਾ ਮਨ ਉਖੜ ਗਿਆ ਅਤੇ ਬਦੋਬਦੀ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਮੇਰੇ ਮਨ ਨੂੰ ਇਹ ਹਿੱਸਾ ਚੰਗਾ ਨਹੀਂ ਲੱਗਿਆ ਹਾਲਾਂਕਿ ਮੇਰੀ ਬੇਟੀ ਦੀ ਅਦਾਕਾਰੀ ਨੂੰ ਸਭ ਨੇ ਬਹੁਤ ਸਰਾਹਿਆ।

ਥੋੜੇ ਦਿਨ ਬਾਅਦ ਇਹ ਨਾਟਕ ਯੂਨੀਵਰਸਿਟੀ ਦੇ ਓਪਨ-ਏਅਰ ਥਿਏਟਰ ਵਿਚ ਕੀਤਾ ਗਿਆ ਅਤੇ ਕੈਂਪਸ ਦੇ ਕਾਫੀ ਲੋਕ ਦੇਖਣ ਆਏ, ਮੈਂ ਵੀ ਗਈ। ਪਰ ਨਾਟਕ ਦੇ ਅਖ਼ੀਰ ਵਿਚ ਮੈਨੂੰ ਫਿਰ ਉਸੇ ਤਰ੍ਹਾਂ ਬੇਚੈਨੀ ਮਹਿਸੂਸ ਹੋਈ। ਕੁਝ ਸਮੇਂ ਬਾਅਦ ਨਾਭੇ ਪੰਜਾਬੀ ਭਾਸ਼ਾ ਦਾ ਕੋਈ ਵੱਡਾ ਫੰਕਸ਼ਨ ਸੀ ਜਿਸ ਵਿਚ ਬੱਚਿਆਂ ਵੱਲੋਂ ਇਹ ਨਾਟਕ ਖੇਡਣ ਦਾ ਵੀ ਪ੍ਰਬੰਧ ਸੀ। ਡਾ. ਵਰਮਾ ਨੇ ਮੈਨੂੰ ਬੱਚਿਆਂ ਦੇ ਨਾਲ ਚੱਲਣ ਲਈ ਰਿਕੁਐਸਟ ਕੀਤੀ, ਮੈਂ ਮੰਨ ਗਈ। ਨਾਟਕ ਬਹੁਤ ਕਾਮਯਾਬ ਰਿਹਾ ਅਤੇ ਬੱਚਿਆਂ ਦੀ ਅਦਾਕਾਰੀ ਨੂੰ ਸਭ ਨੇ ਬਹੁਤ ਸਲਾਹਿਆ। ਇਸੇ ਤਰ੍ਹਾਂ ਕੁਝ ਸਮੇਂ ਬਾਅਦ ਚੰਡੀਗੜ੍ਹ ਦੇ ਟੈਗੋਰ ਥਿਏਟਰ ਵਿਚ ਬੱਚਿਆਂ ਦੇ ਨਾਟਕਾਂ ਦਾ ਮੁਕਾਬਲਾ ਰੱਖਿਆ ਗਿਆ। ਡਾ. ਵਰਮਾ ਨੇ ਮੈਨੂੰ ਨਾਲ ਚੱਲਣ ਲਈ ਕਿਹਾ ਪਰ ਮੇਰਾ ਜਾਣ ਨੂੰ ਦਿਲ ਨਾ ਕੀਤਾ। ਟੈਗੋਰ ਥਿਏਟਰ ਵਿਚ ਇਸ ਨਾਟਕ ਨੂੰ ਇਨਾਮ ਵੀ ਦਿੱਤਾ ਗਿਆ। ਕੁਝ ਦਿਨ ਬਾਅਦ ਗੁਰਪਾਲ ਲਿੱਟ (ਪੰਜਾਬੀ ਕਹਾਣੀਕਾਰ ਤੇ ਰਿਸ਼ਤੇ ਵਿਚ ਮੇਰਾ ਭਰਾ) ਯੂਨੀਵਰਸਿਟੀ ਆਇਆ। ਗੁਰਪਾਲ ਵਰਮਾ ਦਾ ਬਹੁਤ ਕਰੀਬੀ ਦੋਸਤ ਹੈ ਅਤੇ ਉਸਨੇ ਖੰਨੇ ਆਪਣਾ ਸਕੂਲ ਖੋਲ੍ਹ ਰੱਖਿਆ ਹੈ। ਉਹ ਵੀ ਟੈਗੋਰ ਥਿਏਟਰ ਵਿਚ ਆਪਣੇ ਸਕੂਲ ਦੇ ਬੱਚਿਆਂ ਦੀ ਨਾਟਕ ਟੀਮ ਲੈ ਕੇ ਪਹੁੰਚਿਆ ਹੋਇਆ ਸੀ। ਉਹ ਮੈਨੂੰ ਵਿਭਾਗ ਵਿਚ ਮਿਲਣ ਆਇਆ ਅਤੇ ਬੋਲਿਆ, "ਭੈਣੇ! ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਆਪਣੀ ਪੂਨਮ ਏਨੀ ਸਿਆਣੀ ਹੋ ਗਈ ਹੈ। ਇਸ ਨੇ ਮਾਂ ਦਾ ਰੋਲ ਬਹੁਤ ਵਧੀਆ ਸਿਆਣਿਆਂ ਵਾਂਗ ਕੀਤਾ। ਲੋਕਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ।" ਮੈਨੂੰ ਮਹਿਸੂਸ ਹੋਇਆ ਕਿ ਮੈਂ ਖਾਹ-ਮਖਾਹ ਭਾਵੁਕਤਾ ਵਿਚੋਂ ਨਾਲੇ ਸਤੀਸ਼ ਨੂੰ ਨਾਰਾਜ਼ ਕੀਤਾ ਅਤੇ ਨਾਲ ਹੀ ਬੇਟੀ ਨੂੰ ਵੀ ਮਾਯੂਸ ਕੀਤਾ, ਮੈਨੂੰ ਇਹ ਨਾਟਕ ਦੇਖਣ ਜ਼ਰੂਰ ਜਾਣਾ ਚਾਹੀਦਾ ਸੀ।

ਮੇਰੇ ਪਤੀ ਦੇ ਤਾਏ ਦੇ ਪੁੱਤ-ਭਰਾ ਦੀ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਵੱਲੋਂ ਯੂਨੀਵਰਸਿਟੀ ਵਿਚ ਬਦਲੀ ਹੋ ਗਈ, ਉਹ ਫੁੱਟਬਾਲ ਦਾ ਕੋਚ ਸੀ। ਉਹ ਜਦੋਂ ਸਾਨੂੰ ਮਿਲਣ ਘਰ ਆਇਆ ਤਾਂ ਬੋਲਿਆ, "ਭਾਬੀ ਜੀ! ਮੈਂ ਛੋਟੇ ਬੱਚਿਆਂ ਦੀਆਂ ਫੁੱਟਬਾਲ ਟੀਮਾਂ ਬਣਾਉਣੀਆਂ ਹਨ। ਪੂਨਮ ਨੂੰ ਮੈਂ ਲੜਕੀਆਂ ਦੀ ਟੀਮ ਵਿਚ ਰੱਖਣਾ ਹੈ।" ਮੈਂ ਅੱਗੋਂ ਕਿਹਾ, "ਠੀਕ ਹੈ ਪਰ ਮੈਂ ਇਸ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਕਰਨਾ ਚਾਹੁੰਦੀ। ਲੇਡੀ ਫ਼ਾਤਿਮਾ ਸਕੂਲ ਵਿਚ ਹੋਮ ਵਰਕ ਬਹੁਤ ਮਿਲਦਾ ਹੈ।" ਉਹ ਬੋਲਿਆ, "ਸ਼ਾਮ ਨੂੰ ਘੰਟਾ-ਦੋ ਘੰਟੇ ਖੇਡਣ ਨਾਲ ਕੋਈ ਨੁਕਸਾਨ ਨਹੀਂ ਹੁੰਦਾ।" ਇਸ ਤਰ੍ਹਾਂ ਪੂਨਮ ਫੁੱਟਬਾਲ ਖੇਡਣ ਲੱਗ ਪਈ ਅਤੇ ਲੁਧਿਆਣੇ ਜਦੋਂ ਜ਼ਿਲ੍ਹਾ ਪੱਧਰ ਦੇ ਬੱਚਿਆਂ ਦੇ ਟੂਰਨਾਮੈਂਟ ਹੋਏ ਤਾਂ ਉਹ ਵੀ ਟੀਮ ਨਾਲ ਖੇਡਣ ਗਈ। ਮਰਹੂਮ ਡਾ. ਤਾਰਨ ਸਿੰਘ ਨੇ ਕੈਂਪਸ ਵਿਚ ਗੁਰਦੁਆਰਾ ਸਾਹਿਬ ਦੀ ਉਸਾਰੀ ਆਪ ਕਰਵਾਈ ਸੀ ਅਤੇ ਉਦਘਾਟਨ ਕੀਤਾ ਸੀ। ਛੇ ਕੁ ਮਹੀਨੇ ਬਾਅਦ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਸਾਰੇ ਕੈਂਪਸ ਨਿਵਾਸੀਆਂ ਨੂੰ ਬਹੁਤ ਅਫਸੋਸ ਲੱਗਿਆ। ਗੁਰਦੁਆਰਾ ਕਮੇਟੀ ਨੇ ਮਿਲ-ਬੈਠ ਕੇ ਸਲਾਹ ਕੀਤੀ ਕਿ ਡਾ. ਸਾਹਿਬ ਦੀ ਕੈਂਪਸ ਨੂੰ ਬਹੁਤ ਵੱਡੀ ਦੇਣ ਹੈ, ਇਸ ਲਈ ਉਨ੍ਹਾਂ ਦੀ ਕੋਈ ਸਦੀਵੀ ਯਾਦ ਬਣਨ ਚਾਹੀਦੀ ਹੈ। ਫੈਸਲਾ ਕਰਕੇ ਸੱਜੇ ਪਾਸੇ ਦੋ-ਤਿੰਨ ਕਮਰਿਆਂ ਦੀ ਇੱਕ ਕਤਾਰ ਵਿਚ ਉਸਾਰੀ ਕੀਤੀ ਗਈ ਅਤੇ ਉਥੇ 'ਡਾ. ਤਾਰਨ ਸਿੰਘ ਗੁਰਮਤਿ ਸੰਗੀਤ ਕੇਂਦਰ' ਖੋਲ੍ਹ ਦਿੱਤਾ। ਪ੍ਰੋ. ਤਾਰਾ ਸਿੰਘ ਜੋ ਗੁਰਮਤਿ ਸੰਗੀਤ ਵਿਚ ਮਾਹਰ ਸਨ ਅਤੇ ਲੜਕੀਆਂ ਦੇ ਸਰਕਾਰੀ ਕਾਲਜ ਵਿਚ ਸੰਗੀਤ ਦੇ ਪ੍ਰੋਫੈਸਰ ਸੀ, ਉਨ੍ਹਾਂ ਨੂੰ ਬੇਨਤੀ ਕਰਕੇ ਸੰਗੀਤ ਸਿਖਾਉਣ ਦਾ ਪ੍ਰਬੰਧ ਕਰ ਲਿਆ। ਹਰ ਬੱਚੇ ਨੂੰ ਮਾਮੂਲੀ ਜਿਹੀ ਦਸ ਰੁਪਏ ਮਹੀਨਾ ਫੀਸ ਰੱਖ ਦਿੱਤੀ। ਸਾਡਾ ਵਿਭਾਗ ਆਪਣੇ ਕਾਰਜ ਖੇਤਰ ਕਾਰਨ ਵੈਸੇ ਹੀ ਗੁਰਦੁਆਰਾ ਸਾਹਿਬ ਦੇ ਕੰਮਾਂ ਵਿਚ ਕਾਰਜਸ਼ੀਲ ਰਹਿੰਦਾ ਸੀ ਅਤੇ ਵਿਭਾਗ ਦਾ ਮੁਖੀ ਗੁਰਦੁਆਰਾ ਕਮੇਟੀ ਦਾ ਐਕਸ-ਆਫੀਸ਼ੀਓ ਮੈਂਬਰ ਹੁੰਦਾ ਹੈ। ਮੈਂ ਆਪਣੇ ਦੋਹਾਂ ਬੱਚਿਆਂ-ਬੇਟੇ ਅਤੇ ਬੇਟੀ ਨੂੰ ਕੀਰਤਨ ਸਿੱਖਣ ਲਾ ਦਿੱਤਾ। ਮੇਰੀ ਬੇਟੀ ਨੇ ਹਰਮੋਨੀਅਮ ਅਤੇ ਬੇਟੇ ਨੇ ਤਬਲਾ ਸਿੱਖਣਾ ਸ਼ੁਰੂ ਕਰ ਦਿੱਤਾ।

(ਚਲਦਾ...)



ਡਾ. ਗੁਰਨਾਮ ਕੌਰ ਪਤੀ ਗੁਰਦਿਆਲ ਬੱਲ, ਪੁਤਰ ਮਨਵੀਰ ਅਤੇ ਧੀ ਪੂਰਨ ਨਾਲ

## ਸਿਆਣਿਆਂ ਦਾ ਕਿਹਾ

(1) ਯਾਦ ਰੱਖੋ, ਛੋਟੀਆਂ ਗੱਲਾਂ ਵੱਡੇ ਮੂੰਹਾਂ ਵਾਲੇ ਘਟੀਆ ਕਿਸਮ ਦੇ ਲੋਕ ਹੀ ਕਰਦੇ ਹਨ।

(2) ਵਚਨਬੱਧਤਾ ਚਰਿਤਰ ਵਿਚੋਂ ਆਉਂਦੀ ਹੈ ਤੇ ਦ੍ਰਿੜ ਵਿਸ਼ਵਾਸ ਵੱਲ ਲੈ ਜਾਂਦੀ ਹੈ।

(3) ਵਚਨਬੱਧਤਾ ਤੋਂ ਬਿਨਾਂ ਸੰਬਧ ਬਿਲਕੁਲ ਖਾਲੀ ਅਤੇ ਖੋਖਲੇ ਹਨ।

(4) ਇੱਕ ਵਾਰੀ ਦੁਬਾਰਾ ਸੋਚੋ ਅਤੇ ਉਨ੍ਹਾਂ ਲੋਕਾਂ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰੋ ਜਿਨ੍ਹਾਂ ਨੇ ਤੁਹਾਡੀ ਜ਼ਿੰਦਗੀ 'ਤੇ ਚੰਗਾ ਪ੍ਰਭਾਵ ਪਾਇਆ ਹੈ।

(5) ਵਫਾਦਾਰੀ ਦਾ ਇੱਕ ਔਂਸ ਵੀ-ਚਤੁਰਾਈ ਦੇ ਇੱਕ ਪੌਂਡ ਨਾਲੋਂ ਕਿਤੇ ਵੱਧ ਕੀਮਤੀ ਹੈ।

(6) ਚੰਗੇ ਸਬੰਧ ਲੱਭਣੇ ਬਹੁਤ ਮੁਸ਼ਕਿਲ ਹਨ, ਜੇ ਇੱਕ ਵਾਰੀ ਚੰਗੇ ਸਬੰਧ ਬਣ ਜਾਣ ਤਾਂ ਇਸ ਨੂੰ ਨਿਭਾਉਣਾ ਚਾਹੀਦਾ ਹੈ।

(7) ਜਦੋਂ ਇੱਕ ਬੰਦਾ ਖਿਮਾ ਕਰਨ ਤੋਂ ਮਨਾ ਕਰ ਰਿਹਾ ਹੈ ਤਾਂ ਉਹ ਉਨ੍ਹਾਂ ਦਰਵਾਜ਼ਿਆਂ ਨੂੰ ਬੰਦ ਕਰ ਰਿਹਾ ਹੈ ਜਿਨ੍ਹਾਂ ਨੂੰ ਇੱਕ ਦਿਨ ਉਹਨੂੰ ਖੋਲ੍ਹਣ ਦੀ ਲੋੜ ਪੈ ਸਕਦੀ ਹੈ।

(8) ਗੁਨਾਹਗਾਰ ਬੰਦੇ ਨੂੰ ਗਲਤੀ ਮੰਨਣ 'ਤੇ ਮਾਫ ਤਾਂ ਕਰ ਦਿਉ ਪਰ ਉਸਦਾ ਨਾਮ ਸਦਾ ਲਈ ਯਾਦ ਰੱਖੋ।

(9) ਸੱਚਾਈ ਦੀ ਚਮਕ ਸ਼ੈਤਾਨ ਨੂੰ ਰੌਸ਼ਨੀ ਵਿਖਾਉਣ ਦੀ ਬਜਾਏ ਅੰਨਾ ਬਣਾ ਦਿੰਦੀ ਹੈ।

(10) ਆਪਣੀ ਵਚਨਬੱਧਤਾ ਪੂਰੀ ਨਾ ਕਰਨ ਦਾ ਅਰਥ ਹੈ ਬੇਈਮਾਨ ਵਰਤਾਓ ਕਰਨਾ।

(11) ਇਮਾਨਦਾਰੀ-ਇਮਾਨਦਾਰ ਹੋਣ ਵਿਚ ਹੈ ਨਾ ਕਿ ਇਮਾਨਦਾਰ ਦਿਖਣ ਵਿਚ।

(12) ਝੂਠ ਦੀ ਗਤੀ ਭਾਵੇਂ ਤੇਜ ਹੋਵੇ ਪਰ ਸੱਚ ਹਮੇਸ਼ਾ ਅਟਲ ਰਹਿੰਦਾ ਹੈ।

(13) ਇਮਾਨਦਾਰੀ ਕੰਪਨੀ ਦੀ ਕਿਤਾਬ ਜਾਂ ਅਹੁਦੇ ਵਿਚ ਨਹੀਂ ਮਿਲਦੀ ਸਗੋਂ ਇਹ ਤਾਂ ਬੰਦੇ ਦੇ ਚਰਿੱਤਰ ਵਿਚੋਂ ਮਿਲਦੀ ਹੈ।

(14) ਜਦੋਂ ਦੂਸਰਾ ਬੰਦਾ ਤੁਹਾਡੀ ਪ੍ਰਸ਼ੰਸਾ ਕਰਦਾ ਹੈ ਤਾਂ ਇਸਦੀ ਆਵਾਜ਼ ਬਹੁਤ ਦੂਰ ਤੱਕ ਜਾਂਦੀ ਹੈ।

(15) ਖਾਲਿਸਤਾਨੀਓ ਆਪਸੀ ਸਮਝ ਰੱਖੋ ਅਤੇ ਰਲ ਮਿਲ ਕੇ ਦੁਸ਼ਮਣ ਦਾ ਖਿਆਲ ਰੱਖੋ।

(16) ਹਰ ਸਾਲ ਅੰਨਦਪੁਰ ਸਾਹਿਬ ਜਾਂਦੇ ਹਾਂ ਪਰ ਖਾਲਸੇ ਦੀ ਉਸ ਜਨਮ ਭੂਮੀ ਦੀ ਕੀ ਆਵਾਜ਼ ਸੁਣੀ ਹੈ? ਕੇਸਗੜ ਸਾਹਿਬ, ਲੋਹਗੜ੍ਹ ਸਾਹਿਬ, ਹੋਲਗੜ੍ਹ ਸਾਹਿਬ ਸਾਡੇ ਵੱਲ ਦੇਖਦੇ ਹਨ।

(17) ਹੋਲਾ ਮਹੱਲਾ ਤਾਂ ਸੱਚ ਅਤੇ ਨਿਆਂ ਦੀ ਕਾਇਮੀ ਲਈ ਲੜਨ ਦੀ ਇੱਛਾ ਦਾ ਪ੍ਰਤੀਕ ਹੈ ਪਰ ਅਸੀਂ ਇਸ ਨੂੰ ਬੱਸ ਮੇਲਾ ਹੀ ਸਮਝ ਲਿਆ।

(18) ਆਪਣੇ ਧੀਆਂ ਪੁਤਰਾਂ ਬਜੁਰਗਾਂ ਦੇ ਖੂਨ ਦੀ ਹੋਲੀ ਖੇਡੀ ਗਈ ਹੈ, ਹੋਰ ਖੇਡੀ ਜਾਣ ਦੀ ਤਿਆਰੀ ਹੈ। ਸੱਚ ਦਾ ਸਿਰ ਹਰ ਰੋਜ਼ ਕਲਮ ਹੁੰਦਾ ਹੈ ਤਦ ਕੀ ਆਪਣਾ ਫਰਜ਼ ਸਿਰਫ ਮੇਲੀ ਦੀ ਤਰ੍ਹਾਂ ਹੋਲੇ ਮੱਹਲੇ ਦੇ ਮੇਲੇ 'ਚ ਆਉਣਾ ਹੀ ਰਹਿ ਗਿਆ ਹੈ। ਅੱਜ ਸਾਨੂੰ ਹੋਲੇ ਮਹੱਲੇ ਦੀ ਸਪਿਰਟ ਦੀ ਵਧੇਰੇ ਜਰੂਰਤ ਹੈ।

(19) ਪਾਪ ਦੀ ਲੰਕਾ ਅਜੇ ਉਜੜੀ ਨਹੀਂ। ਪਾਪ ਦੀ ਲੰਕਾ ਤਾਂ ਅੱਜੇ ਭਾਰਤ ਵਿਚ ਜਿਉਂ ਦੀ ਤਿਉਂ ਹੈ।

(20) ਬਾਂਸਾਂ ਅਤੇ ਕਾਗਜਾਂ ਨਾਲ ਉਸਾਰੇ ਰਾਵਣ ਹਰ ਸਾਲ ਸਾੜਦੇ ਹਾਂ ਪ੍ਰੰਤੂ ਰਾਵਣ ਤਾਂ ਅਜੇ ਭਾਰਤ ਵਿਚ ਜਿੰਦਾ ਫਿਰਦਾ ਹੈ।

(21) ਨਾ ਸਾਨੂੰ ਕੋਈ ਰਾਮ ਨਾਲ ਮੋਹ ਹੈ ਨਾ ਹੀ ਕੋਈ ਰਾਵਣ ਨਾਲ ਨਫਰਤ।

(22) ਭਾਰਤ ਸਾਰਾ ਹਿੰਦੂ ਮਾਫੀਆ, ਦੇਸ਼ ਪਾਪ ਦੀ ਲੰਕਾ ਅਤੇ ਹੁਕਮਰਾਨ ਰਾਵਣ ਬਣੇ ਹੋਏ ਹਨ।

(23) ਛੋਟੀਆਂ ਛੋਟੀਆਂ ਗੱਲਾਂ ਬਹੁਤ ਮਹਤੱਤਾ ਰੱਖਦੀਆਂ ਹਨ ਤੇ ਕਾਫੀ ਫਰਕ ਲਿਆ ਦਿੰਦੀਆਂ ਹਨ।

(24) ਸੁਸ਼ੀਲਤਾ ਜਾਂ ਨਿਮਰਤਾ ਦਾ ਅਰਥ ਹੈ-ਦੂਸਰਿਆਂ ਬਾਰੇ ਸੋਚਣਾ। ਇਹ ਉਨ੍ਹਾਂ ਦਰਵਾਜਿਆਂ ਨੂੰ ਵੀ ਖੋਲਦੀ ਹੈ ਜਿਨ੍ਹਾਂ ਨੂੰ ਖੋਲਣਾ ਮੁਸ਼ਕਿਲ ਹੋਵੇ।

(25) ਦਿਆਲਤਾ ਇਕ ਅਜਿਹੀ ਭਾਸ਼ਾ ਹੈ ਜਿਹੜਾ ਇੱਕ ਬਹਿਰਾ ਵੀ ਸੁਣ ਸਕਦਾ ਹੈ ਤੇ ਅੰਨਾ ਵੀ ਦੇਖ ਸਕਦਾ ਹੈ।

(26) ਸੱਚੇ ਦੋਸਤ ਦੇ ਜਿੰਦਾ ਰਹਿੰਦੇ ਹੀ ਉਸ ਨਾਲ ਦਿਆਲਤਾ ਨਾਲ ਪੇਸ਼ ਆਉਣਾ ਚਾਹੀਦਾ ਹੈ ਨਾ ਕਿ ਉਸਦੇ ਮਰਨ ਤੋਂ ਬਾਅਦ ਉਸਦੀ ਕਬਰ ਤੇ ਫੁੱਲ ਚੜ੍ਹਾਏ ਜਾਣ।

(27) ਸਮਝਦਾਰ ਬਣੋ-ਕਿਉਂਕਿ ਸਵਾਰਥੀਪਨ ਨੂੰ ਆਪਣੀ ਕੀਮਤ ਆਪ ਚੁਕਾਉਣੀ ਪੈਂਦੀ ਹੈ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

ਵਿਚਾਰ-ਚਰਚਾ

# ਅਜੋਕੇ ਸੇਂਟ ਪਾਲ ਨਾਲ ਸੰਵਾਦ ਦੀ ਦਿਸ਼ਾ ਵੱਲ

## "ਬਲਕਾਰ ਸਿੰਘ ਨੂੰ ਗੁੱਸਾ ਕਿਉਂ ਆਉਂਦਾ ਹੈ":ਇਕ ਪ੍ਰਤੀਉਤਰ

*ਕੁਝ ਹਫਤੇ ਪਹਿਲਾਂ ਅਸੀਂ ਸਿੱਖ ਵਿਦਵਾਨ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਖੱਬੇ ਪੱਖੀ ਵਿਦਵਾਨ ਡਾ. ਪ੍ਰੇਮ ਸਿੰਘ ਦਾ ਇਕ ਲੇਖ ਛਾਪਿਆ ਸੀ ਜਿਸ ਪਿਛੋਂ ਡਾ. ਬਲਕਾਰ ਸਿੰਘ ਹੋਰਾਂ ਦਾ ਵੀ ਇਕ ਲੇਖ ਸ. ਅਜਮੇਰ ਸਿੰਘ ਦੀ ਪੁਸਤਕ 'ਵੀਹਵੀਂ ਸਦੀ ਦੀ ਰਾਜਨੀਤੀ' ਬਾਰੇ ਛਾਪਿਆ ਗਿਆ ਸੀ। ਇਸ ਲੇਖ ਦੀ ਪ੍ਰਤੀਕ੍ਰਿਆ ਵਿਚ ਸ. ਰਣਜੀਤ ਸਿੰਘ ਤੇ ਸ. ਬੀਰ ਸਿੰਘ ਚੌਹਾਨ ਦੇ ਲੇਖ ਅਤੇ ਇਕ ਵੱਖਰੇ ਜ਼ਾਵੀਏ ਤੋਂ ਲਿਖਿਆ ਪ੍ਰਸਿਧ ਵਿਦਵਾਨ ਡਾ. ਤੇਜਿੰਦਰ ਸਿੰਘ ਗਿੱਲ ਦਾ ਲੇਖ ਅਸੀਂ ਛਾਪ ਚੁਕੇ ਹਾਂ। ਸੰਵਾਦ ਨੂੰ ਜਾਰੀ ਰੱਖਦਿਆਂ ਡਾ. ਬਲਕਾਰ ਸਿੰਘ ਨੇ ਪ੍ਰਤੀਉਤਰ ਦਿੱਤਾ ਹੈ। ਸੰਵਾਦ ਵਿਚ ਸ਼ਾਮਲ ਹੁੰਦਿਆਂ ਸ. ਹਰਕੀਰਤ ਸਿੰਘ ਨੇ ਵੀ ਇਕ ਲੇਖ ਭੇਜਿਆ ਹੈ। ਅਸੀਂ ਇਹ ਸਾਰੇ ਲੇਖ ਛਾਪ ਰਹੇ ਹਾਂ। ਲੇਖਕਾਂ ਨੂੰ ਬੇਨਤੀ ਹੈ ਕਿ ਉਹ ਸੰਵਾਦ ਨੂੰ ਅਕਾਦਮਿਕ ਰੱਖਦਿਆਂ ਇਕ ਦੂਜੇ ਨੂੰ ਸਿੱਧਾ ਸੰਬੋਧਨ ਹੋਣ ਦੀ ਥਾਂ ਵਿਚਾਰਾਂ ਨੂੰ ਸੰਬੋਧਨ ਹੋਣ ਅਤੇ ਸ਼ਾਇਸ਼ਤਗੀ ਦਾ ਉਚੇਚਾ ਧਿਆਨ ਰੱਖਣ।*

*ਇਕ ਵਾਰ ਫਿਰ ਸਪਸ਼ਟ ਕਰ ਦਈਏ ਕਿ ਸਾਡਾ ਇਨ੍ਹਾਂ ਲੇਖਾਂ ਵਿਚ ਪ੍ਰਗਟਾਏ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਲੇਖ ਪਾਠਕਾਂ ਨੂੰ ਵਿਚਾਰ-ਵਟਾਂਦਰੇ ਅਤੇ ਸੰਵਾਦ ਦਾ ਇਕ ਸਾਰਥਕ ਮੰਚ ਮੁਹੱਈਆ ਕਰਨ ਦੇ ਮਨੋਰਥ ਨਾਲ ਛਾਪੇ ਜਾ ਰਹੇ ਹਨ। ਸਾਨੂੰ ਇਸ ਮਾਮਲੇ 'ਤੇ ਹੋਰ ਪ੍ਰਤੀਕ੍ਰਿਆਵਾਂ ਦੀ ਉਡੀਕ ਰਹੇਗੀ। -ਸੰਪਾਦਕ*

**ਬਲਕਾਰ ਸਿੰਘ***

ਰਣਜੀਤ ਸਿੰਘ ਵਲੋਂ ਲਿਖੇ ਗਏ ਲੰਬੇ ਲੇਖ "ਵਿਦਵਾਨ ਬਲਕਾਰ ਸਿੰਘ ਨੂੰ ਗੁੱਸਾ ਕਿਉਂ ਆਉਂਦਾ ਹੈ?" ਬਾਰੇ ਤਾਂ ਇੰਨਾ ਹੀ ਕਹਿਣਾ ਹੈ ਕਿ ਜਿੰਨੇ ਗੁੱਸੇ ਨਾਲ ਉਨ੍ਹਾਂ ਨੇ ਲਿਖਿਆ ਹੈ, ਇੰਨੇ ਗੁੱਸੇ ਨਾਲ ਮੈਂ ਬਿਲਕੁਲ ਨਹੀਂ ਲਿਖਿਆ ਸੀ। ਹੁਣ ਵੀ ਉਨ੍ਹਾਂ ਵਲੋਂ ਲਿਖੇ ਜਾਣ ਦੀ ਮੈਨੂੰ ਖੁਸ਼ੀ ਹੈ ਕਿਉਂਕਿ ਮੇਰਾ ਤਜਰਬਾ ਇਹੀ ਹੈ ਕਿ ਜਿਹੜੀ ਲਿਖਤ ਬਾਰੇ ਚਰਚਾ ਨਹੀਂ ਹੁੰਦੀ, ਉਹ ਵਰਤੋਂ ਵਿਚ ਨਹੀਂ ਆਉਂਦੀ। ਮੈਂ ਬਠਿੰਡੇ ਤੋਂ ਇਸ ਪੁਸਤਕ ਬਾਰੇ ਲੱਗੀ ਖਬਰ "ਰੂਪੋਸ਼ੀ ਦੇ ਸਫਰ ਨੇ ਸਿੱਖ ਜਗਤ ਨੂੰ ਦਿਤਾ ਤੋਹਫਾ" ਨੂੰ ਅਜਮੇਰ ਸਿੰਘ ਅੰਦਰਲੇ ਲੇਖਕ ਦੇ ਵਿਕਾਸ ਦਾ ਸੂਚਕ ਵੀ ਮੰਨਦਾ ਹਾਂ ਅਤੇ ਉਸ ਦੇ ਮਸੀਹੀਕਰਨ ਦਾ ਸੰਕੇਤ ਵੀ। ਇਸ ਪੁਸਤਕ ਨੂੰ ਪੂਰੀ ਰੀਝ ਨਾਲ ਪੜ੍ਹਿਆ ਸੀ, ਲਗਿਆ ਸੀ ਕਿ ਇਸ ਪੁਸਤਕ ਬਾਰੇ ਰੀਵੀਊ-ਲੇਖ ਲਿਖੇ ਜਾਣ ਦੀ ਜਿੰਮੇਵਾਰੀ ਮੈਨੂੰ ਇਸ ਕਰਕੇ ਨਿਭਾਉਣੀ ਚਾਹੀਦੀ ਹੈ ਕਿ ਇਹ ਮੇਰਾ ਮਨਭਾਉਂਦਾ ਖੇਤਰ ਵੀ ਹੈ ਅਤੇ ਪੁਸਤਕ ਬਾਰੇ ਗੱਲ ਵੀ ਤੁਰਨੀ ਚਾਹੀਦੀ ਹੈ ਪਰ ਉਸ ਵੇਲੇ ਇਸ ਦਾ ਨੋਟਿਸ ਹੀ ਨਹੀਂ ਲਿਆ ਗਿਆ ਸੀ। ਮੈਂ ਧੰਨਵਾਦੀ ਹਾਂ ਕਿ ਰਣਜੀਤ ਸਿੰਘ ਆਖਰ ਸੰਵਾਦ ਰਚਾਉਣ ਵਾਲੇ ਪਾਸੇ ਤੁਰੇ ਹਨ। ਇਹ ਵੀ ਸਪਸ਼ਟ ਕਰ ਦਿਆਂ ਕਿ ਉਨ੍ਹਾਂ ਦੀ ਕੋਈ ਵੀ ਗੱਲ ਮੈਨੂੰ ਬੁਰੀ ਨਹੀਂ ਲਗੀ ਕਿਉਂਕਿ ਉਨ੍ਹਾਂ ਦੀ ਉਚੀ ਸੁਰ ਨੂੰ ਵੀ ਮੈਂ ਦਲੀਲ ਦਾ ਹਿੱਸਾ ਹੀ ਮੰਨਦਾ ਹਾਂ। ਵੈਸੇ ਵੀ 2004 ਦਾ ਇਹ ਲੇਖ ਜੇ ਕਿਸੇ ਰੰਜਿਸ਼ ਨਾਲ ਲਿਖਿਆ ਹੁੰਦਾ ਤਾਂ ਇਸ ਦਾ ਪ੍ਰਛਾਵਾਂ ਮਿਲਦਿਆਂ ਗਿਲਦਿਆਂ ਨਜ਼ਰ ਆ ਹੀ ਜਾਣਾ ਸੀ। ਜਿਵੇਂ ਉਨ੍ਹਾਂ ਆਪ ਹੀ ਹਵਾਲਾ ਦਿਤਾ ਹੈ ਕਿ ਮੈਂ ਟੌਹੜਾ ਸਾਹਿਬ ਦੀ ਜੀਵਨੀ ਵਿਚ ਅਜਮੇਰ ਸਿੰਘ ਦੇ ਹਵਾਲੇ ਉਸ ਦੀ ਲਿਖਤ ਦੀ ਅਹਿਮੀਅਤ ਸਮਝਦਾ ਹੋਣ ਕਰਕੇ ਹੀ ਦਿਤੇ ਸਨ।

ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਕੋਈ ਪਾਠਕ ਸੰਵਾਦ ਰਚਾਉਣ ਵਾਲੇ ਪਾਸੇ ਤੁਰਦਾ ਹੈ ਪਰ ਅਕਸਰ ਆਪਣੀਆਂ ਪਾਠਕੀ-ਸੀਮਾਵਾਂ ਵਿਚ ਰਹਿ ਕੇ ਹੀ ਗੱਲ ਕਰਨੀ ਚਾਹੁੰਦਾ ਹੈ। ਰਣਜੀਤ ਸਿੰਘ ਦਾ ਇਸ ਪੁਸਤਕ ਵਿਚ ਯੋਗਦਾਨ ਮੇਰੇ ਕੋਲੋਂ ਲੁਕਿਆ ਨਹੀਂ ਹੈ। ਇਸ ਕਰਕੇ ਉਨ੍ਹਾਂ ਨਾਲ ਗੱਲ ਕਰਨੀ ਮੇਰੀ ਉਸ ਰੀਝ ਦੇ ਬਹੁਤ ਨੇੜੇ ਹੈ, ਜਿਸ ਦੀ ਪੂਰਤੀ ਲਈ ਮੈਂ ਇਹ ਲੇਖ ਉਦੋਂ ਲਿਖਿਆ ਸੀ।

ਮੈਨੂੰ ਯਾਦ ਹੈ ਕਿ ਜਦੋਂ ਕਿਤਾਬ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਛਪੀ ਸੀ ਤਾਂ ਮੈਂ ਇਸ ਦੀ ਕਾਪੀ ਖਰੀਦ ਕੇ ਨਾਲ ਅਮਰੀਕਾ ਲੈ ਗਿਆ ਸੀ। ਆਪਣੀ ਰੀਝ ਨਾਲ ਜੁੜੇ ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਮੈਂ ਬਹੁਤ ਧਿਆਨ ਨਾਲ ਪੜ੍ਹਦਾ ਹਾਂ। ਇਸ ਨੂੰ ਵੀ ਮੈਂ ਆਪਣੇ ਵਿਤ ਅਨੁਸਾਰ ਬਹੁਤ ਧਿਆਨ ਨਾਲ ਪੜ੍ਹਿਆ। ਮੈਂ ਤਾਂ ਅਤਿੰਦਰਪਾਲ ਸਿੰਘ ਦੀ ਲਿਖੀ ਪੁਸਤਕ "ਖਾਲਿਸਤਾਨ" ਵੀ ਬਹੁਤ ਗਹੁ ਨਾਲ ਪੜ੍ਹੀ ਹੈ ਪਰ ਉਸ ਬਾਰੇ ਸੰਵਾਦ ਨਹੀਂ ਛੇੜਿਆ ਜਾ ਸਕਦਾ, ਇਸ ਗੱਲ ਦਾ ਮੈਨੂੰ ਅਹਿਸਾਸ ਹੈ। ਅਜਮੇਰ ਸਿੰਘ ਦੀ ਪਹਿਲੀ ਪੁਸਤਕ ਬਾਰੇ ਨਾ ਕੇਵਲ ਸੰਵਾਦ ਛੇੜਿਆ ਜਾ ਸਕਦਾ ਹੈ, ਸਗੋਂ ਛੇੜਿਆ ਜਾਣਾ ਚਾਹੀਦਾ ਹੈ। ਅਕਾਦਮਿਕਤਾ ਵਿਚ ਇਲਜ਼ਾਮ-ਤਰਾਸ਼ੀ ਵਰਗੀ ਕਿਸੇ ਪਰਤ ਨੂੰ ਕੋਈ ਮਾਨਤਾ ਨਹੀਂ ਹੁੰਦੀ ਅਤੇ ਨਾ ਹੀ ਅਕਾਦਮਿਕਤਾ ਵਿਚ ਰਾਏ ਦੇ ਵਿਰੋਧ ਨਾਲ ਦੁਸ਼ਮਣਾਂ ਵਾਂਗ ਨਜਿੱਠਣ ਦੀ ਆਗਿਆ ਹੈ। ਚਾਹੀਦਾ ਤਾਂ ਇਹ ਸੀ ਕਿ ਰਣਜੀਤ ਸਿੰਘ ਉਨ੍ਹਾਂ ਨੁਕਤਿਆਂ 'ਤੇ ਸੰਵਾਦ ਰਚਾਉਣ ਦੀ ਕੋਸ਼ਿਸ਼ ਕਰਦੇ ਜਿਹੜੇ ਮੇਰੇ ਲੇਖ ਵਿਚ ਉਠਾਏ ਗਏ ਸਨ ਪਰ ਉਨ੍ਹਾਂ ਤਾਂ ਸਵਾਲ ਉਠਾਉਣ ਦਾ ਅਧਿਕਾਰ ਮੇਰੇ ਕੋਲੋਂ ਖੋਹ ਕੇ ਆਪਣੇ ਹੱਥ ਕਰ ਲਿਆ ਹੈ। ਏਸੇ ਕਰਕੇ ਅਰੰਭ ਹੀ ਇਥੋਂ ਕਰ ਲਿਆ ਕਿ "ਕਿਤਾਬ ਉਤੇ ਬਲਕਾਰ ਸਿੰਘ ਦੀ ਗੁੱਸੇ ਭਰੀ ਪੜਚੋਲ ਏਨੀ ਸ਼ੋਰੀਲੀ, ਜ਼ਹਿਰੀਲੀ ਤੇ ਰੋਲ ਘਚੋਲੇ ਵਾਲੀ ਹੈ।" ਇਹੋ ਜਿਹੀ ਭਾਸ਼ਾ ਨਾਲ ਅਰੰਭ ਕਰਕੇ ਵੀ ਮੇਰੇ 'ਤੇ ਦੂਸ਼ਣ ਲਾਇਆ ਜਾ ਰਿਹਾ ਹੈ ਕਿ ਮੈਂ ਲੇਖਕ 'ਤੇ "ਇਲਜ਼ਾਮ-ਤਰਾਸ਼ੀ" ਕਰ ਰਿਹਾ ਹਾਂ। ਗੱਲ ਸਿੱਖ ਰਾਜਨੀਤੀ ਦੀ ਹੋ ਰਹੀ ਹੈ ਅਤੇ ਇਸ ਨੂੰ ਸਿੱਖ ਸਭਿਆਚਾਰ, ਸਿੱਖ ਧਰਮ ਅਤੇ ਸਿੱਖ ਅਧਿਆਤਮਿਕਤਾ ਨਾਲ ਜੋੜ ਕੇ ਹੀ ਗੱਲ ਕਰਨੀ ਚਾਹੀਦੀ ਸੀ ਪਰ ਰਣਜੀਤ ਸਿੰਘ ਨੇ "ਯੂਰਪ ਅੰਦਰ ਨਾਜ਼ੀਵਾਦ ਅਧੀਨ ਹੋਏ ਜ਼ੁਲਮਾਂ" ਤੋਂ ਸ਼ੁਰੂ ਕੀਤੀ ਹੈ। ਮੈਨੂੰ ਇਤਰਾਜ਼ ਨਾ ਹੁੰਦਾ ਜੇ ਸੰਵਾਦ ਇਸ ਤੋਂ ਬਗੈਰ ਅਗੇ ਤੋਰਨਾ ਔਖਾ ਹੁੰਦਾ। ਇਹੀ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿੱਖਾਂ ਨਾਲ ਖਾੜਕੂਵਾਦ ਦੇ ਦੌਰ ਸਮੇਂ ਵਾਪਰੀਆਂ ਘਟਨਾਵਾਂ ਸਿਧਾਂਤਕ-ਸੋਝੀ ਦੀ ਘਾਟ ਕਰਕੇ ਨਹੀਂ ਵਾਪਰੀਆਂ? ਸਗੋਂ ਇਸ ਨੂੰ ਵਾਪਰਾਉਣ ਪਿਛੇ ਕਿਸੇ ਨਾ ਕਿਸੇ ਕਿਸਮ ਦੀ ਸਿਆਸਤ ਕੰਮ ਕਰ ਰਹੀ ਸੀ। ਉਸ ਸਿਆਸਤ ਦੀ ਇਕ ਪਰਤ ਇਸ ਪੁਸਤਕ ਨਾਲ ਸਾਹਮਣੇ ਆ ਗਈ ਹੈ ਪਰ ਉਸ ਦੇ ਨਾਲ ਹੀ ਹੋਰ ਪਰਤਾਂ ਵੀ ਪਈਆਂ ਹਨ ਜਿਨ੍ਹਾਂ ਨੂੰ ਨਾਲ ਲੈ ਕੇ ਹੀ ਸਮਸਿਆਂ ਦੇ ਸਮੁੱਚ ਨੂੰ ਸਮਝਿਆ ਜਾ ਸਕਦਾ ਹੈ। ਅਸੀਂ ਸਾਰੇ ਸਮਕਾਲੀ ਹਾਂ ਅਤੇ ਇਕ ਦੂਜੇ ਦੇ ਭੇਤੀ ਵੀ। ਅਜਮੇਰ ਸਿੰਘ ਨੇ ਲੇਖਕ ਦੇ ਤੌਰ 'ਤੇ ਬਹੁਤ ਫਾਸਲਾ ਤੈਅ ਕੀਤਾ ਹੈ ਜਿਸ ਵਿਚ ਬਹੁਤ ਸਾਰੀਆਂ ਸ਼ਿਫਟਾਂ ਵਜੀਆਂ ਹੋਈਆਂ ਹਨ। ਇਨ੍ਹਾਂ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ ਪਰ ਪਾਠਕ ਕਈ ਵਾਰ ਉਥੇ ਹੀ ਖੜੇ ਰਹਿੰਦੇ ਹਨ। ਅਜਿਹਾ ਲੇਖਕ ਦਾ ਮਸੀਹੀਕਰਨ ਕਰਨ ਵਾਲਿਆਂ ਤੋਂ ਵੀ ਹੋ ਜਾਂਦਾ ਹੈ। ਰਣਜੀਤ ਸਿੰਘ ਦੇ ਲੇਖ ਵਿਚੋਂ ਇਹ ਪ੍ਰਭਾਵ ਵੇਖ ਕੇ ਮੈਨੂੰ ਉਦਾਸੀ ਹੋਈ ਹੈ। ਕਿਸੇ ਦਾ ਪ੍ਰਸ਼ੰਸਕ ਹੋਣ ਅਤੇ ਧਾਕੜ-ਸ਼ਰਧਾਵਾਨ ਹੋਣ ਵਿਚ ਫਰਕ ਨੂੰ ਮਹਿਸੂਸ ਕਰਨ ਦੀ ਬਹੁਤ ਲੋੜ ਹੈ। ਸਾਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਇਸ ਵੇਲੇ ਗੱਲੋਬਲ ਹੋ ਰਹੀ ਸਿੱਖ ਕੌਮ ਨੂੰ ਕਿਸ ਕਿਸਮ ਦੀ ਸਿਆਸਤ ਦੀ ਲੋੜ ਹੈ? ਇਹੀ ਗੱਲਾਂ ਸਨ ਜਿਨ੍ਹਾਂ ਵਲ ਧਿਆਨ ਦੁਆਉਣ ਲਈ ਮੈਂ ਇਹ ਰੀਵੀਊ ਲਿਖਿਆ ਸੀ। ਅਜਮੇਰ ਸਿੰਘ ਮਸੀਹਾ ਨਹੀਂ ਹੈ, ਉਸ ਦਾ ਸੇਂਟ ਪਾਲ ਬਣਨ ਦੀ ਜਿਦ ਨਾ ਕੀਤੀ ਜਾਵੇ। ਉਸ ਦੀ ਲੋੜ ਇਹ ਹੈ ਕਿ ਪੁਸਤਕ ਨੂੰ ਪੜ੍ਹੇ ਜਾਣ ਵਾਲੇ ਪਾਸੇ ਤੋਰਿਆ ਜਾਵੇ। ਪ੍ਰਸ਼ੰਸਕ ਕਈ ਵਾਰ ਦੁਸ਼ਮਣ ਵਾਂਗ ਹੀ ਨੁਕਸਾਨ ਕਰ ਜਾਂਦੇ ਹਨ। ਜਿਸ ਪੁਸਤਕ ਦੇ ਪਾਠਕ ਇਕ ਮਾਨਸਿਕਤਾ ਦੇ ਕੈਦੀ ਹੋਣ, ਉਨ੍ਹਾਂ ਦੀ ਪੋਜੈਸਿਵਨੈਸ ਕਦੇ ਕਿਸੇ ਲੇਖਕ ਦੇ ਹਿਤ ਵਿਚ ਨਹੀਂ ਭੁਗਤਦੀ। ਚਿੰਤਨ, ਕਿੰਤੂਮੁਕਤ ਨਹੀਂ ਹੁੰਦਾ। ਕਿਸੇ ਵੀ ਰਚਨਾ ਦਾ ਮੁੱਲ ਟੁਕੜਿਆਂ ਵਿਚ, ਪਰਤਾਂ ਵਿਚ ਜਾਂ ਉਲਾਰ-ਰੀਝ ਨਾਲ ਨਹੀਂ ਪਾਇਆ ਜਾ ਸਕਦਾ। ਦਸੋ ਇਹੋ ਜਿਹੀ ਭਾਵਨਾ ਨਾਲ ਪੁਸਤਕ ਦੇ ਪਾਠਕਾਂ ਦਾ ਘੇਰਾ ਮੋਕਲਾ ਕਰਨ ਦੀ ਮੇਰੀ ਕੋਸ਼ਿਸ਼, ਨਿੰਦਾ ਕਿਵੇਂ ਹੋਈ? ਇਹ ਤਾਂ ਦਸਣਾ ਹੀ ਚਾਹੀਦਾ ਹੈ।

ਜੇ ਇਹ ਮੈਂ ਮੰਨ ਵੀ ਲਵਾਂ ਕਿ ਮੇਰਾ ਰੀਵੀਊ-ਲੇਖ ਰਣਜੀਤ ਸਿੰਘ ਮੁਤਾਬਿਕ "ਹੋਛੀ ਤੇ ਪੇਤਲੀ ਵਿਆਖਿਆ" ਹੈ ਤਾਂ ਵੀ ਇਸ ਨਾਲ ਸਾਬਤ ਕੀ ਹੋਵੇਗਾ? ਉਨ੍ਹਾਂ ਦੀ ਤਿਫਲ-ਤਸੱਲੀ ਤਾਂ ਉਨ੍ਹਾਂ ਦੇ ਹੰਕਾਰ ਨੂੰ ਹੀ ਵਕਤੀ ਜਿਹਾ ਸਹਾਰਾ ਦੇ ਸਕਦੀ ਹੈ। ਸਮਝ ਤਾਂ ਹਲੀਮ ਬਣਾਉਂਦੀ ਹੈ। ਉਹ ਕਿਹੜੀ ਸਮਝ ਦੇ ਆਸਰੇ ਮੈਨੂੰ ਅਨਪੜ੍ਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ? ਇਸ ਨਾਲ ਉਨ੍ਹਾਂ ਦੇ ਆਪਣੇ ਹੀ ਸ਼ਬਦਾਂ ਵਿਚ ਕਿਹੜੇ "ਨਵੇਂ ਗਿਆਨ ਦੀ ਮਾਨਤਾ ਸਥਾਪਤ" ਹੋਈ ਹੈ? ਵੈਸੇ ਵੀ ਮੈਂ ਤਾਂ ਕੇਵਲ ਇਕ ਕਿਤਾਬ ਬਾਰੇ ਗੱਲ ਕੀਤੀ ਸੀ ਪਰ ਉਹ ਅਜਮੇਰ ਸਿੰਘ ਦੀਆਂ ਤਿੰਨਾਂ ਹੀ ਕਿਤਾਬਾਂ ਦੀ ਗੱਲ ਕਰੀ ਜਾ ਰਹੇ ਹਨ। ਏਸੇ ਕਰਕੇ ਉਨ੍ਹਾਂ ਖੁਸ਼ਵੰਤ ਸਿੰਘ ਵਾਲੀ ਗੱਲ ਉਠਾ ਲਈ ਹੈ। ਹਾਲਾਂਕਿ ਇਹ ਮੇਰੇ ਚਰਚਾ ਅਧੀਨ ਲੇਖ ਦਾ ਹਿੱਸਾ ਨਹੀਂ ਹੈ। ਇਹ ਤੀਜੀ ਪੁਸਤਕ ਨਾਲ ਸਬੰਧਤ ਹੈ ਅਤੇ ਇਸ ਵਿਚ ਜਿਹੜੇ ਵਿਦਵਾਨਾਂ ਦਾ ਜ਼ਿਕਰ ਕੀਤਾ ਹੈ, ਉਹ ਸਰਕਾਰ ਅਤੇ ਦੇਸ਼ ਵਿਚ ਅਤੇ ਸਰਕਾਰ ਅਤੇ ਭਾਈਚਾਰਿਆਂ ਵਿਚਲੇ ਫਰਕ ਨੂੰ ਸਮਝ ਕੇ ਲਿਖ ਰਹੇ ਹਨ। ਉਨ੍ਹਾਂ ਵਿਚੋਂ ਜਿਹੜੇ ਵਿਦਵਾਨਾਂ ਦੇ ਹਵਾਲੇ ਨਾਲ ਲੇਖਕ ਨੇ ਕੁਝ ਲੇਖਕਾਂ ਨੂੰ ਕੋਸਿਆ ਹੈ, ਉਨ੍ਹਾਂ ਵਿਚੋਂ ਕੋਈ ਵੀ ਉਸ ਥੀਸਿਸ ਦਾ ਸਮਰਥਕ ਨਹੀਂ ਹੈ, ਜਿਸ ਥੀਸਿਸ ਦੀ ਵਕਾਲਤ "ਅਣਚਿਤਵਿਆ ਕਹਿਰ, 2009, ਪੰਨਾ 379" ਵਿਚ ਕੀਤੀ ਹੋਈ ਹੈ। ਜੇ ਮੌਕਾ ਮਿਲਿਆ ਜਾਂ ਲੋੜ ਪਈ ਤਾਂ ਇਕਲੇ ਇਸ ਮੁੱਦੇ ਤੇ ਵੀ ਗੱਲ ਕੀਤੀ ਜਾ ਸਕਦੀ ਹੈ ਕਿ ਵਰਤੇ ਗਏ ਸ੍ਰੋਤਾਂ ਵਿਚੋਂ ਕੀ ਲਿਆ ਗਿਆ ਹੈ ਅਤੇ ਕਿਉਂ ਲਿਆ ਗਿਆ ਹੈ? ਪਰ ਰਣਜੀਤ ਨੂੰ ਲਗਿਆ ਹੋਵੇਗਾ, ਮੈਨੂੰ ਕੋਈ ਘਬਰਾਹਟ ਨਹੀਂ ਹੋਈ? ਜਿਹੜੀ ਸਪੇਸ ਵਿਚ ਅਜਮੇਰ ਸਿੰਘ ਵਿਚਰ ਰਿਹਾ ਹੈ, ਉਸ ਵਿਚ ਮੈਂ ਨਾ ਕਿਤੇ ਹਾਂ ਅਤੇ ਨਾ ਹੀ ਹੋਣਾ ਚਾਹੁੰਦਾ ਹਾਂ। ਮੈਂ ਤਾਂ ਹੋਰ ਜਾਨਣ ਦੀ ਭਾਵਨਾ ਨਾਲ ਹੀ ਲੇਖ ਲਿਖਿਆ ਸੀ ਪਰ ਇਸ ਵਿਚੋਂ ਰਣਜੀਤ ਸਿੰਘ ਮੁਤਾਬਿਕ "ਨਿੰਦਨ ਦੀ ਭਾਵਨਾ" ਉਸ ਤੋਂ ਬਿਨਾਂ ਹੋਰ ਕਿਸੇ ਨੇ ਸਾਹਮਣੇ ਨਹੀਂ ਲਿਆਂਦੀ। ਵੈਸੇ ਵੀ ਅਜਿਹਾ ਕਰਨ ਦਾ ਨਾ ਹੀ ਕੋਈ ਕਾਰਨ ਹੈ ਅਤੇ ਨਾ ਹੀ ਮੇਰੀ ਲੋੜ ਹੈ। ਜਿਸ ਕਿਸਮ ਦੇ "ਸੁਹਿਰਦ ਅਤੇ ਸੰਜੀਦਾ ਯਤਨ" ਦੀ ਮੇਰੇ ਕੋਲੋਂ ਆਸ ਕੀਤੀ ਗਈ ਹੈ, ਉਹ ਤਾਂ ਇਕ ਸ਼ਰਧਾਲੂ ਜਾਂ ਪੋਜੈਸਿਵ-ਪਾਠਕ ਦਾ ਹੀ ਹੋ ਸਕਦਾ ਹੈ। ਇਕੋ ਖੇਤਰ ਦੇ ਸਮਕਾਲੀਆਂ ਕੋਲੋਂ ਇਹੋ ਜਿਹੀ ਅਗਾਊਂ-ਆਸ ਕਰਨੀ ਅਤੇ ਫਿਰ ਆਪ ਹੀ ਇਸ ਦੀ ਅਪੂਰਤੀ ਦਾ ਬਹਾਨਾ ਲੈ ਕੇ ਜਿਹੋ ਜਿਹੀਆਂ ਟਿਪਣੀਆਂ ਕਰਨੀਆਂ ਸੰਵਾਦ ਵਲ ਨਹੀਂ ਜ਼ਬਾਨਬੰਦੀ ਵਲ ਤੁਰਦੀਆਂ ਹਨ। ਇਸ ਦੇ ਬਾਵਜੂਦ ਜੋ ਵੀ ਅਜਮੇਰ ਸਿੰਘ ਫੈਸਲਾ ਕਰੇਗਾ, ਮੈਂ ਮੰਨ ਲਵਾਂਗਾ ਪਰ ਮੇਰਾ ਮਸ਼ਵਰਾ ਇਹੋ ਹੈ ਕਿ ਸੰਵਾਦ ਚਲਦਾ ਰਖਣਾ ਚਾਹੀਦਾ ਹੈ।

ਰਣਜੀਤ ਸਿੰਘ ਨੂੰ ਜਥੇਦਾਰ ਟੌਹੜਾ ਬਾਰੇ ਵਰਤੇ ਗਏ ਵਿਸ਼ੇਸ਼ਣਾਂ 'ਤੇ ਇਤਰਾਜ਼ ਹੈ ਤਾਂ ਏਨਾਂ ਹੀ ਕਹਿਣਾ ਚਾਹਾਂਗਾ ਕਿ ਇਹ ਪੁਸਤਕ ਮੇਰੀ ਮੁਹੱਬਤ ਦਾ ਗੀਤ ਹੈ। ਗੀਤ ਵਿਚ ਕਿਸੇ ਦਲੀਲ

*(ਬਾਕੀ ਅਗਲੇ ਸਫੇ 'ਤੇ)*

# ਡਾ. ਬਲਕਾਰ ਸਿੰਘ ਦਾ ਅਨੋਖਾ ਰਾਜਸੀ ਵਿਗਿਆਨ !

**ਹਰਕੀਰਤ ਸਿੰਘ**

ਪੰਜਾਬ ਟਾਈਮਜ਼ ਵਿਚ ਡਾ. ਬਲਕਾਰ ਸਿੰਘ ਨੇ ਪੰਥਕ ਵਿਦਵਾਨ ਸ. ਅਜਮੇਰ ਸਿੰਘ ਦੀ ਬਹੁ-ਚਰਚਿਤ ਕਿਤਾਬ ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦਾ ਰੀਵਿਊ ਕੀਤਾ ਹੈ। ਡਾ. ਬਲਕਾਰ ਸਿੰਘ ਦਾ ਕਹਿਣਾ ਹੈ ਕਿ ਉਸ ਨੂੰ ਸੱਤ ਸਾਲ ਪਹਿਲਾਂ ਲਿਖਿਆ ਇਹ ਰੀਵਿਊ ਮੁੜ ਛਪਵਾਉਣ ਦੀ ਪ੍ਰੇਰਨਾ ਤੇ ਉਤਸ਼ਾਹ ਕਮਿਉਨਿਸਟ ਲੇਖਕ ਡਾ. ਪ੍ਰੇਮ ਸਿੰਘ ਤੋਂ ਮਿਲਿਆ ਹੈ। ਡਾ. ਬਲਕਾਰ ਸਿੰਘ 'ਸਿੱਖ ਰਹੱਸਵਾਦ' ਦੇ ਵਿਸ਼ੇ ਤੇ ਪੀ ਐਚ ਡੀ ਹਨ। ਉਹ ਤੀਹ ਸਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਅਨ ਵਿਭਾਗ ਵਿਚ ਸੇਵਾ ਕਰਦੇ ਰਹੇ ਹਨ ਅਤੇ ਮੁਖੀ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਹਨ। ਇਸ ਦੌਰਾਨ ਉਨ੍ਹਾਂ ਨੇ ਦਰਜਨਾਂ ਕਿਤਾਬਾਂ ਦਾ ਸੰਪਾਦਨ ਕਰਨ ਤੋਂ ਇਲਾਵਾ ਵਿਭਾਗ ਦੇ 'ਨਾਨਕ ਪ੍ਰਕਾਸ਼ ਪੱਤ੍ਰਿਕਾ' ਦੇ ਸੰਪਾਦਕ ਦਾ ਕਾਰਜ ਵੀ ਨਿਭਾਇਆ। ਉਨ੍ਹਾਂ ਦੇ ਸਿੱਖ ਅਧਿਆਤਮਿਕਤਾ, ਸਿੱਖ ਧਰਮ ਵਿਗਿਆਨ ਤੇ ਸਿੱਖ ਇਤਿਹਾਸ ਬਾਰੇ ਸੌ ਦੇ ਕਰੀਬ ਖੋਜ ਪੱਤਰ ਵੀ ਵੱਖ ਵੱਖ ਥਾਵਾਂ 'ਤੇ ਛਪੇ। ਏਨੇ ਲਾਇਕ ਵਿਅਕਤੀ ਕੋਲੋਂ ਅਜਮੇਰ ਸਿੰਘ ਦੀ ਕਿਤਾਬ ਦੇ ਰੀਵਿਊ ਸਮੇਂ ਜਿਹੋ ਜਿਹੀ ਜਿੰਮੇਵਾਰੀ ਅਤੇ ਬੌਧਿਕਤਾ ਦੀ ਤਵੱਕੋ ਸੀ, ਬਹੁਤ ਅਫਸੋਸ ਹੈ ਕਿ ਉਨ੍ਹਾਂ ਦੀ ਲਿਖਤ ਦਾ ਪੱਧਰ ਉਸ ਦੇ ਮੁਕਾਬਲੇ ਬਹੁਤ ਨੀਵਾਂ ਹੈ। ਇਸ ਦਾ ਇਕ ਕਾਰਨ ਤਾਂ ਸ਼ਾਇਦ ਇਹ ਹੈ ਕਿ ਰਾਜਨੀਤੀ ਡਾ. ਬਲਕਾਰ ਸਿੰਘ ਦਾ ਖੇਤਰ ਨਹੀਂ। ਵੈਸੇ ਆਪਣੇ ਖੇਤਰ ਅੰਦਰ ਵੀ ਉਨ੍ਹਾਂ ਨੇ ਜੋ ਮਾਅਰਕੇ ਮਾਰੇ ਹਨ, ਜੇ ਬਹਿਸ ਹੋਰ ਉਧੜੀ ਤਾਂ ਸਪਸ਼ਟ ਹੋ ਜਾਣਗੇ। ਰਾਜਨੀਤਕ ਵਿਗਿਆਨ ਬਾਰੇ ਅਗਿਆਨੀ ਹੋਣ ਕਰਕੇ ਹੀ ਉਹ ਇਹ ਕੁਚੱਜਾ ਨਿਰਣਾ ਦੇਣ ਤਕ ਚਲੇ ਗਏ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ 'ਸਿਆਸਤਦਾਨ' ਨਹੀਂ ਸਨ, ਉਨ੍ਹਾਂ 'ਸਿਆਸਤ ਦੀ ਕੋਈ ਨਵੀਂ ਪਿਰਤ ਪੈਦਾ ਨਹੀਂ ਕੀਤੀ'। ਕਿਸੇ ਵਿਅਕਤੀ ਜਾਂ ਵਰਗ ਦੀ ਸਟੇਟ ਨਾਲ ਸਬੰਧਾਂ ਬਾਰੇ ਸਮਝ, ਉਨ੍ਹਾਂ ਸਬੰਧਾਂ ਨੂੰ ਤਬਦੀਲ ਕਰਨ ਲਈ ਜੱਦੋਜਹਿਦ ਤੇ ਉਸ ਦੌਰਾਨ ਅਪਣਾਈ ਜਾਣ ਵਾਲੀ ਅਮਲੀ ਰਣਨੀਤੀ ਨੂੰ ਉਸ ਵਿਅਕਤੀ ਜਾਂ ਵਰਗ ਦੀ ਸਿਆਸਤ ਕਿਹਾ ਜਾਂਦਾ ਹੈ। ਜੇਕਰ ਡਾ. ਬਲਕਾਰ ਸਿੰਘ ਦੀ ਸਿਆਸਤ ਬਾਰੇ ਕੋਈ ਹੋਰ ਸਮਝ ਹੈ ਤਾਂ ਉਹ ਸਪਸ਼ਟ ਕਰਨ ਦੀ ਕਿਰਪਾਲਤਾ ਕਰਨ।

ਸ. ਅਜਮੇਰ ਸਿੰਘ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਅਕਾਲੀ ਦਲ ਤੇ ਨੈਸ਼ਨਲਿਸਟ ਸਿੱਖ ਵਰਗ ਦੀ ਸਿਆਸਤ ਦਾ ਆਪਣੀ ਕਿਤਾਬ ਵਿਚ ਗੂੜ੍ਹਾ ਵਿਸ਼ਲੇਸ਼ਣ ਕੀਤਾ ਹੈ। ਬਲਕਾਰ ਸਿੰਘ ਵੱਲੋਂ ਖੜ੍ਹੇ ਕੀਤੇ ਰੋਲ-ਘਚੋਲੇ ਨੂੰ ਸਾਫ ਕਰਨ ਲਈ ਇਥੇ ਮੈਂ ਅਜਮੇਰ ਸਿੰਘ ਦੀ ਕਿਤਾਬ ਵਿਚੋਂ ਇਕ ਲੰਮਾ ਹਵਾਲਾ ਦੇਵਾਂਗਾ। ਸ. ਅਜਮੇਰ ਸਿੰਘ ਲਿਖਦ ਹਨ: 'ਭਾਰਤ ਅੰਦਰ ਸਿੱਖ ਕੌਮ ਦੀ ਸਥਿਤੀ ਬਾਰੇ ਸੰਤ ਜਰਨੈਲ ਸਿੰਘ ਦੀ ਸਮਝ ਰਵਾਇਤੀ ਸਿੱਖ ਸੋਚਣੀ ਨਾਲੋਂ ਅਹਿਮ ਰੂਪ ਵਿਚ ਅਲੱਗ ਸੀ। ਆਜ਼ਾਦੀ ਤੋਂ ਬਾਅਦ ਸਿੱਖ ਆਗੂਆਂ ਦੀ ਹਿੰਦੂ ਹਾਕਮਾਂ ਦੇ ਖਿਲਾਫ ਇਹ ਹਰਦਮ ਸ਼ਿਕਾਇਤ ਰਹੀ ਹੈ ਕਿ ਭਾਰਤ ਅੰਦਰ ਸਿੱਖਾਂ ਨਾਲ ਸਾਵਾਂ ਸਲੂਕ ਨਹੀਂ ਹੋ ਰਿਹਾ ਅਤੇ ਉਨ੍ਹਾਂ ਨਾਲ ਪੈਰ ਪੈਰ ਤੇ ਵਿਤਕਰਾ ਤੇ ਬੇਨਿਸਾਫ਼ੀ ਹੋ ਰਹੀ ਹੈ। ਇਹ ਮੁੱਦਾ 1947 ਤੋਂ ਬਾਅਦ ਅਕਾਲੀ ਦਲ ਦੀ ਸਮੁੱਚੀ ਰਾਜਨੀਤਕ ਸਰਗਰਮੀ ਦਾ ਧੁਰਾ ਬਣਿਆ ਰਿਹਾ। ਜ਼ਾਹਰਾ ਤੌਰ 'ਤੇ ਸੰਤ ਭਿੰਡਰਾਂਵਾਲੇ ਵੀ ਸਿੱਖ ਕੌਮ ਨਾਲ ਵਿਤਕਰੇ ਤੇ ਦਵੈਤ ਦਾ ਹੀ ਸੁਆਲ ਉਠਾਉਂਦੇ ਰਹੇ। ਪ੍ਰੰਤੂ ਜੇਕਰ ਉਨ੍ਹਾਂ ਦੀ ਪੇਸ਼ਕਾਰੀ ਦੇ ਅੰਦਾਜ਼ ਤੇ ਤੱਤ ਦਾ ਗਹਿਰਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਉਨ੍ਹਾਂ ਦੀ ਰਾਜਸੀ ਵਿਚਾਰਧਾਰਾ ਦਾ ਅਕਾਲੀ ਲੀਡਰਸ਼ਿਪ ਦੀ ਸੋਚਣੀ ਨਾਲੋਂ ਸਿਫਤੀ ਵਖਰੇਵਾਂ ਉਘੜ ਆਉਂਦਾ ਹੈ। ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿੱਪ ਦੇ ਦੌਰ ਅੰਦਰ ਸਿੱਖ ਕੌਮ ਨਾਲ ਵਿਤਕਰੇ ਨੂੰ ਵੱਧ ਧਾਰਮਿਕ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਦੇਖਿਆ ਤੇ ਪੇਸ਼ ਕੀਤਾ ਜਾਂਦਾ ਰਿਹਾ। ਮਗਰਲੇ ਦੌਰ ਦੀ ਅਕਾਲੀ ਲੀਡਰਸ਼ਿੱਪ ਵਿਤਕਰੇ ਦੀ ਗੱਲ ਕਰਨ ਵੇਲੇ ਵੱਧ ਇਸ ਦੇ ਆਰਥਕ ਪਹਿਲੂਆਂ ਉਤੇ ਦਾਬ ਦੇਣ ਦੀ ਰੁਚੀ ਦਾ ਪ੍ਰਗਟਾਵਾ ਕਰਦੀ ਰਹੀ। ਦੋਨੋ ਹੀ ਵੰਨਗੀਆਂ ਦੀ ਅਕਾਲੀ ਲੀਡਰਸ਼ਿਪ ਆਪਣੇ ਅਲੱਗ ਅਲੱਗ ਕਾਰਨਾਂ ਕਰਕੇ ਸਿੱਖ ਕੌਮ ਨਾਲ ਹੋ ਰਹੇ ਧੱਕੇ ਤੇ ਵਿਤਕਰੇ ਦੇ ਸਿਆਸੀ ਤੱਤ ਨੂੰ ਪਛਾਨਣ ਅਤੇ ਇਸ ਨੂੰ ਆਪਣੀ ਸੋਚ ਤੇ ਸਰਗਰਮੀ ਦਾ ਧੁਰਾ ਬਣਾਉਣ ਤੋਂ ਟਾਲਾ ਵਟਦੀ ਰਹੀ। ਸੰਤ ਜਰਨੈਲ ਸਿੰਘ ਪਹਿਲੇ ਸਿੱਖ ਆਗੂ ਸਨ ਜਿਨ੍ਹਾਂ ਨੇ ...ਭਾਰਤ ਅੰਦਰ ਸਿੱਖ ਕੌਮ ਨਾਲ ਹੋ ਰਹੇ ਇਸ ਮਤਰੇਏ ਵਿਤਕਰੇ ਨੂੰ ਉਸ ਦੀ ਗੁਲਾਮੀ ਦੇ ਚਿੰਨ੍ਹ ਵਜੋਂ ਦੇਖਿਆ ਅਤੇ ਇਸ ਤਰ੍ਹਾਂ ਇਸ ਮਾਮਲੇ ਵਿਚ ਰਵਾਇਤੀ ਸੋਚ ਨਾਲੋਂ ਤਿੱਖਾ ਨਿਖੇੜਾ ਕਰਦਿਆਂ, ਇਕ ਅਸਲੋਂ ਹੀ ਵੱਖਰੀ ਰਾਜਨੀਤਕ ਸੇਧ ਤੇ ਸ਼ੈਲੀ ਅਪਣਾ ਲਈ। ਜੇਕਰ ਵਿਤਕਰੇ ਨੂੰ ਗੁਲਾਮੀ ਦੇ ਚਿੰਨ੍ਹ ਵਜੋਂ ਦੇਖਿਆ ਜਾਂਦਾ ਹੈ ਤਾਂ ਇਸ ਨਾਲ ਵਿਤਕਰੇ ਦੇ ਸ਼ਿਕਾਰ ਵਰਗਾਂ ਦੀ ਰਾਜਨੀਤੀ ਦੀ ਸਮੁੱਚੀ ਵਿਆਕਰਣ ਅਤੇ ਉਸ ਦੇ ਰਾਜਸੀ ਸੰਘਰਸ਼ ਦੀ ਸਮੁੱਚੀ ਜਿਓਮੈਟਰੀ ਹੀ ਬਦਲ ਜਾਂਦੀ ਹੈ। ਗੁਲਾਮੀ ਦਾ ਅਹਿਸਾਸ ਮਹਿਕੂਮ ਕੌਮਾਂ ਅੰਦਰ ਆਜ਼ਾਦੀ ਦੀ ਰੀਝ ਤੇ ਤੜਪ ਪੈਦਾ ਕਰਦਾ ਹੈ। ਇਕੱਲੇ ਵਿਤਕਰੇ ਦਾ ਅਹਿਸਾਸ ਵੱਧ ਤੋਂ ਵੱਧ ਕਾਇਮ-ਮੁਕਾਮ ਰਾਜ ਵਿਵਸਥਾ ਅੰਦਰ ਸਾਵੇਂ ਸਲੂਕ ਤੇ ਇਨਸਾਫ ਦੀ ਤਮੰਨਾ ਪੈਦਾ ਕਰਦਾ ਹੈ।'

ਪਾਠਕ ਦੇਖ ਸਕਦੇ ਹਨ ਕਿ ਇਥੇ ਸ. ਅਜਮੇਰ ਸਿੰਘ ਨੇ ਸੰਤ ਭਿੰਡਰਾਂਵਾਲੇ ਅਤੇ ਅਕਾਲੀ ਮਾਰਕਾ ਸਿਆਸਤ ਨੂੰ ਨਿਖੇੜ ਕੇ ਪੇਸ਼ ਕਰ ਦਿਤਾ ਹੈ। ਡਾ. ਬਲਕਾਰ ਸਿੰਘ ਨੂੰ ਸੰਤ ਭਿੰਡਰਾਂਵਾਲੇ ਦੀ ਸਿਆਸਤ ਨਾਲ ਸੌ ਤਰ੍ਹਾਂ ਦੀ ਅਲਰਜੀ ਹੋ ਸਕਦੀ ਹੈ ਪਰ ਜੇ ਉਹ ਕਹਿੰਦੇ ਹਨ ਕਿ ਸੰਤਾਂ ਦੀ ਕੋਈ ਸਿਆਸਤ ਹੀ ਨਹੀਂ ਸੀ ਤਾਂ ਉਹ ਆਪਣੇ ਅਗਿਆਨ ਦਾ ਹੀ ਪ੍ਰਗਟਾਵਾ ਕਰ ਰਹੇ ਹਨ। ਸ. ਅਜਮੇਰ ਸਿੰਘ ਨੇ ਤਾਂ ਦੋਹਾਂ ਦੀ ਸਿਆਸਤ ਦੇ ਵਖਰੇਵਿਆਂ ਦਾ ਸਿਧਾਂਤਕ ਅਧਾਰ ਵੀ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਅਕਾਲੀ ਦਲ ਦੀ ਅਮਲੀ ਸਿਆਸਤ ਸਿੱਖਾਂ ਨੂੰ ਮਹਿਜ਼ ਇਕ ਧਾਰਮਿਕ ਘੱਟਗਿਣਤੀ ਵਜੋਂ ਲੈਣ ਅਤੇ ਸੰਤਾਂ ਦੀ ਸਿਆਸਤ ਸਿੱਖਾਂ ਨੂੰ ਇਕ ਨਿਵੇਕਲੀ ਕੌਮ ਵਜੋਂ ਸਮਝਣ ਵਿਚੋਂ ਨਿਕਲ ਰਹੀ ਹੈ। ਡਾ. ਬਲਕਾਰ ਸਿੰਘ ਸੰਤਾਂ ਵੱਲੋਂ ਸਿੱਖ ਸਿਆਸਤ ਦੀਆਂ ਨਵੀਆਂ ਨਕੋਰ ਪਰਤਾਂ ਸਾਹਮਣੇ ਲਿਆਉਣ ਦੇ ਇਸ ਤੱਥ ਤੋਂ ਹੀ ਇਨਕਾਰ ਕਰਕੇ ਸੰਤਾਂ ਦੀ ਬਹੁਪੱਖੀ ਸ਼ਖਸੀਅਤ ਨੂੰ ਧੁੰਦਲਾਉਣਾ ਚਾਹੁੰਦੇ ਹਨ।

### ਅਕਾਲੀ ਪ੍ਰਸੰਗ ਦੀ ਗੱਲ

ਡਾ. ਬਲਕਾਰ ਸਿੰਘ ਨੂੰ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਉਤੇ ਇਕ ਵੱਡਾ ਇਤਰਾਜ਼ ਇਹ ਹੈ ਕਿ ਇਸ ਵਿਚ ਸਿਆਸਤ ਦਾ ਅਕਾਲੀ ਪ੍ਰਸੰਗ ਗੁੰਮ ਹੈ। ਪਰ 'ਅਕਾਲੀ ਪ੍ਰਸੰਗ' ਤੋਂ ਉਨ੍ਹਾਂ ਦੀ ਮੁਰਾਦ ਕੀ ਹੈ, ਇਹ ਉਨ੍ਹਾਂ ਆਪਣੀ ਲਿਖਤ ਵਿਚ ਸਪਸ਼ਟ ਨਹੀ ਕੀਤਾ। ਪਰ ਉਨ੍ਹਾਂ ਆਪਣੀ ਇਕ ਹੋਰ ਲਿਖਤ (ਗੁਰਚਰਨ ਸਿੰਘ ਟੌਹੜਾ ਬਾਰੇ) ਵਿਚ ਲਿਖਿਆ ਹੈ ਕਿ 'ਸ਼੍ਰੋਮਣੀ ਅਕਾਲੀ ਦਲ ਦੀ ਸਥਾਪਤੀ 1922 ਵਿਚ ਹੋਈ ਸੀ। ਸਿੱਖਾਂ ਦੀ ਇਸ ਸਿਆਸੀ ਪਾਰਟੀ ਤੋਂ ਸਿੱਖ ਭਾਈਚਾਰੇ ਦੇ ਸਰਬ-ਪੱਖੀ ਹਿਤਾਂ ਦੀ ਰਖਵਾਲੀ ਅਤੇ ਸਿੱਖੀ ਦੇ ਬੋਲਬਾਲਿਆਂ ਵਾਸਤੇ ਇਕ ਅਜਿਹਾ ਦੇਸ਼-ਕਾਲ ਘੜਨ ਦੀ ਸਿਆਸਤ ਕੀਤੀ ਗਈ ਸੀ ਜਿਥੇ ਸਿੱਖ ਸਿਧਾਂਤਾਂ ਅਨੁਸਾਰ ਰਾਜ-ਪ੍ਰਬੰਧ ਕੀਤਾ ਜਾ ਸਕੇ।' ਸੋ ਬਲਕਾਰ ਸਿੰਘ ਦੀ ਇਸ ਲਿਖਤ ਅਨੁਸਾਰ ਹੀ ਜਿਸ ਸਿਆਸਤ ਦੀ ਆਸ ਸਿੱਖਾਂ ਨੇ ਅਕਾਲੀ ਦਲ ਤੋਂ ਕੀਤੀ ਸੀ, ਉਸੇ ਪ੍ਰਸੰਗ ਵਿਚ ਹੀ ਅਕਾਲੀ ਦਲ ਦੇ ਰੋਲ ਨੂੰ ਪਰਖਿਆ ਜਾਣਾ ਚਾਹੀਦਾ ਹੈ। ਇਹੀ ਸਿਆਸਤ ਦਾ 'ਅਕਾਲੀ ਪ੍ਰਸੰਗ' ਬਣਦਾ ਹੈ।

ਜਿਨ੍ਹਾਂ ਵੀਰਾਂ ਨੇ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਧਿਆਨ ਨਾਲ ਪੜ੍ਹੀ ਹੈ, ਅਤੇ ਉਹ ਵੀ ਜਿਨ੍ਹਾਂ ਨੇ ਇਸ ਉਤੇ ਮੋਟੀ ਜਿਹੀ ਝਾਤ ਹੀ ਮਾਰੀ ਹੈ, ਜਾਣਦੇ ਹਨ ਕਿ ਸਿਆਸਤ ਦਾ ਇਹ ਪ੍ਰਸੰਗ ਇਸ ਕਿਤਾਬ ਦੇ ਪਹਿਲੇ ਸਫੇ ਤੋਂ ਆਖਰੀ ਸਫੇ ਤਕ ਛਾਇਆ ਹੋਇਆ ਹੈ। ਸ. ਅਜਮੇਰ ਸਿੰਘ ਦਾ ਇਹ ਮੀਰੀ ਗੁਣ ਹੈ ਕਿ ਉਨ੍ਹਾਂ ਕਿਤੇ ਵੀ ਗੱਲ ਇਸ ਤੋਂ ਥਿੜਕਣ ਨਹੀਂ ਦਿਤੀ। ਅਕਾਲੀ ਦਲ, ਅਕਾਲੀ ਆਗੂਆਂ, ਸੰਤ ਭਿੰਡਰਾਂਵਾਲੇ ਤੇ ਇਥੋਂ ਤਕ ਕਿ ਸਿੱਖ ਵਿਦਵਾਨਾਂ ਦੇ ਰੋਲ ਨੂੰ ਵੀ ਇਸੇ ਪ੍ਰਸੰਗ ਵਿਚ ਪਰਖਿਆ ਹੈ। ਜਿਹੜਾ ਵੀ ਕੋਈ ਜਿਸ ਵੀ ਹੱਦ ਤਕ ਇਸ ਪਰਖ ਉਤੇ ਪੂਰਾ ਉਤਰਿਆ ਹੈ (ਭਾਵੇਂ ਉਹ ਖਾੜਕੂ ਰਾਜਨੀਤੀ ਦਾ ਕੱਟੜ ਨਿੰਦਕ ਖੁਸ਼ਵੰਤ ਸਿੰਘ ਵੀ ਕਿਉਂ ਨਾ ਹੋਵੇ) ਉਸ ਦੀ ਉਸੇ ਹੱਦ ਤਕ ਸਿਫਤ-ਸਲਾਹੁਤਾ ਕੀਤੀ ਗਈ ਹੈ ਅਤੇ ਜਿਹੜਾ ਖਰਾ ਸਾਬਤ ਨਹੀ ਹੋਇਆ ਉਸ ਦੀ ਬੇਲਿਹਾਜ਼ ਪੜਚੋਲ ਕੀਤੀ ਗਈ ਹੈ। ਡਾ. ਬਲਕਾਰ ਸਿੰਘ ਨੂੰ ਇਹ ਸਾਰਾ ਕੁੱਝ ਕਿਉਂ ਨਹੀਂ ਦਿਸਿਆ? ਹਾਲਾਂਕਿ ਨਿਗਾਹ ਉਸ ਦੀ ਪੂਰੀ ਠੀਕ ਠਾਕ ਹੈ, ਵਿਚਾਰਨ ਵਾਲਾ ਮਸਲਾ ਹੈ।

ਦੀ ਲੋੜ ਨਹੀਂ ਹੁੰਦੀ ਪਰ ਅਜਿਹਾ ਮੈਂ ਕਿਸੇ ਅਹਿਸਾਨ ਦੀ ਕੀਮਤ ਚੁਕਾਉਣ ਵਾਸਤੇ ਨਹੀਂ ਕੀਤਾ, ਆਪਣੀ ਰੀਝ ਵਿਚੋਂ ਕੀਤਾ ਸੀ। ਇਸ ਨੂੰ ਮੇਰੀ ਪੋਜੈਸਿਵ-ਰੀਝ ਨਹੀਂ ਸਮਝਣਾ ਚਾਹੀਦਾ। ਵੈਸੇ ਵੀ ਮੈਨੂੰ ਕੋਈ ਸਿਧਾਂਤ ਏਨਾ ਨਹੀਂ ਸਤਾਉਂਦਾ ਕਿ ਉਸ ਨੂੰ ਐਵੇਂ ਲੋਕਾਂ ਵਲ ਵਗਾਹ ਵਗਾਹ ਕੇ ਮਾਰਦਾ ਫਿਰਾਂ? ਜਿਸ ਨੂੰ ਉਨ੍ਹਾਂ "ਸਿਹਰੇ ਦੀ ਭਾਸ਼ਾ" ਕਿਹਾ ਹੈ, ਉਸ ਨਾਲ ਕਿਹੜਾ ਉਸਤਤੀ-ਪਾਠ ਹੋ ਗਿਆ ਹੈ? ਪਰ ਇਸ ਨੂੰ ਉਨ੍ਹਾਂ ਦੀ ਰਾਏ ਵਜੋਂ ਪ੍ਰਵਾਨ ਕਰਨ ਵਿਚ ਮੈਨੂੰ ਕੋਈ ਦਿੱਕਤ ਨਹੀਂ ਹੈ। ਮੈਨੂੰ ਇਸ ਵਿਚ ਕੋਈ ਭੁਲੇਖਾ ਨਹੀਂ ਹੈ ਕਿ ਅਜਮੇਰ ਸਿੰਘ ਵਲੋਂ ਸਿੱਖ-ਰਾਜਨੀਤੀ ਦੀ ਆੜ ਵਿਚ ਇਕ ਖਾਸ ਮਾਨਸਿਕਤਾ ਵਲੋਂ ਇਕ ਖਾਸ ਮਾਨਸਿਕਤਾ ਵਾਸਤੇ, ਲੋੜੀਂਦੇ ਸਿਆਸੀ-ਪੈਂਤੜੇ ਦਾ ਸਿਧਾਂਤੀਕਰਨ ਹੀ ਕੀਤਾ ਗਿਆ ਹੈ। ਰਣਜੀਤ ਸਿੰਘ ਨੇ ਇਸ ਨੂੰ ਫਿਰ ਯਹੂਦੀਆਂ ਦੇ ਹਵਾਲੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਵੇਖ ਲੈਣਾ ਉਸ ਨਾਲ ਮਸਲਾ ਕਿੰਨਾ ਕੁ ਹੱਲ ਹੋਇਆ ਹੈ? ਮੈਂ ਪੁੱਛਦਾ ਹਾਂ ਕਿ ਸੰਤ ਭਿੰਡਰਾਂਵਾਲੇ ਦਾ ਮੌਜੂ ਕੌਣ ਉਡਾਉਂਦੇ ਸਨ ਅਤੇ ਕੌਣ ਉਡਵਾਉਂਦੇ ਹਨ? ਉਨ੍ਹਾਂ ਨੂੰ ਟਕਸਾਲ ਮੁਖੀ ਵਜੋਂ ਧਾਰਮਿਕ ਆਗੂ ਮੰਨਣ ਤੋਂ ਕਦੇ ਕਿਸੇ ਨੇ ਇਨਕਾਰ ਨਹੀਂ ਕੀਤਾ। ਸਿਆਸੀ ਆਗੂ ਉਹ ਆਪਣੇ ਆਪ ਨੂੰ ਆਪ ਹੀ ਨਹੀਂ ਮੰਨਦੇ ਸਨ। ਉਨ੍ਹਾਂ ਦੀ ਧਾਰਮਿਕਤਾ ਵਿਚ ਸਿਆਸਤ ਉਨੀ ਕੁ ਹੀ ਸੀ, ਜਿੰਨੀ ਕੁ ਗੁਰਮਤਿ ਵਿਚ ਸੰਭਵ ਹੋ ਸਕਦੀ ਹੈ। ਜੇ ਉਨ੍ਹਾਂ ਨੂੰ ਉਨ੍ਹਾਂ ਦੀ ਸਥਾਪਤ-ਪਛਾਣ ਨਾਲੋਂ ਤੋੜ ਕੇ, ਉਨ੍ਹਾਂ ਦੀ ਸੋਚ ਨੂੰ ਸਿਆਸੀਕਰਨ ਤਕ ਲੈ ਕੇ ਜਾਵਾਂਗੇ ਤਾਂ ਨਤੀਜਿਆਂ ਦੀ ਜ਼ਿੰਮੇਵਾਰੀ ਵੀ ਤਾਂ ਲੈਣੀ ਹੀ ਪਵੇਗੀ?

ਮੇਰੇ ਲੇਖ ਵਿਚ ਅਜਿਹੀ ਕੋਈ ਉਕਾਈ ਮੈਨੂੰ ਨਜ਼ਰ ਨਹੀਂ ਆਈ, ਜਿਸ ਨਾਲ ਮੇਰੇ ਸਿੱਖ-ਹਿਤੈਸ਼ੀ ਹੋਣ 'ਤੇ ਉਂਗਲ ਉਠਦੀ ਹੋਵੇ। ਇਹ ਤਾਂ ਕਹਿ ਹੀ ਸਕਦਾ ਹਾਂ ਕਿ ਸੰਤ ਜੀ ਨੂੰ ਸਿਆਸਤ ਦਾ ਮੋਹਰਾ ਬਣਾ ਕੇ ਨਹੀਂ ਵਰਤਣਾ ਚਾਹੀਦਾ ਕਿਉਂਕਿ ਉਹ ਸਾਡੀ ਧਾਰਮਿਕ ਵਿਰਾਸਤ ਦੀ ਸਿੱਖ-ਧਰੋਹਰ ਸਨ। ਇਥੇ ਮੈਂ ਮੁੜ ਸਪਸ਼ਟ ਕਰ ਦਿਆਂ ਕਿ ਸਾਕਾ ਨੀਲਾ ਤਾਰਾ ਦਾ ਦੁਖਾਂਤ ਵਾਪਰਨ ਦਾ ਦਰਦ ਮੈਨੂੰ ਉਨ੍ਹਾਂ ਤੋਂ ਘਟ ਨਹੀਂ ਹੈ। ਨਜ਼ਰੀਏ ਦੇ ਫਰਕ ਦੀ ਗੱਲ ਕੀਤੀ ਜਾ ਸਕਦੀ ਹੈ। ਲਿਖਣ ਲੱਗਿਆਂ ਰਾਏ ਬਣਾਉਣ ਜਾਂ ਰਾਏ ਰਖਣ ਦਾ ਅਧਿਕਾਰ ਸਭ ਨੂੰ ਹੈ ਪਰ ਜਿਸ ਤਰ੍ਹਾਂ ਰਣਜੀਤ ਸਿੰਘ ਨੇ ਰਾਏ ਦੇਣ ਦੀ ਥਾਂ ਫੈਸਲਾ ਦੇ ਦਿਤਾ ਹੈ ਕਿ ਮੈਂ "ਅਲ ਪਟਲੀਆਂ ਮਾਰੀਆਂ" ਹਨ, ਉਸ ਨੇ ਮੇਰੇ ਲਈ ਉਨ੍ਹਾਂ ਦੇ ਹੀ ਸ਼ਬਦਾਂ ਵਿਚ "ਸਦਭਾਵਨਾ ਦਾ ਕਰੂਪ ਪ੍ਰਗਟਾਵਾ" ਕਰ ਦਿਤਾ ਹੈ ਅਤੇ ਨਾਲ ਹੀ "ਸੁਅਸਥ ਵਿਦਵਤਾ ਦਾ ਨਹੀਂ, ਬੀਮਾਰ ਮਾਨਸਿਕਤਾ ਦਾ ਲੱਛਣ" ਵਾਲਾ ਫਤਵਾ ਵੀ ਦੇ ਦਿਤਾ ਹੈ। ਜੋ ਉਹ ਮੇਰੇ ਤੋਂ ਆਸ ਕਰ ਰਹੇ ਹਨ, ਉਸ ਨਾਲ ਨਿਭਣ ਦਾ ਸਲੀਕਾ ਪਹਿਲਾਂ ਪੈਦਾ ਕਰਨ ਦੀ ਕੋਸ਼ਿਸ਼ ਤਾਂ ਕਰਨ। ਖੈਰ, ਜੇ ਇਸ ਨਾਲ ਉਨ੍ਹਾਂ ਦਾ ਗੁੱਸਾ ਸ਼ਾਂਤ ਹੋ ਸਕਦਾ ਹੈ ਤਾਂ ਉਨ੍ਹਾ ਨੂੰ ਇਹ ਫਤਵਾਬਾਜ਼ੀ ਵੀ ਮੁਬਾਰਕ। ਪਰ ਇੰਨਾ ਕਹਿਣ ਦੀ ਆਗਿਆ ਚਾਹੁੰਦਾ ਹਾਂ ਕਿ ਸਿੱਖ ਅਕਾਦਮਿਕਤਾ ਵਿਚ ਮੈਂ ਸਕਰਮਕ ਭੂਮਿਕਾ ਅਜੇ ਵੀ ਨਿਭਾ ਰਿਹਾ ਹਾਂ ਅਤੇ ਆਪਣੇ ਲੇਖ ਵਿਚ ਵੀ ਆਪਣੀ ਸਥਾਪਤ ਸਿੱਖ-ਪੁਜ਼ੀਸ਼ਨ ਤੋਂ ਬਹੁਤਾ ਪਾਸੇ ਨਹੀਂ ਗਿਆ। ਜੋ ਗੱਲਾਂ ਮੈਂ ਵੀ ਨਿਜੀ ਸੂਚਨਾ ਦੇ ਆਧਾਰ ਤੇ ਲਿਖੀਆਂ ਹਨ, ਉਨ੍ਹਾਂ ਦੀ ਵਾਜਬੀਅਤ ਦੀ ਜ਼ਿੰਮੇਵਾਰੀ ਮੇਰੀ ਹੀ ਰਹਿਣੀ ਹੈ। ਜੇ ਕਿਸੇ ਨੂੰ ਇਹ ਸੰਦੇਹਜਨਕ ਲੱਗਣ ਤਾਂ ਇਸ ਉਤੇ ਵਿਚਲਿਤ ਹੋਣ ਦੀ ਕੀ ਲੋੜ ਹੈ? ਏਨਾਂ ਹੀ ਮਸ਼ਵਰਾ ਹੈ ਕਿ ਇਕਪਾਸੜ ਪਿਆਰ, ਅਜਮੇਰ ਸਿੰਘ ਦੀ ਲਿਖਤ ਨੂੰ ਸਮਝਣ ਸਮਝਾਉਣ ਵਿਚ ਅੜਿੱਕਾ ਤਾਂ ਬਣ ਸਕਦਾ ਹੈ, ਸਹਾਇਕ ਨਹੀਂ ਹੋ ਸਕਦਾ। ਸਿੱਖ-ਚਿੰਤਨ ਦੀ ਲੰਬੀ ਪਰੰਪਰਾ ਹੈ ਅਤੇ ਉਸ ਵਿਚ ਅਜਮੇਰ ਸਿੰਘ ਦਾ ਸਥਾਨ ਅਜੇ ਨਿਸ਼ਚਿਤ ਹੋਣਾ ਹੈ। ਹੋ ਸਕਦੈ ਅਜਿਹਾ ਇੰਨੀ ਕਾਹਲੀ ਵਿਚ ਨਾ ਵਾਪਰੇ ਜਿੰਨੀ ਕਾਹਲੀ ਵਿਚ ਵਾਪਰਾਉਣ ਦੀ ਇੱਛਾ ਰਣਜੀਤ ਸਿੰਘ ਦੀ ਲਿਖਤ ਵਿਚੋਂ ਪ੍ਰਗਟ ਹੁੰਦੀ ਹੈ।

ਅਖੀਰ ਵਿਚ ਉਨ੍ਹਾਂ ਤਿੰਨ ਨੁਕਤੇ ਉਭਾਰ ਕੇ ਮੇਰੇ ਕੋਲੋਂ ਜਵਾਬ ਮੰਗਿਆ ਹੈ। ਕੁਝ ਵੀ ਕਹਿਣ ਦਾ ਅਧਿਕਾਰ ਉਨ੍ਹਾਂ ਆਪ ਹੀ ਲੈ ਲਿਆ ਹੈ ਅਤੇ ਕੁਝ ਵੀ ਪੁੱਛਣ ਦਾ ਅਧਿਕਾਰ ਦੇਣ ਦੀ ਖੁਸ਼ੀ ਮੈਂ ਲੈ ਲੈਂਦਾ ਹਾਂ। ਬਹਿਸ ਵਾਸਤੇ ਮੁੱਦਿਆਂ ਦੀ ਨਿਸ਼ਾਨਦੇਹੀ ਮੈਂ ਵੀ ਕੀਤੀ ਸੀ। ਉਨ੍ਹਾਂ ਬਾਰੇ ਲੋੜ ਪਈ ਤਾਂ ਇਸ ਕਿਤਾਬ ਦੇ ਆਧਾਰ 'ਤੇ ਗੱਲ ਕੀਤੀ ਜਾ ਸਕਦੀ ਹੈ। ਰਣਜੀਤ ਸਿੰਘ ਦੇ ਸਵਾਲਾਂ ਦੇ ਤਰਤੀਬਵਾਰ ਉਤਰ ਹਾਜ਼ਰ ਹਨ:

1. ਸਿਧਾਂਤ ਅਤੇ ਅਮਲ ਵਿਚ ਫਰਕ ਰਹਿਣਾ ਕੁਦਰਤੀ ਹੈ ਅਤੇ ਇਸ ਤੋਂ ਕੋਈ ਸਿੱਖ ਵੀ ਬਚਿਆ ਹੋਇਆ ਘੋਸ਼ਿਤ ਨਹੀਂ ਕਰਨਾ ਚਾਹੀਦਾ। ਅਕਾਲੀ ਤਾਂ ਸਿਆਸਤਦਾਨ ਹਨ ਅਤੇ ਸਿਆਸਤਦਾਨ ਤੋਂ ਅਜਿਹੀ ਆਸ ਕੇਵਲ ਉਹੀ ਕਰ ਸਕਦਾ ਹੈ, ਜਿਹੜਾ ਇਸ ਦੇ ਆਸਰੇ ਕੋਈ ਹੋਰ ਸਿਆਸਤ ਕਰਨਾ ਚਾਹੁੰਦਾ ਹੋਵੇ। ਇਹੀ ਤਾਂ ਇਤਰਾਜ਼ ਹੈ ਮੈਨੂੰ ਅਜਮੇਰ ਸਿੰਘ ਦੀ ਪੁਸਤਕ ਉਤੇ। ਮੈਂ "ਅਕਾਲੀ ਹੋਣ ਦਾ ਦਰਦ" ਸਿਰਲੇਖ ਹੇਠ ਪੰਜਾਬੀ ਟ੍ਰਿਬਿਊਨ ਵਿਚ ਲਗਭਗ ਕਈ ਲੇਖ ਲਿਖੇ ਸਨ। ਉਹ ਸਾਰੇ ਸ਼ਾਇਦ ਏਸੇ ਸਵਾਲ ਦਾ ਉਤਰ ਸਨ। 1947 ਵਿਚ ਅਕਾਲੀਆਂ ਨੇ ਉਹੀ ਕੀਤਾ ਜੋ ਉਹ ਕਰ ਸਕਦੇ ਸਨ। ਉਨ੍ਹਾਂ ਤੇ ਕੀਤੇ ਜਾ ਰਹੇ ਇਤਰਾਜ਼ਾਂ ਦਾ ਉਤਰ ਡਾ. ਪ੍ਰੇਮ ਸਿੰਘ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਜੇ ਲੋੜ ਪਈ ਤਾਂ ਇਸ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ। ਮੈਂ ਇਸ ਤਰ੍ਹਾਂ ਅਕਾਲੀਆਂ ਨੂੰ ਫਸਾਉਣ ਦੇ ਹੱਕ ਵਿਚ ਨਹੀਂ ਹਾਂ ਜਿਵੇਂ ਰਣਜੀਤ ਸਿੰਘ ਆਪਣੇ ਪ੍ਰਸ਼ਨਾਂ ਨਾਲ ਵੀ ਫਸਾਉਣਾ ਚਾਹੁੰਦੇ ਹਨ? ਅਜਮੇਰ ਸਿੰਘ ਅਕਾਲੀਆਂ ਨੂੰ ਆਪਣੀ ਸਮਝ ਮੁਤਾਬਿਕ ਫਿੱਟ ਕਰਨ ਦੇ ਲਾਲਚ ਵਿਚ, ਉਨ੍ਹਾਂ ਦੇ ਪੱਲੇ ਛੱਡਦਾ ਹੀ ਕੁਝ ਨਹੀਂ। ਇਸੇ ਸਮਝ ਨਾਲ ਉਹ ਨਿਭੀ ਜਾ ਰਿਹਾ ਲਗਦਾ ਹੈ। ਜੋ ਅਕਾਲੀਆਂ ਦਾ ਏਜੰਡਾ ਹੀ ਨਹੀਂ ਸੀ ਜਾਂ ਨਹੀਂ ਹੈ, ਉਸ ਦੀ ਉਨ੍ਹਾਂ ਤੋਂ ਉਮੀਦ ਹੀ ਕਿਉਂ ਕੀਤੀ ਜਾਵੇ? ਇਸ ਦਾ ਉਤਰ ਦਿੱਤਾ ਜਾਵੇ ਪਰ ਯਾਦ ਰਖੋ ਜੇਕਰ ਉਨ੍ਹਾਂ ਨੂੰ ਕਿਸੇ ਨੇ ਪੁੱਛ ਲਿਆ ਕਿ ਸਾਕਾ ਨੀਲਾ ਤਾਰਾ ਤੋਂ ਪਿਛੋਂ ਜਿਸ ਕਿਸਮ ਦਾ ਰਾਜਨੀਤਕ ਪੈਂਤੜਾ ਉਨ੍ਹਾਂ "ਜਨਤਕ ਪੈਗਾਮ" ਰਾਹੀਂ ਲਿਆ ਹੋਇਆ ਸੀ, ਉਸ ਦਾ ਅਕਾਲੀ ਪ੍ਰਸੰਗ ਵਿਚ ਕੀ ਬਣਿਆ? ਤਾਂ ਕੀ ਉਤਰ ਦੇਣਗੇ? ਪੁੱਛਣ ਵਾਲਿਆਂ ਨੇ ਤਾਂ ਇਹ ਵੀ ਪੁੱਛਣਾ ਹੈ ਕਿ ਚੋਣਾਂ ਦੇ ਬਾਈਕਾਟ ਵਿਚ ਉਨ੍ਹਾਂ ਦੀ ਕੀ ਭੂਮਿਕਾ ਸੀ ਅਤੇ ਬਣੀ ਹੋਈ ਲਹਿਰ ਨੂੰ ਨਸ਼ਟ ਕਰਨ ਵਿਚ ਬੇਅੰਤ ਸਿੰਘ ਨੂੰ ਸੱਤਾ ਤਕ ਪਹੁੰਚਾਣ ਅਤੇ ਹਜ਼ਾਰਾਂ ਮੁੰਡਿਆਂ ਦੇ ਕਤਲ ਲਈ ਉਸ ਦਾ ਰਾਹ ਪੱਧਰਾ ਕਰਨ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੌਣ ਕੌਣ ਸ਼ਾਮਲ ਸਨ ਜਾਂ ਸ਼ਾਮਲ ਸਮਝਿਆ ਜਾਣਾ ਚਾਹੀਦਾ ਹੈ?

2. "ਹਮ ਹਿੰਦੂ ਨਹੀਂ" ਲਿਖੇ ਜਾਣ ਦਾ ਇਕ ਪ੍ਰਸੰਗ ਹੈ ਅਤੇ ਉਸ ਬਾਰੇ ਕਿਸੇ ਸਿੱਖ ਨੂੰ ਕੀ ਇਤਰਾਜ਼ ਹੋ ਸਕਦਾ ਹੈ ਪਰ "ਹਮ ਹਿੰਦੂ ਨਹੀਂ" ਦੀ ਸਿਆਸਤ ਨੂੰ ਇਸ ਨਾਲੋਂ ਵਖ ਕਰਕੇ ਵੇਖੇ ਜਾਣ ਦੀ ਲੋੜ ਹੈ। ਰਣਜੀਤ ਸਿੰਘ ਹੀ ਦੱਸਣ ਕਿ ਅਜਮੇਰ ਸਿੰਘ ਦੀਆਂ ਲਿਖਤਾਂ ਨਾਲ ਕਿਹੜੀ ਸਵੈ-ਪਛਾਣ ਪਰਿਭਾਸ਼ਿਤ ਹੋਈ ਹੈ, ਜਿਸ ਨੂੰ ਉਹ ਪਹਿਲੀ ਤੇ ਆਖਰੀ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ? ਮੈਨੂੰ ਹਰ ਉਹ ਗੱਲ ਵਿਚਲਿਤ ਕਰਦੀ ਹੈ ਜੋ ਕਿਸੇ ਵੀ ਰੰਗ ਦੀ ਸਿਆਸਤ ਵਾਸਤੇ ਕੋਈ ਵੀ ਬਲੀ ਲੈਣ ਜਾਂ ਦੇਣ ਤੋਂ ਗੁਰੇਜ਼ ਨਹੀਂ ਕਰਦੀ। ਸਿੱਖੀ ਦਾ ਸ੍ਰੋਤ-ਆਧਾਰ ਗੁਰਬਾਣੀ ਹੈ ਅਤੇ ਜਿਹੜੀ ਵੀ ਲਿਖਤ ਇਸ ਨਾਲੋਂ ਲੀਹਾ ਪਾੜ ਕੇ ਤੁਰਦੀ ਹੈ, ਉਹ ਮੈਨੂੰ ਗਲਤ ਲਗਦੀ ਹੈ।

3. ਸਿੱਖਾਂ ਦੀ ਨਿਆਰੀ ਹਸਤੀ ਨੂੰ ਵਿਰੋਧੀਆਂ ਤੋਂ ਉਨਾ ਖਤਰਾ ਨਹੀਂ, ਜਿੰਨਾ ਆਪਣਿਆਂ ਤੋਂ ਲਗਾਤਾਰ ਸੀ, ਰਿਹਾ ਹੈ ਅਤੇ ਸ਼ਾਇਦ ਰਹੇਗਾ ਵੀ। ਇਸ ਵਾਸਤੇ ਮੈਂ ਇਕ ਲੇਖ ਲਿਖਿਆ ਸੀ "ਸਿੱਖੀ ਨੂੰ ਸਿੱਖਾਂ ਤੋਂ ਬਚਾਓ"। ਜੇ ਚਾਹੀਦਾ ਹੋਇਆ ਤਾਂ ਮੈਂ ਕਾਪੀ ਈਮੇਲ ਕਰ ਦਿਆਂਗਾ। ਪੁਸ਼ਟੀ ਵਿਚ ਏਨਾਂ ਹੀ ਕਹਿਣਾ ਹੈ ਕਿ ਸਿੱਖੀ ਨੂੰ ਕਿਸੇ ਵੀ ਰੰਗ ਦੇ ਸਿੱਖ-ਸਿਆਸਤਦਾਨ ਤੋਂ ਬਚਾਏ ਜਾਣ ਦੀ ਲੋੜ ਨੂੰ ਸਮਕਾਲੀ ਸਿੱਖ-ਦੁਸ਼ਵਾਰੀਆਂ ਦਾ ਸੰਕਟ-ਨਿਵਾਰਨ ਸਮਝਿਆ ਜਾਣਾ ਚਾਹੀਦਾ ਹੈ। ਇਹ ਰਣਜੀਤ ਸਿੰਘ ਨੇ ਬਹੁਤ ਜ਼ੋਰ ਨਾਲ ਕਿਹਾ ਹੈ ਕਿ "ਭਾਰਤੀ ਰਾਸ਼ਟਰਵਾਦ ਦੇ ਪੈਰੋਕਾਰ ਬਣੇ ਸਿੱਖ ਵਿਦਵਾਨ।" ਜੇ ਕੋਈ ਹਨ ਤਾਂ ਉਨ੍ਹਾਂ ਦੀ ਲਿਸਟਿੰਗ ਕਰਨ ਦੀ ਖੇਚਲ ਕੀਤੀ ਜਾਵੇ, ਧੰਨਵਾਦੀ ਹੋਵਾਂਗਾ?

ਮੇਰਾ ਕੋਈ ਅਧਿਕਾਰ ਤਾਂ ਨਹੀਂ ਹੈ, ਪਰ ਹੋ ਸਕੇ ਤਾਂ ਇਹ ਤਾਂ ਦੱਸਿਆ ਜਾਵੇ ਕਿ "ਸਾਕਾ ਨੀਲਾ ਤਾਰਾ" ਅਤੇ 1984 ਦੇ ਦੰਗੇ, ਸਿਆਸਤ ਵਿਚੋਂ ਪੈਦਾ ਹੋ ਕੇ, ਸਿੱਖ ਭਾਈਚਾਰੇ ਦੇ ਗੱਲ ਪੈ ਗਏ ਸਨ। ਜੋ ਸਿਆਸਤਦਾਨਾਂ ਨੇ ਕੀਤਾ ਜਾਂ ਕਰਵਾਇਆ, ਉਸ ਦੀ ਕੀਮਤ ਤਾਂ ਸਿੱਖ ਭਾਈਚਾਰੇ ਨੂੰ ਤਾਰਨੀ ਪਈ ਸੀ। ਸਿੱਖ ਭਾਈਚਾਰਾ ਅਜੇ ਵੀ ਇਸ ਦੁਖਾਂਤ ਦੀ ਸਿਆਸਤ ਦਾ ਸ਼ਿਕਾਰ ਹੈ। ਪਰ ਇਹ ਸਿੱਖ ਭਾਈਚਾਰੇ ਦੀ ਸ਼ਕਤੀ ਹੈ ਕਿ ਇਸ ਨੂੰ ਕਰਨ ਕਰਵਾਉਣ ਵਲੇ ਵੀ, ਇਸ ਨੂੰ ਦੁਹਰਾਉਣ ਦਾ ਮੁੜ ਕੇ ਕਦੇ ਸਾਹਸ ਨਹੀਂ ਕਰ ਸਕਣਗੇ। ਇਸ ਦੀ ਪੀੜਾ ਤੋਂ ਮਾਤਰਾ ਦੇ ਫਰਕ ਨਾਲ ਹੀ ਸਹੀ, ਹਰ ਸਿੱਖ ਪ੍ਰਭਾਵਿਤ ਹੋਇਆ ਸੀ। ਫਿਰ ਜੋ ਕੋਈ ਵੀ ਉਸ ਪੀੜਾ ਦਾ ਵਾਹਦ ਵਾਰਸ ਹੋਣ ਦੀ ਸਿਆਸਤ ਕਰਦਾ ਹੈ ਤਾਂ ਉਸ ਨੂੰ ਕੀ ਕਹੀਏ?

ਮੈਂ ਕਾਹਲੀ ਨਾਲ ਜਵਾਬ ਰਣਜੀਤ ਦੀ "ਤੀਬਰਤਾ" ਦਾ ਮਾਣ ਰਖਣ ਲਈ ਦੇ ਦਿਤਾ ਹੈ ਪਰ ਇਸ ਨੂੰ ਤੋਰੀ ਰਖਣ ਦਾ ਵਿਸ਼ਵਾਸੀ ਹਾਂ। ਇਸ ਤਰ੍ਹਾਂ ਦੇ ਸੰਵਾਦੀ-ਸਭਿਆਚਾਰ ਦੇ ਪਖੋਂ ਸਿੱਖ ਭਾਈਚਾਰਾ ਬਹੁਤਾ ਅਮੀਰ ਨਹੀਂ ਹੈ। ਇਹੋ ਜਿਹੇ ਯਤਨ ਸਮੇਂ ਦੀ ਲੋੜ ਵੀ ਹਨ ਅਤੇ ਸਿੱਖ ਭਾਈਚਾਰੇ ਦੇ ਭਲੇ ਵਿਚ ਵੀ ਹਨ।

***34 ਅਰਬਨ ਐਸਟੇਟ, ਫੇਜ਼ 1, ਪਟਿਆਲਾ***

# ਬਲਕਾਰ ਸਿੰਘ ਦਾ ਪਿੱਟ-ਪਟਊਆ-ਇਕ ਪ੍ਰਤੀਉਤਰ

***ਬਲਕਾਰ ਸਿੰਘ, ਪਟਿਆਲਾ***

ਮੈਂ ਬੀਰ ਸਿੰਘ ਚੌਹਾਨ ਦਾ ਧੰਨਵਾਦੀ ਹਾਂ ਕਿ ਉਸ ਨੇ ਗੱਲ ਤੋਰਨ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਮੈਂ ਪਹਿਲੀ ਵਾਰ ਚੌਹਾਨ ਨੂੰ ਐਡਮੰਟਨ ਵਿਚ ਇਕ ਰੇਡੀਓ ਇੰਟਰਵਿਊ ਵੇਲੇ ਮਿਲਿਆ ਸੀ ਤਾਂ ਮੇਰੇ ਨਾਲ ਉਥੋਂ ਦੀਆਂ ਦੋ ਹਸਤੀਆਂ ਪੁਰੇਵਾਲ ਅਤੇ ਦਰਸ਼ਨ ਖਹਿਰਾ ਸਨ। ਉਥੇ ਵੀ ਮੈਂ ਸਪਸ਼ਟ ਕੀਤਾ ਸੀ ਕਿ ਮੈਂ ਖਾੜਕੂਵਾਦ ਨੂੰ ਸਿੱਖੀ ਜਾਂ ਸਿੱਖਾਂ ਦੇ ਹੱਕ ਵਿਚ ਪ੍ਰਵਾਨ ਨਹੀਂ ਕਰਦਾ। ਇਸ ਦੇ ਬਾਵਜੂਦ ਮੇਰਾ ਇਸ ਤਰ੍ਹਾਂ ਕਦੇ ਕੋਈ ਵਿਵਾਦ ਨਹੀਂ ਹੋਇਆ, ਜਿਸ ਤਰ੍ਹਾਂ ਦੀ ਇੱਛਾ ਚੌਹਾਨ ਦੀ ਲਗਦੀ ਹੈ। ਜੇ ਚੌਹਾਨ ਅਨੁਸਾਰ ਮੇਰੀ ਇਸ ਪੁਜ਼ੀਸ਼ਨ ਦਾ ਕਾਰਨ ਇਹੋ ਹੈ ਕਿ ਅਜਿਹਾ ਮੈਂ ਪ੍ਰੋਫੈਸਰੀ ਦੀ ਕੀਮਤ ਤਾਰਨ ਵਾਸਤੇ ਕਰ ਰਿਹਾ ਹਾਂ ਤਾਂ ਕੀ ਕੀਤਾ ਜਾ ਸਕਦਾ ਹੈ? ਵੈਸੇ ਵੀ ਜਿਸ ਤਰ੍ਹਾਂ ਦੀ ਚਰਚਾ ਵਾਸਤੇ ਸ. ਚੌਹਾਨ ਡੌਲੇ ਫਰਕਾ ਰਿਹਾ ਹੈ, ਇਹ ਤਾਂ ਮੇਰੇ ਸੁਭਾ ਦਾ ਹਿੱਸਾ ਹੀ ਨਹੀਂ ਹੈ। ਜਦੋਂ ਮੈਂ ਇਹ ਲੇਖ ਲਿਖਿਆ ਸੀ ਤਾਂ ਉਸ ਵੇਲੇ ਮੇਰੇ ਸਾਹਮਣੇ ਸਿੱਖ ਸਿਆਸਤ ਹੀ ਸੀ। ਅਕਾਲੀਆਂ ਬਾਰੇ ਮੇਰਾ ਨੁਕਤਾ ਨੰਬਰ 6 ਇਹ ਹੈ ਕਿ "ਇਹ ਕਿਤਾਬ ਉਸ ਮੌਕੇ ਆਈ ਹੈ, ਜਦੋਂ ਅਕਾਲੀਆਂ ਦੇ ਵੀ ਅਕਾਲੀ ਨਾ ਰਹਿਣ ਕਰਕੇ ਸਿੱਖ ਸਿਆਸਤ 'ਤੇ ਸੱਟ ਮਾਰਨੀ ਸੌਖੀ ਹੋ ਗਈ ਹੈ। ਸੋ ਨਿਖਸਮੀ ਅਕਾਲੀਅਤ ਦੇ ਵਾਰਸਾਂ ਨੂੰ ਸਿਆਸੀ ਭੰਵਰ ਜਾਲ ਵਿਚ ਪਾਉਂਦੀ ਇਸ ਕਿਤਾਬ ਨੂੰ ਪੜ੍ਹਨਾ ਜ਼ਰੂਰ ਚਾਹੀਦਾ ਹੈ"। ਇਸ ਕਿਤਾਬ ਉਤੇ ਸਿੱਖੀ ਦ੍ਰਿਸ਼ਟੀ ਤੋਂ ਵੀ ਵਿਚਾਰ ਹੋ ਸਕਦੀ ਹੈ, ਪਰ ਮੇਰੇ ਲੇਖ ਵਿਚ ਉਸ ਨੂੰ ਨਹੀਂ ਛੇੜਿਆ ਗਿਆ।

ਅਜਮੇਰ ਸਿੰਘ ਨੇ ਕਿਤਾਬ ਲਿਖੀ ਖਾੜਕੂ-ਸਿਆਸਤ ਨੂੰ ਸਾਹਮਣੇ ਲਿਆਉਣ ਲਈ। ਖਾੜਕੂ-ਸ਼ਿਆਸਤ ਨਾਲ ਜੁੜੀ ਮਾਨਸਿਕਤਾ, ਅਕਾਲੀ-ਸਿਆਸਤ ਦੀ ਨਿਰੰਤਰਤਾ ਵਿਚ ਹੋ ਹੀ ਨਹੀਂ ਸਕਦੀ ਕਿਉਂਕਿ ਕਿਸੇ ਵੀ ਰੰਗ ਦੀ ਅਕਾਲੀ-ਸਿਆਸਤ ਪੰਜਾਬ-ਕੇਂਦਰਤ ਹੈ ਅਤੇ ਭਾਰਤ ਦੀ ਧਰਮ-ਨਿਰਪੇਖ ਸਿਆਸਤ ਦੇ ਅੰਤਰਗਤ ਹੀ ਕੀਤੀ ਜਾ ਰਹੀ ਹੈ। ਇਸ ਕਰਕੇ ਅਕਾਲੀਆਂ ਨੂੰ ਪੜੁੱਲ ਬਣਾ ਕੇ ਖਾੜਕੂ-ਸਿਆਸਤ ਦੀ ਗੱਲ ਕਰਨ ਦਾ ਕਿਸੇ ਨੂੰ ਕੋਈ ਲਾਭ ਨਹੀਂ ਹੋਣਾ। ਜੇ ਕਿਸੇ ਨੂੰ ਲਾਭ ਹੋ ਗਿਆ ਹੈ ਤਾਂ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਇਹ ਤਾਂ ਚੰਗੀ ਗੱਲ ਹੈ ਕਿ ਮੇਰੀ ਕੌਮ ਦੇ ਵਰਤਮਾਨ ਵਾਰਸ ਆਪੇ ਹੀ ਗੱਲ ਕਰਦੇ ਹਨ, ਆਪੇ ਹੀ ਸੁਣਦੇ ਹਨ ਅਤੇ ਆਪੇ ਹੀ ਖੁਸ਼ ਹੋਈ ਜਾਂਦੇ ਹਨ। ਇਹੋ ਜਿਹੀ ਮਾਨਸਿਕਤਾ ਨਾਲ ਸੰਵਾਦ ਰਚਾਉਣਾ ਜੇ ਅਸੰਭਵ ਨਹੀਂ ਤਾਂ ਬਹੁਤ ਮੁਸ਼ਕਲ ਜ਼ਰੂਰ ਹੈ। ਮਿਸਾਲ ਦੇ ਤੌਰ ਤੇ "ਪਿਟ ਪਿਟਊਆ" ਬਾਰੇ ਗੱਲ ਕਿਵੇਂ ਕੀਤੀ ਜਾ ਸਕਦੀ ਹੈ। ਮੈਂ ਜਿਹੜੀ ਵੀ ਗੱਲ ਕਹੀ ਹੈ, ਸੰਵਾਦ-ਸ਼ਿਸ਼ਟਾਚਾਰ ਦੇ ਘੇਰੇ ਵਿਚ ਰਹਿ ਕੇ ਕਹੀ ਹੈ। ਕਹਿਣ ਲਗਿਆਂ ਮੇਰੇ ਧਿਆਨ ਵਿਚ ਸੀ ਕਿ ਅਜਮੇਰ ਸਿੰਘ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ। ਜੋ ਮੈਂ ਮਹਿਸੂਸ ਕੀਤਾ, ਉਹੀ ਕਹਿ ਦਿਤਾ।

ਅਜਮੇਰ ਸਿੰਘ ਜੇ ਚੌਹਾਨ ਵਾਂਗ ਮੇਰੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦਾ ਤਾਂ ਮੈਂ ਹੱਸ ਕੇ ਚੁੱਪ ਕਰ ਜਾਣਾ ਸੀ। ਮੈਨੂੰ ਪਤਾ ਹੈ ਕਿ ਇਸ ਪੁਸਤਕ ਵਿਚ ਜਿੰਨੀ ਮਿਹਨਤ ਹੋਈ ਹੈ, ਉਹ ਕੇਵਲ ਅਜਮੇਰ ਸਿੰਘ ਹੀ ਕਰ ਸਕਦਾ ਸੀ ਅਤੇ ਲੇਖਕ ਨੂੰ ਅਜਿਹਾ ਕਰਨ ਲਈ ਬਹੁਤ ਹੀ ਸਾਜ਼ਗਾਰ ਮਾਹੌਲ ਵੀ ਮਿਲ ਗਿਆ ਸੀ ਜੋ ਕਿ ਕੁਝ ਸਾਡੀਆਂ ਆਪਣੀਆਂ "ਭੋਲੀਆਂ ਘੁੱਗੀਆਂ" ਨੇ ਹੀ ਮੁਹੱਈਆ ਕਰਵਾ ਦਿੱਤਾ ਹੋਇਆ ਸੀ। ਇਸ ਹਾਲਤ ਵਿਚ ਲੇਖਕ ਆਪਣੀ ਮਿਹਨਤ ਨਾਲ ਇਕ ਮਾਨਸਿਕਤਾ ਦਾ ਮਸੀਹਾ ਜ਼ਰੂਰ ਬਣ ਗਿਆ ਹੈ। ਪਰ ਮੇਰੇ ਲਈ ਇਸ ਪ੍ਰਾਪਤੀ ਨੂੰ ਅਜਮੇਰ ਦਾ ਹਾਸਲ ਸਮਝਣਾ ਬਹੁਤ ਮੁਸ਼ਕਲ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਇਸ ਨੇ ਚੌਹਨ ਵਰਗੀ ਮਾਨਸਿਕਤਾ ਪੈਦਾ ਕਰ ਦਿਤੀ ਹੈ। ਇਸ ਤਰ੍ਹਾਂ ਦੀ ਮਾਨਸਿਕਤਾ ਨੂੰ ਇਹ ਵੀ ਪਤਾ ਨਹੀਂ ਲਗਦਾ ਕਿ ਜਿਸ ਤਰ੍ਹਾਂ ਅਸੀਂ ਦੂਸਰੇ ਤੋਂ ਸਹਿਯੋਗੀ-ਵਤੀਰੇ ਦੀ ਆਸ ਕਰਦੇ ਹਾਂ, ਉਸ ਦਾ ਭੋਰਾ ਭਰ ਦੇ ਸਕਣ ਦਾ ਸਲੀਕਾ ਵੀ ਪੈਦਾ ਕਰ ਲੈਣਾ ਚਾਹੀਦਾ ਹੈ। ਖੈਰ ਜੇ ਮੁੱਦਿਆਂ ਤੇ ਗੱਲ ਤੋਰਨੀ ਹੈ ਤਾਂ ਪਹਿਲਾਂ ਇੱਛਤ-ਸੂਚਨਾ ਦੀ ਬੰਨ੍ਹੀ ਤਾਂ ਟੱਪਣ ਦੀ ਕੋਸ਼ਿਸ਼ ਕੀਤੀ ਜਾਵੇ।

ਜਿਥੋਂ ਤਕ ਡਾ. ਪ੍ਰੇਮ ਸਿੰਘ ਦਾ ਸਬੰਧ ਹੈ, ਮੇਰਾ ਉਨ੍ਹਾਂ ਨਾਲ ਨਜ਼ਰੀਏ ਦਾ ਫਰਕ ਤਾਂ ਸਪਸ਼ਟ ਹੀ ਹੈ ਪਰ ਜਿਸ ਤਰ੍ਹਾਂ ਉਸ ਨੇ ਸੰਵਾਦ ਰਚਾਉਣ ਦੀ ਕੋਸ਼ਿਸ਼ ਕੀਤੀ ਹੈ, ਉਹ ਮੈਨੂੰ ਚੰਗੀ ਲਗੀ ਹੈ। ਮੈਂ ਉਨ੍ਹਾਂ ਨੂੰ ਅਜੇ ਤਕ ਨਹੀਂ ਮਿਲਿਆ ਪਰ ਉਨ੍ਹਾਂ ਬਾਰੇ ਜਿਸ ਤਰ੍ਹਾਂ ਦੀਆਂ ਉਲਾਰ ਟਿਪਣੀਆਂ ਹੋ ਰਹੀਆਂ ਹਨ, ਉਹ ਤਾਂ ਉਨ੍ਹਾਂ ਦੀ ਜ਼ਬਾਨ-ਬੰਦੀ ਕਰਵਾਉਣ ਦੀ ਹੀ ਕੋਸ਼ਿਸ਼ ਲਗਦੀਆਂ ਹਨ। ਉਨ੍ਹਾਂ ਨੇ ਲੇਖਕ ਨਾਲ ਮਾਰਕਸੀ-ਦ੍ਰਿਸ਼ਟੀ ਤੋਂ ਸੰਵਾਦ ਛੇੜਨ ਦੀ ਕੋਸ਼ਿਸ਼ ਕੀਤੀ ਹੈ। ਵੈਸੇ ਵੀ ਜਾਪਦਾ ਹੈ, ਗੱਲ ਉਹ ਲੇਖਕ ਨਾਲ ਕਰਨਾ ਚਾਹੁੰਦੇ ਹਨ ਪਰ ਰਸਤੇ ਵਿਚ ਸੰਵਾਦ ਦੀ ਸਿਆਸਤ ਸ਼ੁਰੂ ਹੋ ਗਈ ਹੈ। ਇਸ ਕਰਕੇ ਇਹ ਸਪਸ਼ਟ ਰਹੇ ਕਿ ਪਹਿਲਾਂ ਤਾਂ ਮੈਨੂੰ ਪ੍ਰੇਮ ਸਿੰਘ ਨਾ ਰਾਸ਼ਟਰਵਾਦੀ ਲਗਿਆ ਹੈ ਅਤੇ ਨਾ ਹੀ ਉਹ ਇੰਦਰਾ-ਪੁਜਾਰੀ। ਉਨ੍ਹਾਂ ਦੀਆਂ ਟਿਪਣੀਆਂ ਨੂੰ ਪ੍ਰਸੰਗ ਵਿਚੋਂ ਕਢ ਕੇ ਵਰਤਣ ਦੀ ਜਿਵੇਂ ਕੋਸ਼ਿਸ਼ ਹੋ ਰਹੀ ਹੈ, ਉਸ ਨਾਲ ਖਾੜਕੂਆਂ ਅਤੇ ਮਾਰਕਸੀਆਂ ਵਿਚਕਾਰ 90ਵਿਆਂ ਵਿਚ ਪੈਦਾ ਹੋ ਚੁਕੇ ਤਣਾਉ ਨੂੰ ਪੈਂਤੜੇ ਵਜੋਂ ਨਹੀਂ ਵਰਤਣਾ ਚਾਹੀਦਾ। ਮੇਰੀ ਸੂਚਨਾ ਮੁਤਾਬਿਕ ਉਨ੍ਹਾਂ ਨੇ ਸਿਆਸਤ ਨੂੰ ਲਾਹੇਵੰਦੇ ਧੰਦੇ ਵਜੋਂ ਕਦੇ ਨਹੀਂ ਵਰਤਿਆ। ਇਹੋ ਜਿਹੀ ਈਮਾਨਦਾਰਾਨਾ ਸੋਚ ਵਾਲੇ ਵਿਅਕਤੀ ਨਾਲ ਵਧੀਕੀ ਨਹੀਂ ਕਰਨੀ ਚਾਹੀਦੀ। ਇਸ ਹਿਸਾਬ ਨਾਲ ਤਾਂ ਮੇਰੇ ਅਜਮੇਰ ਸਿੰਘ ਨਾਲ ਸਬੰਧਾਂ ਨੂੰ ਧਿਆਨ ਵਿਚ ਰਖ ਕੇ ਨਤੀਜੇ ਕਿਵੇਂ ਕਢੋਗੇ? ਚੌਹਾਨ ਨੂੰ ਆਪ ਹੀ ਸਮਝਣਾ ਚਾਹੀਦਾ ਹੈ ਕਿ "ਜਾਣੀ ਕਿ ਬਲਕਾਰ ਸਿੰਘ ਨੂੰ ਵੀ ਇੰਦਰਾ ਅਜੇ ਵੀ ਮਜ਼ਲੂਮ ਅਤੇ ਖਾੜਕੂ ਮੁਜਰਿਮ ਤੇ ਬੁਜਦਿਲ ਲਗਦੇ ਹਨ" ਦਾ ਅਰਥ ਕੀ ਨਿਕਲਦਾ ਹੈ ਅਤੇ ਸ. ਚੌਹਾਨ ਇਹੋ ਜਿਹੀ ਟਿਪਣੀ ਕਿਸ ਆਧਾਰ 'ਤੇ ਕਰ ਰਹੇ ਹਨ? ਮੈਨੂੰ ਨਾ ਅਕਾਲੀਆਂ ਬਾਰੇ ਅਤੇ ਨਾ ਹੀ ਖਾੜਕੂਆਂ ਬਾਰੇ ਕਦੇ ਕੋਈ ਧੁੜਕੂ ਲਗਿਆ ਹੈ ਕਿਉਂਕਿ ਅਕਾਲੀਆਂ ਨੂੰ ਖਾੜਕੂ-ਸਿਆਸਤ ਦਾ ਕਦੇ ਕੋਈ ਨੁਕਸਾਨ ਹੀ ਨਹੀਂ ਹੋਇਆ। ਮੈਨੂੰ ਕਿਸੇ ਵੀ ਰੰਗ ਦੇ ਸਿੱਖ-ਸਿਆਸਤਦਾਨ 1947 ਤੋਂ ਪਿਛੋਂ ਸਿੱਖੀ ਦੇ ਹੱਕ ਵਿਚ ਭੁਗਤਦੇ ਨਹੀਂ ਲਗਦੇ। ਮੇਰੀ ਪੁਜ਼ੀਸ਼ਨ ਇਹ ਹੈ ਕਿ ਇਸ ਵੇਲੇ ਸਿਆਸਤ ਦਾ ਇਸ ਹੱਦ ਤਕ ਬੋਲਬਾਲਾ ਹੋ ਗਿਆ ਹੈ ਕਿ ਸਿਆਸਤ ਨੂੰ ਹੀ ਸਿੱਖੀ ਪ੍ਰਵਾਨ ਕਰਨ ਵਾਲੇ ਪਾਸੇ ਤੁਰ ਪਏ ਹਾਂ। ਏਸੇ ਕਰਕੇ ਤਾਂ ਕਿੰਨੀ ਆਸਾਨੀ ਨਾਲ ਕਹਿ ਹੋ ਰਿਹਾ ਹੈ ਕਿ "ਇਕ ਆਦਮੀ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦੇ ਸੋਹਲੇ ਗਾ ਕੇ ਉਚੀਆਂ ਪਦਵੀਆਂ ਅਤੇ ਡਿਗਰੀਆਂ ਲੈ ਕੇ ਸੁਖ ਮਾਣਦਾ ਹੈ ਅਤੇ ਉਨ੍ਹਾਂ ਦੀ ਹਰ ਥਾਂ ਤੇ ਵਕਾਲਤ ਕਰਦਾ ਹੈ"। ਜੇ ਪੱਧਰ ਇਹ ਹੈ ਤਾਂ ਗੱਲ ਅਗੇ ਕਿਵੇਂ ਤੁਰ ਸਕਦੀ ਹੈ? ਰਾਏ ਦੇ ਵਿਰੋਧ ਨੂੰ ਦੁਸ਼ਮਣੀ ਵਾਂਗ ਨਜਿੱਠਣ ਦੇ ਨਤੀਜਿਆਂ ਨੂੰ ਹੀ ਸਿਆਸਤ ਕਹਿ ਰਿਹਾ ਹਾਂ।

ਮੈਂ ਇਸ ਪੁਸਤਕ ਨੂੰ ਇਕ ਸਿੱਖ ਪਾਠਕ ਵਾਂਗ ਬੜੇ ਧਿਆਨ ਨਾਲ ਪੜ੍ਹਿਆ ਸੀ ਅਤੇ ਮੈਨੂੰ ਉਦੋਂ ਵੀ ਅਤੇ ਹੁਣ ਵੀ ਇਹੀ ਲਗਦਾ ਹੈ ਕਿ ਇਹ ਪੁਸਤਕ ਅਕਾਲੀਆਂ ਦੀ ਮੜ੍ਹੀ ਤੇ ਖਾੜਕੂ-ਉਸਾਰੀ ਕਰਦੀ ਹੈ। ਏਸੇ ਕਰਕੇ ਇਸ ਕਿਤਾਬ ਵਿਚੋਂ ਸਿੱਖਾਂ ਦੀ ਮੁਖ-ਧਾਰਾ ਨਾਲ ਜੁੜੀ ਹੋਈ ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਗੁੰਮ ਲਗਦੀ ਹੈ। ਖਾੜਕੂ-ਰਾਜਨੀਤੀ ਬਾਰੇ ਇਹ ਪੁਸਤਕ ਆਪਣੀ ਕਿਸਮ ਦੀ ਪਹਿਲੀ ਕਿਤਾਬ ਹੈ। ਜੇ ਇਸ ਦਾ ਨਾਂ "ਵੀਹਵੀਂ ਸਦੀ ਦੀ ਖਾੜਕੂ ਰਾਜਨੀਤੀ" ਹੁੰਦਾ ਤਾਂ ਮੈਨੂੰ ਕੋਈ ਇਤਰਾਜ਼ ਹੀ ਨਹੀਂ ਹੋਣਾ ਸੀ। ਇਸ ਬਾਰੇ ਸੰਵਾਦ ਅਕਾਦਮਿਕ ਪ੍ਰਸੰਗ ਵਿਚ ਹੀ ਰਚਾਇਆ ਜਾ ਸਕਦਾ ਹੈ। ਗੱਲ ਕਰਨ ਦੀ ਥਾਂ ਕਿਰਪਾਨ ਕੱਢੀ ਫਿਰਨ ਨਾਲ ਤਾਂ ਕੋਈ ਗੱਲ ਨਹੀਂ ਹੋ ਸਕਦੀ। ਇਸ ਵੇਲੇ ਤਕ ਕੋਈ ਕੀ ਹੈ, ਇਸ ਬਾਰੇ ਕੋਈ ਰੌਲਾ ਹੀ ਨਹੀਂ ਹੈ। ਮੇਰੀਆਂ ਟਿਪਣੀਆਂ ਨਾਲ ਨਾ ਕਿਤਾਬ ਦਾ ਕੋਈ ਨੁਕਸਾਨ ਹੋਇਆ ਸੀ ਅਤੇ ਨਾ ਹੀ ਲੇਖਕ ਦੀ ਸ਼ਖਸ਼ੀਅਤ ਤੇ ਕੋਈ ਆਂਚ ਆਈ ਸੀ। ਕੋਸ਼ਿਸ਼ ਇਹ ਸੀ ਕਿ ਏਸੇ ਹੀ ਮਸਲੇ ਤੇ ਹੋਰ ਪਰਤਾਂ ਜੋ ਵੀ ਪ੍ਰਾਪਤ ਹਨ, ਉਨ੍ਹਾਂ ਨੂੰ ਵੀ ਸਾਹਮਣੇ ਲਿਆਂਦਾ ਜਾਵੇ। ਇਸ ਬਾਰੇ ਚਰਚਾ ਨੂੰ ਸ. ਚੌਹਾਨ ਦੀ ਟਿਪਣੀ ਨੇ ਅਗੇ ਤਾਂ ਕੀ ਤੋਰਨਾ ਸੀ, ਹੋਰ ਉਲਝਾਉਣ ਵਲ ਤੋਰ ਦਿਤਾ ਹੈ। ਮੈਂ ਕੀ ਕਹਿ ਰਿਹਾ ਹਾਂ, ਸ. ਚੌਹਾਨ ਕੀ ਸਮਝ ਰਿਹਾ ਹੈ ਅਤੇ ਲੇਖਕ ਕੀ ਕਹਿਣਾ ਚਾਹ ਰਿਹਾ ਹੈ, ਦੇ ਉਲਝੇਵੇਂ ਵਿਚੋਂ ਜੇ ਸਿਆਸਤ ਨਿਕਲਦੀ ਵੀ ਹੋਵੇ ਤਾਂ ਵੀ ਇਸ ਵਿਚ ਮੇਰੀ ਕੋਈ ਦਿਲਚਸਪੀ ਨਹੀਂ ਹੈ। ਫਿਰ ਵੀ ਇਸ ਮੁੱਦੇ ਉਤੇ ਸੰਵਾਦ ਚਲਦਾ ਰਖਣ ਦੇ ਮੈਂ ਹੱਕ ਵਿਚ ਹਾਂ।

# ਮੇਰੈ ਮਨ ਪ੍ਰੇਮੁ ਲਗੋ ਹਰਿ ਤੀਰ॥

## ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ
ਗੌਂਡ ਮਹਲਾ 4

ਹਰਿ ਦਰਸ਼ਨ ਕਉ ਮੇਰਾ ਮਨ ਬਹੁ ਤਪਤੈ ਕਿਉ ਤ੍ਰਿਖਾਵੰਤੁ ਬਿਨੁ ਨੀਰ॥
ਮੇਰੈ ਮਨ ਪ੍ਰੇਮੁ ਲਗੋ ਹਰਿ ਤੀਰ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥
ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥
ਮਿਲੁ ਮਿਲੁ ਸਖੀ ਗੁਨ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀਮਤਿ ਧੀਰ॥
ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ॥

ਸੋਢੀ ਸੁਲਤਾਨ ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ ਇਸ ਸ਼ਬਦ ਦੇ ਰਾਹੀਂ ਉਸ ਜੀਵ ਆਤਮਾ ਦੀ ਤੜਪ ਨੂੰ ਬਿਆਨ ਕਰਦੇ ਹਨ ਜੋ ਪ੍ਰਭੂ ਮਿਲਾਪ ਲਈ ਝੱਲੀ ਹੋਈ ਪਈ ਹੈ ਅਤੇ ਬਿਰਹਾ ਵਿਚ ਤੜਪ ਰਹੀ ਹੈ।

ਹਰਿ ਦਰਸ਼ਨ ਕਉ ਮੇਰਾ ਮਨ ਬਹੁ ਤਪਤੈ ਕਿਉ ਤ੍ਰਿਖਾਵੰਤੁ ਬਿਨੁ ਨੀਰ॥
ਮੇਰੈ ਮਨ ਪ੍ਰੇਮੁ ਲਗੋ ਹਰਿ ਤੀਰ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥

ਸਤਿਗੁਰੂ ਫ਼ਰਮਾਉਂਦੇ ਹਨ ਕਿ ਉਸ ਪ੍ਰਭੂ ਅਕਾਲ ਪੁਰਖ ਦੇ ਪਿਆਰ ਦਾ ਤੀਰ ਮੇਰੇ ਮਨ ਵਿਚ ਲਗ ਗਿਆ ਹੈ ਅਤੇ ਉਸ ਪ੍ਰੇਮ ਦੇ ਤੀਰ ਲੱਗਣ ਕਰਕੇ ਜੋ ਮੇਰੇ ਅੰਦਰ ਪੀੜ ਹੋ ਰਹੀ ਹੈ, ਉਸ ਪੀੜਾ ਨੂੰ ਸਿਰਫ਼ ਮੇਰਾ ਪ੍ਰਭੂ ਪ੍ਰੀਤਮ ਹੀ ਜਾਣਦਾ ਹੈ। ਹੇ ਸਖੀਏ! ਹੁਣ ਮੇਰਾ ਮਨ ਮੇਰੇ ਸੋਹਣੇ ਪ੍ਰਭੂ ਦੇ ਦਰਸ਼ਨਾਂ ਲਈ ਇਵੇਂ ਤੜਪ ਰਿਹਾ ਹੈ ਜਿਵੇਂ ਪਿਆਸਾ ਆਦਮੀ ਪਾਣੀ ਲਈ ਤੜਪਦਾ ਹੈ।

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥
ਮਿਲੁ ਮਿਲੁ ਸਖੀ ਗੁਨ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀਮਤਿ ਧੀਰ॥

ਹੇ ਸਖੀਏ! ਜੇ ਕੋਈ ਰੱਬ ਦਾ ਪਿਆਰਾ ਮੈਨੂੰ ਮੇਰੇ ਉਸ ਮਾਲਿਕ ਪ੍ਰਭੂ ਦੀ ਕੋਈ ਗੱਲ ਸੁਣਾਵੇ ਤਾਂ ਮੈਨੂੰ ਇਵੇਂ ਲਗਦਾ ਹੈ ਕਿ ਉਹ ਇਨਸਾਨ ਮੇਰਾ ਭਰਾ ਹੈ, ਮੇਰਾ ਵੀਰ ਹੈ। ਸੋ, ਹੇ ਸਖੀਏ ਜੋ ਮਤਿ ਸਤਿਗੁਰੂ ਨੇ ਤੈਨੂੰ ਦਿੱਤੀ ਹੈ ਤੇ ਤੂੰ ਉਹ ਗੁਣਾਂ ਵਾਲੀ ਮਤਿ ਮੈਨੂੰ ਵੀ ਦੇਹ; ਅਰਥਾਤ ਮੇਰੇ ਸੋਹਣੇ ਪ੍ਰਭੂ ਦੀ ਸਿਫ਼ਤ ਸਲਾਹ ਮੈਨੂੰ ਵੀ ਸੁਣਾਇਆ ਕਰ ਤਾਂ ਜੋ ਮੇਰੇ ਅੰਦਰ ਜੋ ਪੀੜ ਹੈ, ਉਸ ਨੂੰ ਕੁਝ ਆਰਾਮ ਮਿਲ ਸਕੇ।

ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ॥

ਹੇ ਮੇਰੇ ਸੋਹਣੇ ਪ੍ਰਭ ਜੀਓ! ਆਪਣੇ ਇਸ ਦਾਸ ਨਾਨਕ ਦੀ ਆਸ ਪੂਰੀ ਕਰੋ ਅਤੇ ਮੈਨੂੰ ਅਪਣਾ ਦੀਦਾਰ ਦਿਓ। ਹੇ ਪ੍ਰਭੂ ਜੀਓ, ਹੇ ਮੇਰੇ ਹਰੀ ਪ੍ਰੀਤਮ ਜੀਓ, ਤੇਰਾ ਦਰਸ਼ਨ ਕਰ ਕੇ ਮੇਰੇ ਸਰੀਰ ਨੂੰ ਅਤੇ ਮੇਰੇ ਤੜਪ ਰਹੇ ਹਿਰਦੇ ਨੂੰ ਠੰਢ ਪੈ ਜਾਂਦੀ ਹੈ। ਸੋ, ਮਿਹਰਬਾਨ ਪ੍ਰਭ ਜੀਓ, ਕ੍ਰਿਪਾ ਕਰੋ ਅਤੇ ਦਰਸ਼ਨ ਦੇਵੋ ਜੀ।

ਆਉ ਦੇਹ ਧਾਰੀ ਗੁਰੂਆਂ ਨੂੰ ਵਿਸਾਰ ਕੇ ਸ਼ਬਦ ਗੁਰੂ ਨਾਲ ਜੁੜੀਏ!

***-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ***

**ਪਾਕਿਸਤਾਨ ਤੋਂ ਉਰਦੂ ਕਹਾਣੀ**

# ਨਿਤਾਣੀ

ਮੁਹੰਮਦ ਮੰਸ਼ਾ ਯਾਦ

ਦੁਪਹਿਰ ਢਲ ਗਈ ਸੀ ਜਦੋਂ ਨੰਬਰਦਾਰ ਦੀ ਘਰ ਵਾਲੀ ਸਤਭਰਾਈ ਉਸ ਨੂੰ ਆਪਣੇ ਨਾਲ ਲੈ ਕੇ ਉਸ ਦੇ ਘਰ ਛੱਡ ਆਉਣ ਲਈ ਨਿਕਲੀ ਸੀ। ਉਹ ਮੇਲੇ ਵਿਚ ਲੁੱਟ ਲਏ ਜਾਣ ਵਾਲੇ ਤੇ ਖਾਲੀ ਹੱਥ ਘਰ ਵਾਪਸ ਆਉਣ ਵਾਲੇ ਬੱਚੇ ਵਾਂਗ ਨੀਵੀਂ ਪਾਈ, ਗੁੰਮਸੁੰਮ ਜਿਹੀ ਸਤਭਰਾਈ ਦੇ ਪਿੱਛੇ-ਪਿੱਛੇ ਤੁਰ ਰਹੀ ਸੀ। ਉਹ ਉਸ ਨੂੰ ਵਾਰ ਵਾਰ ਤਸੱਲੀਆਂ ਦੇ ਰਹੀ ਸੀ ਪਰ ਉਹ ਸੁੱਕੇ-ਪੱਤੇ ਵਾਂਗ ਕੰਬ ਰਹੀ ਸੀ। ਉਹ ਚਿਹਰਾ ਜਿਸ ਉਤੇ ਗੁਲਾਬ ਟਹਿਕਦੇ ਤੇ ਕਲੀਆਂ ਝੂਮਦੀਆਂ ਸਨ, ਹਲਦੀ ਵਾਂਗ ਪੀਲਾ ਹੋਇਆ-ਹੋਇਆ ਸੀ। ਉਸਨੇ ਚਾਦਰ ਨਾਲ ਸਾਰਾ ਸਰੀਰ ਤੇ ਮੂੰਹ-ਸਿਰ ਲਪੇਟਿਆ ਹੋਇਆ ਸੀ ਪਰ ਉਸਨੂੰ ਆਪਣੇ ਨੰਗੇਪਣ ਦਾ ਅਹਿਸਾਸ ਖਾਈ ਜਾ ਰਿਹਾ ਸੀ। ਪਿੰਡ ਦੀਆਂ ਤੀਵੀਆਂ ਤੇ ਮੁੰਡੇ-ਖੁੰਡੇ ਉਸ ਨੂੰ ਇੰਜ ਰੁਕ-ਰੁਕ ਕੇ ਦੇਖ ਰਹੇ ਸਨ ਜਿਵੇਂ ਉਹ ਮਦਾਰੀ ਦੇ ਪਿੱਛੇ-ਪਿੱਛੇ ਤੁਰ ਰਹੀ ਬਾਂਦਰੀ ਹੋਵੇ ਤੇ ਹੁਣੇ ਕਿਸੇ ਮੋੜ 'ਤੇ ਰੁਕ ਕੇ ਖੇਡਾਂ ਪਾਉਣ ਵਾਲੀ ਹੋਵੇ।

'ਕਾਸ਼! ਉਹ ਉਸ ਨੂੰ ਰਾਤ ਦੇ ਹਨੇਰੇ ਵਿਚ ਲੈ ਕੇ ਆਉਂਦੀ।' ਉਸ ਨੇ ਦੁਖੀ ਮਨ ਨਾਲ ਸੋਚਿਆ ਪਰ ਹੁਣ ਸਾਰੇ ਫੈਸਲੇ ਦੂਜਿਆਂ ਦੇ ਹੱਥ ਸਨ। ਆਪਣਾ ਫੈਸਲਾ ਗ਼ਲਤ ਸਾਬਤ ਹੋ ਜਾਵੇ ਤਾਂ ਅਗਲੇ ਫੈਸਲਿਆਂ ਦਾ ਅਧਿਕਾਰ ਆਪਣੇ-ਆਪ ਖੁੱਸ ਜਾਂਦਾ ਹੈ।

ਉਸ ਦੀਆਂ ਲੱਤਾਂ ਕੰਬ ਰਹੀਆਂ ਸਨ ਤੇ ਪੈਰ ਲੜਖੜਾ ਰਹੇ ਸਨ ਜਿਵੇਂ ਉਹ ਆਪਣੇ ਘਰ ਨਾ ਜਾ ਰਹੀ ਹੋਵੇ ਬਲਕਿ ਫਾਂਸੀ ਦੇ ਤਖ਼ਤੇ ਵੱਲ ਤੁਰੀ ਜਾ ਰਹੀ ਹੋਵੇ। ਨੰਬਰਦਾਰ ਤੇ ਪਿੰਡ ਦੇ ਮੋਹਤਬਰ ਬੰਦਿਆਂ ਨੇ ਉਸਨੂੰ ਲਿਆਉਣ ਵੇਲੇ ਯਕੀਨ ਦਿਵਾਇਆ ਸੀ ਕਿ ਉਸਨੂੰ ਕੁਝ ਨਹੀਂ ਕਿਹਾ ਜਾਵੇਗਾ ਪਰ ਉਹ ਆਪਣੇ ਘਰ ਵਾਲਿਆਂ ਨੂੰ ਜਾਣਦੀ ਸੀ ਕਿ ਜੇ ਉਹ ਕਿਸੇ ਤਰ੍ਹਾਂ ਜਿਉਂਦੀ ਬਚ ਗਈ ਤਾਂ ਉਸਦਾ ਜਿਊਣਾ ਮੌਤ ਨਾਲੋਂ ਬਦਤਰ ਹੋਵੇਗਾ। ਉਹ ਉਸਦੇ ਹੱਥ ਪੈਰ ਜ਼ਰੂਰ ਤੋੜ ਦੇਣਗੇ ਤੇ ਉਹ ਕਈ ਦਿਨਾਂ ਤੀਕ ਜ਼ਖ਼ਮਾਂ ਦੀ ਪੀੜ ਨਾਲ ਕਰਾਹੁੰਦੀ ਰਹੇਗੀ।

ਸਤਭਰਾਈ ਉਸਦੇ ਅੱਗੇ-ਅੱਗੇ ਉਸਦੇ ਘਰ ਵਿਚ ਇੰਜ ਵੜੀ ਜਿਵੇਂ ਜੇਤੂ ਫੌਜ ਦਾ ਜਰਨੈਲ ਫਤਿਹ ਕੀਤੀ ਸਲਤਨਤ ਵਿਚ ਪ੍ਰਵੇਸ਼ ਕਰ ਰਿਹਾ ਹੋਵੇ ਪਰ ਉਥੇ ਉਨ੍ਹਾਂ ਦੋਵਾਂ ਵੱਲ ਕਿਸੇ ਨੇ ਅੱਖ ਚੁੱਕ ਕੇ ਵੀ ਨਹੀਂ ਵੇਖਿਆ। ਮਾਂ ਵਰਾਂਡੇ ਵਿਚ ਮੰਜੀ ਉਤੇ ਬੈਠੀ ਚੌਲ ਸਾਫ ਕਰ ਰਹੀ ਸੀ, ਉਹ ਉਸੇ ਤਰ੍ਹਾਂ ਚੁੱਪਚਾਪ ਬੈਠੀ ਚੌਲ ਚੁਗਦੀ ਰਹੀ। ਛੋਟਾ ਭਰਾ ਲੱਕੜਾਂ ਪਾੜ ਰਿਹਾ ਸੀ, ਉਹ ਉਵੇਂ ਹੀ ਲੱਕੜਾਂ ਪਾੜਦਾ ਰਿਹਾ। ਵੱਡਾ ਇਕ ਕੋਨੇ ਵਿਚ ਪਈ ਮੰਜੀ ਦੀ ਦੌਣ ਕੱਸ ਰਿਹਾ ਸੀ, ਉਹ ਵੀ ਆਪਣੇ ਕੰਮ ਵਿਚ ਰੁੱਝਿਆ ਰਿਹਾ। ਸਿਰਫ ਭਾਬੀ ਨੇ ਉਸ ਵੱਲ ਇਕ ਨਜ਼ਰੇ ਦੇਖਿਆ ਸੀ ਪਰ ਇੰਜ ਜਿਵੇਂ ਘਰੇ ਵੜ ਆਏ ਕਿਸੇ ਕੁੱਤੇ-ਬਿੱਲੇ ਵੱਲ ਵੇਖਿਆ ਜਾਂਦਾ ਹੈ।...ਹਾਂ, ਉਸਨੇ ਸਤਭਰਾਈ ਨੂੰ ਬੈਠਣ ਲਈ ਸਰ ਦਾ ਮੂੜ੍ਹਾ ਲਿਆ ਦਿੱਤਾ ਸੀ, ਪਰ ਮੂੰਹੋਂ ਕੁਝ ਨਹੀਂ ਸੀ ਬੋਲੀ। ਸਤਭਰਾਈ ਖੁਦ ਹੀ ਵਾਰੀ-ਵਾਰੀ ਸਾਰਿਆਂ ਨੂੰ ਮਸ਼ਵਰੇ ਦੇਂਦੀ ਤੇ ਨਸੀਹਤ ਕਰਦੀ ਰਹੀ ਕਿ "ਆਦਮੀ ਗਲਤੀਆਂ ਦਾ ਪੁਤਲਾ ਐ...ਇਸ ਉਮਰ ਵਿਚ ਅਜਿਹੀ ਗਲਤੀ ਹੋ ਈ ਜਾਂਦੀ ਆ...ਅੱਲਾ ਤਾਅਲਾ ਮੁਆਫ ਕਰਨ ਵਾਲੇ ਦੇ ਇੱਜ਼ਤ-ਮਾਣ ਵਿਚ ਬੜਾ ਵਾਧਾ ਕਰਦਾ ਐ"...ਵਗੈਰਾ, ਵਗੈਰਾ।

ਉਹ ਸਿੱਧੀ ਪਿਛਲੇ ਕਮਰੇ ਵਿਚ ਚਲੀ ਗਈ ਤੇ ਦਰਵਾਜ਼ੇ ਨਾਲ ਲੱਗ ਕੇ ਉਸ ਜਗ੍ਹਾ ਬੈਠ ਗਈ ਜਿੱਥੋਂ ਸਾਰੇ ਨਜ਼ਰ ਆ ਰਹੇ ਸਨ। ਉਹ ਸਭ ਕੁਝ ਦੇਖਦੀ ਤੇ ਸੁਣਦੀ ਰਹਿਣਾ ਚਾਹੁੰਦੀ ਸੀ; ਉਸਨੂੰ ਡਰ ਸੀ ਕਿ ਲੱਕੜਾਂ ਪਾੜਦਾ ਹੋਇਆ ਭਰਾ ਕੁਹਾੜੇ ਸਮੇਤ ਉਸ ਕੋਲ ਆਵੇਗਾ ਤੇ ਸੁੱਕੀ ਲੱਕੜ ਵਾਂਗ ਉਸਦੇ ਟੋਟੇ-ਟੋਟੇ ਕਰ ਸੁੱਟੇਗਾ।

ਥੋੜ੍ਹੀ ਦੇਰ ਬਾਅਦ ਸਤਭਰਾਈ ਜਾਣ ਲੱਗੀ ਤਾਂ ਉਸ ਦੇ ਦਿਲ ਨੂੰ ਡੋਬੂ ਪੈਣ ਲੱਗਾ। ਉਸ ਨੂੰ ਲੱਗ ਰਿਹਾ ਸੀ, ਉਸ ਦੇ ਜਾਂਦਿਆਂ ਹੀ ਉਹ ਅੰਦਰ ਆ ਜਾਣਗੇ ਤੇ ਉਹ ਉਨ੍ਹਾਂ ਤੋਂ ਆਪਣੀ ਜ਼ਿੰਦਗੀ ਦੀ ਭੀਖ ਵੀ ਨਹੀਂ ਮੰਗ ਸਕੇਗੀ। ਕੁਝ ਮੰਗਣ ਜਾਂ ਕੁਝ ਮੁਆਫ ਕਰਵਾਉਣ ਲਈ ਲਫ਼ਜ਼ ਜ਼ਰੂਰੀ ਹੁੰਦੇ ਨੇ ਤੇ ਉਸ ਦੇ ਕੋਲ ਪਛਤਾਵੇ ਤੇ ਅਫ਼ਸੋਸ ਦੇ ਸਿਵਾਏ ਕੁਝ ਵੀ ਨਹੀਂ ਸੀ ਪਰ ਜਦੋਂ ਸਤਭਰਾਈ ਦੇ ਜਾਣ ਤੋਂ ਕਾਫੀ ਦੇਰ ਬਾਅਦ ਵੀ ਕਿਸੇ ਨੇ ਉਸਨੂੰ ਬੁਰਾ-ਭਲਾ ਨਾ ਕਿਹਾ, ਨਾ ਕੋਈ ਡੰਡਾ-ਝੰਡਾ ਲੈ ਕੇ ਅੰਦਰ ਆਇਆ ਤਾਂ ਉਸਨੂੰ ਹੌਲ ਪੈਣ ਲੱਗ ਪਏ...ਸ਼ਾਇਦ ਉਸਦਾ ਜੁਰਮ ਅਜਿਹਾ ਸੀ ਕਿ ਕਿਸੇ ਛੋਟੀ ਮੋਟੀ ਸਜ਼ਾ ਨਾਲ ਉਸ ਦੀ ਮੁਆਫੀ ਸੰਭਵ ਨਹੀਂ ਸੀ।

ਸ਼ਾਮ ਹੋਣ ਵਾਲੀ ਸੀ, ਵਰਿਆਮੂ ਕੁਹਾੜਾ ਇਕ ਪਾਸੇ ਸੁੱਟ ਕੇ ਦੁੱਧ ਚੋਣ ਚਲਾ ਗਿਆ। ਵੱਡਾ ਭਰਾ ਗਾਮੂ ਹੁੱਕਾ ਤਾਜ਼ਾ ਕਰਨ ਲੱਗਿਆ, ਭਾਬੀ ਨਿੱਕੀ ਸਗਰੀਆ ਨੂੰ ਗੋਦੀ ਚੁੱਕ ਕੇ ਚੁੱਲ੍ਹੇ ਕੋਲ ਜਾ ਬੈਠੀ ਤੇ ਚੌਲ ਬਣਾਉਣ ਲੱਗ ਪਈ ਤੇ ਮਾਂ ਲਾਂਅ ਤੋਂ ਸੁੱਕੇ ਕੱਪੜੇ ਲਾਹੁਣ ਲੱਗ ਪਈ। ਕੱਪੜੇ ਲੈ ਕੇ ਉਹ ਅੰਦਰ ਆਈ ਤੇ ਉਸ ਦੇ ਨੇੜਿਓਂ ਇੰਜ ਲੰਘ ਗਈ ਜਿਵੇਂ ਉਹ ਉਸਨੂੰ ਦਿਖਾਈ ਹੀ ਨਾ ਦਿੱਤੀ ਹੋਵੇ। ਮਾਂ ਨੇ ਕਿੱਲੀ ਤੋਂ ਲਾਲਟੈਣ ਲਾਹੀ ਤੇ ਉਸ ਨੂੰ ਬਾਲ ਕੇ ਦਰਵਾਜ਼ੇ ਦੀ ਕੁੰਡੀ ਨਾਲ ਲਮਕਾ ਦਿੱਤਾ। ਉਸਨੂੰ ਲਾਲਟੈਣ ਦੀ ਰੌਸ਼ਨੀ ਬੜੀ ਭੈੜੀ ਲੱਗੀ ਜਿਵੇਂ ਉਸਨੇ ਉਸਨੂੰ ਹੋਰ ਵੀ ਨੰਗਾ ਕਰ ਦਿੱਤਾ ਹੋਵੇ। ਉਸ ਦੇ ਵੱਸ ਵਿਚ ਹੁੰਦਾ ਤਾਂ ਉਹ ਮੱਖੀ ਬਣ ਕੇ ਕਿਸੇ ਟਰੰਕ ਪਿੱਛੇ ਬੈਠ ਜਾਂਦੀ ਜਾਂ ਕੀੜੀ ਬਣ ਕੇ ਕਿਸੇ ਦਰਜ ਵਿਚ ਵੜ ਜਾਂਦੀ।

ਛੋਟਾ ਭਰਾ ਦੁੱਧ ਵਾਲੀ ਟੋਕਨੀ ਸਿਰ 'ਤੇ ਚੁੱਕੀ ਆ ਪਹੁੰਚਿਆ ਤਾਂ ਦੋਵੇਂ ਭਰਾ ਚੁੱਲ੍ਹੇ ਕੋਲ ਬੈਠ ਕੇ ਥਾਲਾਂ ਵਿਚ ਚੌਲ ਪੁਆ ਕੇ ਖਾਣ ਲੱਗ ਪਏ। ਮਾਂ ਨਿੱਕੀ ਸਗਰੀਆ ਨੂੰ ਤੁਰ ਫਿਰ ਕੇ ਥਾਪੜ ਥਾਪੜ ਸੰਵਾਉਣ ਲੱਗੀ।

ਉਸਨੇ ਸਵੇਰ ਦਾ ਕੁਝ ਨਹੀਂ ਸੀ ਖਾਧਾ। ਖਾਣ-ਪੀਣ ਦੀ ਉਸਨੂੰ ਹੋਸ਼ ਹੀ ਕਿੱਥੇ ਸੀ। ਸਤਭਰਾਈ ਨੇ ਉਸ ਨੂੰ ਆਪਣੇ ਘਰ ਰੋਟੀ ਦਿੱਤੀ ਸੀ ਪਰ ਇਕ ਗਰਾਹੀ ਵੀ ਉਸ ਦੇ ਸੰਘੋਂ ਨਹੀਂ ਸੀ ਲੱਥੀ। ਉਹ ਖਾਲੀ ਪੇਟ ਏਨੀ ਦੂਰੋਂ ਪੈਦਲ ਤੁਰ ਕੇ ਆਈ ਸੀ, ਪਰ ਹੁਣ ਵੀ ਉਸ ਨੂੰ ਖਾਣ ਦੀ ਇੱਛਾ ਨਹੀਂ ਸੀ ਹੋ ਰਹੀ। ਫੇਰ ਵੀ ਜੇ ਖਾਣਾ ਖਾ ਰਹੇ ਭਰਾਵਾਂ ਵਿਚੋਂ ਕੋਈ ਉਸ ਬਾਰੇ ਪੁੱਛ ਲੈਂਦਾ ਕਿ 'ਉਸਨੇ ਕੁਝ ਖਾਧਾ ਐ ਕਿ ਨਹੀਂ' ਤਾਂ ਉਹ ਬਿਨਾਂ ਖਾਧੇ-ਪੀਤੇ ਰੱਜ ਜਾਂਦੀ। ਪਰ ਉਨ੍ਹਾਂ ਨੇ ਤਾਂ ਸ਼ਾਇਦ ਹਮੇਸ਼ਾ ਲਈ ਉਸਨੂੰ ਪਰਿਵਾਰ ਵਿਚੋਂ ਛੇਕ ਦਿੱਤਾ ਲਗਦਾ ਸੀ ਪਰ ਭਾਬੀ ਨੂੰ ਅਖੀਰ ਉਸਦਾ ਧਿਆਨ ਆ ਹੀ ਗਿਆ, ਉਸਨੇ ਥਾਲੀ ਵਿਚ ਚੌਲ ਪਾਏ ਤੇ ਅੰਦਰ ਆ ਕੇ ਥਾਲੀ ਉਸਦੇ ਅੱਗੇ ਸਰਕਾ ਦਿੱਤੀ ਤੇ ਕੁਝ ਕਹੇ-ਸੁਣੇ ਬਗੈਰ ਪਰਤ ਗਈ। ਉਸ ਨੂੰ ਲੱਗਿਆ ਜਿਵੇਂ ਸਚਮੁੱਚ ਉਹ ਕੋਈ ਪਾਲਤੂ ਕੁੱਤੀ ਹੋਵੇ ਤੇ ਉਸਨੂੰ ਰਾਤਬ (ਪਾਲਤੂ ਜਾਨਵਰਾਂ ਦੀ ਬੱਝਵੀਂ ਖੁਰਾਕ) ਦੇ ਦਿੱਤੀ ਗਈ ਹੋਵੇ। ਉਹ ਆਪਣੇ ਹੀ ਘਰ ਵਿਚ ਬਿਗਾਨੀ ਹੋ ਗਈ ਸੀ। ਉਸਨੇ ਬੜੀ ਕੋਸ਼ਿਸ਼ ਕੀਤੀ ਪਰ ਰੋਣ ਨਿਕਲ ਹੀ ਗਿਆ। ਉਸ ਦੇ ਸਿਸਕਣ ਤੇ ਹਟਕੋਰੇ ਭਰਨ ਦੀ ਆਵਾਜ਼ ਸੁਣ ਕੇ ਵੀ ਕਿਸੇ ਦਾ ਹੱਥ ਨਹੀਂ ਰੁਕਿਆ ਤੇ ਨਾ ਹੀ ਕਿਸੇ ਨੇ ਉਸ ਵੱਲ ਧਿਆਨ ਹੀ ਦਿੱਤਾ। ਉਹ ਰੋ-ਧੋ ਕੇ ਆਪੇ ਚੁੱਪ ਹੋ ਗਈ। ਢਿੱਡ ਦੀ ਅੱਗ ਬੁਝਾਉਣ ਲਈ ਚੌਲਾਂ ਦੀਆਂ ਕੁਝ ਗਰਾਹੀਆਂ ਵੀ ਅੰਦਰ ਸੁੱਟ ਲਈਆਂ। ਉਸ ਨੂੰ ਪਿਆਸ ਲੱਗੀ ਹੋਈ ਸੀ, ਪਰ ਭਾਬੀ ਪਾਣੀ ਨਹੀਂ ਸੀ ਦੇ ਕੇ ਗਈ ਤੇ ਉਸਦਾ ਬਾਹਰ ਨਲਕੇ ਜਾਂ ਤੋਤੇ ਤੀਕ ਜਾ ਕੇ ਪਾਣੀ ਪੀ ਲੈਣ ਦਾ ਹੀਆ ਨਹੀਂ ਸੀ ਪੈ ਰਿਹਾ।

ਬਾਹਰਲਾ ਦਰਵਾਜ਼ਾ ਅਕਸਰ ਖੁੱਲ੍ਹਾ ਰਹਿੰਦਾ ਸੀ ਪਰ ਅੱਜ ਉਸਨੂੰ ਬੰਦ ਕਰ ਦਿੱਤਾ ਗਿਆ ਸੀ। ਬੰਦ ਦਰਵਾਜ਼ਾ ਦੇਖ ਕੇ ਉਸ ਨੂੰ ਆਪਣਾ ਸਾਹ ਰੁਕਦਾ ਮਹਿਸੂਸ ਹੋਇਆ ਜਿਵੇਂ ਹਵਾ ਦਾ ਰਸਤਾ ਰੋਕ ਦਿੱਤਾ ਗਿਆ ਹੋਵੇ। ਦੋ ਇਕ ਵਾਰੀ ਕਿਸੇ ਨੇ ਕੁੰਡੀ ਖੜਕਾਈ ਤਾਂ ਉਸਦੀ ਮਾਂ ਦਰਵਾਜ਼ੇ ਕੋਲ ਗਈ ਤੇ ਹਰ ਵਾਰੀ ਬੁੜਬੁੜ ਕਰਦੀ ਹੋਈ ਦਰਵਾਜ਼ਾ ਖੋਲ੍ਹੇ ਬਗੈਰ ਵਾਪਸ ਆ ਗਈ। ਜ਼ਰੂਰ ਪਿੰਡ ਦੀਆਂ ਬੁੜ੍ਹੀਆਂ ਆਉਣਾ ਚਾਹੁੰਦੀਆਂ ਹੋਣਗੀਆ ਜਿਨ੍ਹਾਂ ਨੂੰ ਬੁਰਾ-ਭਲਾ ਸੁਣਾ ਕੇ ਮਾਂ ਨੇ ਉਥੋਂ ਹੀ ਵਾਪਸ ਮੋੜ ਦਿੱਤਾ ਸੀ। ਉਸ ਦੇ ਘਰ ਵਾਲੇ ਪਹਿਲਾਂ ਹੀ ਪਿੰਡ ਵਾਲਿਆਂ ਨਾਲ ਬਹੁਤਾ ਮਿਲਣਾ-ਜੁਲਣਾ ਨਹੀਂ ਸੀ ਕਰਦੇ ਤੇ ਹੁਣ ਤਾਂ ਉਹ ਹੋਰ ਵੀ ਭਖੇ ਹੋਏ ਸਨ। ਖਾਣਾ ਖਾ ਕੇ ਦੋਵੇਂ ਭਰਾ ਵਿਹੜੇ ਵਿਚ ਜਾ ਬੈਠੇ ਤੇ ਹੁੱਕਾ ਪੀਂਦੇ ਰਹੇ ਵਰਿਆਮੂ ਵਾੜੇ ਵਿਚ ਜਾ ਕੇ ਸੌਂਦਾ ਸੀ ਪਰ ਘਰੇ ਹੀ ਲੇਟ ਗਿਆ। ਗਾਮੂ ਵੀ ਆਦਤ ਦੇ ਉਲਟ, ਜਲਦੀ ਉਠ ਕੇ ਸੌਣ ਲਈ ਚਲਾ ਗਿਆ ਜਿਵੇਂ ਉਨ੍ਹਾਂ ਜਲਦੀ ਉਠਣਾ ਤੇ ਕਿਸੇ ਅਹਿਮ ਮੁਹਿੰਮ 'ਤੇ ਜਾਣਾ ਹੋਵੇ। ਉਸਦਾ ਦਿਲ ਕਿਸੇ ਡਰ ਸਦਕਾ ਜ਼ੋਰ-ਜ਼ੋਰ ਨਾਲ ਧੜਕਣ ਲੱਗ ਪਿਆ।

ਕੁਝ ਚਿਰ ਭਾਬੀ ਜੂਠੇ ਭਾਂਡੇ 'ਕੱਠੇ ਕਰਦੀ ਤੇ ਮਾਂਜਦੀ ਰਹੀ। ਫੇਰ ਨਿੱਕੀ ਸਗਰੀਆ ਨੂੰ ਚੁੱਕ ਕੇ ਉਹ ਵੀ ਆਪਣੇ ਕਮਰੇ ਵਿਚ ਚਲੀ ਗਈ। ਮਾਂ ਵਰਾਂਡੇ ਵਿਚ ਬੈਠੀ ਤਾਜ਼ਾ ਪੀਸਿਆ ਹੋਇਆ ਆਟਾ ਤੌੜੀ ਵਿਚ ਪਾ ਰਹੀ ਸੀ। ਉਸਨੇ ਖਾਣਾ ਨਹੀਂ ਸੀ ਖਾਧਾ; ਉਸਨੇ ਖਾਣਾ ਕਿਉਂ ਨਹੀਂ ਖਾਧਾ, ਇਹ ਸੋਚ ਕੇ ਉਸ ਦੀਆਂ ਅੱਖਾਂ ਸਾਹਵੇਂ ਹਨੇਰਾ ਛਾਉਣ ਲੱਗਿਆ ਕਿ ਕਿਤੇ ਘਰ ਵਿਚ ਕੁਝ ਹੋਣ ਵਾਲਾ ਤਾਂ ਨਹੀਂ...?



ਲਾਲਟੈਣ ਬੁਝਾ ਕੇ ਮਾਂ ਵਰਾਂਡੇ ਵਿਚ ਆ ਕੇ ਮੰਜੀ ਉਤੇ ਲੇਟ ਗਈ ਤਾਂ ਉਹ ਕੁਝ ਚਿਰ ਤਾਂ ਬੈਠੀ ਰਹੀ, ਫੇਰ ਹਿੰਮਤ ਕਰਕੇ ਉਠੀ ਤੇ ਉਸਦੀ ਪੁਆਂਦੀ ਜਾ ਬੈਠੀ। ਉਹ ਉਸਦੇ ਪੈਰਾਂ ਉਤੇ ਸਿਰ ਰੱਖ ਕੇ ਰੋਣਾ ਚਾਹੁੰਦੀ ਸੀ ਪਰ ਮਾਂ ਨੇ ਪੈਰ ਖਿੱਚ ਲਏ, ਲੱਤਾਂ ਇਕੱਠੀਆਂ ਕਰ ਲਈਆਂ ਤੇ ਪਾਸਾ ਪਰਤ ਲਿਆ। ਉਹ ਚੁੱਪਚਾਪ ਸਾਹ ਰੋਕੀ ਉਸੇ ਜਗ੍ਹਾ ਬੈਠੀ ਰਹੀ। ਮਾਂ ਜਾਗ ਰਹੀ ਸੀ ਪਰ ਆਪਣੇ ਆਪ ਨੂੰ ਸੁੱਤੀ ਹੋਈ ਜ਼ਾਹਰ ਕਰ ਰਹੀ ਸੀ। ਉਹ ਕਈ ਰਾਤਾਂ ਦੀ ਉਨੀਂਦੀ ਤੇ ਸਾਰੇ ਦਿਨ ਦੀ ਥੱਕੀ ਹੋਈ ਸੀ। ਉਸ ਨੂੰ ਪੈਂਦਾਂ ਉਤੇ ਬੈਠੀ ਨੂੰ ਨੀਂਦ ਆਉਣ ਲੱਗ ਪਈ ਪਰ ਉਸ ਨੂੰ ਆਪਣੀ ਮੰਜੀ ਉਤੇ ਇਕੱਲੀ ਸੌਣ ਤੋਂ ਡਰ ਲੱਗ ਰਿਹਾ ਸੀ...ਪਤਾ ਨਹੀਂ ਕਦੋਂ ਛੋਟਾ ਜਾਂ ਵੱਡਾ ਜਾਂ ਉਹ ਦੋਵੇਂ ਭਰਾ ਚੁੱਪਚਾਪ ਅੰਦਰ ਆ ਜਾਣ ਤੇ ਉਸ ਨੂੰ ਨਾਲ ਚੱਲਣ ਲਈ ਕਹਿਣ। ਉਹ ਚੀਕਣਾ-ਕੂਕਣਾ ਚਾਹੇ ਪਰ ਉਸਦੇ ਮੂੰਹੋਂ ਅਵਾਜ਼ ਨਾ ਨਿਕਲ ਸਕੇ। ਫੇਰ ਪਤਾ ਨਹੀਂ, ਉਹ ਉਸ ਨੂੰ ਕਿੱਥੇ ਲੈ ਜਾਣ, ਕਿਸ ਤਰ੍ਹਾਂ ਕਤਲ ਕਰਨ? ਹੋ ਸਕਦਾ ਹੈ ਕਿ ਗਲ ਘੁੱਟ ਦੇਣ, ਛੁਰੀ ਜਾਂ ਟੋਕੇ ਨਾਲ ਧੌਣ ਵੱਢ ਕੇ ਜ਼ਮੀਨ ਵਿਚ ਨੱਪ ਦੇਣ, ਖੂਹ ਜਾਂ ਨਹਿਰ ਵਿਚ ਧੱਕਾ ਦੇ ਦੇਣ। ਉਸਨੂੰ ਯਕੀਨ ਸੀ ਕਿ ਜਦੋਂ ਉਹ ਉਸ ਨੂੰ ਲੈਣ ਆਉਣਗੇ, ਮਾਂ ਇੰਜ ਹੀ ਚੁੱਪਚਾਪ ਪਈ, ਆਪਣੇ ਆਪ ਨੂੰ ਸੁੱਤੀ ਹੋਈ ਜ਼ਾਹਰ ਕਰਦੀ ਰਹੇਗੀ...ਉਹ ਉਸਦੀ ਏਡੀ ਵੱਡੀ ਗਲਤੀ ਕਿੰਜ ਮੁਆਫ਼ ਕਰ ਸਕਦੀ ਸੀ? ਮੁਆਫ਼ ਕਰਨਾ ਤਾਂ ਇਸ ਘਰ ਦੇ ਲੋਕਾਂ ਨੇ ਜਿਵੇਂ ਸਿੱਖਿਆ ਹੀ ਨਹੀਂ ਸੀ। ਤੇ ਨਾਲੇ ਉਹ ਆਪਣੇ ਪੁੱਤਰਾਂ ਤੋਂ ਬੜਾ ਡਰਦੀ ਸੀ...ਉਹ ਹਿਰਖ ਜਾਂਦੇ ਸੀ ਤਾਂ ਮਾਂ ਨੂੰ ਵੀ ਬੇਇੱਜ਼ਤ ਤੇ ਲਹੂ-ਲੁਹਾਣ ਕਰ ਦਿੰਦੇ ਸੀ। ਘਰ ਵਿਚ ਇਕ ਭਾਬੀ ਸੀ ਜਿਹੜੀ ਉਸਦੀ ਜਾਨ ਬਚਾ ਸਕਦੀ ਸੀ ਪਰ ਉਹ ਕਿਉਂ ਬਚਾਉਂਦੀ-ਉਸਨੇ ਭਾਬੀ ਦੇ ਕੁੱਬੇ ਭਰਾ ਦਾ ਰਿਸ਼ਤਾ ਠੁਕਰਾ ਕੇ ਉਸਨੂੰ ਹਮੇਸ਼ਾ ਲਈ ਆਪਣੀ ਦੁਸ਼ਮਣ ਬਣਾ ਲਿਆ ਸੀ। ਵੈਸੇ ਵੀ ਉਹ ਕਿੱਸੇ-ਕਹਾਣੀਆਂ ਦੀ ਰਵਾਇਤੀ ਭਾਬੀ ਵਾਂਗ ਉਸ ਉਤੇ ਮੱਚੀ ਹੀ ਰਹਿੰਦੀ ਸੀ ਤੇ ਸ਼ਾਇਦ ਉਸਦੇ ਖ਼ੂਨ ਨਾਲ ਸਾਲੂ ਰੰਗਣ ਦੀ ਇੱਛਾ ਵੀ ਰੱਖਦੀ ਸੀ।

ਉਹ ਮਾਂ ਦੀ ਪੁਆਂਦੀ ਬੈਠੀ ਹੁਬਕੀਂ ਰੋਂਦੀ ਰਹੀ। ਉਸਦੀ ਮਾਂ ਜ਼ਿਦ ਦੀ ਪੱਕੀ ਤੇ ਦਿਲ ਦੀ ਸਖ਼ਤ ਜ਼ਰੂਰ ਸੀ ਪਰ ਕਦੀ ਕਦੀ ਮਿਹਰਬਾਨ ਵੀ ਹੋ ਜਾਂਦੀ ਸੀ ਜਾਂ ਘੱਟੋ-ਘੱਟ ਥੋੜ੍ਹੀ ਦੇਰ ਲਈ ਨਰਮ ਪੈ ਜਾਂਦੀ ਸੀ ਪਰ ਅੱਜ ਉਸਦਾ ਦਿਲ ਪਿਘਲ ਹੀ ਨਹੀਂ ਸੀ ਰਿਹਾ। ਫੇਰ ਪਤਾ ਨਹੀਂ ਕਦੋਂ ਤੇ ਕਿਵੇਂ ਉਹ ਰੋਂਦੀ-ਰੋਂਦੀ ਉਥੇ ਪੁਆਂਦੀ ਹੀ ਗੁੱਛਾ-ਮੁੱਛਾ ਜਿਹੀ ਹੋ ਕੇ ਸੌਂ ਗਈ...ਪਰ ਭਿਆਨਕ ਸੁਪਨੇ ਦੇਖਦੀ ਤੇ ਵਾਰੀ-ਵਾਰੀ ਉਠ ਬੈਠਦੀ ਰਹੀ-ਇੰਜ ਸੌਣ ਤੇ ਜਾਗਣ ਵਿਚਕਾਰ ਉਸਨੂੰ ਕੋਈ ਫਰਕ ਮਹਿਸੂਸ ਨਹੀਂ ਸੀ ਹੋਇਆ-ਸੁਪਨਿਆਂ ਨੇ ਵੀ ਉਸਨੂੰ ਪਨਾਹ ਦੇਣੀ ਛੱਡ ਦਿੱਤੀ ਜਾਪਦੀ ਸੀ।

ਅਗਲੇ ਦਿਨ ਉਸਨੇ ਭਰਾਵਾਂ ਦੀਆਂ ਨਜ਼ਰਾਂ ਤੋਂ ਓਹਲੇ ਰਹਿ ਕੇ ਘਰ ਦੇ ਨਿੱਕੇ-ਮੋਟੇ ਕੰਮ ਕਰਨੇ ਸ਼ੁਰੂ ਕਰ ਦਿੱਤੇ। ਭਾਂਡੇ ਮਾਂਜੇ, ਕੱਪੜੇ ਧੋਤੇ, ਮੰਜੇ ਡਾਹੇ ਤੇ ਵਿਛਾਏ। ਝਾੜੂ ਫੇਰਿਆ ਤੇ ਨਿੱਕੀ ਸਗਰੀਆ ਨੂੰ ਖਿਡਾਉਂਦੀ ਰਹੀ ਪਰ ਭਾਬੀ ਨੇ ਉਸ ਨੂੰ ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਹੱਥ ਲਾਉਣ ਤੋਂ ਮਨ੍ਹਾ ਕਰ ਦਿੱਤਾ ਸੀ। ਤੀਜੇ ਚੌਥੇ ਦਿਨ ਉਸਨੇ ਖਾਣਾ ਖਾਂਦੇ ਹੋਏ ਵੱਡੇ ਭਰਾ ਕੋਲ ਡਰਦਿਆਂ-ਡਰਦਿਆਂ ਪਾਣੀ ਦਾ ਗਲਾਸ ਲਿਜਾ ਕੇ ਰੱਖਿਆ ਤਾਂ ਉਸਨੇ ਗਲਾਸ ਚੁੱਕ ਕੇ ਕੰਧ ਨਾਲ ਮਾਰਿਆ ਤੇ ਟੁਕੜੇ-ਟੁਕੜੇ ਕਰ ਦਿੱਤਾ। ਫੇਰ ਖਾਣਾ ਛੱਡ ਕੇ ਪੈਰਾਂ ਨਾਲ ਧਰਤੀ ਧਮਕਾਉਂਦਾ ਬਾਹਰ ਨਿਕਲ ਗਿਆ। ਇਸ ਪਿੱਛੋਂ ਉਹ ਮੁੜ ਸਹਿਮ ਗਈ ਤੇ ਉਸ ਨੂੰ ਭਾਂਤ-ਭਾਂਤ ਦੇ ਸ਼ੰਕਿਆਂ ਨੇ ਘੇਰ ਲਿਆ।

ਉਹ ਘਰ ਵਿਚ ਰਹਿੰਦੀ ਸੀ ਪਰ ਘਰ ਦਾ ਕੋਈ ਜੀਅ ਉਸ ਨਾਲ ਗੱਲ ਨਹੀਂ ਸੀ ਕਰਦਾ...ਉਸਨੇ ਮਾਂ ਨਾਲ ਕਈ ਵਾਰੀ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਮਾਂ ਜਵਾਬ ਨਾ ਦਿੰਦੀ। ਸਿਵਾਏ ਨਿੱਕੀ ਸਗਰੀਆ ਦੀ 'ਹੂੰ-ਹਾਂ' ਦੇ ਉਹ ਗੱਲਾਂ ਕਰਨ ਨੂੰ ਵੀ ਤਰਸ ਗਈ ਸੀ। ਇਕ ਰਾਤ ਉਸ ਨੇ ਮਾਂ ਦੇ ਪੈਰ ਫੜ ਲਏ ਤੇ ਰੋਂਦੀ ਹੋਈ ਕਹਿਣ ਲੱਗੀ-

"ਮਾਂ ਮੈਨੂੰ ਮਾਰ-ਮੇਰੇ ਉਤੇ ਥੁੱਕ, ਮੈਨੂੰ ਗਾਲ੍ਹਾਂ ਦੇ ਤੇ ਤਾਅਨੇ-ਮਿਹਣੇ ਮਾਰ...ਪਰ ਖੁਦਾ ਦਾ ਵਾਸਤਾ ਈ ਕੁਝ ਤਾਂ ਕਹਿ।"

"ਮੈਂ ਤੇਰੀ ਮਾਂ ਨਹੀਂ...ਤੂੰ ਕਿਸੇ ਕੁੱਤੀ ਦੀ ਔਲਾਦ ਏਂ।"

"ਨਹੀਂ ਮਾਂ-ਖੁਦਾ ਦਾ ਵਾਸਤਾ ਈ ਇੰਜ ਨਾ ਕਹਿ।"

"ਆਪਣੀ ਗੰਦੀ ਜ਼ਬਾਨ ਨਾਲ ਖੁਦਾ ਰਸੂਲ ਦਾ ਨਾਂ ਨਾ ਲੈ।"

"ਮੈਂ ਤੇਰੇ ਅੱਗੇ ਹੱਥ ਜੋੜਦੀ ਆਂ ਮਾਂ।"

"ਕੋਈ ਫਾਇਦਾ ਨਹੀਂ।"

"ਤਾਂ ਕੀ ਸਚਮੁੱਚ ਮਾਂ...?"

"ਹਾਂ..."

"ਕਦ...?"

"ਇਹ ਮੈਨੂੰ ਨਹੀਂ ਪਤਾ।"

ਡਰ ਦੇ ਮਾਰੇ ਉਸ ਦਾ ਸਾਹ ਸੁੱਕ ਗਿਆ, ਹੱਥ ਪੈਰ ਕੰਬਣ ਲੱਗੇ। ਅੱਖਾਂ ਸਾਹਵੇਂ ਹਨੇਰਾ ਛਾ ਗਿਆ।

***

ਪਿੰਡ ਤੋਂ ਕਸਬੇ ਨੂੰ ਜਾਣ ਵਾਲੀ ਕੱਚੀ ਸੜਕ ਉਤੇ ਇਕ ਹਵੇਲੀ ਸੀ ਜਿਸ ਨੂੰ ਕੁੱਤਿਆਂ ਵਾਲੀ ਹਵੇਲੀ ਕਿਹਾ ਜਾਂਦਾ ਸੀ। ਦੋ ਖ਼ੂੰਖਾਰ ਕਿਸਮ ਦੇ ਬੁਥੀ ਕੁੱਤੇ ਦਿਨ-ਰਾਤ ਇਸ ਦੇ ਇਰਦ-ਗਿਰਦ ਘੁੰਮਦੇ ਰਹਿੰਦੇ ਸਨ। ਉਨ੍ਹਾਂ ਦੇ ਮਾਲਕਾਂ ਦਾ ਜਦੋਂ ਜੀਅ ਕਰਦਾ ਉਨ੍ਹਾਂ ਨੂੰ ਬੰਨ੍ਹ ਦਿੰਦੇ-ਜਦੋਂ ਜੀਅ ਕਰਦਾ ਖੁੱਲ੍ਹੇ ਛੱਡ ਦਿੰਦੇ। ਉਨ੍ਹਾਂ ਕੁੱਤਿਆਂ ਤੋਂ ਡਰਦਿਆਂ ਲੋਕਾਂ ਨੇ ਕੱਚੀ ਸੜਕ ਤੋਂ ਲੰਘਣਾ ਵੀ ਛੱਡ ਦਿੱਤਾ ਸੀ ਤੇ ਉਨ੍ਹਾਂ ਨੇ ਕਸਬੇ ਵਿਚ ਜਾਣ-ਆਉਣ ਲਈ ਖੇਤਾਂ ਦੇ ਵਿਚਕਾਰੋਂ ਲੰਘਦੀ ਕੱਚੀ ਪਗਡੰਡੀ ਵਾਲੇ ਰਸਤੇ ਨੂੰ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਸੀ। ਕੋਈ ਅਜਨਬੀ ਜਾਂ ਭੁੱਲਿਆ-ਭਟਕਿਆ ਰਾਹੀ-ਪਾਂਧੀ ਇਧਰ ਆ ਜਾਂਦਾ ਤਾਂ ਉਸ ਨੂੰ ਕੁੱਤਿਆਂ ਤੋਂ ਜਾਨ ਬਚਾਉਣੀ ਔਖੀ ਹੋ ਜਾਂਦੀ। ਉਨ੍ਹਾਂ ਕੁੱਤਿਆਂ ਨੇ ਕਈ ਲੋਕਾਂ ਨੂੰ ਵੱਢਿਆ ਵੀ ਸੀ। ਪਿੰਡ ਵਾਲੇ ਇਤਰਾਜ਼ ਭਰੇ ਉਲਾਂਭੇ ਵੀ ਲੈ ਕੇ ਗਏ ਸਨ ਪਰ ਉਨ੍ਹਾਂ ਲੋਕਾਂ 'ਤੇ ਕੋਈ ਅਸਰ ਨਹੀਂ ਸੀ ਹੋਇਆ। ਪਿੰਡ ਦੇ ਮੁੰਡੇ ਜਿਹੜੇ ਕਸਬੇ ਦੇ ਸਕੂਲ ਵਿਚ ਪੜ੍ਹਨ ਜਾਂਦੇ ਸਨ, ਬੜਾ ਹੀ ਬਚ-ਬਚਾਅ ਕੇ ਲੰਮਾ ਚੱਕਰ ਲਾ ਕੇ ਉਧਰੋਂ ਲੰਘਦੇ ਸਨ। ਉਨ੍ਹਾਂ ਨੇ ਕੁੱਤਿਆਂ ਦਾ ਨਾਂ ਹੀ ਗਾਮੂ ਤੇ ਵਰਿਆਮੂ ਰੱਖ ਦਿੱਤਾ ਸੀ।

ਗਾਮੂ ਤੇ ਵਰਿਆਮੂ ਨੂੰ ਲੋਕ ਬੜੇ ਹੀ ਉਜੱਡ ਤੇ ਮੂਰਖ ਬੰਦੇ ਸਮਝਦੇ ਸਨ। ਜਿਨ੍ਹਾਂ ਆਪਣੀ ਸਕੀ ਭੈਣ ਨੂੰ ਕਤਲ ਕਰਕੇ ਨਹਿਰ ਜਾਂ ਦਰਿਆ ਵਿਚ ਰੋੜ੍ਹ ਦਿੱਤਾ ਜਾਂ ਟੋਇਆ ਪੁੱਟ ਕੇ ਕਿਸੇ ਖੇਤ ਵਿਚ ਨੱਪ ਦਿੱਤਾ ਸੀ। ...ਤੇ ਪਿੰਡ ਵਾਲਿਆਂ ਨਾਲੋਂ ਹਰ ਰਿਸ਼ਤਾ ਤੋੜ ਲਿਆ ਸੀ। ...ਤੇ ਪਿੰਡ ਦੇ ਮੋਹ ਨੂੰ ਤਜ ਕੇ ਇੱਥੇ ਸਭ ਨਾਲੋਂ ਵੱਖਰੇ-ਵਾਂਝੇ ਰਹਿਣ ਲੱਗ ਪਏ ਸਨ। ...ਤੇ ਸਾਰੇ ਪਿੰਡ ਦਾ ਜਿਊਣਾ ਦੁੱਭਰ ਕੀਤਾ ਹੋਇਆ ਸੀ।

ਇਹ ਹਵੇਲੀ ਕਿਸੇ ਜ਼ਮਾਨੇ ਵਿਚ ਪਸ਼ੂਆਂ ਦਾ ਵਾੜਾ ਹੁੰਦੀ ਸੀ। ਉਥੇ ਇਕ ਖੂਹ ਵੀ ਸੀ ਜਿਸਨੂੰ ਹੁਣ ਪੂਰ ਦਿੱਤਾ ਗਿਆ ਸੀ। ਗਜ਼ੂਰਾਂ ਦੇ ਗਾਇਬ ਹੋ ਜਾਣ ਜਾਂ ਕਤਲ ਹੋ ਜਾਣ ਪਿੱਛੋਂ ਉਨ੍ਹਾਂ ਲੋਕਾਂ ਇਸ ਵਿਚ ਕੁਝ ਹੋਰ ਕਮਰੇ ਪਾ ਕੇ ਉਸਨੂੰ ਹਵੇਲੀ ਦੀ ਸ਼ਕਲ ਦੇ ਦਿੱਤੀ ਸੀ।

ਪਿੰਡ ਵਿਚ ਉਸ ਹਵੇਲੀ ਬਾਰੇ ਤਰ੍ਹਾਂ-ਤਰ੍ਹਾਂ ਦੇ ਕਿੱਸੇ ਮਸ਼ਹੂਰ ਸਨ। ਬਾਗ਼ ਅਲੀ ਨਾਈ ਦਾ ਕਹਿਣਾ ਸੀ ਕਿ ਇਕ ਦੁਪਹਿਰ ਨੂੰ ਉਹ ਕਸਬੇ ਦੀ ਚੱਕੀ ਤੋਂ ਆਟਾ ਪਿਸਵਾ ਕੇ ਲਿਆ ਰਿਹਾ ਸੀ ਕਿ ਹਵੇਲੀ ਤੋਂ ਕੁਝ ਫਾਸਲੇ 'ਤੇ ਇਕ ਜ਼ਨਾਨੀ ਨੇ ਉਸਦਾ ਨਾਂ ਲੈ ਕੇ ਆਵਾਜ਼ ਮਾਰੀ। ਉਸਨੇ ਚਾਰੇ ਪਾਸੇ ਦੇਖਿਆ ਪਰ ਉਥੇ ਕੋਈ ਵੀ ਨਹੀਂ ਸੀ।

ਦੋਸੇ ਵਰਗੇ ਸਿੱਧੜ ਬੰਦੇ ਦਾ ਬਿਆਨ ਸੀ ਕਿ ਉਸ ਨੇ ਇਕ ਰਾਤ ਖੇਤਾਂ ਨੂੰ ਪਾਣੀ ਛੱਡਿਆ ਹੋਇਆ ਸੀ ਕਿ ਦੇਖਿਆ-ਇਕ ਭਰ ਜਵਾਨ ਔਰਤ ਵਾਲ ਖਿਲਾਰੀ ਖਾਲ ਦੇ ਅੰਦਰ ਬਿਨਾਂ ਆਵਾਜ਼ ਤੁਰੀ ਜਾ ਰਹੀ ਸੀ। ਉਸ ਨੇ ਆਵਾਜ਼ ਦਿੱਤੀ ਤਾਂ ਠਹਾਕਾ ਮਾਰ ਕੇ ਗਾਇਬ ਹੋ ਗਈ। ਹਵੇਲੀ ਤੋਂ ਥੋੜ੍ਹੇ ਫਾਸਲੇ ਉਤੇ ਇਕ ਬੜਾ ਉਚਾ ਖਜੂਰ ਦਾ ਰੁੱਖ ਸੀ, ਕੁਝ ਲੋਕਾਂ ਨੇ ਉਸ ਖਜੂਰ ਦੇ ਰੁੱਖ ਹੇਠਾਂ ਵੀ ਅਜੀਬ ਕਿਸਮ ਦੀਆਂ ਆਵਾਜ਼ਾਂ ਸੁਣੀਆਂ ਸਨ। ਦੱਤੂ ਮਰਾਸੀ ਨੇ ਤਾਂ ਇਕ ਪਿੱਛਲ-ਪੈਰੀ ਨੂੰ ਦੇਖਿਆ ਵੀ ਸੀ।

ਇਕ ਦਿਨ ਚੌਧਰੀ ਸਰਵਰ ਦੀ ਧੀ ਪਿਓ ਦਾ ਖਾਣਾ ਲੈ ਕੇ ਖੇਤ ਗਈ। ਸਰਵਰ ਅੰਬ ਦੇ ਰੁੱਖ ਹੇਠ ਬੈਠਾ ਖਾਣਾ ਖਾ ਰਿਹਾ ਸੀ ਤੇ ਉਹ ਕੋਲ ਬੈਠੀ ਪੱਖਾ ਝੱਲ ਰਹੀ ਸੀ ਕਿ ਅਚਾਨਕ ਉਸ ਨੂੰ ਪਤਾ ਨਹੀਂ ਕੀ ਸੁੱਝੀ-ਉਹ ਨੱਠ ਕੇ ਰੁੱਖ ਉਤੇ ਚੜ੍ਹ ਗਈ। ਚੌਧਰੀ ਸਰਵਰ ਨੇ ਗੁੱਸੇ ਹੋ ਕੇ ਤਾੜਿਆ ਕਿ ਜਵਾਨ ਕੁੜੀਆਂ ਰੁੱਖਾਂ 'ਤੇ ਨਹੀਂ ਚੜ੍ਹਦੀਆਂ ਤਾਂ ਉਹ ਜਵਾਬ ਵਿਚ ਠਹਾਕੇ ਲਾਉਂਦੀ ਹੋਈ ਹੋਰ ਉਪਰ ਚੜ੍ਹਦੀ ਗਈ। ਫੇਰ ਉਸ ਨੇ ਉਪਰੋਂ ਛਾਲ ਮਾਰ ਦਿੱਤੀ ਤੇ ਡਿੱਗ ਕੇ ਬੇਹੋਸ਼ ਹੋ ਗਈ। ਹੁਣ ਉਹ ਫੌੜ੍ਹੀਆਂ ਦੇ ਸਹਾਰੇ ਤੁਰਦੀ ਸੀ।

ਲੋਕਾਂ ਨੇ ਇਨ੍ਹਾਂ ਸਾਰੀਆਂ ਘਟਨਾਵਾਂ ਤੇ ਕਿੱਸਿਆਂ ਦੀਆਂ ਤੰਦਾਂ ਹਵੇਲੀ ਨਾਲ ਮੇਲ ਦਿੱਤੀਆਂ ਸਨ...ਤੇ ਇਹ ਮੰਨ ਲਿਆ ਸੀ ਕਿ ਗਜ਼ੂਰਾਂ ਨੂੰ ਬੜੀ ਬੇਦਰਦੀ ਨਾਲ ਕਤਲ ਕਰਕੇ ਹਵੇਲੀ ਵਿਚ ਜਾਂ ਕਿਤੇ ਆਸੇ-ਪਾਸੇ ਦੇ ਖੇਤ ਵਿਚ ਦਫ਼ਨ ਕਰ ਦਿੱਤਾ ਗਿਆ ਸੀ ਤੇ ਉਸਦੀ ਅਸ਼ਾਂਤ ਰੂਹ, ਭੂਤ ਜਾਂ ਚੁੜੇਲ ਬਣ ਕੇ ਉਥੇ ਭਟਕ ਰਹੀ ਸੀ। ਪਿੰਡ ਵਿਚ ਸਿਰਫ ਇਕ ਮੌਲਵੀ ਫਿਰੋਜ਼ ਉਦ ਦੀਨ ਸਨ, ਜਿਹੜੇ ਇਨ੍ਹਾਂ ਗੱਲਾਂ ਉਤੇ ਯਕੀਨ ਨਹੀਂ ਸੀ ਕਰਦੇ ਤੇ ਇਸ ਨੂੰ ਅਨਪੜ੍ਹ ਲੋਕਾਂ ਦੇ ਵਹਿਮ-ਭਰਮ ਦੱਸਦੇ ਸਨ...ਪਰ ਫੇਰ ਇਕ ਦਿਨ ਉਨ੍ਹਾਂ ਨਾਲ ਵੀ ਬੜੀ ਅਜੀਬ ਘਟਨਾ ਵਾਪਰੀ। ਉਹ ਰਾਤ ਨੂੰ ਕਸਬੇ ਤੋਂ ਵਾਪਸ ਪਰਤ ਰਹੇ ਸਨ ਕਿ ਅਚਾਨਕ ਉਨ੍ਹਾਂ ਦੇ ਸਾਹਮਣੇ ਦੀਵਾ ਬਲਣ ਲੱਗਾ। ਉਹ ਕੁਝ ਚਿਰ ਲਈ ਭੈੜੀਆਂ ਸ਼ੈਆਂ ਨੂੰ ਦੂਰ ਭਜਾਉਣ ਵਾਲੀਆਂ ਖਾਸ ਦੁਆਵਾਂ ਤੇ ਵਜ਼ੀਫ਼ੇ ਪੜ੍ਹਦੇ ਰਹੇ ਪਰ ਜਦੋਂ ਬਲਦਾ ਹੋਇਆ ਦੀਵਾ ਉਨ੍ਹਾਂ ਦੇ ਖਾਸਾ ਨੇੜੇ ਆ ਗਿਆ ਤੇ ਹਵਾ ਵਿਚ ਤੈਰਦਾ ਹੋਇਆ ਉਨ੍ਹਾਂ ਦੇ ਨਾਲ-ਨਾਲ ਉਡਣ ਲੱਗਾ ਤਾਂ ਉਹ ਸਾਰੀਆਂ ਦੁਆਵਾਂ ਭੁੱਲ ਗਏ ਤੇ ਬੇਹੋਸ਼ ਹੋ ਕੇ ਡਿੱਗ ਪਏ।

ਕੁਝ ਲੋਕਾਂ ਦਾ ਖ਼ਿਆਲ ਸੀ ਕਿ ਗਜ਼ੂਰਾਂ ਨੂੰ ਕਤਲ ਕਰਕੇ ਨਹਿਰ ਜਾਂ ਦਰਿਆ ਵਿਚ ਸੁੱਟ ਦਿੱਤਾ

ਗਿਆ ਸੀ। ਕੁਝ ਦਾ ਕਹਿਣਾ ਸੀ ਕਿ ਉਸ ਨੂੰ ਪਿੰਡ ਵਾਲੇ ਮਕਾਨ ਵਿਚ ਕਤਲ ਕਰਕੇ ਉਥੇ ਹੀ ਦੱਬ ਦਿੱਤਾ ਗਿਆ ਹੈ। ਇਸ ਮਕਾਨ ਨੂੰ ਅੱਜ ਵੀ ਜਿੰਦਰਾ ਲੱਗਾ ਹੋਇਆ ਸੀ, ਉਹ ਉਸਨੂੰ ਨਾ ਵੇਚਦੇ ਸਨ ਨਾ ਉਹਦੀ ਦੇਖਭਾਲ ਤੇ ਮੁਰੰਮਤ ਵੱਲ ਧਿਆਨ ਦਿੰਦੇ ਸਨ ਪਰ ਨਾਲ ਦੇ ਪਿੰਡ ਦੇ ਮਿਸਤਰੀ ਜ਼ਹੂਰੇ, ਜਿਹੜਾ ਹਵੇਲੀ ਦੀ ਉਸਾਰੀ ਤੇ ਮੁਰੰਮਤ ਦਾ ਕੰਮ ਕਰਦਾ ਰਿਹਾ ਸੀ, ਨੇ ਲੋਕਾਂ ਨੂੰ ਦੱਸਿਆ ਸੀ ਕਿ ਹਵੇਲੀ ਦੇ ਅੰਦਰ ਗਾਮੂ ਤੇ ਵਰਿਆਮੂ ਦੇ ਕਮਰਿਆਂ ਦੇ ਐਨ ਵਿਚਕਾਰ ਚਬੂਤਰਾ ਜਿਹਾ ਬਣਿਆ ਹੋਇਆ ਸੀ ਜਿਸ ਉਤੇ ਸਰਕੜੇ ਤੇ ਸੁੱਕੀਆਂ ਲੱਕੜਾਂ ਦਾ ਢੇਰ ਪਿਆ ਰਹਿੰਦਾ ਸੀ ਜਿਨ੍ਹਾਂ ਨੂੰ ਉਹ ਲੋਕ ਲੋੜ ਪੈਣ 'ਤੇ ਵੀ ਨਹੀਂ ਸੀ ਮਚਾਉਂਦੇ। ਉਸਦਾ ਖ਼ਿਆਲ ਸੀ ਕਿ ਇਹ ਚਬੂਤਰਾ ਦਰਅਸਲ ਇਕ ਕਬਰ ਸੀ ਤੇ ਉਸਦੀ ਨਿਗਰਾਨੀ ਦੀ ਖਾਤਰ ਹੀ ਉਹ ਲੋਕ ਪਿੰਡ ਵਾਲਾ ਮਕਾਨ ਛੱਡ ਕੇ ਉਥੇ ਚਲੇ ਗਏ ਸਨ।

ਪਿੰਡ ਦੀਆਂ ਤੀਵੀਆਂ, ਬੁੱਢੀ ਸਕੀਨਾ ਨੂੰ ਵੀ ਡਾਇਣ ਕਹਿ ਕੇ ਯਾਦ ਕਰਦੀਆਂ ਸਨ, ਜਿਹੜੀ ਆਪਣੀ ਧੀ ਦੀ ਰੱਖਿਆ ਨਹੀਂ ਸੀ ਕਰ ਸਕੀ ਤੇ ਮਾਂ ਹੋ ਕੇ ਉਸਨੂੰ ਮੰਦੇ ਵਿਹਾਰ ਤੋਂ ਤੰਗ ਆ ਕੇ ਘਰੋਂ ਭੱਜ ਜਾਣ 'ਤੇ ਮਜਬੂਰ ਕਰ ਦਿੱਤਾ ਸੀ। ਫੇਰ ਉਸਦੇ ਦੋਸ਼ ਉਤੇ ਪਰਦਾ ਪਾਉਣ ਦੀ ਬਜਾਏ ਕਤਲ ਹੋ ਜਾਣ ਦਿੱਤਾ ਸੀ। ਉਹ ਪਿੰਡ ਵਿਚ ਬੜੀ ਘੱਟ ਆਉਂਦੀ ਸੀ ਪਰ ਜਦੋਂ ਵੀ ਆਉਂਦੀ, ਜਿਧਰੋਂ ਲੰਘਦੀ...ਸੁਹਾਗਣਾਂ, ਗਰਭਵਤੀ ਜ਼ਨਾਨੀਆਂ ਤੇ ਮੁਟਿਆਰ-ਕੁੜੀਆਂ ਉਸਦੇ ਪਰਛਾਵੇਂ ਤੋਂ ਬਚਣ ਲਈ ਰਸਤਾ ਬਦਲ ਲੈਂਦੀਆਂ। ਉਨ੍ਹਾਂ ਦਾ ਖ਼ਿਆਲ ਸੀ, ਉਹ ਜਿਸਨੂੰ ਵੀ ਛੂਹ ਲਵੇਗੀ ਜਾਂ ਜਿਸ ਨਾਲ ਗੱਲ ਕਰੇਗੀ ਉਸਦੀ ਕੁੱਖ ਕਦੀ ਹਰੀ ਨਹੀਂ ਹੋਵੇਗੀ ਤੇ ਗੋਦ ਖ਼ਾਲੀ ਹੋ ਜਾਵੇਗੀ। ਉਸ ਬਾਰੇ ਇਹ ਵੀ ਮਸ਼ਹੂਰ ਹੋ ਗਿਆ ਸੀ ਕਿ ਉਹ ਜਿਸ ਰੁੱਖ ਹੇਠ ਬੈਠ ਜਾਂਦੀ ਸੀ, ਉਹ ਸਮੇਂ ਤੋਂ ਪਹਿਲਾਂ ਹੀ ਸੁੱਕ-ਸੜ ਜਾਂਦਾ ਸੀ। ਪਿੰਡ ਵਿਚ ਜਦੋਂ ਵੀ ਕੋਈ ਅਣਹੋਣੀ ਘਟਨਾ ਵਾਪਰਦੀ, ਬੁੱਢੀ ਸਕੀਨਾ ਤੇ ਉਸਦੇ ਖਾਨਦਾਨ ਨੂੰ ਜ਼ਰੂਰ ਉਸ ਨਾਲ ਜੋੜ ਦਿੱਤਾ ਜਾਂਦਾ। ਵੱਡੀਆਂ-ਬੁੱਢੀਆਂ ਨੇ ਤਾਂ ਗਾਮੂ ਦੇ ਘਰ ਔਲਾਦ ਨਾ ਹੋਣ ਨੂੰ ਵੀ ਗਜ਼ੂਰਾਂ ਦੀ ਰੂਹ ਦਾ ਇੰਤਕਾਮ (ਬਦਲਾ) ਹੀ ਸਮਝਿਆ ਸੀ ਤੇ ਜਦੋਂ ਵਰਿਆਮੂ ਦਾ ਨੌਜਵਾਨ ਮੁੰਡਾ ਸੱਪ ਦੇ ਡੰਗਣ ਨਾਲ ਮਰ ਗਿਆ ਤਾਂ ਉਸਨੂੰ ਵੀ ਉਸੇ ਇੰਤਕਾਮ ਦੀ ਕੜੀ ਸਮਝਿਆ ਗਿਆ ਸੀ ਜਿਹੜਾ ਗਜ਼ੂਰਾਂ ਆਪਣੇ ਘਰ ਵਾਲਿਆਂ ਤੋਂ ਲੈ ਰਹੀ ਸੀ।

ਸਕੀਨਾ ਨੇ ਵੀ ਕਦੀ ਆਪਣੀ ਸਫ਼ਾਈ ਵਿਚ ਕੁਝ ਕਹਿਣਾ ਜ਼ਰੂਰੀ ਨਹੀਂ ਸੀ ਸਮਝਿਆ। ਸ਼ੁਰੂ ਵਿਚ ਲੋਕ ਜਦੋਂ ਪੁੱਛਦੇ ਤਾਂ ਉਹ ਬੜਾ ਸਾਦਾ ਜਿਹਾ ਜੁਆਬ ਦੇ ਕੇ ਅੱਗੇ ਤੁਰ ਜਾਂਦੀ-

"ਚਲੀ ਗਈ...ਜਿੱਥੋਂ ਆਈ ਸੀ, ਕਰਮਾਂ ਮਾਰੀ।"

ਕਈ ਲੋਕਾਂ ਇਸ ਦਾ ਇਹ ਮਤਲਬ ਕੱਢਿਆ ਸੀ ਕਿ ਉਹ ਘਰ ਵਾਲਿਆਂ ਦੇ ਮਾੜੇ ਵਤੀਰੇ ਕਾਰਨ ਦੁਬਾਰਾ ਭੱਜ ਕੇ ਮੋਚੀਆਂ ਕੋਲ ਚਲੀ ਗਈ ਸੀ, ਜਿਹੜੇ ਉਸਦੇ ਭਰਾਵਾਂ ਦੇ ਡਰ ਕਾਰਨ ਕਿਧਰੇ ਹੋਰ ਜਾ ਟਿਕੇ ਸਨ ਪਰ ਕਈ ਲੋਕਾਂ ਦਾ ਕਹਿਣਾ ਸੀ ਕਿ ਬੁੱਢੀ ਨੇ ਸੱਚੀ-ਸੁੱਚੀ ਗੱਲ ਕੀਤੀ ਸੀ ਕਿ ਆਦਮੀ ਮਰ ਕੇ ਵੀ ਤਾਂ ਉਥੇ ਹੀ ਜਾਂਦਾ ਹੈ, ਜਿੱਥੋਂ ਆਇਆ ਹੁੰਦਾ ਹੈ।

***

ਪਿੰਡ ਦੇ ਵੱਡੇ ਬਜ਼ੁਰਗਾਂ ਦਾ ਕਹਿਣਾ ਸੀ ਕਿ ਇਹ ਖਾਨਦਾਨ ਪੁਰਾਣੇ ਜ਼ਮਾਨੇ ਦੇ ਕਿਸੇ ਅਜਿਹੇ ਵਿਦੇਸ਼ੀ ਹਮਲਾਵਰ ਕਬੀਲੇ ਨਾਲ ਸਬੰਧ ਰੱਖਦਾ ਹੈ ਜਿਹੜਾ ਜਿਸਮਾਨੀ ਖ਼ੂਬਸੂਰਤੀ ਵਿਚ ਬੇਮਿਸਾਲ ਸੀ। ਖਾਸ ਕਰਕੇ ਉਨ੍ਹਾਂ ਦੀਆਂ ਜ਼ਨਾਨੀਆਂ ਖ਼ੂਬਸੂਰਤੀ ਦੇ ਨੂਰ ਦੀਆਂ ਬੇਮਿਸਾਲ ਮੂਰਤਾਂ ਹੁੰਦੀਆਂ ਸਨ। ਸੋ ਸਗਰੀਆ ਨੇ ਜਵਾਨੀ ਦੀ ਦਹਿਲੀਜ਼ ਉਤੇ ਪੈਰ ਰੱਖਿਆ ਤਾਂ ਆਸੇ-ਪਾਸੇ ਦੇ ਸਾਰੇ ਇਲਾਕੇ ਵਿਚ ਇਕ ਵਾਰੀ ਫੇਰ ਉਨ੍ਹਾਂ ਦੇ ਖਾਨਦਾਨ ਦੇ ਹੁਸਨ ਦੀਆਂ ਧੁੰਮਾਂ ਮੱਚ ਗਈਆਂ- ਭਾਵੇਂ ਸਗਰੀਆ ਬੜੀ ਘੱਟ ਹਵੇਲੀ ਵਿਚੋਂ ਬਾਹਰ ਨਿਕਲਦੀ ਸੀ ਪਰ ਹੁਣ ਉਸ ਹਵੇਲੀ ਦੁਆਲੇ ਘੇਰਾ ਪਹਿਲਾਂ ਜਿੰਨਾ ਮਜ਼ਬੂਤ ਨਹੀਂ ਰਿਹਾ। ਵਰਿਆਮੂ ਤੇ ਗਾਮੂ ਦਾ ਇਕ ਦੂਜੇ ਨਾਲ ਝਗੜਾ ਹੋ ਗਿਆ ਹੈ ਤੇ ਉਹ ਇਕ ਘਰ ਵਿਚ ਰਹਿੰਦੇ ਹੋਏ ਵੀ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਨੇ ਤੇ ਇਕ ਦੂਜੇ ਨਾਲ ਗੱਲ ਵੀ ਨਹੀਂ ਕਰਦੇ। ਗਾਮੂ ਨੂੰ ਨਰੀਨਾ ਦੇ ਔਲਾਦ ਨਾ ਹੋਣ ਦੇ ਗ਼ਮ ਨੇ ਸਮੇਂ ਤੋਂ ਪਹਿਲਾਂ ਹੀ ਬੁੱਢਾ ਕਰ ਦਿੱਤਾ ਹੈ। ਸਕੀਨਾ ਬੁੱਢੀ ਤੇ ਕਮਜ਼ੋਰ ਹੋ ਗਈ ਹੈ। ਉਹ ਭਾਵੇਂ ਵਰਿਆਮੂ ਨਾਲ ਰਹਿੰਦੀ ਹੈ ਪਰ ਉਹ ਮਾਂ ਨਾਲੋਂ ਸਗਰੀਆ ਦਾ ਵੱਧ ਖ਼ਿਆਲ ਰੱਖਦੀ ਹੈ। ਉਨ੍ਹਾਂ ਦੇ ਬੂਬੀ ਕੁੱਤੇ ਮਰ-ਖਪ ਗਏ ਨੇ। ਇਕ ਬੀਮਾਰ ਹੋ ਗਿਆ ਸੀ, ਦੂਜੇ ਨੂੰ ਕਿਸੇ ਨੇ ਗੋਲੀਆਂ ਪਾ ਦਿੱਤੀਆਂ ਸਨ। ਕੁੱਤੇ ਹੁਣ ਵੀ ਹਵੇਲੀ ਦੀ ਰਖਵਾਲੀ ਕਰਦੇ ਨੇ ਪਰ ਉਹ ਭੌਂਕ ਕੇ ਚੁੱਪ ਕਰ ਜਾਂਦੇ ਨੇ ਜਾਂ ਥੋੜ੍ਹੀ ਦੂਰ ਤੀਕ ਪਿੱਛਾ ਕਰਕੇ ਹਫ਼ ਜਾਣ ਵਾਲੇ ਆਮ ਜਿਹੇ ਕੁੱਤੇ ਨੇ। ਉਨ੍ਹਾਂ ਲੋਕਾਂ ਦੇ ਪਿੰਡ ਵਾਲਿਆਂ ਨਾਲ ਸਬੰਧ ਵੀ ਸੁਧਰ ਰਹੇ ਨੇ ਤੇ ਸ਼ਾਦੀ-ਗਮੀਂ ਦੇ ਮੌਕਿਆਂ ਉਤੇ ਵੀ ਪਿੰਡ ਵਿਚ ਆਉਣ ਜਾਣ ਲੱਗ ਪਏ ਨੇ। ਸਗਰੀਆ ਇਕੱਲੀ ਕਿਤੇ ਨਹੀਂ ਜਾਂਦੀ ਪਰ ਮਾਂ ਜਾਂ ਦਾਦੀ ਦੇ ਨਾਲ ਕਦੀ ਕਦੀ ਪਿੰਡ ਚਲੀ ਜਾਂਦੀ ਹੈ।

ਪਿਛਲੇ ਕੁਝ ਅਰਸੇ ਤੋਂ ਹਵੇਲੀ ਦੇ ਆਲੇ-ਦੁਆਲੇ ਚੱਕਰ ਲਾਉਣ ਵਾਲੇ ਜਵਾਨ ਮੁੰਡਿਆਂ ਦੀ ਗਿਣਤੀ ਵਿਚ ਖਾਸਾ ਵਾਧਾ ਹੋ ਗਿਆ ਹੈ। ਰਾਤ ਨੂੰ ਚਾਰੇ ਪਾਸਿਓਂ ਬੰਸਰੀਆਂ, ਅਲਗੋਜ਼ਿਆਂ ਤੇ ਗੀਤਾਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਨੇ। ਸਗਰੀਆ ਦਿਨੇ ਵਾਰੀ ਵਾਰੀ ਛੱਤ ਉਤੇ ਆਉਣ-ਜਾਣ ਤੇ ਰਾਤ ਨੂੰ ਦੇਰ ਤੀਕ ਜਾਗਣ ਲੱਗੀ ਹੈ। ਇਹ ਸਰਦੀਆਂ ਦੀ ਇਕ ਲੰਮੀ, ਹਨੇਰੀ ਰਾਤ ਦਾ ਕਿੱਸਾ ਹੈ ਜਦੋਂ ਅੱਧੀ ਰਾਤ ਦੇ ਲਗਭਗ ਰਾਬੀਆ ਨੇ ਆਪਣੇ ਸੁੱਤੇ ਹੋਏ ਪਤੀ ਨੂੰ ਜਗਾ ਕੇ ਦੱਸਿਆ ਕਿ "ਸਗਰੀਆ ਹਵੇਲੀ ਵਿਚ ਨਹੀਂ...।"

"ਕਿੱਥੇ ਗਈ..." ਗਾਮੂ ਹੜਬੜਾ ਕੇ ਉਠ ਬੈਠਿਆ।

"ਮੇਰੀ ਅੱਖ ਖੁੱਲ੍ਹੀ ਤਾਂ ਉਹ ਆਪਣੇ ਬਿਸਤਰੇ 'ਤੇ ਨਹੀਂ ਸੀ। ਮੈਂ ਪਹਿਲਾਂ ਤਾਂ ਇਹੀ ਸੋਚਿਆ ਬਈ ਏਥੇ ਹੀ ਹੋਵੇਗੀ, ਹੁਣੇ ਆ ਜਾਵੇਗੀ ਪਰ ਉਸਦਾ ਕੋਈ ਪਤਾ ਨਹੀਂ...।"

"ਤੈਨੂੰ ਉਸਦਾ ਧਿਆਨ ਰੱਖਣਾ ਚਾਹੀਦਾ ਸੀ...ਮੈਂ ਉਸ ਕੁਤੀੜ ਨੂੰ ਜਿਊਂਦਾ ਨਹੀਂ ਛੱਡਾਂਗਾ।" ਰੌਲਾ ਸੁਣ ਕੇ ਸਕੀਨਾ ਵੀ ਜਾਗ ਪਈ ਤੇ ਲੜਖੜਾਂਦੀ ਹੋਈ ਅੰਦਰ ਆਈ।

ਰਾਬੀਆ ਨੇ ਲਾਲਟੈਣ ਜਗਾਈ। ਗਾਮੂ ਨੇ ਟਕੂਆ ਚੁੱਕ ਲਿਆ। ਲਾਲਟੈਣ ਲੈ ਕੇ ਉਹ ਤਿੰਨੇ ਕੁਝ ਚਿਰ ਉਸ ਨੂੰ ਹਵੇਲੀ ਦੇ ਅੰਦਰ-ਬਾਹਰ ਲੱਭਦੇ ਰਹੇ। ਉਨ੍ਹਾਂ ਵਰਿਆਮੂ ਵਾਲੇ ਪਾਸੇ ਵੀ ਦੇਖਿਆ ਪਰ ਉਸਦਾ ਕੁਝ ਪਤਾ ਨਹੀਂ ਸੀ। ਫੇਰ ਸਕੀਨਾ ਨੇ ਸਲਾਹ ਦਿੱਤੀ, "ਤੂੰ ਤਖਾਣਾਂ ਦੇ ਜਾ ਕੇ ਦੇਖ ਆ, ਉਨ੍ਹਾਂ ਦਾ ਫ਼ਜ਼ਲੂ ਅਕਸਰ ਹਵੇਲੀ ਦੇ ਆਸ ਪਾਸ ਭੌਂਦਾ ਰਹਿੰਦਾ ਈ...ਜਲਦੀ ਕਰ।"

ਗਾਮੂ ਟਕੂਆ ਚੁੱਕੀ, ਹਨੇਰੇ ਵਿਚ ਲੰਮੀਆਂ-ਲੰਮੀਆਂ ਪੁਲਾਂਘਾਂ ਪੁੱਟਦਾ ਪਿੰਡ ਵੱਲ ਚਲਾ ਗਿਆ ਤਾਂ ਰਾਬੀਆ ਰੋਂਦੀ ਹੋਈ ਆਪਣੀ ਸੱਸ ਨਾਲ ਲਿਪਟ ਗਈ।

"ਹੁਣ ਕੀ ਹੋਵੇਗਾ ਮਾਸੀ?"

"ਓਹੀ ਜੋ ਇਸ ਘਰ ਵਿਚ ਹੁੰਦਾ ਆਇਐ?"

"ਨਹੀਂ ਮਾਸੀ! ਖ਼ੁਦਾ ਦੇ ਲਈ ਇੰਜ ਨਾ ਕਹਿ, ਮੇਰੀ ਇਕੋ ਇਕ ਧੀ ਏ"

"ਮੇਰੇ ਕਹਿਣ, ਨਾ ਕਹਿਣ ਨਾਲ ਕੀ ਫ਼ਰਕ ਪੈਂਦਾ ਈ, ਮੇਰੀ ਇਸ ਘਰ 'ਚ ਕੌਣ ਸੁਣਦੈ।"

"ਤੂੰ ਉਸਦੇ ਪਿੱਛੇ ਜਾਹ ਮਾਸੀ। ਉਹ ਉਸਨੂੰ ਮਾਰ ਮੁਕਾਏਗਾ।"

"ਨਹੀਂ ਇਹ ਗ਼ੈਰਤ ਦਾ ਮਾਮਲਾ ਏ, ਉਹ ਮੇਰੀ ਇਕ ਨਹੀਂ ਸੁਣੇਗਾ।"

ਅਜੇ ਪਹੁ-ਫੁਟਾਲਾ ਨਹੀਂ ਸੀ ਹੋਇਆ, ਜਦੋਂ ਹਵੇਲੀ ਦੇ ਬਾਹਰ ਖੜਾਕ ਸੁਣਾਈ ਦਿੱਤਾ। ਦੂਜੇ ਹੀ ਪਲ ਉਨ੍ਹਾਂ ਦੇਖਿਆ ਉਹ ਸਗਰੀਆ ਨੂੰ ਨਾਲ ਲਈ ਆਣ ਪਹੁੰਚਿਆ ਸੀ। ਉਸਦੇ ਨੱਕ ਵਿਚੋਂ ਖ਼ੂਨ ਵਗ ਰਿਹਾ ਸੀ ਤੇ ਵਾਲ ਖਿੱਲਰੇ ਹੋਏ ਸਨ। ਜਾਪਦਾ ਸੀ, ਉਸਨੂੰ ਵਾਲੋਂ ਫੜ ਕੇ ਘਸੀਟਿਆ ਗਿਆ ਹੈ। ਉਹ ਡਰੀ ਤੇ ਸਹਿਮੀ ਹੋਈ ਸੀ।

ਹਵੇਲੀ ਦਾ ਬਾਹਰਲਾ ਦਰਵਾਜ਼ਾ ਬੰਦ ਕਰਕੇ ਗਾਮੂ ਉਸ ਕੋਲ ਆਇਆ ਤੇ ਉਸਨੂੰ ਲੱਤਾਂ-ਮੁੱਕੀਆਂ ਨਾਲ ਕੁੱਟਣ ਡਹਿ ਪਿਆ। ਉਹ ਭੋਇੰ 'ਤੇ ਡਿੱਗ ਪਈ ਤੇ ਉਹ ਦਹਾੜਿਆ,

"ਟੋਕਾ ਕਿੱਥੇ ਈ, ਮੈਂ ਇਸਦੇ ਟੋਟੇ ਕਰ ਦਿਆਂਗਾ?"

"ਟੋਕਾ ਤੇਰੇ ਕੋਲ ਪਿਆ ਈ ਗਾਮੂ।" ਸਕੀਨਾ ਨੇ ਜਜ਼ਬਾਤੋਂ ਸੱਖਣੀ ਆਵਾਜ਼ ਵਿਚ ਕਿਹਾ।

ਰਾਬੀਆ ਨੇ ਗੁੱਸੇ ਤੇ ਨਫ਼ਰਤ ਨਾਲ ਅਤੇ ਸਗਰੀਆ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ। ਗਾਮੂ ਟੋਕਾ ਚੁੱਕਣ ਲਈ ਮੁੜਿਆ ਤਾਂ ਰਾਬੀਆ ਨੇ ਉਸਨੂੰ ਰੋਕ ਦਿੱਤਾ ਤੇ ਬੋਲੀ,

"ਹੋਸ਼ ਕਰ....ਗੁੱਸੇ ਵਿਚ ਤੂੰ ਪਾਗਲ ਹੋ ਜਾਣੈ।"

ਫੇਰ ਉਸਨੇ ਟੋਕਾ ਖੋਹ ਕੇ ਦੂਰ ਹਨੇਰੇ ਵਿਚ ਵਗਾਹ ਮਾਰਿਆ ਤੇ ਭੋਇੰ ਡਿੱਗੀ ਸਗਰੀਆ ਨੂੰ ਸਹਾਰਾ ਦੇ ਕੇ ਅੰਦਰ ਲੈ ਗਈ।

"ਮੈਂ ਦੇਖ ਰਹੀ ਆਂ ਗਾਮੂ," ਸਕੀਨਾ ਬੋਲੀ, "ਜਾਂ ਤਾਂ ਤੂੰ ਬੁੱਢਾ ਤੇ ਬੁਜ਼ਦਿਲ ਹੋ ਗਿਐਂ...ਜਾਂ ਫਿਰ ਬੇਗ਼ੈਰਤ।"

"ਮਾਂ... "ਗਾਮੂ ਨੇ ਮੁਰਝਾਈ ਹੋਈ ਆਵਾਜ਼ ਵਿਚ ਕਿਹਾ ਤੇ ਨੀਵੀਂ ਪਾ ਕੇ ਅੰਦਰ ਚਲਾ ਗਿਆ।

ਜਦੋਂ ਉਹ ਆਪੋ-ਆਪਣੇ ਬਿਸਤਰਿਆਂ ਵਿਚ ਜਾ ਲੇਟੇ ਤਾਂ ਉਨ੍ਹਾਂ ਨੂੰ ਚਬੂਤਰੇ ਵਾਲੇ ਪਾਸਿਓਂ ਉਚੀ ਆਵਾਜ਼ ਵਿਚ ਵੈਣ ਪਾਉਣ ਦੀ ਆਵਾਜ਼ ਸੁਣਾਈ ਦਿੱਤੀ,


"ਨੀ ਕਰਮਾਂ ਹਾਰੀਏ ਗਜ਼ੂਰੋ, ਉਸ ਰਾਤ ਤੇਰਾ ਬਾਪੂ ਜਿਉਂਦਾ ਹੁੰਦਾ ਤਾਂ ਤੇਰੀ ਨਿਤਾਣੀ ਦੀ ਫ਼ਰਿਆਦ ਵੀ ਸੁਣ ਲੈਂਦਾ।"

ਫੇਰ ਉਸਦੀ ਦੁਹੱਥੜੀਂ ਛਾਤੀ ਪਿੱਟਣ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ ਜਿਵੇਂ ਗਜ਼ੂਰਾਂ ਹੁਣੇ-ਹੁਣੇ ਕਤਲ ਹੋਈ ਹੋਵੇ।

***

# ਜੇਹਾ ਬੀਜੈ ਸੋ ਲੂਣੈ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com


ਸੂਰਜ ਆਖ਼ਰੀ ਸਲਾਮ ਕਰਨ ਲਈ ਤਿਆਰ ਸੀ। ਸੂਰਜ ਦੀਆਂ ਸੁਨਹਿਰੀ ਕਿਰਨਾਂ ਖੇਤ ਵਿਚ ਖੜ੍ਹੇ ਪਾਣੀ ਨੂੰ ਵੀ ਸੁਨਹਿਰਾ ਕਰ ਰਹੀਆਂ ਸਨ। ਕੱਤਕ ਮਹੀਨੇ ਦਾ ਅੱਧ ਹੋਣ ਕਰਕੇ, ਜੱਟ ਵਾਹੀ-ਬੀਜਾਈ ਵਿਚ ਜੁਟੇ ਹੋਏ ਸਨ। ਕਪਾਹ ਅਤੇ ਮੱਕੀ ਦੇ ਵੱਢ ਨੂੰ ਦੋਹਰ ਪਾ ਕੇ ਮੈਂ ਝੱਟ ਆਰਾਮ ਕਰਨ ਲਈ ਟਰੈਕਟਰ ਰੋਕ ਦਿੱਤਾ। ਥੱਲੇ ਉਤਰ ਕੇ ਖਿੱਚਵੀਂ ਅੰਗੜਾਈ ਲਈ। ਆਸੇ-ਪਾਸੇ ਤੱਕਿਆ, ਸਾਰੇ ਖੇਤ ਖ਼ਾਲੀ ਸਨ। ਕਿਤੇ-ਕਿਤੇ ਪਸ਼ੂਆਂ ਲਈ ਬੀਜੀ ਪਛੇਤੀ ਮੱਕੀ ਤੇ ਚਰ੍ਹੀ ਖੜ੍ਹੀ ਸੀ। ਕਮਾਦ ਦੀ ਹਰਿਆਲੀ ਤੇ ਪੋਰੀਆਂ ਵਿਚ ਪੈ ਰਹੀ ਮਿਠਾਸ ਦੀ ਮਹਿਕ ਪੱਛੋਂ ਦੇ ਬੁੱਲੇ ਨਾਲ ਮੇਰੇ ਬੁੱਲ੍ਹਾਂ ਨਾਲ ਖਹਿ ਕੇ ਅੱਗੇ ਨਿਕਲ ਰਹੀ ਸੀ। ਜੀਅ ਕਰਦਾ, ਇਹ ਸ਼ਾਮ ਇਥੇ ਹੀ ਰੁਕ ਜਾਵੇ। ਅਗੇਤੇ ਬੀਜੇ ਬਰਸੀਮ ਦੀ ਵੱਟ ਤੋਂ ਮੂਲੀ ਪੁੱਟੀ, ਖ਼ਾਲ ਵਿਚ ਖੜ੍ਹੇ ਪਾਣੀ ਨਾਲ ਧੋ ਕੇ ਚੱਕੀ ਵੱਢੀ। ਮੂਲੀ ਦੀ ਕੁੜੱਤਣ ਨੇ ਸਾਰੀ ਸ਼ਾਮ ਹੀ ਕੌੜੀ ਕਰ ਦਿੱਤੀ। ਕਮਾਦ ਦੀ ਮਿਠਾਸ ਵੀ ਜਾਂਦੀ ਰਹੀ। ਮੈਂ ਸੋਚਦਾਂ ਰੁੱਤਾਂ ਨਾਲ ਹੀ ਫਲ ਤੇ ਫੁੱਲ ਲਗਦੇ ਨੇ, ਸਮੇਂ ਮੁਤਾਬਕ ਹੀ ਰੁੱਤਾਂ ਨਾਲ ਮਿਠਾਸ ਆਉਂਦੀ ਹੈ।

ਸੁਹਾਗੇ ਦੀ ਤਿਆਰੀ ਵਿਚ ਲੱਗਾ ਹੀ ਸਾਂ ਕਿ ਕੰਨੀਂ ਰੌਲਾ ਪੈਣ ਦੀ ਆਵਾਜ਼ ਸੁਣੀ। ਸ਼ਿਕਾਰੀਆਂ ਦੀ ਟੋਲੀ ਕੁੱਤੇ-ਕੁੱਤੀਆਂ ਸਮੇਤ ਖ਼ਰਗੋਸ਼ਾਂ ਦੇ ਜੋੜੇ ਪਿੱਛੇ ਲੱਗੀ ਹੋਈ ਸੀ। ਵਾਹਣ ਦੀ ਦੌੜ ਨੇ ਜੋੜੇ ਦਾ ਦਮ ਪੱਟ ਦਿੱਤਾ। ਸ਼ਿਕਾਰੀ ਕੁੱਤੇ ਨੇ ਖ਼ਰਗੋਸ਼ਣੀ ਨੂੰ ਦਬੋਚ ਲਿਆ। ਥੋੜ੍ਹੀ ਦੂਰ ਇਕ ਕੁੱਤੇ ਨੇ ਖ਼ਰਗੋਸ਼ ਨੂੰ ਨੱਪ ਲਿਆ। ਮੇਰੇ ਰੌਲਾ ਪਾਉਣ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਾ ਪਿਆ। ਇੰਨੇ ਟਾਈਮ ਨੂੰ ਸ਼ਿਕਾਰੀ ਪਹੁੰਚ ਗਏ ਜੋ ਸਾਡੇ ਹੀ ਪਿੰਡ ਦੇ ਨਿਕਲੇ। ਖ਼ਰਗੋਸ਼ ਤਾਂ ਦਮ ਤੋੜ ਗਿਆ ਪਰ ਖ਼ਰਗੋਸ਼ਣੀ ਸਾਹ ਭਰ ਰਹੀ ਸੀ। ਮੈਂ ਟਰੈਕਟਰ ਤੋਂ ਡੱਬਾ ਲਾਹ ਕੇ ਪਾਣੀ ਭਰ ਲਿਆਇਆ। ਮੇਰੇ ਪਹੁੰਚਣ ਤੋਂ ਪਹਿਲਾਂ ਪਿੰਡ 'ਚੋਂ ਚਾਚਾ ਲਗਦੇ ਇਕ ਬੰਦੇ ਨੇ ਸੋਟੀਆਂ ਮਾਰ ਮਾਰ ਕੇ ਉਸ ਦੀ ਜਾਨ ਕੱਢ ਦਿੱਤੀ। ਨਾਲ ਹੀ ਉਸ ਦੇ ਪੇਟ ਵਿਚੋਂ ਤਿੰਨ ਬੱਚੇ ਬਾਹਰ ਆ ਗਏ ਜੋ ਮੇਰੀਆਂ ਅੱਖਾਂ ਦੇ ਸਾਹਮਣੇ ਤੜਫ਼ ਤੜਫ਼ ਕੇ ਮਰ ਗਏ। ਮੇਰੇ ਹੱਥ ਫੜਿਆ ਪਾਣੀ ਵਾਲਾ ਡੱਬਾ ਪਤਾ ਨਹੀਂ ਕਦੋਂ ਮੇਰੇ ਪੈਰਾਂ 'ਤੇ ਪੈ ਗਿਆ।

ਚਾਚੇ ਹੁਰਾਂ ਜੋੜੇ ਨੂੰ ਦੁਪੱਟੇ ਵਿਚ ਬੰਨ੍ਹ ਲਿਆ। ਛੋਟੇ ਬੱਚਿਆਂ ਨੂੰ ਹੱਥਾਂ ਵਿਚ ਚੁੱਕ ਕੇ ਚਾਚਾ ਬੋਲਿਆ: "ਇਨ੍ਹਾਂ ਦਾ ਮਾਸ ਤਾਂ ਖਾਣ ਵਾਲਾ ਹੈ।" ਸਾਰੇ ਸ਼ਿਕਾਰੀਆਂ ਦੇ ਮੁੱਖ 'ਤੇ ਵਿਆਹ ਵਰਗੀ ਖ਼ੁਸ਼ੀ ਚਮਕ ਰਹੀ ਸੀ। ਪਤਾ ਨਹੀਂ ਉਨ੍ਹਾਂ ਨੂੰ ਕਿਹੜਾ ਖ਼ਜ਼ਾਨਾ ਮਿਲ ਗਿਆ ਸੀ। ਸੂਰਜ ਵੀ ਛਿਪ ਚੁੱਕਾ ਸੀ। ਸ਼ਿਕਾਰੀ ਆਪਣਾ ਸ਼ਿਕਾਰ ਮਾਰ ਕੇ ਵਾਪਸ ਮੁੜ ਚੱਲੇ। ਮੇਰੇ ਕੋਲੋਂ ਟਰੈਕਟਰ ਤਕ ਪਹੁੰਚ ਨਾ ਹੋਵੇ। ਅੱਖਾਂ ਸਾਹਮਣੇ ਤੜਫ਼ ਕੇ ਮਰੇ ਬੱਚੇ ਅੱਖੋਂ ਪਰ੍ਹੇ ਨਹੀਂ ਸੀ ਹੋ ਰਹੇ। ਵਿਚਾਰੀ ਖ਼ਰਗੋਸ਼ਣੀ ਪੂਰੇ ਦਿਨਾਂ 'ਤੇ ਹੋਵੇਗੀ। ਅੱਜ-ਭਲਕ ਉਸ ਨੇ ਆਪਣੇ ਬੱਚਿਆਂ ਨੂੰ ਬੁੱਕਲ ਵਿਚ ਲੈਣਾ ਹੋਵੇਗਾ। ਸ਼ਿਕਾਰੀ ਦੇ ਇਕ ਡੰਗ ਦੇ ਸਵਾਦ ਨੇ ਪੰਜਾਂ ਦੀ ਜਾਨ ਲੈ ਲਈ। ਮੈਂ ਬਿਨਾਂ ਸੁਹਾਗਾ ਦਿੱਤੇ ਘਰ ਆ ਗਿਆ। ਮੈਨੂੰ ਇਹ ਘਟਨਾ ਹੁਣ ਵੀ ਝੰਜੋੜ ਕੇ ਰੱਖ ਦਿੰਦੀ ਹੈ।

ਫਿਰ ਉਸ ਚਾਚੇ ਨੂੰ ਮੈਂ ਕਦੇ ਨਹੀਂ ਬੁਲਾਇਆ। ਮੈਂ ਉਸ ਨੂੰ ਹਮੇਸ਼ਾ ਬਦਲਾ-ਲਊ ਭਾਵਨਾ ਨਾਲ ਤੱਕਦਾ। ਚਾਚੇ ਦਾ ਵਿਆਹ ਹੋ ਗਿਆ। ਚਾਚੇ ਨੂੰ ਬਹੁਤ ਖ਼ੁਸ਼ੀ ਹੋਈ। ਇਕ ਸਾਲ ਪਿੱਛੋਂ ਚਾਚੇ ਦੇ ਘਰ ਪੁੱਤ ਜੰਮਿਆ ਜੋ ਪੇਟ ਵਿਚ ਹੀ ਮਰ ਗਿਆ। ਚਾਚੇ ਨੇ ਬਹੁਤ ਦੁੱਖ ਮਨਾਇਆ। ਫਿਰ ਚਾਚੀ ਦਾ ਇਲਾਜ ਕਰਵਾਇਆ। ਪਰਮਾਤਮਾ ਨੇ ਮਿਹਰ ਕੀਤੀ, ਚਾਚੀ ਦਾ ਪੈਰ ਫਿਰ ਭਾਰਾ ਹੋ ਗਿਆ। ਇਲਾਜ ਵੀ ਚੱਲਦਾ ਰਿਹਾ। ਚਾਚਾ ਸ਼ਿਕਾਰ ਵੀ ਖੇਡ ਆਉਂਦਾ। ਮੂੰਹ ਨੂੰ ਲੱਗਿਆ ਮਾਸ ਇੰਨੀ ਜਲਦੀ ਨਹੀਂ ਲਹਿੰਦਾ ਹੁੰਦਾ। ਚਾਚਾ ਲੋਹੜੀ ਮਨਾਉਣ ਦੀਆਂ ਤਿਆਰੀ ਕਰ ਰਿਹਾ ਸੀ। ਚਾਚੀ ਨੇ ਪੁੱਤ ਨੂੰ ਜਨਮ ਤਾਂ ਦਿੱਤਾ ਪਰ ਹੋਇਆ ਮਰਿਆ ਹੀ। ਚਾਚੇ ਨੇ ਧਾਹਾਂ ਮਾਰੀਆਂ। ਪੱਲੇ ਰੋਣ ਤੋਂ ਸਿਵਾਏ ਕੁਝ ਨਾ ਪਿਆ। ਚਾਚਾ ਹੁਣ ਬਾਹਰ ਵੀ ਘੱਟ ਨਿਕਲਦਾ। ਮੋਹ ਜਿਹਾ ਤੋੜ ਕੇ ਚੁੱਪ ਵੱਟੀ ਰੱਖਦਾ। ਸ਼ਿਕਾਰੀ ਕੁੱਤੀ ਬਿੱਲੇਮਾਰਾਂ ਨੂੰ ਫੜਾ ਦਿੱਤੀ। ਜੇ ਮਾਸ ਖਾਣ ਨੂੰ ਦਿਲ ਕਰਦਾ ਤਾਂ ਸ਼ਹਿਰੋਂ ਲੈ ਆਉਂਦਾ। ਸਭ ਕੁਝ ਹੁੰਦੇ ਹੋਏ ਘਰ ਖ਼ਾਲੀ ਖ਼ਾਲੀ ਲੱਗਦਾ।

ਕਹਿੰਦੇ ਨੇ ਬੱਚਿਆਂ ਨਾਲ ਹੀ ਘਰ ਦਾ ਓਹੜ-ਪੋਹੜ ਹੁੰਦਾ ਹੈ। ਯਕੀਨ ਕਰਿਓ, ਤੀਜੀ ਵਾਰ ਵੀ ਚਾਚੀ ਨੇ ਪੁੱਤ ਨੂੰ ਜਨਮ ਦਿੱਤਾ। ਤੀਜਾ ਪੁੱਤ ਵੀ ਮਰਿਆ ਹੋਇਆ ਜਨਮਿਆ। ਚਾਚਾ ਫਿਰ ਧਾਹੀਂ ਪਿੱਟਿਆ। ਰੱਬ ਨੂੰ ਦੋਸ਼ੀ ਠਹਿਰਾਉਂਦਾ। ਕਦੇ ਕਹਿੰਦਾ, ਜੇ ਇਸ ਤਰ੍ਹਾਂ ਹੀ ਕਰਨੀ ਹੈ ਤਾਂ ਇਕ ਕੁੜੀ ਹੀ ਦੇ ਦੇਹ। ਮੇਰੇ ਕੋਲੋਂ ਕਿਹੜੀ ਗ਼ਲਤੀ ਹੋ ਗਈ ਜਿਸ ਦੀ ਸਜ਼ਾ ਇੰਨੀ ਵੱਡੀ ਕਰੀ ਜਾਂਦੈ। ਆਂਢ-ਗੁਆਂਢ ਦੀਆਂ ਜ਼ਨਾਨੀਆਂ ਚਾਚੀ ਦੇ ਪਰਛਾਵੇਂ ਤੋਂ ਡਰਨ ਲੱਗੀਆਂ, ਦਾਲ-ਪਾਣੀ ਦੀ ਸਾਂਝ ਖ਼ਤਮ ਕਰ ਦਿੱਤੀ। ਲੋਕਾਂ ਦੇ ਦਿਲਾਂ ਵਿਚ ਡਰ ਬਹਿ ਗਿਆ ਕਿ ਇਨ੍ਹਾਂ ਦੇ ਘਰ ਵਿਚ ਕਿਸੇ ਪ੍ਰੇਤ ਦਾ ਵਾਸਾ ਹੈ ਜਿਸ ਕਰਕੇ ਬੱਚੇ ਮਰੇ ਹੋਏ ਪੈਦਾ ਹੁੰਦੇ ਹਨ। ਚਾਚੀ ਵਿਚਾਰੀ ਵਿਚੇ-ਵਿਚ ਕੁੜਦੀ ਰਹਿੰਦੀ। ਤਿੰਨ ਜਣੇਪਿਆਂ ਨੇ ਚਾਚੀ ਦੇ ਸਾਹ ਸੂਤ ਲਏ। ਚਾਚਾ ਹੁਣ ਪਾਖੰਡੀ ਸਾਧਾਂ ਦੇ ਅੜਿੱਕੇ ਚੜ੍ਹ ਗਿਆ। ਸਾਧਾਂ-ਸਿਆਣਿਆਂ ਦੇ ਚੱਕਰਾਂ ਵਿਚ ਪਿਆ ਬੰਦਾ ਕੱਖੋਂ ਹੌਲਾ ਹੋ ਜਾਂਦਾ ਹੈ। ਚਾਚਾ ਵੀ ਟਿੱਬਿਆਂ ਦੇ ਰੇਤੇ ਵਾਂਗੂੰ ਛੇਤੀ ਹੀ ਉਡ ਗਿਆ। ਪੁੱਤ ਦਾ ਮੂੰਹ ਵੇਖਦਾ ਵੇਖਦਾ ਆਰਥਿਕ ਪੱਖੋਂ ਟੁੱਟ ਗਿਆ। ਚਾਚੇ ਨੇ ਪਤਾ ਨਹੀਂ ਕਿੰਨੇ ਖ਼ਰਗੋਸ਼ ਖਾਧੇ ਹੋਣਗੇ, ਕਿੰਨੇ ਕੁੱਕੜ ਵੱਢੇ ਹੋਣਗੇ। ਸਭ ਕੀਤੇ ਪਾਪਾਂ ਦੀ ਸਜ਼ਾ ਚਾਚਾ ਭੁਗਤ ਰਿਹਾ ਸੀ।



ਕਹਿੰਦੇ ਨੇ ਸ਼ਾਮ ਨੂੰ ਭੁੱਲਿਆ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹੀਦਾ। ਵੱਡੇ ਮਹਾਂਪੁਰਸ਼ਾਂ ਦੀ ਬਰਸੀ 'ਤੇ ਸੰਤ ਪੂਰਨ ਸਿੰਘ ਦਿੱਲੀ ਵਾਲੇ ਕਥਾ ਕਰਦੇ ਸਨ। ਚਾਚੇ ਦੇ ਮਨ ਨੂੰ ਪਤਾ ਨਹੀਂ ਕਿਸ ਗੱਲ ਦੀ ਠੇਸ ਲੱਗੀ। ਦੂਜੇ ਦਿਨ ਹੀ ਕੁੱਕੜਾਂ ਵਾਲਾ ਖੁੱਡਾ ਵਿਹਲਾ ਕਰ ਦਿੱਤਾ। ਸਾਧਾਂ ਤੋਂ ਕਰਵਾਇਆ ਧਾਗਾ-ਤਵੀਤ, ਰਾਖ਼ ਸਭ ਕੁਝ ਨਹਿਰ ਵਿਚ ਰੋੜ੍ਹ ਆਇਆ। ਸਵੇਰੇ ਉਠ ਕੇ ਗੁਰਦੁਆਰੇ ਜਾਣਾ ਸ਼ੁਰੂ ਕੀਤਾ। ਹੌਲੀ ਹੌਲੀ ਚਾਚੀ ਵੀ ਨਾਲ ਜਾਣ ਲੱਗ ਗਈ। ਸਵਾ ਸਾਲ ਬਿਨਾਂ ਨਾਗਾ ਸੇਵਾ ਕੀਤੀ, ਪੰਜਾਂ ਤਖ਼ਤਾਂ ਦੇ ਦਰਸ਼ਨ-ਦੀਦਾਰੇ ਕੀਤੇ। ਮਹਾਂਪੁਰਸ਼ਾਂ ਦੇ ਦੀਵਾਨ ਸੁਣੇ। ਬਾਣੀ ਨਾਲ ਪਿਆਰ ਹੋਣ ਲੱਗਾ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦੇ ਸਿਧਾਂਤ 'ਤੇ ਚੱਲਦਾ ਹੋਇਆ ਚਾਚਾ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਗਿਆ। "ਦੇਦਾ ਦੇ ਲੈਦਾ ਥਕ ਪਾਹਿ" ਦੇ ਮਹਾਂ-ਵਾਕ ਅਨੁਸਾਰ ਚਾਚੇ ਦੇ ਘਰ ਭੁਜੰਗੀ ਹੋਇਆ, ਤੰਦਰੁਸਤ। ਚਾਚੇ ਦੀ ਜੜ੍ਹ ਲੱਗ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ-ਆਸਰਾ ਲੈ ਕੇ ਚਾਚੇ ਨੇ ਪੁੱਤ ਦੀ ਲੋਹੜੀ ਮਨਾਈ, ਪਰਮਾਤਮਾ ਦਾ ਧੰਨਵਾਦ ਕੀਤਾ। ਸੁੱਕੇ ਰੁੱਖ ਦੁਬਾਰਾ ਹਰੇ ਹੋ ਗਏ। ਹੁਣ ਮੈਂ ਵੀ ਚਾਚੇ ਨੂੰ ਫ਼ਤਹਿ ਬੁਲਾਉਣੀ ਨਾ ਭੁੱਲਦਾ। ਚਾਚੇ ਦਾ ਇਹ ਪੁੱਤ ਹੁਣ ਗੱਭਰੂ ਹੋ ਗਿਆ ਹੈ। ਬਾਹਰਲੇ ਦੇਸ਼ ਪੜ੍ਹਨ ਲਈ ਆਇਆ ਹੋਇਆ ਹੈ। ਚਾਚੇ ਦੇ ਘਰ ਨੂੰ ਭਾਗ ਲੱਗ ਗਏ। ਜੇ ਕੋਈ ਹੁਣ ਸ਼ਿਕਾਰ ਦਾ ਨਾਂ ਲੈਂਦਾ ਹੈ ਤਾਂ ਅਗਲਾ ਅੱਗਿਓਂ ਝਟ ਆਖ ਦਿੰਦਾ: "ਨਾ ਬਈ, ਫਲਾਣੇ ਵਰਗੀ ਹੋਊ, ਹੁਣ ਨਾ ਪਹਿਲੀਆਂ ਗੱਲਾਂ ਰਹੀਆਂ, ਨਾ ਉਹ ਸਾਂਝਾਂ। ਅੱਜ ਤਾਂ ਬਾਤਾਂ ਹੀ ਕੁਝ ਹੋਰ ਨੇ, ਪਰਮਾਤਮਾ ਭਲੀ ਕਰੇ।"

ਅਸੀਂ ਪੰਜ-ਸੱਤ ਹਾਣੀ ਥੋੜ੍ਹੇ ਥੋੜ੍ਹੇ ਸਮੇਂ ਦੇ ਫ਼ਰਕ ਨਾਲ ਵਿਆਹੇ ਗਏ। ਸਭ ਨੂੰ ਪਰਮਾਤਮਾ ਨੇ ਧੀ-ਪੁੱਤ ਦੀ ਦਾਤ ਬਖ਼ਸ਼ ਦਿੱਤੀ। ਸਾਡਾ ਇਕ ਮਿੱਤਰ ਜੋ ਸਭ ਨਾਲੋਂ ਵੱਡਾ ਸੀ, ਸਭ ਤੋਂ ਪਹਿਲਾਂ ਵਿਆਹਿਆ ਗਿਆ। ਪਰਮਾਤਮਾ ਦੀ ਕਿਰਪਾ ਨਾਲ ਉਸ ਦੀ ਘਰਵਾਲੀ ਪੈਰਾਂ ਤੋਂ ਭਾਰੀ ਹੋ ਗਈ। ਮਿੱਤਰ ਨੇ ਕੋਈ ਦਵਾਈ-ਬੂਟੀ ਲਿਆ ਕੇ ਦੇ ਦਿੱਤੀ ਜਿਸ ਨਾਲ ਗਰਭ ਜਾਂਦਾ ਰਿਹਾ। ਇਸ ਪਿੱਛੋਂ ਦੁਬਾਰੇ ਗਰਭ ਨਾ ਹੋਇਆ। ਮਿੱਤਰ ਆਪਣੀ ਗ਼ਲਤੀ 'ਤੇ ਪਛਤਾ ਰਿਹਾ ਸੀ। ਚਾਰ ਸਾਲ ਲੰਘ ਗਏ। ਡਾਕਟਰ ਇਲਾਜ ਕਰ ਕੇ ਥੱਕ ਗਿਆ। ਸਿਆਣਿਆਂ ਦੇ ਚੱਕਰਾਂ ਤੋਂ ਅਸੀਂ ਬਚਾਈ ਰੱਖਿਆ ਪਰ ਮਿੱਤਰ ਦੀ ਹਾਲਤ ਸਾਥੋਂ ਵੇਖ ਨਾ ਹੁੰਦੀ। ਹੁਣ ਇਕੋ-ਇਕ ਰਾਹ ਸੀ ਜੋ ਉਸ ਦੇ ਵਿਹੜੇ ਵਿਚ ਔਲਾਦ ਰੂਪੀ ਫੁੱਲ ਖਿੜਾ ਸਕਦਾ ਸੀ। ਉਸ ਨੂੰ ਮਾਤਾ ਗੰਗਾ ਜੀ ਦੀ ਸਾਖੀ ਸੁਣਾਈ, ਕਿਵੇਂ ਮਾਤਾ ਜੀ ਗੁਰੂ ਕੇ ਹੁੰਦੇ ਹੋਏ ਵੀ, ਪੁੱਤ ਲੈਣ ਵਾਸਤੇ ਬਾਬਾ ਬੁੱਢਾ ਜੀ ਦੀ ਸ਼ਰਨ ਵਿਚ ਗਏ ਸੀ। ਕੋਈ ਵੀ ਦਾਤ ਲੈਣ ਲਈ ਗੁਰੂਆਂ ਦੇ ਚਰਨੀਂ ਡਿੱਗਣਾ ਪੈਂਦਾ ਹੈ। ਬਾਬਾ ਬੁੱਢਾ ਜੀ ਦੀ ਬਖ਼ਸ਼ਿਸ਼ ਨਾਲ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਵਤਾਰ ਧਾਰਿਆ। ਇਹ ਸਭ ਕੁਝ ਦੱਸਦੇ ਹੋਏ ਅਸੀਂ ਮਿੱਤਰ ਨੂੰ ਮਹਾਂਪੁਰਸ਼ਾਂ ਕੋਲ ਲੈ ਗਏ।

ਮਹਾਂਪੁਰਸ਼ ਸਭ ਕੁਝ ਜਾਣੀ-ਜਾਣ ਸਨ। ਉਨ੍ਹਾਂ ਅਰਦਾਸ ਬੇਨਤੀ ਕੀਤੀ ਕਿ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਅਰੰਭ ਕਰਵਾ ਕੇ ਪੂਰੀ ਮਰਯਾਦਾ ਨਾਲ ਸੰਪੂਰਨਤਾ ਕੀਤੀ ਜਾਵੇ। ਜਦੋਂ ਪਾਠੀ ਸਿੰਘ ਪਾਠ ਕਰੇ ਤਾਂ ਸਾਰਾ ਪਰਿਵਾਰ ਕੇਸੀ ਇਸ਼ਨਾਨ ਕਰ ਕੇ ਪਾਠ ਸਰਵਣ ਕਰੇ। ਗਿਆਰਾਂ ਦਿਨਾਂ ਬਾਅਦ ਸੰਪੂਰਨਤਾ ਦਾ ਭੋਗ ਪਾਇਆ ਜਾਵੇ।

ਸਾਡੇ ਮਿੱਤਰ ਅਤੇ ਉਸ ਦੇ ਪਰਿਵਾਰ ਨੇ ਇਸੇ ਤਰ੍ਹਾਂ ਕੀਤਾ। ਭੋਗ ਵਾਲੇ ਦਿਨ ਸਾਦੇ ਪ੍ਰਸ਼ਾਦੇ ਦਾ ਲੰਗਰ ਚਲਾਇਆ ਗਿਆ। ਮੰਗਤਿਆਂ, ਭਿਖਾਰੀਆਂ ਨੂੰ ਵੀ ਥਾਲੀ ਲਾ ਕੇ ਪ੍ਰਸ਼ਾਦਾ ਛਕਾਇਆ ਗਿਆ। ਚਾਰੇ ਪਾਸਿਓਂ ਅਸੀਸਾਂ ਦੀ ਵਰਖਾ ਹੋ ਰਹੀ ਸੀ। ਪਰਮਾਤਮਾ ਨੇ ਸਾਡੇ ਮਿੱਤਰ ਦੀ ਨੇੜੇ ਹੋ ਕੇ ਸੁਣ ਲਈ। ਇਕ ਸਾਲ ਪਿੱਛੋਂ ਹੀ ਪੁੱਤਰ ਨੇ ਜਨਮ ਲਿਆ। ਫਿਰ ਇਕ ਧੀ ਪੈਦਾ ਹੋਈ। ਦੋਵੇਂ ਬੱਚੇ ਬੜੇ ਖ਼ੂਬਸੂਰਤ ਹਨ। ਸਾਰਾ ਪਰਿਵਾਰ ਗੁਰ-ਮਰਯਾਦਾ ਵਿਚ ਰਹਿ ਕੇ ਪ੍ਰਮੇਸ਼ਵਰ ਦੇ ਗੁਣ ਗਾਉਂਦਾ ਨਹੀਂ ਥੱਕਦਾ। ਅਸੀਂ ਜਿਥੇ ਤਕ ਮਰਜ਼ੀ ਭਟਕ ਲਈਏ, ਜਿੰਨਾ ਚਿਰ ਗੁਰੂਆਂ ਦੇ ਦਰਸਾਏ ਮਾਰਗ 'ਤੇ ਨਹੀਂ ਚਲਦੇ, ਝੋਲੀ ਵਿਚ ਸੁਖ ਨਹੀਂ ਪਾ ਸਕਦੇ। ਗੁਰੂ ਜੀ ਬਖ਼ਸ਼ਣਹਾਰ ਨੇ, ਬਸ ਸਾਨੂੰ ਹੀ ਸੱਚੇ ਮਨ ਨਾਲ ਭਿੱਜ ਕੇ ਅਰਦਾਸ ਕਰਨ ਦਾ ਬਲ ਆ ਜਾਵੇ। ਫਿਰ ਕਿਸੇ ਚੀਜ਼ ਦੀ ਤੋੜ ਨਹੀਂ ਰਹੇਗੀ।

***ਸ਼ਿਵ ਬਟਾਲਵੀ ਦਾ ਨਾਂ ਪੰਜਾਬੀ ਪ੍ਰੇਮੀਆਂ ਲਈ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਸ਼ਿਵ ਭਾਵੇਂ ਅੱਜ ਸਾਡੇ ਦਰਮਿਆਨ ਨਹੀਂ ਪਰ ਉਸ ਦੀਆਂ ਰਚਨਾਵਾਂ ਹਮੇਸ਼ਾ ਸਾਡੇ ਨਾਲ ਰਹਿਣਗੀਆਂ। ਸ਼ਿਵ ਦੀ ਰਚਨਾ ਪ੍ਰਕ੍ਰਿਆ ਬਾਰੇ ਕਈ ਲੇਖਕਾਂ ਨੇ ਲਿਖਿਆ ਹੈ ਪਰ ਇਸ ਬਾਰੇ ਖੁਦ ਸ਼ਿਵ ਕਿਵੇਂ ਮਹਿਸੂਸ ਕਰਦਾ ਸੀ, ਇਹ ਗੱਲ ਵੀ ਪਾਠਕਾਂ ਲਈ ਦਿਲਚਸਪੀ ਵਾਲੀ ਹੋਵੇਗੀ। ਸ਼ਿਵ ਵਲੋਂ ਕਈ ਦਹਾਕੇ ਪਹਿਲਾਂ ਲਿਖਿਆ ਇਹ ਲੇਖ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। -ਸੰਪਾਦਕ***

# ਗੀਤ ਦੇ ਵਿਹੜੇ ਦੀ ਪਰਿਕਰਮਾ

**ਸ਼ਿਵ ਕੁਮਾਰ ਬਟਾਲਵੀ**

ਪਿਛਲੀ ਰਾਤੇ ਮੈਂ ਸ਼ਰਾਬੀ ਹੋ ਗਿਆ ਸਾਂ। ਕਰਤਾਰ ਸਿੰਘ ਦੁੱਗਲ ਨੇ ਮੇਰਾ ਖਾਣਾ ਪਰੋਸਿਆ ਹੋਇਆ ਸੀ ਪਰ ਮੇਰੇ ਤੇ ਮੇਰੇ ਮਿੱਤਰਾਂ ਦੇ ਥਿੜਕੇ ਪੈਰ ਉਹਦੇ ਘਰ ਦੇ ਬੂਹੇ 'ਤੇ ਪਹੁੰਚ ਕੇ ਵੀ ਉਹਦੀਆਂ ਬਰੂਹਾਂ ਲੰਘਣੋਂ ਡਰ ਰਹੇ ਸਨ। ਡਰ ਆਖ਼ਿਰ ਹੈ ਵੀ ਸੱਚਾ ਸੀ। ਉਹਨੇ ਮੈਨੂੰ ਅਗੇਤਰੇ ਖ਼ਤ ਰਾਹੀਂ ਸਾਫ਼ ਲਿਖ ਦਿੱਤਾ ਸੀ ਕਿ ਜਿਸ ਦਿਨ ਉਹਦੇ ਘਰ ਖ਼ੁਸ਼ਵੰਤ ਸਿੰਘ ਵੀ ਆਵੇ, ਉਹਨੂੰ ਵੀ ਸੂਫ਼ੀ ਰਹਿਣਾ ਪੈਂਦਾ ਹੈ। ਸੋ, ਗੱਲ ਬੜੀ ਸਾਫ਼ ਤੇ ਸਪੱਸ਼ਟ ਸੀ ਕਿ ਮੇਰੀ ਉਹ ਸ਼ਾਮ ਉਬਾਸੀਆਂ ਲੈਂਦੇ ਹੀ ਬੀਤਣੀ ਚਾਹੀਦੀ ਸੀ ਪਰ 'ਮਾਂ ਦਾ ਯਾਰ



*ਸ਼ਿਵ ਕੁਮਾਰ ਬਟਾਲਵੀ*

ਤਾਂ ਕਿਤੇ ਲੰਗੋਟੀਆ ਨਾ ਮਿਲੇ' ਵਾਲੀ ਗੱਲ ਹੋਈ। ਲੰਗੋਟੀਆਂ ਦੇ ਵੱਸ ਪੈ ਗਏ ਤੇ ਪੀਂਦੇ-ਪੀਂਦੇ ਮਰਾਕਬੇ 'ਚ ਜਾ ਪਹੁੰਚੇ-ਤੇ ਹੋਸ਼ ਓਦੋਂ ਹੀ ਆਈ ਜਦੋਂ ਮੇਰਾ ਇਕ ਮਿੱਤਰ ਏਅਰ ਕੰਡੀਸ਼ਨ ਹੋਟਲ ਦੀ ਚੌਥੀ ਛੱਤ 'ਤੇ ਬੱਕਰਾ ਬੁਲਾਣ ਲੱਗ ਪਿਆ ਸੀ। ਦੁੱਗਲ ਦਾ ਪਰੋਸਿਆ ਖਾਣਾ ਮੇਰੀ ਇੰਤਜ਼ਾਰ ਵਿਚ ਉਦਾਸਿਆ ਗਿਆ ਸੀ। ਅਸੀਂ ਉਹਦੀਆਂ ਪਿਆਰ-ਭਿਜੀਆਂ ਬਰੂਹਾਂ ਨੂੰ ਰਿੰਦਾਨਾ ਸਿਜਦਾ ਕਰ ਕੇ ਭੁੱਖੇ-ਭਾਣੇ ਹੀ ਹੋਟਲ ਵਾਪਸ ਮੁੜ ਆਏ ਸਾਂ।

ਸਵੇਰ ਸਾਰ ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਮੇਰਾ ਮੁੰਡਪੁਣਾ ਮੇਰੀ ਬਚਕਾਨਾ ਸ਼ਖ਼ਸੀਅਤ ਨੂੰ ਗਜ਼ ਲੰਮੀ ਜੀਭ ਕੱਢ ਕੇ ਗਾਹਲ਼ਾਂ ਕੱਢ ਰਿਹਾ ਸੀ ਤੇ ਉਦਾਸੀ ਮੇਰੇ ਅੰਦਰ ਕੋਹਾਂ ਤੀਕ ਫੈਲੀ ਹੋਈ ਸੀ। ਤਿਰਲਾਏ ਮੱਥੇ 'ਚ ਇਕ ਸੁੰਨ ਜਿਹੀ ਪੀੜ ਦਾ ਅਹਿਸਾਸ ਹੁੰਦਿਆਂ ਵੀ ਮੈਂ ਜਲਦੀ-ਜਲਦੀ ਤਿਆਰ ਹੋਇਆ, ਟੈਕਸੀ ਫੜੀ ਤੇ ਸਿੱਧਾ ਗਾਰਗੀ ਦੇ ਘਰ ਪਹੁੰਚ ਗਿਆ। ਗਾਰਗੀ ਨੇ ਮੈਨੂੰ ਦੱਸਿਆ ਕਿ ਰਾਤ ਦੁੱਗਲ ਦਾ ਖਾਣਾ ਬੜਾ ਵਧੀਆ ਸੀ-ਤੇ ਉਹਨੇ ਬੜੇ ਦੋਸਤ ਬੁਲਾਏ ਹੋਏ ਸਨ, ਪਰ ਲਾੜਾ ਤਾਂ ਕਿਤੇ ਨਜ਼ਰੀਂ ਨਹੀਂ ਸੀ ਆ ਰਿਹਾ। ਮੋਹਨ ਸਿੰਘ, ਵਿਰਕ ਦੀ ਬੀਬੀ, ਤਾਰਾ ਸਿੰਘ, ਹਰਿਭਜਨ, ਸਫ਼ੀਰ, ਗੁਲਜ਼ਾਰ-ਗਾਰਗੀ ਨੇ ਕਈ ਨਾਂ ਗਿਣ ਮਾਰੇ। ਮੈਂ ਨਦਾਮਤ ਤੋਂ ਬਚਣ ਖ਼ਾਤਰ ਗਾਰਗੀ ਦੀ ਗੱਲ ਵਿਚ ਹੀ ਕੱਟ ਕੇ ਬੋਲ ਪਿਆ, "ਮੋਹਨ ਸਿੰਘ ਕਿੱਥੇ ਠਹਿਰਿਆ ਏ?" "ਗੁਲਜ਼ਾਰ ਵੱਲ" ਗਾਰਗੀ ਨੇ ਚਾਹ ਦੀ ਚੁਸਕੀ ਭਰਦਿਆਂ ਜਵਾਬ ਦਿੱਤਾ। "ਅੰਮ੍ਰਿਤਾ ਵੀ ਆਈ ਸੀ?" ਮੈਂ ਮੋੜਵਾਂ ਸਵਾਲ ਕੀਤਾ। ਗਾਰਗੀ ਨੇ ਨਾਂਹ ਵਿਚ ਸਿਰ ਹਿਲਾਂਦਿਆਂ ਰਾਤ ਦਾ ਹਾਦਸਾ ਫੇਰ ਚਾਹ ਨਾਲ ਟੁੱਕਣਾ ਚਾਹਿਆ, ਪਰ ਮੈਂ ਏਨਾ ਸ਼ਰਮਿੰਦਾ ਸਾਂ ਕਿ ਸ਼ਰਮਿੰਦਗੀ ਤੋਂ ਬਚਣ ਖ਼ਾਤਰ ਲਤੀਫਾਬਾਜ਼ੀ 'ਤੇ ਉਤਰ ਆਇਆ ਸਾਂ। ਮੈਂ ਗਾਰਗੀ ਨੂੰ ਕਹਿ ਰਿਹਾ ਸੀ, "ਹਰਿਭਜਨ ਜੁ ਆਇਆ ਹੋਇਆ ਸੀ, ਜਿੰਨੀ ਕੁ ਰੋਟੀ ਮੈਂ ਖਾਣੀ ਸੀ ਓਨੀ ਤਾਂ ਉਹਦੀ ਦਾਹੜੀ 'ਚ ਹੀ ਫਸ ਗਈ ਹੋਣੀ ਏਂ-ਚੱਲ ਚੰਗਾ ਏ ਦੁੱਗਲ ਦਾ ਸਰਫ਼ਾ ਹੋ ਗਿਆ। ਨੌਂ ਵੱਜ ਗਏ ਨੇ, ਤੂੰ ਝਟਪਟ ਤਿਆਰ ਹੋ ਕੇ ਘਰੋਂ ਨਿਕਲ।"

ਤਿਆਰ ਹੋ ਕੇ ਜਦੋਂ ਅਸੀਂ ਸਾਹਿਤ ਅਕਾਦਮੀ ਦੇ ਦਫ਼ਤਰ ਪਹੁੰਚੇ ਤਾਂ ਸਾਹਿਤ ਅਕਾਦਮੀ ਦਾ ਵਿਹੜਾ ਸਾਹਿਤਕਾਰਾਂ, ਪੱਤਰਕਾਰਾਂ ਤੇ ਫੋਟੋਗ੍ਰਾਫਰਾਂ ਨਾਲ ਭਰਿਆ ਪਿਆ ਸੀ। ਚਾਹ ਦੇ ਪਿਆਲਿਆਂ 'ਚ ਵਾਕਫ਼ੀਆਂ ਘੋਲੀਆਂ ਜਾ ਰਹੀਆਂ ਸਨ। ਕੈਮਰਿਆਂ ਦੇ ਫ਼ਲੈਸ਼ ਲਗਾਤਾਰ ਚਿਹਰਿਆਂ 'ਤੇ ਚਮਕ ਰਹੇ ਸਨ। ਗਾਰਗੀ ਮੈਥੋਂ ਵੱਡਾ ਸਾਹਿਤਕਾਰ ਹੋਣ ਦੇ ਅਹਿਸਾਸ ਕਾਰਨ ਕੰਨੀ ਖਿਸਕਾ ਗਿਆ ਸੀ-ਤੇ ਕਿਸੇ ਰੂਸੀ ਜਾਂ ਮਿਰਕਨੀਏਂ ਨਾਲ ਰੰਨ ਵਾਂਗ ਵਪਾਰੀ ਹਾਸਾ ਹੱਸ ਰਿਹਾ ਸੀ। ਡਾ. ਪ੍ਰਭਾਕਰ ਮਾਚਵੇ ਮੈਨੂੰ ਵੱਖ-ਵੱਖ ਸਾਹਿਤਕਾਰਾਂ ਨਾਲ ਮਿਲਾ ਰਹੇ ਸਨ। ਮਿਲਣੀਆਂ ਤੋਂ ਵਿਹਲਾ ਹੋ ਕੇ ਮੈਂ ਅੰਮ੍ਰਿਤਾ ਤੇ ਮੋਹਨ ਸਿੰਘ ਕੋਲ ਆ ਖੜ੍ਹਿਆ। ਅੰਮ੍ਰਿਤਾ ਤੇ ਮੋਹਨ ਸਿੰਘ ਉਰਦੂ ਦੀ ਅਦੀਬਾ ਕੁਰਤੁਲ ਐਨ ਹੈਦਰ ਨਾਲ ਰੁੱਝੇ ਹੋਏ ਸਨ। ਮੈਨੂੰ ਵੇਖ ਕੇ ਸਾਰਿਆਂ ਦੇ ਚਿਹਰਿਆਂ ਉਤੇ ਦੋਸਤੀ ਦੀ ਨਿੱਘੀ ਮੁਸਕਾਨ ਫੈਲ ਗਈ-ਤੇ ਫੇਰ ਸਰਸਰੀ ਜਿਹੀ ਗੱਲਬਾਤ ਪਿੱਛੋਂ ਮੇਰਾ ਧਿਆਨ ਮੇਰੀ ਇਕ ਦੋਸਤ ਕੁੜੀ ਦੇ ਵਾਲਾਂ ਵੱਲ ਜਾ ਪਿਆ। ਉਹਨੇ ਜੂੜਾ ਇਵੇਂ ਕੀਤਾ ਹੋਇਆ ਸੀ ਜਿਵੇਂ ਟਾਹਲੀ 'ਤੇ ਲਾਊਡ-ਸਪੀਕਰ ਟੰਗਿਆ ਹੋਵੇ। ਮੈਂ ਆਪਣੀ ਦੋਸਤ ਕੁੜੀ ਨੂੰ ਉਹਦੇ ਜੂੜੇ ਬਾਰੇ ਲਤੀਫ਼ਾ ਸੁਣਾਨ ਹੀ ਲੱਗਾ ਸਾਂ ਕਿ ਮੋਹਨ ਸਿੰਘ ਮੈਨੂੰ ਬਾਹੋਂ ਫੜ ਕੇ ਇਕ ਪਾਸੇ ਲੈ ਗਿਆ। ਮੈਨੂੰ ਡਰ ਸੀ ਕਿ ਉਹ ਵੀ ਰਾਤ ਦੇ ਸ਼ਰਾਬੀ ਹਾਦਸੇ ਦੀ ਗੱਲ ਕਰੇਗਾ ਤੇ ਬਜ਼ੁਰਗੀ ਦਾ ਲੂਣ ਮੇਰੇ ਫੱਟਾਂ 'ਤੇ ਜ਼ਰੂਰ ਧੂੜੇਗਾ। ਪਰ ਸ਼ੁਕਰ ਖ਼ੁਦਾ ਦਾ ਕਿ ਉਹ ਮੈਨੂੰ ਸਿਰਫ਼ ਸੇਖੋਂ ਦੇ ਦਿੱਲੀ ਨਾ ਆਉਣ ਦਾ ਕਾਰਨ ਹੀ ਦੱਸ ਰਿਹਾ ਸੀ।

ਚਾਹ ਦੇ ਪਿਆਲੇ ਪਿਛੋਂ ਅਲਕਾਜ਼ੀ ਦਾ ਭਾਸ਼ਣ ਸੁਣਿਆ ਤੇ ਉਸ ਮਗਰੋਂ ਜਦ ਅੰਮ੍ਰਿਤ ਲਾਲ ਨਾਗਰ ਬੋਲਣ ਲੱਗਾ ਤਾਂ ਆਪਣੇ ਲਾਗੇ ਬੈਠੇ ਦੁੱਗਲ ਕੋਲੋਂ ਰਾਤ ਦੇ ਹਾਦਸੇ ਦੀ ਮੁਆਫ਼ੀ ਮੰਗ ਕੇ ਮੈਂ ਬਾਹਰ ਆ ਗਿਆ। ਮੁਆਫ਼ੀਨਾਮੇ 'ਚ ਉਹਦਾ ਮੇਰੇ ਲਈ ਵਰਤਿਆ ਇਕੋ ਸ਼ਬਦ 'ਨਾਲਾਇਕ' ਮੇਰੀ ਬੋਝਲ ਤੇ ਦੁਖੀ ਆਤਮਾ ਨੂੰ ਬੜਾ ਹੀ ਪਿਆਰਾ ਲੱਗਾ। ਮੈਂ ਦੁੱਗਲ ਦੇ ਦਿਲ ਦੀ ਵਿਸ਼ਾਲਤਾ 'ਤੇ ਏਨਾ ਖ਼ੁਸ਼ ਸਾਂ ਤੇ ਆਪਣੇ ਆਪ 'ਤੇ ਏਨਾ ਦੁਖੀ ਕਿ ਦੁੱਖ ਵਿਚੋਂ ਗੀਤ ਜਨਮ ਲੈ ਰਿਹਾ ਸੀ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜ੍ਹੀ
ਜਦ ਮੇਰੇ ਘਰ ਵਿਚ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਖੜ੍ਹੀ।

ਨਹੀਂ। ਅੱਜ ਦੇ ਦਿਨ ਮੈਨੂੰ ਅਜਿਹਾ ਨਹੀਂ ਸੋਚਣਾ ਚਾਹੀਦਾ। ਅੱਜ ਤਾਂ ਮੈਨੂੰ ਖ਼ੁਸ਼ ਹੋਣਾ ਚਾਹੀਦਾ ਹੈ। ਪਰ ਮੇਰੇ ਅੰਦਰ ਸ਼ਰਮਿੰਦੀ ਪੀੜ ਕਰਵਟ ਲੈਂਦੀ ਹੈ ਤੇ ਮੇਰੇ ਹੋਂਠ ਫਿਰ ਹਿਲਦੇ ਹਨ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜ੍ਹੀ
ਜਦ ਗੀਤਾਂ ਦੇ ਘਰ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਚੜ੍ਹੀ।

ਮੇਰੇ ਅੰਦਰ ਦੀ ਪੀੜ ਆਖਦੀ ਹੈ ਕਿ ਪਹਿਲੀਆਂ ਸਤਰਾਂ ਨਾਲੋਂ ਇਹ ਸਤਰਾਂ ਮੇਰੇ ਜ਼ਿਆਦਾ ਮੇਚ ਆਉਂਦੀਆਂ ਹਨ। ਮੈਂ ਇਹ ਸਤਰਾਂ ਹੱਥ ਵਿਚ ਫੜੀ ਡਾਇਰੀ 'ਚ ਸਾਂਭ ਲੈਂਦਾ ਹਾਂ। ਮੈਂ ਸਿਗਰਟ ਬਾਲਦਾ ਹਾਂ ਤੇ ਗੀਤ ਬਾਰੇ ਫੇਰ ਸੋਚਦਾ ਹਾਂ।

"ਓਏ ਪੰਡਤਾ...!" ਗੁਲਜ਼ਾਰ ਨੇ ਮੈਨੂੰ ਜਟਕੀ ਵਾਜ ਮਾਰੀ। ਮੈਂ ਕਵਿਤਾ ਵਿਚ ਹੀ ਸੁੱਟ ਕੇ ਉਹਦੇ ਨਾਲ ਬਗ਼ਲਗੀਰ ਹੋਇਆ। ਅਕਾਡਮੀ ਦਾ ਖੁੱਲ੍ਹਾ ਵਿਹੜਾ ਜੱਟ ਦੇ ਨਿਰਛਲ ਹਾਸੇ ਨਾਲ ਗੂੰਜ ਗਿਆ। ਅਜੇ ਅਸੀਂ ਜਜਮਾਨੀ ਪਰੋਹਤੀ ਹੀ ਕਰ ਰਹੇ ਸਾਂ ਕਿ ਅੰਮ੍ਰਿਤਾ ਵੀ ਸਾਡੇ 'ਚ ਆ ਰਲੀ। ਉਹਨੂੰ ਘਰ ਮੁੜਨ ਦੀ ਕਾਹਲ ਸੀ, ਸੋ ਅਸੀਂ ਗੁਲਜ਼ਾਰ ਦੀ ਕਾਰ 'ਚ ਬੈਠ ਕੇ ਤਿੰਨੇ ਅੰਮ੍ਰਿਤਾ ਦੇ ਘਰ ਵੱਲ ਤੁਰ ਪਏ। ਅੰਮ੍ਰਿਤਾ ਨੂੰ ਘਰ ਛੱਡ ਕੇ ਆਉਣ ਦੀ ਵਗਾਰ ਦਾ ਜੱਟ ਨੇ ਸਟੇਅਰਿੰਗ 'ਤੇ ਬੈਠਦਿਆਂ ਹੀ ਲਤੀਫ਼ਾ ਛੱਡ ਦਿੱਤਾ, "ਓਏ ਡਰੈਵਰੀ ਨਾਲੋਂ ਤਾਂ ਮੈਂ ਸਾਹਿਤਕਾਰ ਹੀ ਚੰਗਾ ਸਾਂ।" ਸ਼ੀਸ਼ਿਆਂ ਥਾਣੀਂ ਹਾਸਾ ਬਾਹਰ ਨਿਕਲ ਕੇ ਦਿੱਲੀ ਦੀਆਂ ਸੜਕਾਂ 'ਤੇ ਫੈਲ ਗਿਆ। ਮੈਂ ਵੇਖਿਆ ਕਿ ਉਦਾਸੀ ਹਾਸੇ 'ਚ ਰਲ ਕੇ ਸੜਕ ਦੇ ਐਨ ਵਿਚਕਾਰ ਜਾ ਡਿੱਗੀ ਸੀ, ਪਰ ਜ਼ਖ਼ਮੀ ਨਹੀਂ ਸੀ ਹੋਈ ਤੇ ਗੀਤ ਦੀਆਂ ਉਦਾਸ ਸਤਰਾਂ ਕਾਰ 'ਚ ਮੇਰੇ ਨਾਲ ਉਵੇਂ ਦੀਆਂ ਉਵੇਂ ਬੈਠੀਆਂ ਸਨ।

ਅੰਮ੍ਰਿਤਾ ਨੂੰ ਘਰ ਛੱਡ ਕੇ ਜਦੋਂ ਅਸੀਂ ਅਕਾਡਮੀ ਵਾਪਸ ਮੁੜੇ ਤਾਂ ਮੈਂ ਪੱਤਰਕਾਰਾਂ ਦੇ ਘਟੀਆ ਸਵਾਲਾਂ-ਜਵਾਬਾਂ ਵਿਚ ਰੁੱਝ ਗਿਆ-ਤੇ ਗੁਲਜ਼ਾਰ ਪ੍ਰੋ. ਮੋਹਨ ਸਿੰਘ ਨੂੰ ਲੱਭਣ ਚਲਾ ਗਿਆ। ਪ੍ਰੋਗਰਾਮ ਇਹ ਸੀ ਕਿ ਮੋਹਨ ਸਿੰਘ ਨੂੰ ਨਾਲ ਲੈ ਕੇ ਗੁਲਜ਼ਾਰ ਦੇ ਘਰ ਖਾਣਾ ਖਾਇਆ ਜਾਵੇ। ਪਰ ਮੋਹਨ ਸਿੰਘ ਸਾਨੂੰ ਉਡੀਕ ਉਡੀਕ ਕੇ ਪਤਾ ਨਹੀਂ ਕਿੱਥੇ ਚਲਾ ਗਿਆ ਸੀ। ਖਾਣਾ ਖਾਣ ਪਿਛੋਂ ਮੈਂ ਵੇਖਿਆ ਗੀਤ ਦੀਆਂ ਸਤਰਾਂ ਮੇਰੇ ਨਾਲ ਦੀਵਾਨ 'ਤੇ ਆ ਲੇਟੀਆਂ ਸਨ-ਤੇ ਮੈਂ ਬੇਚੈਨ ਹੋਇਆ ਕੁਝ ਲਿਖੀ ਜਾ ਰਿਹਾ ਸੀ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜ੍ਹੀ
ਜਦ ਗੀਤਾਂ ਦੇ ਘਰ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਚੜ੍ਹੀ।
ਇਸ ਸ਼ਹਿਰ 'ਚ ਮੇਰੇ ਦੁੱਖਾਂ ਦਾ
ਕੋਈ ਇਕ ਵੀ ਚਿਹਰਾ ਵਾਕਫ਼ ਨਹੀਂ
ਪਰ ਫਿਰ ਵੀ ਮੇਰੇ ਦੁੱਖਾਂ ਨੂੰ
ਆਵਾਜ਼ਾਂ ਦੇਵੇ ਗਲੀ ਗਲੀ!

ਮੇਰੇ ਅੰਦਰ ਦੇ ਆਲੋਚਕ ਨੇ 'ਦੁੱਖ' ਸ਼ਬਦ ਵੱਲ ਘੂਰ ਕੇ ਵੇਖਿਆ-ਤੇ ਫੇਰ ਮੈਨੂੰ ਕਹਿਣ ਲੱਗਾ ਇਵੇਂ ਲਿਖ:

ਇਸ ਸ਼ਹਿਰ 'ਚ ਮੇਰੇ ਗੀਤਾਂ ਦਾ
ਕੋਈ ਇਕ ਵੀ ਚਿਹਰਾ ਵਾਕਫ਼ ਨਹੀਂ
ਪਰ ਫਿਰ ਵੀ ਮੇਰੇ ਗੀਤਾਂ ਨੂੰ
ਆਵਾਜ਼ਾਂ ਦੇਵੇ ਗਲੀ ਗਲੀ!

ਅਜੇ ਮੈਂ ਇਹ ਸਤਰਾਂ ਲਿਖੀਆਂ ਹੀ ਸਨ ਕਿ ਗੁਲਜ਼ਾਰ ਮੇਰੇ ਕਮਰੇ 'ਚ ਆ ਗਿਆ ਤੇ ਗੀਤ ਦੀਆਂ ਸਤਰਾਂ ਮੇਰੇ ਨਾਲੋਂ ਉਠ ਕੇ ਪਤਾ ਨਹੀਂ ਕਿਹੜੇ ਬੂਹੇ ਥਾਣੀਂ ਬਾਹਰ ਨਿਕਲ ਗਈਆਂ। ਗੁਲਜ਼ਾਰ ਆਪਣੀ ਬੀਵੀ ਨੂੰ ਫ਼ੋਨ 'ਤੇ ਕਹਿ ਰਿਹਾ ਸੀ-"ਡਾਕਟਰ ਸਾਹਿਬ ਜ਼ਰਾ ਜਲਦੀ ਘਰੇ ਮੁੜ ਆਉ, ਪੂਰੇ ਪੰਜ ਵਜੇ ਸ਼ਿਵ ਨਾਲ ਰਾਸ਼ਟਰਪਤੀ ਭਵਨ ਜਾਣਾ ਹੈ।" ਮੂੰਹ-ਹੱਥ ਧੋ ਕੇ ਅਸੀਂ ਚਾਹ ਪੀਤੀ ਤਾਂ ਏਨੀ ਦੇਰ ਨੂੰ ਸੁਰਜੀਤ ਵੀ ਦਫਤਰੋਂ ਘਰ ਪਹੁੰਚ ਗਈ-ਤੇ ਥੋੜ੍ਹੀ ਦੇਰ ਬਾਅਦ ਅਸੀਂ ਰਾਸ਼ਟਰਪਤੀ ਭਵਨ ਵਿਚ ਸਾਂ।

ਰਾਸ਼ਟਰਪਤੀ ਭਵਨ ਪਹੁੰਚ ਕੇ ਮੇਰੀਆਂ ਨਜ਼ਰਾਂ ਵਾਕਫ਼ ਚਿਹਰੇ ਲੱਭਣ ਲੱਗੀਆਂ-ਪਰ ਸਿਵਾਏ ਅੰਮ੍ਰਿਤਾ, ਮੋਹਨ ਸਿੰਘ, ਭਾਪਾ ਪ੍ਰੀਤਮ ਸਿੰਘ ਤੇ ਸ਼ੀਲਾ ਸੰਧੂ ਦੇ, ਕੋਈ ਵੀ ਵਾਕਫ਼ ਚਿਹਰਾ ਨਜ਼ਰੀਂ ਨਾ ਪਿਆ। ਨਾ ਤਾਰਾ ਸਿੰਘ, ਨਾ ਹਰਿਭਜਨ, ਨਾ ਗਾਰਗੀ ਤੇ ਨਾ ਹੀ ਦੁੱਗਲ। ਭਾਰਾ ਮਨ ਕੁਝ ਹੋਰ ਵੀ ਭਾਰਾ ਹੋ ਗਿਆ ਤੇ ਉਹੋ ਉਦਾਸੀ ਜਿਹੜੀ ਕਾਰ 'ਚੋਂ ਡਿੱਗ ਕੇ ਸੜਕ ਦੇ ਵਿਚਕਾਰ ਜਾ ਪਈ ਸੀ, ਅਸ਼ੋਕਾ ਹਾਲ ਦਾ ਵੱਡਾ ਸਾਰਾ ਬੂਹਾ ਲੰਘ ਕੇ ਮੇਰੇ ਨਾਲ ਆ ਬੈਠੀ ਸੀ-ਤੇ ਗੀਤ ਦੀਆਂ ਉਹੋ ਸਤਰਾਂ ਜਿਹੜੀਆਂ ਮੈਂ ਗੁਲਜ਼ਾਰ ਦੇ ਘਰ ਛੱਡ ਆਇਆ ਸਾਂ, ਰਾਸ਼ਟਰਪਤੀ ਭਵਨ ਦੀਆਂ ਗੇਰੂਈ ਕੰਧਾਂ ਟੱਪ ਕੇ ਮੇਰੀ ਜੀਭ 'ਤੇ ਆ ਬੈਠੀਆਂ ਸਨ :

ਇਸ ਸ਼ਹਿਰ 'ਚ ਮੇਰੇ ਗੀਤਾਂ ਦਾ
ਕੋਈ ਇਕ ਵੀ ਚਿਹਰਾ ਵਾਕਫ਼ ਨਹੀਂ
ਪਰ ਫਿਰ ਵੀ ਮੇਰੇ ਗੀਤਾਂ ਨੂੰ
ਆਵਾਜ਼ਾਂ ਦੇਵੇ ਗਲੀ ਗਲੀ!

ਇਨਾਮ ਤੇ ਰਸਮੀ ਜਿਹੀਆਂ ਮੁਬਾਰਕਾਂ ਪਿਛੋਂ ਮੈਂ, ਅੰਮ੍ਰਿਤਾ, ਮੋਹਨ ਸਿੰਘ, ਸ਼ੀਲਾ ਸੰਧੂ ਤੇ ਕੁਝ ਹੋਰ ਮਿੱਤਰ ਗੁਲਜ਼ਾਰ ਦੇ ਘਰ ਪਹੁੰਚੇ ਜਿੱਥੇ ਸ਼ਾਮੀਂ ਦੋਸਤੀਆਂ ਦਾ ਜਸ਼ਨ ਸ਼ੁਰੂ ਹੋਇਆ। ਦੋਸਤਾਂ ਦੀਆਂ ਸਿਹਤਾਂ ਦੇ ਜਾਮ ਪੀਤੇ ਗਏ। ਕਵਿਤਾਵਾਂ ਪੜ੍ਹੀਆਂ ਗਈਆਂ, ਗੀਤ ਗਾਏ ਗਏ। ਜਦ ਜਸ਼ਨ ਪੂਰੇ ਜ਼ੋਬਨ 'ਤੇ ਅਪੜਿਆ ਤਾਂ ਮੇਰੇ ਮਿੱਤਰਾਂ ਨੇ ਇਕ ਹੋਰ ਜਾਮ ਤਜਵੀਜ਼ ਕੀਤਾ। ਪਰ ਮੋਹਨ ਸਿੰਘ ਚਾਹ ਰਿਹਾ ਸੀ ਕਿ ਜਾਮ ਪੀਣ ਤੋਂ ਪਹਿਲਾਂ ਉਹਦੀ ਇਕ ਗੱਲ ਸੁਣੀ ਜਾਵੇ। ਮੋਹਨ ਸਿੰਘ ਨੇ ਨਸ਼ਿਆਈ ਜੀਭੇ ਗੱਲ ਸ਼ੁਰੂ ਕੀਤੀ-ਸਿਆਲਕੋਟ ਦਾ ਇਕ ਜੱਟ ਸੀ ਜੱਟ, ਸਿਆਲਕੋਟ...ਜਿਥੇ ਸ਼ਿਵ ਦੀ ਲੂਣਾ ਵਿਆਹੀ ਗਈ ਸੀ। ਹਾਂ, ਤੇ ਉਹ ਜੱਟ ਜੋਤਰਾ ਲਾ ਕੇ ਘਰ ਨੂੰ ਮੁੜਿਆ ਸੀ-ਆਪਣੀ ਕਾਕੋ ਨੂੰ ਕਹਿਣ ਲੱਗਾ ਰੋਟੀ ਜਲਦੀ ਪਾ ਦੇ, ਭੁੱਖ ਬੜੀ ਲੱਗੀ ਏ। ਕਾਕੋ ਨੇ ਘਿਉ ਸ਼ੱਕਰ ਪਾ ਦਿੱਤੀ ਪਰ ਅਜੇ ਉਹਨੇ ਇਕੋ ਗਰਾਹੀ ਭੰਨੀ ਸੀ ਤਾਂ ਬਾਹਰ ਪਿੜਾਂ 'ਚ ਵਿਸਾਖੀ ਦਾ ਢੋਲ ਵੱਜ ਪਿਆ। ਢੋਲ ਦੀ ਆਵਾਜ਼ ਸੁਣ ਕੇ ਕੁੜੀ ਦਾ ਪਿਉ ਕੁੜੀ ਨੂੰ ਕਹਿਣ ਲੱਗਾ, "ਬੱਸ ਓ ਬੱਚੀ ਬੱਸ, ਬੱਸ ਓ ਬੱਚੀ ਬੱਸ, ਬੱਸ ਓ ਬੱਚੀ ਬੱਸ।" ਤੇ ਫੇਰ ਮੋਹਨ ਸਿੰਘ 'ਬੱਸ ਓ ਬੱਚੀ ਬੱਸ' ਕਹਿੰਦਾ ਤੇ ਚੁਟਕੀਆਂ ਮਾਰਦਾ ਆਪ ਵੀ ਨੱਚਣ ਲੱਗ ਪਿਆ। ਜਦ ਨੱਚਦਾ ਨੱਚਦਾ ਹਫ਼ ਗਿਆ ਤਾਂ ਕਹਿਣ ਲੱਗਾ, "ਵੀਰੋ-ਭਰਾਵੋ ਹੁਣ ਸ਼ਰਾਬ ਬੱਸ ਕਰਨੀ ਚਾਹੀਦੀ ਹੈ-ਤੇ ਰੋਟੀ-ਪਾਣੀ ਛਕਣਾ ਚਾਹੀਦਾ ਹੈ।" ਪਰ ਅਜੇ ਜੱਟ ਦੀ ਵਾਰੀ ਤਾਂ ਆਈ ਹੀ ਨਹੀਂ ਸੀ। ਗੁਲਜ਼ਾਰ ਵੀ ਡਾਢੇ ਨਸ਼ੇ ਵਿਚ ਸੀ, ਭਲਾ ਉਹ ਮੋਹਨ ਸਿੰਘ ਤੋਂ ਪਿੱਛੇ ਕਿਵੇਂ ਰਹਿੰਦਾ? ਉਹਨੇ ਉਚੀ ਸਾਰੀ ਹੇਕ 'ਚ ਤੇ ਤੌੜੀਆਂ ਮਾਰਦੇ ਨੇ ਪਾਲੀਆਂ, ਅਯਾਲੀਆਂ, ਵਾਲੀਆਂ ਲੋਕ-ਬੋਲੀਆਂ ਪਾਣੀਆਂ ਸ਼ੁਰੂ ਕਰ ਦਿੱਤੀਆਂ:

ਪਹਿਲੀ ਗੱਡੀ ਆ ਜਾ ਮਿੱਤਰਾ
ਦੋ ਨਿੰਬੂ ਪੱਕੇ ਘਰ ਤੇਰੇ।

ਤੌੜੀਆਂ ਦੀ ਆਵਾਜ਼ ਜਦ ਮੱਧਮ ਹੋਈ ਤਾਂ ਮੈਨੂੰ ਕਵਿਤਾ ਪੜ੍ਹਨ ਦੀ ਸਿਫਾਰਿਸ਼ ਹੋਈ ਪਰ ਇਸ ਤੋਂ ਪਹਿਲਾਂ ਕਿ ਮੈਂ ਕਵਿਤਾ ਪੜ੍ਹਦਾ ਜੱਟ ਨੇ ਇਕ ਹੋਰ ਬੋਲੀ ਪਾ ਕੱਢੀ:

ਗੱਡੀ ਵਿਚੋਂ ਲੱਤ ਲਮਕੇ
ਗੋਰੇ ਪੈਰ 'ਤੇ ਸਲੀਪਰ ਕਾਲੇ।

ਆਖ਼ਰ ਮੈਂ ਕਵਿਤਾ ਪੜ੍ਹੀ-ਤੇ ਕਵਿਤਾ ਪੜ੍ਹਨ ਪਿਛੋਂ ਲਗਦੇ ਹੱਥ ਅੱਜ ਵਾਲੀ ਅਧੂਰੀ ਕਵਿਤਾ ਦੀਆਂ ਸਤਰਾਂ ਵੀ ਪੜ੍ਹ ਦਿੱਤੀਆਂ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜ੍ਹੀ
ਜਦ ਗੀਤਾਂ ਦੇ ਘਰ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਚੜ੍ਹੀ।

ਅਜੇ ਮੈਂ ਇਹ ਸਤਰਾਂ ਪੜ੍ਹੀਆਂ ਹੀ ਸਨ ਕਿ ਅੰਮ੍ਰਿਤਾ ਵਿਚੋਂ ਹੀ ਬੋਲ ਪਈ, "ਸ਼ਿਵ ਅੱਜ ਸ਼ਿਵਰਾਤਰੀ ਏ, ਤੇ ਨਾਲੇ ਤੈਨੂੰ ਅੱਜ ਅਜਿਹੀ ਕਵਿਤਾ ਨਹੀਂ ਪੜ੍ਹਨੀ ਚਾਹੀਦੀ। ਅੱਜ ਤਾਂ ਤੇਰੇ ਗੀਤਾਂ ਦੇ ਘਰ ਧੁੱਪ ਹੀ ਧੁੱਪ ਏ।" ਮੈਂ ਅੰਮ੍ਰਿਤਾ ਦੀ ਗੱਲ ਸੁਣ ਕੇ ਸਾਰੇ ਸ਼ੋਰ ਵਿਚ ਵੀ ਇਕੱਲਾ ਸੋਚ ਰਿਹਾ ਸਾਂ, "ਅੱਜ ਤਾਂ ਤੇਰੇ ਗੀਤਾਂ ਦੇ ਘਰ ਧੁੱਪ ਹੀ ਧੁੱਪ ਏ।" ਤੇ ਮੈਂ ਵੇਖਿਆ ਮੇਰੇ ਹੋਠਾਂ ਨੂੰ ਜਾਮ ਦੀ ਥਾਵੇਂ ਹਰਫ਼ ਆ ਕੇ ਚੂੰਡ ਰਹੇ ਸਨ:

ਮੈਂ ਮੰਨਦਾਂ ਮੇਰੇ ਗੀਤਾਂ ਨੇ
ਧੁੱਪਾਂ ਦੀ ਜੂਨ ਹੰਢਾਈ ਹੈ।

"ਨਹੀਂ! ਤੇਰੇ ਗੀਤਾਂ ਨੇ ਧੁੱਪਾਂ ਦੀ ਜੂਨ ਕਦੋਂ ਹੰਢਾਈ ਹੈ?" ਮੇਰਾ ਚੇਤਨ ਮਨ ਮੈਨੂੰ ਸਵਾਲ ਕਰਦਾ ਹੈ। ਮੈਂ ਸ਼ਿਅਰ ਦੁਹਰਾ ਕੇ ਕਹਿੰਦਾ ਹਾਂ:

ਮੈਂ ਮੰਨਦਾਂ ਮੇਰੇ ਗੀਤਾਂ ਨੇ
ਮਹਿਕਾਂ ਦੀ ਜੂਨ ਹੰਢਾਈ ਹੈ
ਪਰ ਮਹਿਕ ਅਮਾਨਤ ਹੈ ਜਿਸ ਦੀ
ਉਹ ਚੁੰਮ ਨਾ ਵੇਖੀ ਕਦੇ ਕਲੀ।

"ਨਹੀਂ! ਇਹ ਵੀ ਠੀਕ ਨਹੀਂ। ਤੂੰ ਇਹ ਵੀ ਕਿਉਂ ਮੰਨੇ ਕਿ ਤੇਰੇ ਗੀਤਾਂ ਨੇ ਮਹਿਕਾਂ ਦੀ ਜੂਨ ਹੰਢਾਈ ਹੈ। ਨਾਲ ਇਹ ਕਲੀ ਨੂੰ ਚੁੰਮਣ ਵਾਲੀ ਗੱਲ ਵੀ ਬਹੁਤ ਘਟੀਆ ਹੈ।" ਮੇਰਾ ਮਨ ਮੈਨੂੰ



*ਅੰਮ੍ਰਿਤਾ ਪ੍ਰੀਤਮ*

ਘੇਰ ਸਵਾਲ ਕਰਦਾ ਹੈ। ਮੈਂ ਖਿਝ ਜਾਂਦਾ ਹਾਂ ਤੇ ਸ਼ਿਅਰ 'ਤੇ ਫੇਰ ਸੁਧਾਰ ਕਰਦਾ ਹਾਂ

ਮੈਨੂੰ ਲੋਕ ਕਹਿਣ ਮੇਰੇ ਗੀਤਾਂ ਨੇ
ਮਹਿਕਾਂ ਦੀ ਜੂਨ ਹੰਢਾਈ ਹੈ
ਪਰ ਲੋਕ ਵਿਚਾਰੇ ਕੀ ਜਾਨਣ
ਗੀਤਾਂ ਦੀ ਵਿਥਿਆ ਦਰਦ ਭਰੀ।

ਇਹ ਸਤਰਾਂ ਸੁਣ ਕੇ ਮੇਰਾ ਮਨ ਮੈਨੂੰ ਕੋਈ ਸਵਾਲ ਨਹੀਂ ਕਰਦਾ ਤੇ ਮੈਂ ਇਹ ਸਤਰਾਂ ਯਾਦ ਦੇ ਬੋਝੇ ਵਿਚ ਪਾ ਲੈਂਦਾ ਹਾਂ।

ਜਦੋਂ ਮੈਂ ਆਪਣੇ ਖ਼ਿਆਲਾਂ ਦੀ ਚੁੱਪ ਨਾਲੋਂ ਟੁੱਟ ਕੇ ਵਾਪਸ ਮੁੜਿਆ ਤਾਂ ਕਮਰੇ ਵਿਚ ਬੜਾ ਸ਼ੋਰ ਸੀ। ਅੰਮ੍ਰਿਤਾ ਜਾ ਚੁੱਕੀ ਸੀ ਤੇ ਮੋਹਨ ਸਿੰਘ ਇਕ ਹੱਥ ਕੰਨ 'ਤੇ ਰੱਖ ਕੇ ਤੇ ਦੂਜੇ ਹੱਥ ਵਿਚ ਚਿਮਚਾ ਫੜੀ, ਚਿਮਚੇ ਨੂੰ ਮੇਜ਼ 'ਤੇ ਮਾਰ ਮਾਰ ਕੇ ਇਕ ਖਾਸ ਤਾਲ ਵਿਚ ਮਾਹੀਆ ਗਾ ਰਿਹਾ ਸੀ:

ਗੱਡੀ ਆਈ ਤਰਾਈ ਵਾਲੀ
ਟਿਕਟ ਨਾ ਦੇ ਬਾਬੂ
ਸਾਰੀ ਰਾਤ ਜੁਦਾਈ ਵਾਲੀ।
ਗੱਡੀ ਟੁਰ ਗਈ ਆ ਸ਼ੂੰ ਕਰ ਕੇ
ਹੁਣ ਕਿਉਂ ਰੋਨੀ ਏਂ
ਬਸਰੇ ਵੱਲ ਮੂੰਹ ਕਰਕੇ।
ਘੜਾ ਪਿਆ ਘੜਵੰਝੀਆਂ 'ਤੇ
ਮਾਹੀ ਪਰਦੇਸ ਗਿਆ
ਹੱਥ ਮਾਰਾਂ ਮੰਜੀਆਂ 'ਤੇ।

ਮੇਰੇ ਦੋਸਤ ਤੇ ਮੋਹਨ ਸਿੰਘ ਆਖ਼ਰੀ ਸਤਰ ਸੁਣ ਕੇ ਵਾਹ ਵਾਹ ਕਰਦੇ ਨੇ ਪਰ ਮੈਂ ਫੇਰ ਚੁੱਪ ਹਾਂ-ਤੇ ਇਕ ਹੰਝੂ ਮੇਰੀਆਂ ਅੱਖੀਆਂ 'ਚੋਂ ਸਿੱਧਾ ਮੇਰੇ ਸੰਘ ਵਿਚ ਆ ਡਿਗਦਾ ਹੈ। ਮੇਰਾ ਗੱਚ ਭਰਿਆ ਜਾਂਦਾ ਹੈ। ਮੈਂ ਹੰਝੂ ਨੂੰ ਬੜੀ ਮੁਸ਼ਕਲ ਨਾਲ ਅੱਖਾਂ 'ਚ ਹੀ ਰੋਕ ਲੈਂਦਾ ਹਾਂ। ਮੈਂ ਵਾਰ-ਵਾਰ ਘੜਵੰਝੀਆਂ ਵਾਲੀ ਸਤਰ ਦੀ ਤਕਦੀਰ ਬਾਰੇ ਸੋਚਦਾ ਹਾਂ-ਤੇ ਆਪਣੀ ਤਕਦੀਰ ਬਾਰੇ ਵੀ। ਇਕ ਸਤਰ ਮੇਰੇ ਮੱਥੇ ਵਿਚ ਸੁਲਗਦੀ ਹੈ:

ਮੈਂ ਜ਼ਰਬਾਂ ਦੇ ਦੇ ਯਾਦਾਂ ਨੂੰ
ਆਪਣੀ ਤਾਂ ਅਉਧ ਹੰਢਾ ਬੈਠਾਂ
ਹੁਣ ਅਉਧ ਹੰਢਾਂਦਾ ਹਾਂ ਜਿਸ ਦੀ
ਉਹ ਵੀ ਹੈ ਮੈਥੋਂ ਦੂਰ ਬੜੀ।

ਮੇਰੀ ਇਕਾਗਰਤਾ ਅੱਖਾਂ 'ਚ ਰੋਕੇ ਹੰਝੂ ਬਾਰੇ ਸੋਚਦੀ ਹੈ ਤੇ ਫੇਰ ਮੱਥੇ ਵਿਚ ਸੁਲਗਦੀਆਂ ਸਤਰਾਂ ਬਾਰੇ-ਤੇ ਫੇਰ ਮੈਂ ਪਹਿਲੀਆਂ ਸਤਰਾਂ ਨੂੰ ਭੁੱਲ ਕੇ ਹੋਰ ਸਤਰਾਂ ਸੋਚਦਾ ਹਾਂ:

ਮੈਂ ਹੰਝੂ ਹੰਝੂ ਰੋ ਰੋ ਕੇ
ਆਪਣੀ ਤਾਂ ਅਉਧ ਹੰਢਾ ਬੈਠਾਂ
ਕਿੰਝ ਅਉਧ ਹੰਢਾਵਾਂ ਗੀਤਾਂ ਦੀ
ਜਿਨ੍ਹਾਂ ਗੀਤਾਂ ਦੀ ਤਕਦੀਰ ਸੜੀ।

ਪਹਿਲੀਆਂ ਸਤਰਾਂ ਨਾਲੋਂ ਮੈਨੂੰ ਇਹ ਸਤਰਾਂ ਅਜ਼ੀਜ਼ ਹੋ ਜਾਂਦੀਆਂ ਹਨ-ਤੇ ਪਹਿਲੀਆਂ ਸਤਰਾਂ



*ਗੁਲਜ਼ਾਰ ਸਿੰਘ ਸੰਧੂ*



*ਕਰਤਾਰ ਸਿੰਘ ਦੁੱਗਲ*

ਨੂੰ ਨਫ਼ਰਤ ਕਰਨ ਲੱਗਦਾ ਹਾਂ। ਬੜੀ ਪਿਆਰੀ ਆਵਾਜ਼ ਕੰਨਾਂ ਵਿਚ ਪੈਂਦੀ ਹੈ-ਗੁਲਜ਼ਾਰ ਦੀ ਸਾਲੀ ਕੰਵਲ ਗੀਤ ਗਾ ਰਹੀ ਹੈ। ਮੈਂ ਉਹਦੀ ਅਵਾਜ਼ ਨਾਲ ਫੇਰ ਕਮਰੇ 'ਚ ਮੁੜ ਆਉਂਦਾ ਹਾਂ ਤੇ ਗੀਤ ਦੇ ਬੋਲ ਸੁਣਦਾ ਹਾ:

ਇਕ ਮੇਰੀ ਸੱਸ ਚੰਦਰੀ
ਭੈੜੀ ਰੋਹੀ ਦੀ ਕਿੱਕਰ ਤੋਂ ਕਾਲੀ
ਨਿੱਤ ਮੇਰੇ ਵੀਰ ਪੁਣਦੀ
ਨਾਲੇ ਦੇਵੇ ਮੇਰੇ ਮਾਪਿਆਂ ਨੂੰ ਗਾਲੀ
ਰੱਬ ਜਾਣੇ ਤੱਤੜੀ ਦਾ
ਕਿਹੜਾ ਲਾਚੀਆਂ ਦਾ ਬਾਗ ਉਜਾੜਿਆ।

ਰਾਤ ਕਾਫੀ ਜਾ ਚੁੱਕੀ ਸੀ। ਅੱਖਾਂ ਵਿਚ ਆਈ ਨੀਂਦ ਤੇ ਨਸ਼ੇ ਨੇ ਆਖ਼ਰ ਮਹਿਫ਼ਲ ਉਜਾੜ ਦਿੱਤੀ। ਸਭੋ ਆਪਣੇ ਆਪਣੇ ਆਹਲਣਿਆਂ ਨੂੰ ਚਲੇ ਗਏ, ਪਰ ਮੈਂ ਤੇ ਮੋਹਨ ਸਿੰਘ, ਗੁਲਜ਼ਾਰ ਦੇ ਘਰ ਹੀ ਸੌਂ ਗਏ। ਤੜਕਸਾਰ ਜਦੋਂ ਮੈਨੂੰ ਜਾਗ ਆਈ ਤਾਂ ਮੈਂ ਵੇਖਿਆ ਕਿ ਮੋਹਨ ਸਿੰਘ, ਘੂਕ ਸੁੱਤਾ ਪਿਆ ਸੀ। ਬਿਜਲੀ ਜਲ ਰਹੀ ਸੀ। ਮੈਂ ਪਾਣੀ ਪੀ ਕੇ ਸੌਣ ਦੀ ਕੋਸ਼ਿਸ਼ ਕੀਤੀ ਪਰ ਬੇਕਾਰ। ਮੱਥੇ ਵਿਚ ਸੁੱਤੀਆਂ ਗੀਤ ਦੀਆਂ ਸਤਰਾਂ ਮੇਰੇ ਨਾਲ ਜਾਗ ਪਈਆਂ ਸਨ। ਆਖ਼ਰ ਮੈਂ ਇਕ ਕਾਗਜ਼ ਲਿਆ ਤੇ ਗੀਤ ਲਿਖਣਾ ਸ਼ੁਰੂ ਕਰ ਦਿੱਤਾ। ਕਾਗਜ਼ 'ਤੇ ਗੀਤ ਦਾ ਸ਼ੀਰਸ਼ਕ ਲਿਖਿਆ 'ਕਿਸਮਤ'-'ਕਿਸਮਤ' ਹਰਫ਼ ਦੇ ਪੈਰਾਂ ਥੱਲੇ ਇਕ ਲੀਕ ਮਾਰੀ ਤੇ ਕਵਿਤਾ ਲਿਖਣੀ ਸ਼ੁਰੂ ਕੀਤੀ:

ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜੀ
ਜਦ ਗੀਤਾਂ ਦੇ ਘਰ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਚੜ੍ਹੀ।
ਇਸ ਸ਼ਹਿਰ 'ਚ ਮੇਰੇ ਗੀਤਾਂ ਦਾ
ਕੋਈ ਇਕ ਵੀ ਚਿਹਰਾ ਵਾਕਫ਼ ਨਹੀਂ
ਪਰ ਫਿਰ ਵੀ ਮੇਰੇ ਗੀਤਾਂ ਨੂੰ
ਆਵਾਜ਼ਾਂ ਦੇਵੇ ਗਲੀ ਗਲੀ!
ਮੈਨੂੰ ਲੋਕ ਕਹਿਣ ਮੇਰੇ ਗੀਤਾਂ ਨੇ
ਮਹਿਕਾਂ ਦੀ ਜੂਨ ਹੰਢਾਈ ਹੈ
ਪਰ ਲੋਕ ਵਿਚਾਰੇ ਕੀ ਜਾਨਣ
ਗੀਤਾਂ ਦੀ ਵਿਥਿਆ ਦਰਦ ਭਰੀ।
ਮੈਂ ਹੰਝੂ ਹੰਝੂ ਰੋ ਰੋ ਕੇ
ਆਪਣੀ ਤਾਂ ਅਉਧ ਹੰਢਾ ਬੈਠਾਂ
ਕਿੰਝ ਅਉਧ ਹੰਢਾਵਾਂ ਗੀਤਾਂ ਦੀ
ਜਿਨ੍ਹਾਂ ਗੀਤਾਂ ਦੀ ਤਕਦੀਰ ਸੜੀ।

ਏਨੀਆਂ ਸਤਰਾਂ ਲਿਖ ਕੇ ਮੈਂ ਇਕ ਫਾਰ ਫੇਰ ਮੁੱਢੋਂ-ਸੁੱਢੋਂ ਪੜ੍ਹੀਆਂ। ਗੀਤ ਮੈਨੂੰ ਬਿਲਕੁਲ ਅਧੂਰਾ ਜਾਪਿਆ। ਮੈਂ ਜੋ ਕਹਿਣਾ ਚਾਹੁੰਦਾ ਸਾਂ, ਉਹ ਮੈਥੋਂ ਅਜੇ ਕਹਿ ਨਹੀਂ ਸੀ ਹੋਇਆ। ਮੈਂ ਗੀਤ ਬਾਰੇ ਸੋਚਣ ਦੀ ਬਜਾਏ ਦੁੱਗਲ ਬਾਰੇ ਸੋਚਦਾ ਰਿਹਾ-ਤੇ ਫੇਰ ਪਤਾ ਨਹੀਂ ਕਿਵੇਂ ਮੇਰੇ ਅੰਦਰ 'ਦਾਅਵਤ' ਸ਼ਬਦ ਘੁੰਮਣ ਲੱਗ ਜਾਂਦਾ ਹੈ। ਮੈਂ ਲਿਖਣ ਲਗਦਾ ਹਾਂ:

ਇਕ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਜਦ ਆਖੀ
ਇਕ ਬੁਰਕੀ ਮਿੱਸੇ ਚਾਨਣ ਦੀ
ਗੀਤਾਂ ਦੇ ਸੰਘ ਵਿਚ ਆਣ ਅੜੀ।

'ਅੜੀ' ਸ਼ਬਦ ਮੈਨੂੰ ਖਟਕਦਾ ਹੈ। ਗੀਤ ਦੇ ਸਰੋਦੀ ਤੇ ਰਾਗਾਤਮਕ ਪਿੰਡੇ ਵਿਚ 'ੜ' ਅੱਖਰ ਮੈਨੂੰ ਛਿੱਲਤਰ ਵਾਂਗ ਚੁੱਭਿਆ ਜਾਪਦਾ ਹੈ। ਮੈਂ ਸ਼ਿਅਰ ਫੇਰ ਲਿਖਦਾ ਹਾਂ:

ਅੱਜ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਜਦ ਆਖੀ
ਇਕ ਬੁਰਕੀ ਮਿੱਠੇ ਚਾਨਣ ਦੀ
ਮੇਰੇ ਗੀਤਾਂ ਤੋਂ ਨਾ ਗਈ ਭਰੀ।

ਮੈਂ ਲਿਖੀਆਂ ਸਤਰਾਂ ਨੂੰ ਬਾਰ ਬਾਰ ਪੜ੍ਹਦਾ ਹਾਂ। ਸਤਰਾਂ ਦੇ ਕਈ ਰੂਪ ਬਣਾਉਂਦਾ ਹਾਂ:

ਇਕ ਸੂਰਜ ਨੇ ਮੇਰੇ ਗੀਤਾਂ ਨੂੰ
ਕਿਸੇ ਸੂਰਜ ਨੇ ਮੇਰੇ ਗੀਤਾਂ ਨੂੰ
ਅੱਜ ਸੂਰਜ ਨੇ ਮੇਰੇ ਗੀਤਾਂ ਨੂੰ

'ਇੱਕ', 'ਕਿਸੇ' ਤੇ 'ਅੱਜ' ਸ਼ਬਦ 'ਚੋਂ ਕਿਹੜਾ ਠੀਕ ਹੈ, ਮੈਂ ਸਿਗਰਟ ਬਾਲਦਾ ਤੇ ਸੋਚਦਾ ਹਾਂ। ਮੈਨੂੰ 'ਅੱਜ' ਸ਼ਬਦ ਹੀ ਜੱਚਦਾ ਹੈ। ਸੋ ਮੈਂ ਅੱਗੇ ਵਧਦਾ ਹਾਂ :

ਅੱਜ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਆਖੀ ਹੈ।
ਅੱਜ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਆਖੀ ਹੈ।

'ਆਖੀ ਸੀ'-ਤਾਂ ਫੇਰ ਕੱਲ੍ਹ ਦੀ ਗੱਲ ਹੋਈ? ਮੈਂ ਆਪਣੇ ਆਪ ਨੂੰ ਸਵਾਲ ਕਰਦਾ ਹਾਂ। ਫੇਰ ਤਾਂ ਮੈਨੂੰ ਇਵੇਂ ਲਿਖਣਾ ਚਾਹੀਦਾ ਹੈ:

ਕਲ੍ਹ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਆਖੀ ਸੀ
ਪਰ ਬੁਰਕੀ ਮਿੱਠੇ ਚਾਨਣ ਦੀ
ਮੇਰੇ ਗੀਤਾਂ ਤੋਂ ਨਾ ਗਈ ਭਰੀ।

ਮੈਂ ਸ਼ਸ਼ੋਪੰਜ 'ਚ ਪੈ ਜਾਂਦਾ ਹਾਂ। ਕੀ ਠੀਕ ਤੇ ਕੀ ਗਲਤ ਹੈ? ਮੈਂ ਕਵਿਤਾ ਦੀ ਸਭ ਤੋਂ ਪਹਿਲੀ ਸਤਰ ਪੜ੍ਹਦਾ ਹਾਂ:

'ਅੱਜ ਕਿਸਮਤ ਮੇਰੇ ਗੀਤਾਂ ਦੀ।'

ਮੈਂ ਆਪਣੀ ਬੇਚੈਨੀ ਦਾ ਧਿਆਨ ਲਿਖੀਆਂ ਸਤਰਾਂ ਵੱਲ ਬਾਰ ਬਾਰ ਦਿਵਾਉਂਦਾ ਹਾਂ। 'ਮਿੱਸੇ ਚਾਨਣ ਦੀ', 'ਮਿੱਠੇ ਚਾਨਣ ਦੀ', 'ਆਣ ਅੜੀ', 'ਗਈ ਭਰੀ' ਤੇ ਆਖ਼ਰ ਨਿਰਣੇ 'ਤੇ ਪੁੱਜ ਜਾਂਦਾ ਹਾਂ:

ਅੱਜ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਜਦ ਆਖੀ
ਇਕ ਬੁਰਕੀ ਮਿੱਸੇ ਚਾਨਣ ਦੀ
ਗੀਤਾਂ ਦੇ ਸੰਘ ਵਿਚ ਆਣ ਅੜੀ।

ਮੈਂ ਇਹ ਸਤਰਾਂ ਲਿਖ ਕੇ ਜਦੋਂ ਮੋਹਨ ਸਿੰਘ ਵੱਲ ਨਜ਼ਰ ਮਾਰੀ-ਤਾਂ ਮੋਹਨ ਸਿੰਘ ਘੁਰਾੜੇ ਮਾਰ ਰਿਹਾ ਸੀ। ਮੈਨੂੰ ਮੋਹਨ ਸਿੰਘ ਨੂੰ ਸੁੱਤਿਆਂ ਵੇਖ ਕੇ ਇਵੇਂ ਲੱਗਿਆ ਜਿਵੇਂ ਮੋਹਨ ਸਿੰਘ ਨਹੀਂ ਸਗੋਂ ਕੋਈ ਗੀਤ ਸੌਂ ਰਿਹਾ ਹੋਵੇ। ਇਕ ਸਾਹਸ ਮੇਰੇ ਅੰਦਰ ਅੰਗੜਾਈ ਲੈਂਦਾ ਹੈ-ਤੇ ਮੇਰੀ ਕਲਮ ਕਾਗਜ਼ 'ਤੇ ਫੇਰ ਝੁਕਦੀ ਹੈ:

ਕਿਸ ਉਮਰੇ ਮੇਰੇ ਗੀਤਾਂ ਨੂੰ
ਅੱਜ ਗੂਹੜੀ ਨੀਂਦਰ ਆਈ ਹੈ।

ਮੈਂ ਸਤਰਾਂ ਦੁਹਰਾਉਂਦਾ ਹਾਂ ਤੇ ਸਿਗਰਟ ਬਾਲਦਾ ਹਾਂ।

ਬਦਕਿਸਮਤ ਮੇਰੇ ਗੀਤਾਂ ਨੂੰ
ਕਿਸ ਵੇਲੇ ਨੀਂਦਰ ਆਈ ਹੈ
ਯਾਦਾਂ ਦੇ ਵਿਹੜੇ ਪੀੜਾਂ ਦੀ
ਜਦ ਗੋਡੇ ਗੋਡੇ ਧੁੱਪ ਚੜ੍ਹੀ।

ਮੈਨੂੰ ਸ਼ਿਅਰ ਪਸੰਦ ਨਹੀਂ ਆਉਂਦਾ-ਤੇ ਮੈਂ ਫੇਰ ਦਰੁਸਤੀ ਕਰਦਾ ਹਾਂ:

ਬਦਕਿਸਮਤ ਮੇਰੇ ਗੀਤਾਂ ਨੂੰ
ਕਿਸ ਵੇਲੇ ਨੀਂਦਰ ਆਈ ਹੈ
ਜਦ ਦਿਲ ਦੇ ਵਿਹੜੇ ਪੀੜਾਂ ਦੀ
ਹੈ ਗੋਡੇ ਗੋਡੇ ਧੁੱਪ ਚੜ੍ਹੀ।

ਮੈਂ ਚੁੱਪ ਹੋ ਜਾਂਦਾ ਹਾਂ। ਅੱਖਾਂ ਮੀਚ ਕੇ ਆਪਣੇ ਧੁਰ ਅੰਦਰ ਵਿਚ ਨਜ਼ਰ ਮਾਰਦਾ ਹਾਂ। ਮੇਰੇ ਅੰਦਰ ਮੌਤ ਵਰਗਾ ਸਹਿਮ ਹੈ। ਮੈਨੂੰ ਇਵੇਂ ਲਗਦਾ ਹੈ ਜਿਵੇਂ ਮੈਂ ਮਰ ਰਿਹਾ ਹਾਂ-ਮੇਰੇ ਗੀਤ ਮਰ ਰਹੇ ਨੇ। ਮੈਂ ਆਪਣੀ ਮੌਤ ਬਾਰੇ ਸੋਚਦਾ ਹਾਂ। ਪਰ ਮੌਤ ਦਾ ਸਹਿਮ, ਗੀਤ ਲਿਖਦਿਆਂ ਕਿੱਥੋਂ ਆ ਗਿਆ? ਸ਼ਾਇਦ 'ਨੀਂਦਰ' ਸ਼ਬਦ ਕਰਕੇ। ਨਹੀਂ- ਸ਼ਾਇਦ ਇਕ ਯਾਰ ਦੇ ਕਹੇ ਬੋਲਾਂ ਕਰਕੇ। ਉਹਦੇ ਕਹੇ ਬੋਲ ਮੇਰੇ ਸਾਹਮਣੇ ਆ ਖਲੋਂਦੇ ਹਨ, "ਸਾਹਿਤ ਅਕਾਦਮੀ ਦਾ ਪੁਰਸਕਾਰ ਜਿਸ ਨੂੰ ਵੀ ਮਿਲਦਾ ਹੈ, ਉਹਦੀ ਸਾਹਿਤਕ ਮੌਤ ਹੋ ਜਾਂਦੀ ਹੈ।" ਮੇਰਾ ਮਨ ਮੈਨੂੰ ਸਮਝਾਉਂਦਾ ਹੈ, ਪਰ ਮੌਤ ਦਾ ਸਹਿਮ ਮੇਰਾ ਪਿੱਛਾ ਨਹੀਂ ਛੱਡਦਾ। ਮੈਂ ਉਦਾਸ ਹੋ ਜਾਂਦਾ ਹਾਂ। ਸਾਰੀ ਕਵਿਤਾ ਇਕ ਵਾਰ ਫੇਰ ਪੜ੍ਹਦਾ ਹਾਂ-ਤੇ ਫੇਰ ਪਤਾ ਨਹੀਂ ਕਿਵੇਂ, ਕੁਝ ਸਤਰਾਂ ਮੇਰੀ ਕਲਮ ਨਾ ਲਿਖਣਾ ਚਾਹੁੰਦੀ ਹੋਈ ਵੀ ਲਿਖ ਦੇਂਦੀ ਹੈ:

ਮੇਰੀ ਗੀਤਾਂ ਭਰੀ ਕਹਾਣੀ ਦਾ
ਕਿਆ ਅੰਤ ਗ਼ਜ਼ਬ ਦਾ ਹੋਇਆ ਹੈ
ਜਦ ਆਈ ਜਵਾਨੀ ਗੀਤਾਂ 'ਤੇ
ਤਦ ਮੇਰੀ ਅਰਥੀ ਉਠ ਚੱਲੀ।

ਮੈਂ ਆਪਣੇ ਆਪ ਵਿਚ ਬੜਾ ਉਦਾਸ ਹਾਂ। ਇਹ ਸਤਰਾਂ ਮੈਂ ਕੱਟ ਦੇਣਾ ਚਾਹੁੰਦਾ ਹਾਂ-ਪਰ ਕੱਟਣ ਦੀ ਥਾਵੇਂ ਮੈਂ ਇਨ੍ਹਾਂ ਨੂੰ ਬਦਲ ਦਿੰਦਾ ਹਾਂ:

ਮੇਰੀ ਗੀਤਾਂ ਭਰੀ ਕਹਾਣੀ ਦਾ
ਅੱਜ ਅੰਤ ਗ਼ਜ਼ਬ ਦਾ ਹੋਇਆ ਹੈ
ਜਦ ਆਈ ਜਵਾਨੀ ਗੀਤਾਂ 'ਤੇ
ਗੀਤਾਂ ਦੀ ਅਰਥੀ ਉਠ ਚੱਲੀ।

ਮੈਨੂੰ ਇਹ ਸਤਰਾਂ ਲਿਖ ਕੇ ਇਵੇਂ ਲੱਗਿਆ ਜਿਵੇਂ ਗੀਤ ਪੂਰਾ ਹੋ ਗਿਆ ਹੈ। ਮੈਂ ਜੋ ਕਹਿਣਾ ਸੀ, ਕਹਿ ਲਿਆ ਹੈ। ਮੈਂ ਇਕ ਹੋਰ ਕਾਗਜ਼ ਲਿਆ ਤੇ ਸਾਰਾ ਗੀਤ ਇਕ ਵਾਰ ਫੇਰ ਲਿਖ ਮਾਰਿਆ-ਤੇ ਮੈਂ ਹੁਣ ਗੀਤ ਨੂੰ ਜਨਮ ਦੇਣ ਮਗਰੋਂ ਡਾਢਾ ਥੱਕਿਆ ਥੱਕਿਆ, ਪਰ ਖੁਸ਼-ਖੁਸ਼ ਸਾਂ ਤੇ ਦੁੱਗਲ ਦਾ ਦਿਲੋਂ ਮਸ਼ਕੂਰ ਸਾਂ ਜਿਨ੍ਹੇ ਮੇਰੀ ਝੋਲੀ ਵਿਚ ਅਜਿਹਾ ਹਾਦਸਾ ਪਾਇਆ ਸੀ, ਜਿਹੜ੍ਹੀ ਕਿਸਮਤ ਵਿਚ ਉਹਦੀ ਰੋਟੀ ਤਾਂ ਨਹੀਂ ਸੀ, ਪਰ ਗੀਤ ਜ਼ਰੂਰ ਸੀ।

# ਸਿਰੇ ਦੀ ਗੱਲ

**ਇੰਨੀ ਕੁ ਬਾਤ**




ਬਲਜੀਤ ਬਾਸੀ
ਫੋਨ: 734-454-4958

ਸਿਰ ਵੱਡੇ ਸਰਦਾਰਾਂ ਦੇ
ਪੈਰ ਵੱਡੇ ਗੰਵਾਰਾਂ ਦੇ

ਏਥੇ ਲੋਕ ਸਿਆਣਪ ਨੇ ਸਿਰ ਦੇ ਆਕਾਰ ਨੂੰ ਸਮਾਜਕ ਰੁਤਬੇ ਨਾਲ ਜੋੜਿਆ ਪ੍ਰਤੀਤ ਹੁੰਦਾ ਹੈ ਪਰ ਇਹ ਸੱਚਾਈ ਨਹੀਂ ਹੈ। ਵੱਡੇ ਸਰਦਾਰ ਵੱਡੀ ਸਾਰੀ ਪੱਗ ਬੰਨ੍ਹ ਕੇ ਤੇ ਫਿਰ ਤੁਰਲਾ ਛੱਡ ਕੇ ਤਾਂ ਆਪਣਾ ਰੁਹਬ ਦਾਅਬ ਦਿਖਾ ਸਕਦੇ ਸਨ ਪਰ ਉਨ੍ਹਾਂ ਦੇ ਸਿਰ ਦਾ ਹੀ ਵੱਡ-ਆਕਾਰੀ ਹੋਣਾ, ਅਵਿਗਿਅਨਕ ਗੱਲ ਹੈ। ਪੁਰਾਣੇ ਸਮਿਆਂ ਵਿਚ ਪੱਗ ਦਾ ਸਾਈਜ਼ ਵੀ ਸਮਾਜਕ ਰੁਤਬੇ ਅਨੁਸਾਰ ਹੁੰਦਾ ਸੀ। ਆਮ ਆਦਮੀ ਦੀ ਪੱਗ ਪੰਜ ਗਜ, ਜ਼ੈਲਦਾਰ ਰਸਾਲਦਾਰ ਦੀ ਸੱਤ ਗਜ਼ ਅਤੇ ਖ਼ਲੀਫੇ ਦੀ ਗਿਆਰਾਂ ਗਜ ਲੰਮੀ ਹੁੰਦੀ ਸੀ। ਹਾਂ, ਸਿਰ ਅੰਦਰਲੇ ਦਿਮਾਗ ਦੇ ਆਕਾਰ ਦਾ ਸਬੰਧ ਬੁਧੀ ਨਾਲ ਜ਼ਰੂਰ ਹੈ। ਸਰੀਰ ਦੇ ਅਨੁਪਾਤ ਅਨੁਸਾਰ ਜਿਸ ਜਾਨਵਰ ਦਾ ਦਿਮਾਗ ਵਡੇਰਾ ਹੈ, ਉਸਦੀ ਬੁਧੀ ਅਧਿਕ ਹੈ। ਉਂਜ ਸਿਰ ਦੀ ਪਰਿਭਾਸ਼ਾ ਦੋ ਤਰ੍ਹਾਂ ਕੀਤੀ ਜਾ ਸਕਦੀ ਹੈ- 1. ਸਰੀਰ ਦਾ ਸਿਰਫ ਸਿਖਰਲਾ ਹਿੱਸਾ ਤੇ 2. ਮੂੰਹ (ਚਿਹਰਾ) ਸਮੇਤ ਯਾਨਿ ਮੂੰਹ-ਸਿਰ। ਪੰਜਾਬੀ 'ਸਿਰ' ਸ਼ਬਦ ਦਾ ਪਿਛਾ ਸੰਸਕ੍ਰਿਤ 'ਸ਼ਿਰਸ' ਨਾਲ ਜੁੜਦਾ ਹੈ ਜਿਸ ਤੋਂ ਸੰਸਕ੍ਰਿਤ ਸ਼ਿਰ ਬਣਿਆ ਤੇ ਅੱਗੋਂ ਪੰਜਾਬੀ ਸਿਰ। ਸ਼ਿਰਸ ਦਾ 'ਰ' ਅਲੋਪ ਹੋ ਕੇ ਸ਼ੀਸ਼ ਤੇ ਫਿਰ ਸੀਸ ਬਣ ਗਿਆ ਜਿਸ ਦਾ ਮਤਲਬ ਭੀ ਸਿਰ ਹੀ ਹੈ ਭਾਵੇਂ ਅਸੀਂ ਇਸ ਨੂੰ ਵਧੇਰੇ ਰਸਮੀ ਜਾਂ ਧਾਰਮਿਕ ਸੰਦਰਭਾਂ ਵਿਚ ਹੀ ਵਰਤਦੇ ਹਾਂ, ਜਿਵੇਂ ਸੀਸ ਨਿਵਾਉਣਾ। ਸ਼ੀਰਸ਼ਕ ਸ਼ਬਦ ਵਿਚ ਇਸਦਾ ਪੂਰਾ ਰੂਪ ਵੀ ਕੁਝ ਤੱਕ ਕਾਇਮ ਹੈ। ਸੰਸਕ੍ਰਿਤ 'ਸ਼ਿਰਸ' ਤੋਂ ਹੀ ਸ਼੍ਰਿੰਗ ਸ਼ਬਦ ਬਣਿਆ ਹੈ ਜਿਸ ਦਾ ਪੰਜਾਬੀ ਰੂਪ ਸਿੰਗ ਹੈ। ਜਦ ਅਸੀਂ ਇਹ ਕਹਿੰਦੇ ਹਾਂ ਕਿ ਉਸਦੇ ਕਿਹੜੇ ਸਿੰਗ ਲੱਗੇ ਹੋਏ ਹਨ ਤਾਂ ਸਾਡਾ ਭਾਵ ਹੁੰਦਾ ਹੈ ਕਿ ਵਿਸ਼ੇਸ਼ ਗੁਣਾਂ ਦੇ ਧਾਰਨੀ ਬੰਦੇ ਦੀ ਦਿੱਖ ਤਾਂ ਆਮ ਹੀ ਹੁੰਦੀ ਹੈ। ਸੰਸਕ੍ਰਿਤ ਵਿਚ ਇਕ ਸ਼ਬਦ ਹੈ ਨਰਸਿੰਗ (ਨਰਸਿੰਘ ਹੋਰ ਸ਼ਬਦ ਹੈ), ਜਿਸ ਦਾ ਸ਼ਾਬਦਿਕ ਅਰਥ ਤਾਂ ਨਰ ਦੇ ਸਿੰਗ ਹਨ ਪਰ ਲਾਖਣਿਕ ਅਰਥ ਅਸੰਭਵ ਚੀਜ਼ ਹੁੰਦਾ ਹੈ। ਕਹਾਵਤ ਇਸੇ ਸ਼ਬਦ ਤੋਂ ਵਿਕਸਿਤ ਹੋਈ ਜਾਪਦੀ ਹੈ।

ਸਰੀਰ ਦਾ 'ਸਿਰ-ਕਢਵਾਂ' ਅੰਗ ਅਤੇ ਸਾਰੀਆਂ ਕਿਰਿਆਵਾਂ ਦਾ ਚਾਲਕ ਹੋਣ ਕਾਰਨ ਹਰ ਪ੍ਰਾਣੀ ਲਈ ਨਿਜੀ ਅਤੇ ਸਮਾਜਕ ਤੌਰ 'ਤੇ ਸਿਰ ਦੀ ਮਹੱਤਤਾ ਲਖੀ ਨਹੀਂ ਜਾ ਸਕਦੀ। ਇਹ ਉਚਤਾ, ਅਣਖ ਤੇ ਬੁਧੀ ਦਾ ਪ੍ਰਤੀਕ ਹੈ। ਬਾਹਰੀ ਜਗਤ ਦਾ ਬੋਧ ਕਰਾਉਣ ਵਾਲੀਆਂ ਮੁਖ ਇੰਦਰੀਆਂ ਜਿਵੇਂ ਅੱਖਾਂ, ਕੰਨ, ਨੱਕ, ਮੂੰਹ ਵੀ ਸਿਰ ਦੇ ਆਸ ਪਾਸ ਹੀ ਹਨ। ਸ਼ਬਦ-ਯੋਗਦਾਨ ਦੀ ਦ੍ਰਿਸ਼ਟੀ ਤੋਂ ਸਿਰ ਮੂੰਹ ਦੇ ਮੋਢੇ ਨਾਲ ਮੋਢਾ ਚਲਾ ਕੇ ਤੁਰਦਾ ਹੈ। ਦੋਨਾਂ ਅੰਗਾਂ ਤੋਂ ਢੇਰ ਸਾਰੇ ਸ਼ਬਦਾਂ, ਮੁਹਾਵਰਿਆਂ ਉਕਤੀਆਂ ਦਾ ਨਿਰਮਾਣ ਹੋਇਆ ਹੈ। ਮੰਨਣਾ ਹੋਵੇਗਾ ਕਿ ਸਿਰ ਦੀ ਗੱਲ ਅਸਲ ਵਿਚ ਸਿਰੇ ਦੀ ਗੱਲ ਹੀ ਹੈ ਤੇ ਸਿਰਾ ਸ਼ਬਦ ਹੈ ਵੀ ਸਿਰ ਤੋਂ ਹੀ ਬਣਿਆ ਹੋਇਆ। 'ਸਿਰੇ ਦੀ ਗੱਲ' ਮੁਹਾਵਰੇ ਨੂੰ ਅੰਗਰੇਜ਼ੀ ਵਿਚ ਉਲਥਾਉਣਾ ਹੋਵੇ ਤਾਂ ਵੀ ਸਿਰ ਤੋਂ ਬਿਨਾਂ ਗੁਜ਼ਾਰਾ ਨਹੀਂ: to hit the head. ਇਸ ਤੋਂ ਬਣੇ ਹੋਰ ਸ਼ਬਦਾਂ ਦਾ ਕੋਈ ਪਾਰਾਵਾਰ ਨਹੀਂ। ਸਿਰਨਾਵਾਂ, ਸਿਰਲੱਥ, ਸਿਰੋਪਾ, ਸਿਰਦਰਦ, ਸਿਰਸਮ, ਸਿਰਹਾਣਾ, ਸਿਰਮੌਰ, ਸਿਰਤੋੜ, ਸਿਰਲੇਖ, ਸਿਰੜ, ਸਿਰਕੱਪ, ਸਿਰਖੰਡੀ, ਸਿਰਖੁਥਾ, ਸਿਰ੍ਹਾਂਦ, ਸਿਰਮੁੰਨੀ, ਸਿਰਨਾਵਣੀ, ਸ਼੍ਰੋਮਣੀ, ਆਦਿ ਸ਼ਬਦਾਂ ਵਿਚ ਤਾਂ ਇਹ ਸ਼ਬਦ ਸਿਰ ਚੜ੍ਹ ਕੇ ਬੋਲਦਾ ਹੈ। ਪਰ ਕਿਤੇ ਕਿਤੇ ਸਿਰ ਨੀਵਾਂ ਵੀ ਦਿਸਦਾ ਹੈ ਜਿਵੇਂ ਸਿੱਪੀ (ਸਿਰ+ਪੈਰ), ਸੇਰ ਜਾਂ ਸੇਰੂਆ (ਸੰਸਕ੍ਰਿਤ ਸ਼ੈਰਸ ਤੋਂ), ਸਿਹਰਾ, ਬੇਸਿਰ, ਦਹਿਸਰ। ਸਿਰ ਸ਼ਬਦ ਸਬੰਧਕ ਜਾਂ ਯੋਜਿਕ ਰੂਪ ਵਿਚ ਵੀ ਵਰਤਿਆ ਜਾਂਦਾ ਹੈ ਜਿੱਥੇ ਇਸਦਾ ਮਤਲਬ 'ਤੇ, ਉਤੇ, ਉਪਰ, ਪਾਸੇ ਆਦਿ ਨਿਕਲਦਾ ਹੈ ਜਿਵੇਂ ਵਕਤ ਸਿਰ, ਥਾਂ ਸਿਰ, ਬਹਾਨੇ ਸਿਰ, ਚਾਰੇ ਸਿਰ ਜਾਂ ਕਿਸੇ ਦੇ ਸਿਰ (ਦੋਸ਼ ਆਦਿ ਥੱਪਣਾ)। ਪਰ ਮੁਹਾਵਰਿਆਂ ਤੇ ਕਹਾਵਤਾਂ ਵਿਚ ਤਾਂ ਸਿਰ ਨੇ ਖੂਬ ਸਿਰ ਚੁਕਿਆ ਹੋਇਆ ਹੈ। ਮੇਰਾ ਖਿਆਲ ਹੈ ਕਿ ਸਿਰ ਨਾਲ ਕੋਈ ਵੀ ਮੁਢਲੀ ਕਿਰਿਆ ਲਾ ਦੇਵੋ, ਮੁਹਾਵਰਾ ਹਾਜ਼ਿਰ ਹੈ ਜਿਵੇਂ ਸਿਰ ਕਰਨਾ, ਸਿਰ ਲੈਣਾ, ਸਿਰ ਦੇਣਾ, ਸਿਰ ਆਉਣਾ (ਕਿਸੇ ਦੇ ਸਿਰ ਗੱਲ ਆਉਣਾ), ਸਿਰ ਜਾਣਾ (ਸਿਰ ਜਾਏ ਤਾਂ ਜਾਏ....), (ਤਉਲੇ ਜਿੱਡਾ) ਸਿਰ ਮਾਰਨਾ, ਸਿਰ ਖਾਣਾ, ਸਿਰ ਪੈਣਾ, ਸਿਰ ਸੁੱਟਣਾ, ਸਿਰ ਮੁੰਨਣਾ। ਸਿਰ ਚੁਕਣਾ ਬਾਗੀ ਹੋਣਾ ਹੈ ਪਰ ਸਿਰ 'ਤੇ ਚੁਕਣਾ ਕਿਸੇ ਦਾ ਆਦਰ ਕਰਨਾ ਹੈ-ਜੇ ਅਯੋਗ ਵਿਅਕਤੀ ਨਾਲ ਅਜਿਹਾ ਵਿਹਾਰ ਕੀਤਾ ਜਾਵੇ ਤਾਂ ਉਸ ਨੂੰ ਅਸੀਂ ਸਿਰ ਚੜ੍ਹਾਉਣਾ ਆਖ ਦੇਂਦੇ ਹਾਂ। ਅਜਿਹੇ ਵਿਅਕਤੀ ਦਾ ਸਿਰ ਵੀ ਛੇਤੀ ਹੀ ਘੁੰਮ ਜਾਂ ਫਿਰ ਜਾਂਦਾ ਹੈ ਤੇ ਆਖਿਰ ਉਹ ਤੁਹਾਡੇ ਸਿਰ ਨੂੰ ਹੀ ਪੈਂਦਾ ਹੈ। ਹੋਰ ਨਮੂਨੇ ਦੇਖੋ-ਸਿਰ ਸੜਿਆ, ਸਿਰ ਮੱਥੇ, ਸਿਰ ਮੁਨਾਉਂਦੇ ਹੀ ਓਲੇ ਪੈਣਾ, ਸਿਰ ਚ ਮਾਰਨਾ, ਸਿਰ ਧੜ ਦੀ ਬਾਜ਼ੀ, ਸਿਰ ਤੋਂ ਪੈਰ ਤੱਕ, ਸਿਰ ਦਾ ਸਾਈਂ, ਸਿਰ ਸੁੱਟ ਕੇ ਕੰਮ ਕਰਨਾ...। ਛੋਟੇ ਜਾਨਵਰ ਦੇ ਸਿਰ ਨੂੰ ਸਿਰੀ ਕਹਿ ਦਿੱਤਾ ਜਾਂਦਾ ਹੈ। ਕਿਸੇ ਪਖੰਡੀ ਸ਼ਾਕਾਹਾਰੀ ਬ੍ਰਾਹਮਣ ਨੂੰ ਪੁੱਛੋ ਮੀਟ ਖਾਣਾ ਹੈ, ਉਹ ਕਹਿੰਦਾ ਹੈ ਸਿਰੀ, ਸਿਰੀ, ਸਿਰੀ। ਏਥੇ ਸਿਰੀ ਦੇ ਦੋ ਉਲਟ ਅਰਥ ਨਿਕਲਦੇ ਹਨ, ਮਾਸ ਵਜੋਂ ਜਾਨਵਰ ਦੀ ਸਿਰੀ ਦੀ ਮੰਗ ਜਾਂ ਭਗਵਾਨ ਦਾ ਨਾਂ ਸ੍ਰੀ ਸ੍ਰੀ ਜਪਦਿਆਂ ਇਨਕਾਰ ਜਿਵੇਂ ਅਸੀਂ ਨਾਂਹ ਵਜੋਂ 'ਰਾਮ ਰਾਮ ਕਰ' ਕਹਿ ਦਿੰਦੇ ਹਾਂ। ਇਹ ਗੱਲ ਸਪੱਸ਼ਟ ਕਰ ਦੇਵਾਂ ਕਿ



ਭਗਵਾਨ ਦੇ ਨਾਂ ਵਜੋਂ ਆਉਂਦੇ ਇਸ ਸ਼ਬਦ ਦੇ ਸ਼ਬਦ-ਜੋੜ ਵੀ ਵਖਰੇ ਹਨ (ਸ੍ਰੀ ਜਾਂ ਸ਼੍ਰੀ) ਤੇ ਅਰਥ ਵੀ। ਇਹ ਸੰਸਕ੍ਰਿਤ ਸ਼੍ਰੀ ਤੋਂ ਬਣਿਆ ਹੈ ਜਿਸ ਦਾ ਅਰਥ ਸਮ੍ਰਿਧੀ, ਲਛਮੀ, ਸੰਪਤੀ, ਧਰਮ, ਅਰਥ, ਕਾਮ, ਗੱਲ ਕੀ ਸਭੋ ਕੁਝ ਹੈ। ਦਿਲਚਸਪ ਗੱਲ ਹੈ ਕਿ ਇਹ ਇਸਤਰੀਵਾਚਕ ਸ਼ਬਦ ਹੈ ਪਰ ਮਰਦ ਪ੍ਰਧਾਨ ਸਮਾਜ ਨੇ ਆਪਣੀ ਸ਼ਾਨ ਵਧਾਉਣ ਲਈ ਇਸਨੂੰ ਆਪਣੇ ਨਾਂ ਨਾਲ ਜੋੜ ਲਿਆ ਹੈ ਤੇ ਔਰਤ ਨੂੰ ਸ਼੍ਰੀਮਤੀ ਦੇ ਦਿੱਤਾ ਹੈ!

ਸਿਰ ਦਾ ਮੂਲਕ ਸੰਸਕ੍ਰਿਤ ਸ਼ਬਦ ਸ਼ਿਰਸ ਹਿੰਦ-ਆਰਿਆਈ ਸ਼ਬਦ ਹੈ ਜਿਸਦੇ ਸੁਜਾਤੀ ਰੂਪ ਬਹੁਤ ਸਾਰੀਆਂ ਹੋਰ ਭਾਸ਼ਾਵਾਂ ਵਿਚ ਉਪਲਬਧ ਹਨ। ਇਸ ਦਾ ਭਾਰੋਪੀ ਮੂਲ ker (s) ਹੈ ਤੇ ਵਿਭਿੰਨ ਭਾਸ਼ਾਵਾਂ ਵਿਚ ਇਸ ਤੋਂ ਉਪਜੇ ਸ਼ਬਦਾਂ ਦੇ ਅਰਥ ਹਨ: ਸਿਰ, ਸਿੰਗ, ਸਿਖਰ, ਚੋਟੀ, ਉਭਾਰ ਆਦਿ। ਅਵੇਸਤਾ ਵਿਚ ਸਰਹ ਦਾ ਮਤਲਬ ਸਿਰ ਹੈ। ਇਹ ਸ਼ਬਦ ਗਰੀਕ ਵਿਚ karnon ਅਤੇ ਲਾਤੀਨੀ ਵਿਚ cornu ਹੈ। ਅੰਗਰੇਜ਼ੀ ਸ਼ਬਦ ਹੌਰਨ ਹੋਰਨ ਵੀ ਇਸੇ ਤੋਂ ਵਿਕਸਤ ਹੋਇਆ। ਪਹਿਲਾਂ ਸਿੰਗ ਤੋਂ ਹੀ ਭੋਂਪੂ ਬਣਾਏ ਜਾਂਦੇ ਸਨ, ਇਸ ਲਈ ਹੋਰਨ ਸ਼ਬਦ ਪ੍ਰਚਲਤ ਹੋਇਆ। ਸਿੰਗ ਦਾ ਭਾਵ ਸਮੋਣ ਕਾਰਨ ਅੰਗਰੇਜ਼ੀ hart (ਹਿਰਨ) ਵੀ ਇਸੇ ਤੋਂ ਬਣਿਆ। ਪੰਜਾਬੀ ਬਾਰਾਂਸਿੰਗਾ ਵਿਚ ਵੀ ਸਿੰਗ ਹੀ ਸਿੰਗ ਦਿਸਦੇ ਹਨ। ਸਿੰਗ ਵਰਗੇ ਕਿਸੇ ਉਭਾਰ ਨੂੰ ਅੰਗਰੇਜ਼ੀ ਵਿਚ corn ਕਹਿ ਦਿੱਤਾ ਜਾਂਦਾ ਹੈ। ਭੌਰੀ ਦੇ ਅਰਥਾਂ ਵਾਲਾ ਅੰਗਰੇਜ਼ੀ corn ਵੀ ਇਸੇ ਮੂਲ ਦੀ ਪੈਦਾਵਾਰ ਹੈ। ਦੂਜੇ ਪਾਸੇ ਲਾਤੀਨੀ ਵਲੋਂ ਅੰਗਰੇਜ਼ੀ ਵਿਚ ਆਇਆ ਸ਼ਬਦ Cerebrem ਜਿਸ ਦਾ ਅਰਥ ਦਿਮਾਗ, ਭੇਜਾ ਹੁੰਦਾ ਹੈ, ਵੀ ਇਸੇ ਮੂਲ ker (s) ਤੋਂ ਹੀ ਵਿਕਸਤ ਹੋਇਆ ਹੈ। ਅੰਗਰੇਜ਼ੀ cranium (ਕਪਾਲ) ਦਾ ਵੀ ਇਸੇ ਨਾਲ ਨਾਤਾ ਜੁੜਦਾ ਹੈ।

ਇਤਿਹਾਸਕ ਕਾਰਨਾਂ ਕਰਕੇ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਦੇ ਮੁਹਾਂਦਰੇ ਤੇ ਫਾਰਸੀ ਅਰਬੀ ਨੇ ਬਹੁਤ ਅਸਰ ਪਾਇਆ ਹੈ। ਅਜਿਹੇ ਸੰਗਮ ਨਾਲ ਹੀ ਉਰਦੂ ਨੇ ਜਨਮ ਲਿਆ। ਫਾਰਸੀ 'ਚ ਸਿਰ ਸ਼ਬਦ ਦਾ ਰੂਪ 'ਸਰ' ਹੈ ਤੇ ਇਸ ਸ਼ਬਦ ਨੇ ਆਪਣੇ ਤੌਰ 'ਤੇ ਸਾਡੀਆਂ ਭਾਸ਼ਾਵਾਂ 'ਚ ਸਿਰ ਮਾਰਿਆ ਹੈ। ਸਿਰ ਤੇ ਸਰ ਦਾ ਏਨਾ ਘੜਮੱਸ ਹੈ ਕਿ ਕਈ ਵਾਰੀ ਪਤਾ ਨਹੀਂ ਲਗਦਾ ਕਿਹੜਾ ਕਿਥੋਂ ਹੈ। ਕਈ ਹਾਲਤਾਂ ਵਿਚ ਸੰਸਕ੍ਰਿਤ ਬਰਾਸਤਾ ਸਿਰ ਵੀ ਸਰ 'ਚ ਬਦਲ ਗਿਆ ਹੈ ਜਿਵੇਂ ਸਰਪੰਚ। 'ਸਰ' ਸ਼ਬਦ 'ਚੋਂ ਸਿਰ ਦੇ ਸਮਾਨੰਤਰ ਬਹੁਤ ਸਾਰੇ ਹੋਰ ਅਰਥਾਂ, ਵਿਉਤਪਤ ਸ਼ਬਦਾਂ, ਮੁਹਾਵਰਿਆਂ, ਉਕਤੀਆਂ ਆਦਿ ਦੀ ਲੜੀ ਤੁਰਦੀ ਹੈ। ਹੈਰਾਨੀ ਵਾਲੀ ਗੱਲ ਹੈ ਕਿ ਭਲੇ ਹੀ ਪੰਜਾਬੀ ਵਿਚ ਸਿਰ ਸ਼ਬਦ ਦੀ ਰੂਪਕ ਪੱਖ ਤੋਂ ਖਾਸੀ ਵਿਉਤਪਤੀ ਹੋਈ ਦਿਸਦੀ ਹੈ ਪਰ ਇਸ ਦੇ ਆਪਣੇ ਬਹੁਤੇ ਅਰਥ ਨਹੀਂ। ਦੂਜੇ ਪਾਸੇ ਫਾਰਸੀ 'ਸਰ' ਸ਼ਬਦ ਦੇ ਆਪਣੇ ਅਨੇਕਾਂ ਅਰਥ ਹਨ ਜਿਵੇਂ ਚੋਟੀ, ਸਿਖਰ, ਆਰੰਭ, ਸਿਰਾ, ਪਾਸਾ, ਦਿਸ਼ਾ, ਮੁਖੀਆ, ਢੱਕਣ, ਇਰਾਦਾ, ਦਬਦਬਾ, ਜੀਅ (ਜਿਵੇਂ ਘਰ 'ਚ ਕਿੰਨੇ ਸਰ ਹਨ), ਨੋਕ, ਗੋਡੇ ਦੀ ਚੱਪਣੀ। ਏਨੇ ਅਰਥ ਗਿਣਾਉਣ ਦਾ ਮੰਤਵ ਇਹ ਦਰਸਾਉਣਾ ਹੈ ਕਿ ਪੰਜਾਬੀ ਨੇ ਇਹ ਸਾਰੇ ਅਰਥ ਗ੍ਰਹਿਣ ਨਹੀਂ ਕੀਤੇ। ਹਾਂ, ਗੁਰਬਾਣੀ ਵਿਚ ਜੀਅ ਦੇ ਭਾਵ ਵਾਲਾ ਅਰਥ ਮੌਜੂਦ ਹੈ:

ਸਿਰਿ ਸਿਰਿ ਰਿਜਕੁ ਸੰਬਾਹੇ
ਠਾਕੁਰੁ ਕਾਹੇ ਮਨ ਭਉ ਕਰਿਆ॥
-ਗੁਰੂ ਅਰਜਨ ਦੇਵ

ਪਰ ਅਜੋਕੀ ਪੰਜਾਬੀ ਵਿਚ ਮੈਨੂੰ ਸਿਰ ਦਾ ਇਹ ਅਰਥ ਰੜਕਦਾ ਨਹੀਂ। ਸਿੱਖ ਵਿਦਵਾਨ ਕਪੂਰ ਸਿੰਘ ਆਪਣੇ ਨਾਂ ਅੱਗੇ ਸਰਦਾਰ ਦੀ ਥਾਂ ਸਿਰਦਾਰ ਲਗਾ ਕੇ ਇਸ ਤੋਂ ਸਾਬਤ ਸੂਰਤ ਸਰੂਪ ਦਾ ਅਰਥ ਲੈਂਦੇ ਸਨ। ਕਹਿੰਦੇ ਹਨ ਰਹਿਤਨਾਮਿਆਂ ਵਿਚ ਵੀ ਅਜਿਹਾ ਹੀ ਲਿਖਿਆ ਮਿਲਦਾ ਹੈ, ਮੇਰੇ ਵਰਗੇ ਗਾਇਬ ਕੇਸਾਂ ਵਾਲਿਆਂ ਨੂੰ ਸਿਰਗੁੰਮ ਕਿਹਾ ਗਿਆ ਹੈ ਪਰ ਸਰਦਾਰ ਸ਼ਬਦ ਦਾ ਅਰਥ ਮੁਖੀਆ ਹੈ। ਪੰਜਾਬੀ ਵਿਚ ਸਿਰ ਮੁਖੀਏ ਦੇ ਅਰਥਾਂ ਵਿਚ ਕਿਧਰੇ ਪੜ੍ਹਿਆ ਸੁਣਿਆ ਨਹੀਂ। ਅਨੇਕਾਂ ਅਜਿਹੇ ਸ਼ਬਦ ਹਨ ਜਿਨ੍ਹਾਂ ਵਿਚ 'ਸਰ' ਸ਼ਬਦ ਸਮਾਸੀ ਸ਼ਕਲ ਵਿਚ ਆਇਆ ਹੈ। ਜਿਵੇਂ- ਸਰਬਰਾਹ, ਸਰਾਸਰ, ਸਰਪ੍ਰਸਤ, ਸਰਤਾਜ, ਸਰਪੇਚ, ਸਰਗਰਮ, ਸਰਕਾਰ, ਸਰਹੱਦ, ਸਰਜ਼ੋਰ, ਸਰਦਰਦ, ਸਰਸਾਮ, ਸਰਸਬਜ਼, ਸਰਗੋਸ਼ੀ (ਕਾਨਾਫੂਸੀ), ਸਰਨਾਮਾ, ਸਰੋਕਾਰ ਆਦਿ। ਗੁਰਬਾਣੀ ਵਿਚ ਸਰੰਜਾਮਿ (ਸਰਅੰਜਾਮ) ਸ਼ਬਦ ਆਇਆ ਹੈ:

ਸਰੰਜਾਮਿ ਲਾਗੁ ਭਵਜਲ ਤਰਨ ਕੈ॥
ਜਨਮੁ ਬ੍ਰਿਥਾ ਜਾਤੁ ਰੰਗਿ ਮਾਇਆ ਕੈ॥

ਅਰਥਾਤ, ਸੰਸਾਰ-ਸਮੁੰਦਰ ਪਾਰ ਕਰਨ ਦੇ ਉਪਰਾਲੇ ਕਰ, ਮਾਇਆ ਦੇ ਪਿਆਰ ਵਿਚ ਜਨਮ ਵਿਅਰਥ ਜਾ ਰਿਹਾ ਹੈ।

ਸਿਰਨਾਵਾਂ ਸ਼ਬਦ ਫਾਰਸੀ ਵਲੋਂ ਸਰਨਾਮਾ ਤੋਂ ਪ੍ਰਭਾਵਿਤ ਹੋ ਕੇ ਬਣਿਆ ਲਗਦਾ ਹੈ। ਜੇ ਚਿੱਠੀ ਦੇ ਸਿਰਨਾਵੇਂ ਵਾਲੇ ਨਾਂ ਇਕ ਤੋਂ ਵਧ ਹੋਣ ਤਾਂ ਡਾਕੀਏ ਨੂੰ ਕਸ਼ਟ ਹੁੰਦਾ ਹੈ, ਸਪਸ਼ਟ ਹੈ ਅਜਿਹੇ ਬੰਦੇ ਸਿਰਨਾਵੀਏ ਹੋਣਗੇ।

ਕਈ ਮੁਹਾਵਰਿਆਂ, ਉਕਤੀਆਂ ਵਿਚ ਸਰ ਝਲਕਦਾ ਹੈ: ਸਰ ਫਰੋਸ਼ੀ ਕੀ ਤਮੰਨਾ, ਸਰੇ ਬਾਜ਼ਾਰ, ਸਰ ਅੰਜਾਮ ਕਰਨਾ, ਸਰ ਕਰਨਾ ਆਦਿ ਪਰ ਬਹੁਤੇ ਸਿਰ ਵਿਚ ਹੀ ਸਮਾ ਗਏ ਹਨ।

# ਛੱਲੀਆਂ ਲੈ ਗਏ ਚੋਰ...

ਮੈਂ ਹਰ ਰੋਜ਼ ਆਉਂਦਾ, ਸਕੂਟਰ ਖੜ੍ਹਾ ਕਰਦਾ ਤੇ ਛੱਲੀਆਂ ਭੁੰਨ ਰਹੇ ਸਿਆਣੀ ਉਮਰ ਦੇ ਬਜ਼ੁਰਗ ਦੀ ਰੇੜ੍ਹੀ ਤੋਂ ਛੱਲੀਆਂ ਚੱਬਦਾ ਤੇ ਸਕੂਟਰ ਦੀ ਕਿੱਕ ਮਾਰ ਕੇ ਪਿੰਡ ਨੂੰ ਤੁਰ ਪੈਂਦਾ। ਇਸ ਗਰੀਬੜੇ ਜਿਹੇ ਇਨਸਾਨ ਨੂੰ ਮੈਂ ਕਈ ਸਾਲਾਂ ਤੋਂ ਨਵਾਂ ਸ਼ਹਿਰ ਦੇ ਬੱਸ ਅੱਡੇ 'ਚ ਛੱਲੀਆਂ ਭੁੰਨਦੇ ਨੂੰ ਦੇਖਦਾ ਆ ਰਿਹਾ ਸਾਂ। ਉਹਦਾ ਪੱਕਾ ਗਾਹਕ ਹੋਣ ਕਰਕੇ ਉਹ ਮੈਨੂੰ ਵਧੀਆ ਜਿਹੀ ਛਾਂਟ ਕੇ ਛੱਲੀ ਭੁੰਨ ਦਿੰਦਾ।



ਇਕਬਾਲ ਜੱਬੋਵਾਲੀਆ
ਫੋਨ:917-375-6395

ਰੋਜ਼ ਦੀ ਤਰ੍ਹਾਂ ਅੱਜ ਮੈਂ ਆਇਆ ਤੇ ਆਉਂਦੇ ਨੂੰ ਮਿੰਨਾ ਮਿੰਨਾ ਮੀਂਹ ਪੈਣ ਲੱਗ ਪਿਆ। ਮੀਂਹ ਪੈਣ ਕਰਕੇ ਛੱਲੀਆਂ ਵਾਲੀ ਅੱਗ ਬੁੱਝ ਗਈ ਤੇ ਬਾਬੇ ਨੇ ਛੱਲੀਆਂ ਭੁੰਨਣੀਆਂ ਬੰਦ ਕਰ ਦਿੱਤੀਆਂ। ਮੈਂ ਛੱਲੀ ਤਾਂ ਕੀ ਚੱਬਣੀ ਸੀ ਸਗੋਂ ਮੀਂਹ ਤੋਂ ਬਚਣ ਲਈ ਰਿਕਸ਼ੇ ਦੀ ਬਣਾਈ ਰੇਹੜੀ ਉਤੇ ਫਟੀ ਪੁਰਾਣੀ ਜਿਹੀ ਤਰਪਾਲ ਹੇਠ ਬਾਬੇ ਕੋਲ ਜਾ ਖੜ੍ਹਾ ਹੋਇਆ। ਮੇਰਾ ਦਿਲ ਕੀਤਾ ਕਿ ਚਲੋ ਬਾਬੇ ਦੇ ਪਰਿਵਾਰ ਬਾਰੇ ਪੁੱਛਿਆ ਜਾਵੇ, ਨਾਲੇ ਟਾਈਮ ਪਾਸ ਹੋ ਜਾਵੇਗਾ।

"ਬਾਬਾ ਜੀ, ਤੁਹਾਡੇ ਪਰਿਵਾਰ ਦਾ ਕੀ ਹਾਲ ਐ? ਬੱਚੇ ਕੰਮ-ਧੰਦੇ 'ਚ ਤੁਹਾਡੀ ਕੋਈ ਮਦਦ ਕਰਾਂਦੇ ਕਿ ਨਹੀਂ?" ਜੱਕਾਂ-ਤੱਕਾਂ ਕਰਦੇ ਨੇ ਮੈਂ ਹੀਆ ਜਿਹਾ ਕਰ ਕੇ ਬਜ਼ੁਰਗ ਨੂੰ ਪੁੱਛਿਆ।

"ਕਾਕਾ, ਚੁੱਪ ਈ ਭਲੀ ਆ, ਝੱਗਾ ਚੱਕੋ ਤਾਂ ਢਿੱਡ ਆਪਣਾ ਈ ਨੰਗਾ ਹੁੰਦੈ!"

"ਬਾਬਾ ਜੀ, ਦੱਸੋ ਨਾ ਫੇਰ ਵੀ, ਹੋ ਸਕਦੈ ਤੁਹਾਡੇ ਦਿਲ ਦਾ ਭਾਰ ਹੌਲਾ ਹੋ ਜਾਵੇ।"

"ਸੁਣ ਫੇਰ... ਮੇਰਾ ਮੱਲ ਤਕੜਾ ਜਿਆ ਹੋ ਕੇ," ਬਾਬੇ ਨੇ ਗਲਾ ਸਾਫ਼ ਕਰ ਕੇ ਦੱਸਣਾ ਸ਼ੁਰੂ ਕੀਤਾ:

ਮੱਲਾ! ਮੇਰੇ ਘਰ ਆਲੀ ਛੇ ਸਾਲ ਤੇ ਅੱਠ ਸਾਲ ਦੀ ਉਮਰ ਦੇ ਦੋ ਲੜਕੇ ਛੱਡ ਕੇ ਰੱਬ ਨੂੰ ਪਿਆਰੀ ਹੋ ਗਈ ਸੀ। ਉਸ ਤੋਂ ਬਾਅਦ ਮੈਂ ਦੋਹਾਂ ਨੂੰ ਬੜੀਆਂ ਮੁਸ਼ਕਲਾਂ ਨਾਲ ਪਾਲਿਆ। ਸਕੂਲੇ ਭੇਜਣੇ ਤਾਂ ਸਕੂਲੋਂ ਮੁੜ ਆਉਣਾ। ਬੜਾ ਮੁੰਡਾ ਤਕੜਾ ਹੋਇਐ ਤਾਂ ਉਹਨੂੰ ਲੱਕੜ ਦਾ ਕੰਮ ਸਿਖਾਇਆ। ਥੋੜ੍ਹਾ ਜਿਹਾ ਗੱਭਰੂ ਹੋਇਆ ਤਾਂ ਉਹਦਾ ਵਿਆਹ ਕਰ ਦਿੱਤਾ। ਬਹੂ ਐਹੋ ਜਿਹੇ ਟੂਟੀ ਨੰਗਾਂ ਦੀ ਆਈ, ਆਉਂਦੀ ਨੇ ਹੀ ਮੁੰਡਾ ਆਪਣੇ ਵੱਸ ਵਿਚ ਕਰ ਲਿਆ। ਮੁੱਚਰੂ ਜਿਆ ਬਣਿਆ ਮੁੰਡਾ ਉਹਦੇ ਮੂਹਰੇ ਕੁਝ ਨਾ ਬੋਲਦਾ, ਬੈਠਾ ਸੁਣਦਾ ਰਹਿੰਦਾ। ਵਿਆਹ ਕਾਹਦਾ ਕੀਤਾ, ਪੈਸੇ ਵੀ ਗਏ ਤੇ ਮੁੰਡਾ ਵੀ ਹੱਥੋਂ ਗੁਆਇਆ। ਜੇ ਕਿਤੇ ਪੁੱਤ ਬਹੂ ਕਰਕੇ ਰੋਟੀ ਮੰਗਣੀ ਤਾਂ ਫੁੱਟੀ ਖੁਆੜੀ ਮਾਂਗੂੰ ਪੈਣਾ, ਜਦੋਂ ਉਹਦੇ ਆਪਣੇ ਮਾਂ-ਪਿਉ ਆਉਣੇ ਤਾਂ ਬਣਾ ਬਣਾ ਖੀਰਾਂ ਖੁਆਣੀਆਂ... ਸੌ-ਸੌ ਚਾਅ ਕਰਨੇ। ਅਸੀਂ 'ਹੂੰ' ਵੀ ਕਰਨੀ ਤਾਂ ਚਾਰੇ ਖੁਰ ਚੁੱਕ ਕੇ ਝਾਂਸੀ ਦੀ ਰਾਣੀ ਮਾਂਗੂੰ ਲੜਨੇ ਨੂੰ ਪੈਣਾ। ਫਿਰ ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ। ਹੁਣ ਮਾੜਾ-ਮੋਟਾ ਕੰਮ-ਧੰਦਾ ਕਰ ਕੇ ਆਪਣਾ ਅਤੇ ਛੋਟੇ ਮੁੰਡੇ ਦਾ ਪੇਟ ਪਾਲੀ ਜਾ ਰਿਹਾ ਸਾਂ। ਫਿਰ ਰੋਟੀ-ਟੁੱਕ ਦੀਆਂ ਛੋਟੇ 'ਤੇ ਆਸਾਂ ਲਾਈਆਂ। ਜਦੋਂ ਉਹ ਗਭਰੇਟ ਹੋਇਆ ਤਾਂ ਉਹਨੂੰ ਕੰਮ ਨੂੰ ਕਹਿਣਾ ਤਾਂ ਉਲਟਾ ਜਵਾਬ, "ਭਾਈਆ, ਮੈਂ ਤਾਂ ਬਾਬਾ ਈ ਬਣਨੈ ਬਾਬਾ...। ਬਾਬਾ ਬਣ ਕੇ ਮੌਜਾਂ ਈ ਮੌਜਾਂ।" ਮੈਂ ਕਿਹਾ, "ਸਹੁਰੀ ਦਿਆ, ਛੱਡ ਬਾਬਿਆਂ ਬੂਬਿਆਂ ਨੂੰ, ਬਾਬੇ ਤਾਂ ਪਹਿਲਾਂ ਈ ਬਥੇਰੇ ਆ, ਤੂੰ ਕੋਈ ਕੰਮ-ਧੰਦਾ ਕਰ, ਤੇਰਾ ਵਿਆਹ ਕਰ ਦੇਵਾਂਗਾ। ਮੈਨੂੰ ਰੱਜਵੀਂ ਰੋਟੀ ਤਾਂ ਮਿਲਦੀ ਹੋਜੂਗੀ। ਮੇਰਾ ਬੁਢਾਪਾ ਚੰਗੀ ਤਰ੍ਹਾਂ ਕੱਟਿਆ ਜਾਊ।" ਮੈਨੂੰ ਕਈ ਵਾਰ ਕਸੂਤਾ ਬੋਲਦਾ, ਮੈਂ ਚੁੱਪ ਕਰ ਰਹਿੰਦਾ। ਕੀ ਕਰਦਾ, ਜੁਆਨ ਹਾਣ ਪੁੱਤ ਸੀ। ਸੋਚਦਾ ਰਹਿੰਦਾ, ਇਹਨੇ ਰੋਟੀ ਕਿੱਥੇ ਦੇਣੀ ਆ। ਏਹਦੇ ਨਾਲੋਂ ਤਾਂ ਰੱਬ ਕੁੜੀ ਦੇ ਦਿੰਦਾ, ਪਕੀ-ਪਕਾਈ ਰੋਟੀ ਤਾਂ ਮਿਲਦੀ। ਅੜਬ ਸੁਭਾਅ ਦਾ ਹੋਣ ਕਰਕੇ ਮਨ ਦੁਖੀ ਰਹਿੰਦਾ। ਥੋੜ੍ਹੇ ਦਿਨਾਂ ਬਾਅਦ ਫਿਰ ਇਹਨੂੰ ਦੌਰਾ ਜਿਹਾ ਪਿਆ ਬਾਬਾ ਬਣਨੇ ਦਾ। ਧੂਣਾਂ ਧੁਖਾ ਕੇ, ਲੰਮਾ ਚੋਗਾ ਪਾ ਕੇ ਅਤੇ ਵਿਹੜੇ 'ਚ ਬਹਿ ਗਿਆ। ਜਦੋਂ ਮੈਂ ਝਿੜਕਿਆ ਤਾਂ ਚਿਮਟਾ ਖੜਕਾਉਂਦਾ ਬਾਹਰ ਨਿਕਲ ਗਿਆ। ਜਾ ਕੇ ਰਾਹੋਂ ਤੋਂ ਪਰ੍ਹੇ ਸਤਲੁਜ ਲਾਗੇ ਕਿਸੇ ਡੇਰੇ ਵਿਚ ਜਾ ਰਲਿਆ। ਉਨ੍ਹੀਂ ਏਸ ਨੂੰ ਲਾਗਲੇ ਪਿੰਡਾਂ 'ਚੋਂ ਗਜਾ ਕਰਨ (ਮੰਗਣ ਵਾਸਤੇ) ਲਈ ਕਿਹਾ। ਮਾੜੀ ਕਿਸਮਤ ਵਾਲਾ ਇਹ ਉਨ੍ਹਾਂ ਨੂੰ ਮੁੱਕਰ ਗਿਆ। ਗੁੱਸੇ ਵਿਚ ਆ ਕੇ ਉਨ੍ਹਾਂ ਨੇ ਬੋਰੀ 'ਚ ਪਾ ਕੇ ਏਹਦਾ ਚੰਗਾ ਬਜੰਤਰ ਕੀਤਾ। ਇਹ ਡਰਦਾ ਘਰ ਨੂੰ ਭੱਜ ਆਇਆ। ਕੁੱਟ ਕੁੱਟ ਉਹਨੀਂ ਏਹਦਾ ਬੁਰਾ ਹਾਲ ਕੀਤਾ ਹੋਇਆ ਸੀ। ਮੇਰੇ ਹਾਂਜ ਨਿਕਲੇ ਦੇਖ ਕੇ। ਦਿਲ ਪਾਟ ਗਿਆ ਮੇਰਾ। ਜਦੋਂ ਪੁੱਛਿਆ ਕਾਕਾ, ਕੀ ਹੋਇਆ ਤੇਰੇ ਸਰੀਰ 'ਤੇ। ਝੂਠ ਬੋਲ ਕੇ ਕਹਿੰਦਾ, "ਘੋੜੀਆਂ ਭਜਾਉਣੀਆਂ ਸਿੱਖਦਾ ਸੀ ਡੇਰੇ ਵਿਚ, ਘੋੜੀ ਉਤੋਂ ਡਿੱਗ ਪਿਆ।" ਕਈ ਦਿਨ ਅਸੀਂ ਗਰਮ ਪਾਣੀ ਵਿਚ ਫਟਕੜੀ ਪਾ ਪਾ ਟਕੋਰਾਂ ਕਰਦੇ ਰਹੇ। ਫਿਰ ਕਿਤੇ ਜਾ ਕੇ ਠੀਕ ਹੋਇਆ।

ਇਕ ਦਿਨ ਤਰਲੇ ਨਾਲ ਕਿਹਾ, ਹੁਣ ਮੈਂ ਸਿਆਣਾ ਹੋ ਗਿਆਂ... ਨਦੀ ਕਿਨਾਰੇ ਰੁੱਖੜਾ... ਅੱਜ ਹਾਂ ਜਾਂ ਕੱਲ੍ਹ। ਮੇਰੇ ਕੋਲੋਂ ਕੰਮ ਨਹੀਂ ਹੁੰਦਾ ਮੇਰੀ ਮਦਦ ਕਰਾਇਆ ਕਰ। ਕਹਿਣ ਲੱਗਾ, "ਖੂਹ 'ਚ ਛਾਲ ਮਾਰਨੀ, ਜੇ ਮੁੜ ਕੇ ਮੈਨੂੰ ਕੰਮ ਨੂੰ ਕਿਹਾ ਤਾਂ।"

"ਜਾਹ ਮਰ ਫੇ..." ਮੇਰੇ ਕੋਲੋਂ ਗੁੱਸੇ 'ਚ ਕਹਿ ਹੋ ਗਿਆ। ...ਸੁਣਦੇ ਹੀ ਇਹ ਪਿੰਡ ਦੇ ਪੁਰਾਣੇ ਖੂਹ ਵੱਲ ਦੌੜ ਗਿਆ ਛਾਲ ਮਾਰਨ। ਲਾਗੇ ਖੇਡਦੇ ਪਿੰਡ ਦੇ ਨਿਆਣਿਆਂ ਨੂੰ ਕਹਿਣ ਲੱਗਾ, "ਮੇਰੇ ਘਰ ਦੱਸ ਦਿਉ, ਮੈਂ ਖੂਹ 'ਚ ਛਾਲ ਮਾਰ ਦਿੱਤੀ ਐ।" ਪਤੰਦਰ ਕੱਖਾਂ ਕਾਨਿਆਂ ਵਿਚ ਘਿਰੇ ਪੁਰਾਣੇ ਜਿਹੇ ਖੂਹ ਵਿਚ ਵੱਡਾ ਸਾਰਾ ਪੱਥਰ ਸੁੱਟ ਕੇ ਆਪ ਕਾਨਿਆਂ ਦੇ ਵੱਡੇ ਝਾੜ ਉਹਲੇ ਲੁਕ ਗਿਆ। ਨਿਆਣੇ ਰੌਲਾ ਪਾਉਂਦੇ ਸਾਡੇ ਘਰ ਆ ਗਏ, "ਤੁਹਾਡੇ ਮੁੰਡੇ ਨੇ ਖੂਹ 'ਚ ਛਾਲ ਮਾਰ ਦਿੱਤੀ।"



ਸਾਰੇ ਪਿੰਡ ਵਿਚ ਰੌਲਾ ਪੈ ਗਿਆ। ਪਿੰਡ ਵਾਲੇ ਵਾਹੋ-ਦਾਹੀ ਕੋਈ ਰੱਸੇ ਚੁੱਕੀ ਆਵੇ, ਕੋਈ ਕੁੰਡੇ... ਕੋਈ ਕੁਛ ਕੋਈ ਕੁਛ...। ਸਾਰਾ ਪਿੰਡ ਖੂਹ ਦੁਆਲੇ 'ਕੱਠਾ ਹੋ ਗਿਆ। ਪਿੰਡ ਆਲਿਆਂ ਨੇ ਵਾਹ ਲਾ'ਤੀ ਏਹਨੂੰ ਖੂਹ 'ਚੋਂ ਲੱਭਣ ਦੀ। ਮੈਂ ਤਾਂ ਪਾਗਲਾਂ ਵਾਂਗ ਹੋ ਗਿਆ ਕਿ ਮੇਰਾ ਪੁੱਤ ਹੁਣ ਗਿਆ। ਹੈ ਨ੍ਹੀਂ ਇਸ ਜਹਾਨ 'ਤੇ। ਪਿੰਡ ਦੇ ਕਈ ਆਦਮੀ ਖੂਹ 'ਚ ਵੜਨ ਦੀ ਤਿਆਰੀ ਕਰਨ ਲੱਗੇ। ਤਾਂ ਜਦੋਂ ਨੂੰ ਕੋਲ ਖੜ੍ਹੇ ਕਾਨਿਆਂ ਦਾ ਜਾੜ੍ਹ ਹਿੱਲਿਆ। ਸਾਰਿਆਂ ਦਾ ਧਿਆਨ ਉਧਰ ਨੂੰ ਹੋ ਗਿਆ। ਦੇਖਿਆ ਤਾਂ ਇਹ ਬੇਵਕੂਫ਼ ਲੁਕਿਆ ਬੈਠਾ ਸੀ। ਗੁੱਸੇ ਵਿਚ ਆਏ ਪਿੰਡ ਦੇ ਕਈ ਮੁੰਡਿਆਂ ਨੇ ਇਹਦਾ ਕੁਟਾਪਾ ਕੀਤਾ। ਉਥੋਂ ਮਿੰਨਤਾਂ ਕਰ ਕੇ ਮਸਾਂ ਛੁੱਟਿਆ। ਥੋੜ੍ਹੇ ਦਿਨ ਅਰਾਮ ਨਾਲ ਕੱਟੇ, ਫਿਰ ਉਹੀ ਕੰਜਰਖ਼ਾਨਾ ਸ਼ੁਰੂ। ਤਰਲੇ ਕੀਤੇ, ਕਿਸੇ ਆਹਰੇ ਲੱਗ ਜਾ, ਰੋਟੀ ਜੋਗਾ ਹੋ ਜਾ। ਰਹਿ ਮੁੱਕੀ ਨੂੰ ਸੈਕਲਾਂ ਨੂੰ ਪੈਂਚਰ ਈ ਲੌਣ ਲੱਗ ਪੈ। ਮੇਰੀ ਇਕ ਨਾ ਮੰਨੀ। ਮਰਜ਼ੀ ਨਾਲ ਲਾਗਲੇ ਪਿੰਡ ਰਸੂਲਪੁਰੇ ਜਾ ਕੇ ਸਿਰ ਵਿਚ ਸੁਆਹ ਜਿਹੀ ਪਾ ਕੇ ਬਹਿ ਗਿਆ ਤੇ ਲੱਗਾ ਪੁੱਛਾਂ ਦੇਣ। ਝੂਠ ਤੂਫ਼ਾਨ ਬੋਲ ਕੇ ਪਿੰਡ ਦੇ ਭੋਲੇ-ਭਾਲੇ ਲੋਕਾਂ ਨੂੰ ਮਗਰ ਲਾ ਲਿਆ। ਉਸ ਪਿੰਡ ਵਿਚ ਕਿਸੇ ਦੀ ਛੋਟੀ ਜਿਹੀ ਬੱਚੀ ਨੂੰ ਕਈ ਦਿਨ ਬੁਖ਼ਾਰ ਚੜ੍ਹਦਾ ਰਿਹਾ। ਉਸ ਕੁੜੀ ਦੇ ਭਲੇ ਮਾਣਸ ਘਰਦੇ ਇਸ ਬੇਵਕੂਫ ਨੂੰ ਆ ਕੇ ਕਹਿਣ ਲੱਗੇ, ਬਾਬਾ ਜੀ ਕਰੋ ਕ੍ਰਿਪਾ, ਬੱਚੀ ਨੂੰ ਠੀਕ ਕਰੋ। "ਫੁਰਰ ਫੁਰਰ... ਅਲੀ.. ਅਲੀ..." ਕਰਦਾ ਚਿਮਟਾ ਖੜਕਾਉਂਦਾ ਕਹਿਣ ਲੱਗਾ, ਇਸ ਕੁੜੀ ਨੂੰ ਤਾਂ ਕੋਈ ਆਤਮਾ ਅਤੇ ਭੂਤ ਦੋਵੇਂ ਚਿੰਬੜੇ ਹੋਏ ਆ। ਇਹਨੇ ਜੰਤਰ-ਮੰਤਰ ਪੜ੍ਹਦੇ ਨੇ ਮਾਰ ਮਾਰ ਚਿਮਟੇ ਅਗਲਿਆਂ ਦੀ ਕੁੜੀ ਮਾਰ 'ਤੀ। ਜਦੋਂ ਇਹਨੂੰ ਕੁੜੀ ਮਰੀ ਦਾ ਪਤਾ ਲੱਗਾ ਤਾਂ ਰਾਤੋ-ਰਾਤ ਪਿੰਡ ਛੱਡ ਕੇ ਕਿਤੇ ਭੱਜ ਗਿਆ। ਕੁੜੀ ਵਾਲੇ ਪੁੱਛਦੇ-ਪੁਛਾਂਦੇ ਮੇਰੇ ਘਰ ਪੁਲੀਸ ਲੈ ਕੇ ਆ ਧਮਕੇ। ਠਾਣੇਦਾਰ ਸੁੱਚਾ ਸੁੰਹ ਪੂਰੀ ਪਲਟਣ ਲੈ ਕੇ ਹਰਲ ਹਰਲ ਕਰਦਾ ਇਧਰ-ਉਧਰ ਭੱਜਾ ਫਿਰੇ, "ਦੱਸ ਬੁੜ੍ਹਿਆ, ਤੇਰਾ ਮੁੰਡਾ ਕਿੱਥੇ ਆ?" ਮੁੱਛਾਂ ਨੂੰ ਮਰੋੜਾ ਦਿੰਦਾ ਉਹ ਲਾਲ ਅੱਖਾਂ ਕਰ ਕੇ ਗਰਜਿਆ।

ਗੜ੍ਹਕਾ ਸੁਣਦੇ ਹੀ ਮੇਰੀਆਂ ਲੱਤਾਂ ਕੰਬਣ ਲਗ ਪਈਆਂ, "ਬੱਚਿਆਂ ਆਲਿਆਂ, ਮੈਨੂੰ ਨ੍ਹੀਂ ਪਤਾ, ਉਹ ਕਿੱਥੇ ਗਿਆ, ਮੈਂ ਉਹਨੂੰ ਬੇਦਖ਼ਲ ਕੀਤਾ ਹੋਇਐ।" ਕੰਬਦੇ ਨੇ ਉਹਦੀ ਮਿੰਨਤ ਕੀਤੀ। ਉਹ ਮੈਨੂੰ ਭੱਜ ਭੱਜ ਪਏ, ਛੇਤੀ ਛੇਤੀ ਬੋਲ ਘੁੱਗੂ ਬਣਿਆ ਬੈਠਾਂ। ਜੇ ਨਹੀਂ ਤਾਂ ਸਾਨੂੰ ਬੁਲਾਉਣਾ ਆਉਂਦੈ। ਕੰਧਾਂ ਤਾਂ ਕੀ, ਫਿਰ ਤੇਰੀਆਂ ਕਬਰਾਂ ਵੀ ਬੋਲਣਗੀਆਂ, ਬੁੱਢੜਿਆ। ਜੇ ਅੱਜ ਮੁੰਡਾ ਨਾ ਦੱਸਿਆ ਤਾਂ ਤੇਰੀ ਖੈਰ ਨ੍ਹੀਂ। ਤੁਹਾਡੇ 'ਤੇ ਨਿਆਣੀ ਕੁੜੀ ਮਾਰੀ ਦਾ ਵੱਡਾ ਕੇਸ ਬਣਿਆ ਹੋਇਐ। ਅੱਜ ਤੇਰੇ 'ਤੇ ਕੋਈ ਨਾ ਕੋਈ ਕੇਸ ਜ਼ਰੂਰ ਬਣਾਉਣੈ। ਸਾਰਾ ਕੁਝ ਤੇਰੇ ਹੱਡਾਂ ਵਿਚੋਂ ਕੱਢਣੈ। ਬੋਲ ਤੇਰੇ 'ਤੇ ਡੋਡਿਆਂ ਦਾ ਕੇਸ ਬਣਾਈਏ ਜਾਂ ਪਿਸਤੌਲ ਦਾ ਪਾਈਏ। ਸਾਨੂੰ ਉਪਰੋਂ ਹੁਕਮ ਐ... ਵੱਧ ਤੋਂ ਵੱਧ ਕੇਸ ਬਣਾਓ। ਸਾਨੂੰ ਨੌਕਰੀ ਚਾਹੀਦੀ ਐ... ਨੌਕਰੀ। ਅਸੀਂ ਆਪਣੇ ਨਿਆਣੇ ਵੀ ਪਾਲਣੇ ਐ। ਉਹ ਭੂਤਰਿਆ ਉਚੀ ਉਚੀ ਬੋਲੀ ਜਾ ਰਿਹਾ ਸੀ। ਜੇ ਇਨ੍ਹਾਂ ਦੋਵਾਂ ਵਿਚੋਂ ਕੋਈ ਮਨਜ਼ੂਰ ਨਹੀਂ ਤਾਂ ਕਾਲੇ ਕੱਛਿਆਂ ਵਾਲਿਆਂ ਦਾ ਕੇਸ ਤਾਂ ਪਾਣਾ ਈ ਪਾਣਾ...।"

"ਮਾਈ ਬਾਪ, ਕਾਲਾ ਕੱਛਾ ਤਾਂ ਕੀ, ਮੈਂ ਤਾਂ ਕਦੇ ਫੁੱਲਾਂ ਆਲਾ ਵੀ ਨ੍ਹੀਂ ਪਾਇਆ। ...ਆਹ ਪੁਰਾਣੀ ਜਿਹੀ ਧੋਤੀ ਲਾਈ ਫਿਰਦਾਂ ਬੜੇ ਚਿਰਾਂ ਦੀ।"

"ਤੂੰ ਟਿੱਚਰਾਂ ਕਰਦੈਂ ਸਰਕਾਰ ਨੂੰ, ਇਹਦਾ ਦਿਮਾਗ ਠੀਕ ਕਰੋ ਮੁੰਡਿਓ," ਠਾਣੇਦਾਰ ਦਾ ਹੁਕਮ ਸੁਣਦੇ ਹੀ ਸਿਪਾਹੀਆਂ ਨੇ ਮੈਨੂੰ ਢਾਹ ਲਿਆ। ਬੇਹੋਸ਼ ਹੋਇਆ ਮੈਂ ਉਥੇ ਪਿਆ ਰਿਹਾ। ਇਸ ਉਮਰੇ ਹੁਣ ਉਹ ਸੱਟਾਂ ਬਹੁਤ ਰੜਕਦੀਐਂ, ਸੋਹਣਿਆਂ। ਉਦੋਂ ਤੋਂ ਮੈਨੂੰ ਪੁਲਿਸ ਆਲਿਆਂ ਤੋਂ ਬੜਾ ਡਰ ਲਗਦੈ।

ਟੁੱਟੀਆਂ ਕੈਂਚੀ ਚੱਪਲਾਂ ਘੜੀਸਦੇ ਬਾਬੇ ਨੇ ਕੁੱਬਾ ਕੁੱਬਾ ਜਾ ਕੇ ਕੋਲੋਂ ਨਲਕੇ ਤੋਂ ਪਾਣੀ ਪੀ ਕੇ ਫਿਰ ਗੱਲ ਸ਼ੁਰੂ ਕੀਤੀ, ਫਿਰ ਵੀ ਉਹ ਮੇਰਾ ਪੁੱਤ ਸੀ, ਮੇਰਾ ਆਪਣਾ ਖ਼ੂਨ। ਮੈਂ ਉਹਨੂੰ ਚੋਰੀ-ਛੁਪੇ ਲੱਭਦਾ ਰਿਹਾ। ਪਤਾ ਲੱਗਾ ਕਿ ਗੜ੍ਹਸ਼ੰਕਰ ਤੋਂ ਪਰ੍ਹੇ ਪਹਾੜੀਆਂ ਵਿਚ ਕਿਤੇ ਡੇਰਾ ਬਣਾ ਕੇ ਬੈਠਾ। ਇਹ ਵੀ ਸੁਣਿਐ, ਪਹਾੜੀ ਲੋਕਾਂ ਵਿਚ ਉਹਦੀ ਬੜੀ ਮਾਨਤਾ। ਦੂਰੋਂ ਦੂਰੋਂ ਲੋਕੀਂ ਉਥੇ ਜਾਂਦੇ ਹਨ। ਵੋਟਾਂ ਦੇ ਦਿਨਾਂ ਵਿਚ ਇਲਾਕੇ ਦੇ ਮੰਤਰੀ-ਸੰਤਰੀ ਵੀ ਉਧਰ ਨੂੰ ਭੱਜੇ ਰਹਿੰਦੇ ਆ। ਉਨ੍ਹਾਂ ਨੂੰ ਪਤਾ ਹੁੰਦਾ ਹੈ ਡੇਰਿਆਂ ਵਿਚੋਂ ਵੋਟ ਮਿਲ ਜਾਂਦੀ ਐ, ਅਰਾਮ ਨਾਲ! ਇਸ ਤਰ੍ਹਾਂ ਮੱਲਾ ਮੈਂ ਨਵੇਂ ਸ਼ਹਿਰੋਂ ਬੱਸੇ ਬੈਠ ਕੇ ਗੜ੍ਹਸ਼ੰਕਰ ਜਾ ਉਤਰਿਆ। ਉਥੋਂ ਟੈਂਪੂਆਂ ਟਾਂਗਿਆਂ ਵਿਚ ਧੱਕੇ ਖਾਂਦਾ ਜਾ ਪਹੁੰਚਿਆ ਪਹਾੜਾਂ 'ਚ ਜਿਥੇ ਡੇਰਾ ਸੀ। ਦੂਰੋਂ ਦੇਖਿਆਂ ਵਾਹਵਾ ਬੰਦੇ, ਤੀਵੀਆਂ ਉਹਦੇ ਆਲੇ-ਦੁਆਲੇ 'ਕੱਠੇ ਹੋਏ ਸਨ। ਬੰਦੇ ਘੱਟ, ਤੀਵੀਆਂ ਜ਼ਿਆਦਾ। ਮੈਂ ਡਰ ਗਿਆ, ਪਤਾ ਨ੍ਹੀਂ ਕੀ ਹੋ ਗਿਆ ਮੇਰੇ ਪੁੱਤ ਨੂੰ! ਰੱਬ ਖ਼ੈਰ ਕਰੇ... ਜਦੋਂ ਪੁੱਛਿਆ ਤਾਂ ਪਤਾ ਲੱਗਾ ਦੂਰੋਂ ਆਏ ਸੇਵਕ ਉਹਦੀ ਮਾਲਸ਼ ਕਰ ਰਹੇ ਹਨ। ਪਸੀਨੋ-ਪਸੀਨੀ ਹੋਏ ਉਹ ਬਾਬੇ ਦੀਆਂ ਲੱਤਾਂ-ਬਾਹਾਂ ਘੁੱਟ ਰਹੇ ਸਨ। ਮਹਾਰਾਜਾ ਪਟਿਆਲੇ ਵਾਂਗ ਪਿਆ ਧੁੱਪ ਦੇ ਗੁੱਲੇ ਵੱਢ ਰਿਹਾ ਸੀ। ਤੀਵੀਆਂ ਦੀ ਮੱਤ ਨੂੰ ਪਤਾ ਨ੍ਹੀਂ ਕੀ ਹੋ ਗਿਆ! ਦੁੱਧ 'ਚ ਪਾ ਪਾ ਘਿਉ ਬਾਬੇ ਨੂੰ ਪਿਆ ਰਹੀਆਂ ਸਨ ਤੇ ਤੇਲ ਦੀ ਮਾਲਸ਼ 'ਤੇ ਮਾਲਸ਼ ਕਰੀ ਜਾ ਰਹੀਆਂ ਸਨ। ਇਨ੍ਹਾਂ ਨੂੰ ਪੁੱਛੇ ਕੋਈ ਬਾਬੇ ਨੇ ਕਬੱਡੀ ਖੇਡਣੀ ਜਾਂ ਕਣਕ ਵੱਢਣੀ ਐ। ਆਪਣੇ ਘਰ ਵਾਲੇ, ਸੱਸ-ਸਹੁਰੇ ਨੂੰ ਸਿੱਧੇ ਮੂੰਹ ਬੁਲਾਉਣਾ ਨ੍ਹੀਂ, ਬਾਬਿਆਂ ਨੂੰ ਬਣਾ ਬਣਾ ਖੀਰਾਂ ਖੁਆਈ ਜਾਣਗੀਆਂ।

ਮੱਲਾ, ਗੱਲ ਹੋਰ ਪਾਸੇ ਨੂੰ ਤੁਰ ਪਈ, ਗੱਲ ਮੇਰੇ ਨਲੈਕ ਦੀ ਚੱਲਦੀ ਸੀ। ਉਹ ਲੰਮੀਆਂ ਤਾਣ ਕੇ ਤਖ਼ਤਪੋਸ਼ 'ਤੇ ਸੁੱਤਾ ਪਿਆ ਸੀ। ਪੁੱਛਣ 'ਤੇ ਪਤਾ ਲੱਗਾ, "ਚੁੱਪ ਆਲੇ ਬਾਬੇ ਦਾ ਡੇਰਾ ਐ।" ਇਹ ਬਾਬਾ ਕਦੇ ਨ੍ਹੀਂ ਬੋਲਦਾ, ਸਿਰਫ਼ ਇਸ਼ਾਰਿਆਂ ਨਾਲ ਹੀ ਗੱਲ ਕਰਦੈ। ਮੇਰੇ ਇਕ ਚੜ੍ਹੇ, ਇਕ ਉਤਰੇ ਕਿਵੇਂ ਬੁਲਾਵਾਂ ਬੇਵਕੂਫ਼ ਨੂੰ! ਕੁੱਤੇ ਦਾ ਪੁੱਤ, ਇਹ ਚੁੱਪ ਕਿਵੇਂ ਹੋ ਗਿਆ? ਇਹ ਤਾਂ ਹਰ ਵੇਲੇ ਟਊਂ ਟਊਂ ਕਰਦਾ ਭੌਂਕਦਾ ਰਹਿੰਦਾ ਸੀ। ਮੈਨੂੰ ਆਪਣੇ ਆਪ ਨਾਲ ਗੱਲਾਂ ਕਰਦੇ ਨੂੰ ਉਹਦੇ ਇਕ ਚੇਲੇ-ਚਾਟੜੇ ਨੇ ਕਿਤੇ ਸੁਣ ਲਿਆ। ਸੁੱਕੜੂ ਜਿਹਾ ਪਹਾੜੀਆ ਸੇਵਾਦਾਰ ਮੈਨੂੰ ਡੰਡਾ ਲੈ ਕੇ ਮਾਰਨ ਪਿਆ ਅਤੇ ਕਹਿਣ ਲੱਗਾ, "ਤੂੰ ਸਾਡੇ ਬਾਬੇ ਨੂੰ ਗਾਲ੍ਹਾਂ ਕੱਢਦਾਂ ਬੁੱਢਿਆ!" ਮੈਂ ਡਰ ਗਿਆ ਕਿ ਕੀ ਪਤਾ ਹੁੰਦਾ ਇਨ੍ਹਾਂ ਪਹਾੜੀਆਂ ਦਾ। ਉਹ ਗੁੱਸੇ ਵਿਚ ਲਾਲ-ਪੀਲਾ ਹੋਇਆ ਹਾਲੇ ਵੀ ਡੰਡਾ ਚੁੱਕੀ ਖੜ੍ਹਾ ਸੀ। ਮੈਂ ਡਰਦਾ ਉਨ੍ਹੀਂ ਪੈਰੀਂ ਭੱਜ ਆਇਆ। ਹੁਣ ਪੇਟ ਭਰਨ ਲਈ ਆਹ ਟੁੱਟੀ ਜਿਹੀ ਰੇੜ੍ਹੀ ਲੈ ਕੇ ਛੱਲੀਆਂ ਭੁੰਨ ਰਿਹਾਂ। ਇਹ ਸੀ ਪੁੱਤਰਾ, ਮੇਰੀ ਰਾਮ-ਕਹਾਣੀ, ਬਸ ਜੀਂਦਾ ਵਸਦਾ ਰਹੁ ਮੇਰੇ ਦੁਖੜੇ ਸੁਣਨ ਵਾਲਾ!! ਅੱਜ ਜੋ ਵੀ ਦਿਲ ਕਰਦੈ, ਪੁੱਛੀ ਚੱਲ। ਛੱਲੀ ਭਾਵੇਂ ਨਾ ਵੀ ਚੱਬਿਆ ਕਰ, ਬਸ ਇਸੇ ਤਰ੍ਹਾਂ ਘੁੰਮ-ਫਿਰ ਜਾਇਆ ਕਰ।

"ਬਾਬਾ ਜੀ, ਰੋਟੀ-ਪਾਣੀ ਕਿੱਦਾਂ ਚੱਲਦੈ?" ਮੈਂ ਅਗਲਾ ਸਵਾਲ ਕੀਤਾ।

"ਕਾਕਾ, ਰੋਟੀ-ਪਾਣੀ ਦਾ ਕੀ ਐ...। 'ਕੱਲੀ 'ਕਹਿਰੀ ਜਾਨ ਐ...। ਕਦੇ ਛੱਲੀਆਂ ਚੱਬ ਕੇ ਸਾਰ ਲੈਨਾਂ, ਕਦੇ ਕਦਾਈਂ ਮੰਜੀ ਸਾਹਿਬ ਗੁਰਦੁਆਰੇ ਜਾ ਕੇ ਲੰਗਰ-ਪਾਣੀ ਛਕ ਲਈਦਾ। ਦੋ ਤਾਂ ਫੁਲਕੇ ਛਕਣੇ ਹੁੰਦੇ ਆ। ਪਿੰਡ ਇਥੋਂ ਲਾਗੇ ਈ ਐ। ਛੋਟਾ ਜਿਹਾ ਕੱਚਾ ਕੋਠਾ। ਕੱਲਾ ਰਹਿਨਾਂ। ਵੱਡਾ ਮੁੰਡਾ ਟੱਬਰ ਲੈ ਕੇ ਵੱਖ ਰਹਿੰਦੈ। ਛੋਟਾ ਬਾਬਾ ਬਣ ਕੇ ਪਹਾੜਾਂ ਵਿਚ ਲੋਕਾਂ ਤੋਂ ਲੱਤਾਂ-ਬਾਹਾਂ ਘੁਟਾਈ ਜਾਂਦੈ। 'ਕੱਲੇ ਨੂੰ ਘਰ ਖਾਣ ਨੂੰ ਆਉਂਦੈ। ਜਦੋਂ ਕਿਤੇ ਛੱਲੀਆਂ ਭੁੰਨਦੇ ਨੂੰ 'ਨ੍ਹੇਰਾ ਹੋ ਜਾਏ ਤਾਂ ਰੇੜ੍ਹੀ ਇਕ ਖੂੰਜੇ ਲਾ ਕੇ ਰਾਤ ਕੱਟ ਲਈਦੀ ਐ। ਮੀਂਹ 'ਨ੍ਹੇਰੀ ਵਿਚ ਮੈਂ ਪਿੰਡ ਨੂੰ ਘੱਟ ਈ ਜਾਨਾਂ। ਹੋਰ ਨਾ ਕਿਤੇ ਕੱਚਾ ਕੋਠਾ ਡਿੱਗ ਪਏ ਤਾਂ ਜਾਹ ਜਾਂਦੀ ਹੋ ਜੇ।"

"ਕੱਲੇ ਨੂੰ ਰਾਤ ਨੂੰ ਅੱਡੇ 'ਚ ਸੁੱਤਿਆਂ ਡਰ ਨ੍ਹੀਂ ਲੱਗਦਾ, ਕੋਈ ਲੁੱਟ ਲਊ, ਮਾਰ-ਵੱਢ ਦਊ?" ਮੈਂ ਮਨ ਦਾ ਡਰ ਜ਼ਾਹਿਰ ਕੀਤਾ।

"ਜੁਆਨਾਂ ਡਰ ਕਾਹਦਾ... ਮੈਂ ਕਿਹੜਾ ਕਿਸੇ ਨਾਲ ਕੋਈ ਬੰਨ ਵੰਡਣੈ। ਮੇਰੇ ਨੰਗ-ਧੜੰਗ ਕੋਲ ਕੀ ਐ? ਕਿਹੜਾ ਕੋਲ ਸੋਨੇ ਦੀਆਂ ਟੁੰਬਾਂ ਜਾਂ ਚਾਂਦੀ ਦੀਆਂ ਗਾਗਰਾਂ? ਆਹ ਪੁਰਾਣੀ ਜਿਹੀ ਡੱਬੀ ਖੇਸੀ ਆ, ਇਹ ਲਿਜਾਣੀ ਤਾਂ ਕੋਈ ਲੈ ਜਾਵੇ! ਹਾਂ ਇਕ ਵਾਰ ਰਾਤ ਨੂੰ ਸੁੱਤੇ ਪਏ ਤੇ ਅਮਲੀ-ਠਮਲੀ ਜਦੋਂ ਛੱਲੀਆਂ ਚੁੱਕਣ ਲੱਗੇ ਤਾਂ ਅਚਾਨਕ ਮੇਰੀ ਅੱਖ ਖੁੱਲ੍ਹ ਗਈ ਤਾਂ ਉਹ ਛੱਡ ਕੇ ਭੱਜ ਗਏ।"

ਉਸ ਬਜ਼ੁਰਗ ਦੀ ਜ਼ਿੰਦਗੀ ਦਾ ਦੁੱਖ-ਸੁਖ ਸੁਣ ਕੇ ਮੇਰੇ ਮਨ 'ਚ ਉਸ ਬਾਰੇ ਹਮਦਰਦੀ ਜਾਗੀ ਤੇ ਕਿਹਾ, "ਕੋਈ ਫ਼ਿਕਰ ਨਾ ਕਰੋ ਤੁਸੀਂ, ਮੇਰੇ ਮਾਪਿਆਂ ਵਰਗੇ ਹੋ। ਹੋ ਸਕਦੈ ਮੈਂ ਤੁਹਾਡੇ ਕਿਸੇ ਕੰਮ ਆ ਸਕਾਂ, ਜ਼ਰੂਰ ਦੱਸਣਾ। ਮੈਂ ਹਮਾਤੜ ਦੇਣ ਜੋਗਾ ਤਾਂ ਉਹਨੂੰ ਕੁਝ ਨਹੀਂ ਸੀ ਪਰ ਹੌਸਲਾ ਜ਼ਰੂਰ ਦਿੱਤਾ।

ਦੋ ਕੁ ਦਿਨਾਂ ਬਾਅਦ ਮੈਂ ਫਿਰ ਰੇੜ੍ਹੀ 'ਤੇ ਆਇਆ ਤਾਂ ਬਾਬਾ ਮੱਥੇ 'ਤੇ ਹੱਥ ਰੱਖੀ ਸੋਚੀਂ ਪਿਆ ਹੋਇਆ ਸੀ। ਸਕੂਟਰ ਖੜ੍ਹਾ ਕਰ ਕੇ ਮੈਂ ਬਾਬੇ ਨੂੰ ਪ੍ਰੇਸ਼ਾਨੀ ਪੁੱਛੀ। ਅੱਜ ਐਡੀ ਕਿਹੜੀ ਘਟਨਾ ਵਾਪਰ ਗਈ? ਚੁੱਪ ਕਿਉਂ ਹੋ? ਇਕੋ ਸਾਹੇ ਮੈਂ ਕਈ ਸਵਾਲ ਕਰ ਦਿੱਤੇ।

"ਕਾਕਾ, ਕੀ ਦੱਸਾਂ? ਅੱਜ ਕੱਲ੍ਹ ਤਾਂ ਹਨ੍ਹੇਰ ਪਿਆ ਹੋਇਐ, ਤਕੜਾ ਮਾੜੇ ਨੂੰ ਦਬਾ ਰਿਹੈ, ਅੰਨ੍ਹੀ ਪੀਂਹਦੀ ਕੁੱਤਾ ਚੱਟੀ ਜਾ ਰਿਹੈ।" ਚੁੱਪ ਤੋੜਦਿਆਂ ਬਾਬੇ ਨੇ ਬਹੁਤਾ ਹੁੰਗਾਰਾ ਨਾ ਦਿੱਤਾ। "ਹੋਇਐ ਕੀ ਐ, ਦੱਸੋ ਨਾ ਜ਼ਰਾ?" ਮੈਂ ਦੁਬਾਰਾ ਜ਼ੋਰ ਦੇ ਕੇ ਪੁੱਛਿਆ।

"ਅੱਜ ਦੋ ਕੁ ਛੋਕਰੇ ਜਿਹੇ ਆਏ ਤੇ ਕਹਿਣ ਲੱਗੇ, ਬਾਬਾ ਛੱਲੀਆਂ ਭੁੰਨ ਚੰਗੀਆਂ ਜਿਹੀਆਂ। ਮੈਨੂੰ ਗੱਲਾਂ 'ਚ ਪਾ ਕੇ ਛੱਲੀਆਂ ਭੁੰਨਾ ਕੇ ਪੈਸੇ ਦਿੱਤੇ ਬਗੈਰ ਸੈਕਲ ਭਜਾ ਕੇ ਔਹ ਗਏ, ਔਹ ਗਏ। ਮੇਰੇ ਗ਼ਰੀਬ ਦਾ ਕੁਝ ਸੋਚਿਆ ਨ੍ਹੀਂ।" ਦੁਖੀ ਦਿਲ ਦਾ ਬਾਬੇ ਨੇ ਭਾਰ ਹੌਲਾ ਕੀਤਾ।

ਮੈਂ ਹੌਸਲਾ ਦਿੱਤਾ, "ਕੋਈ ਨਾ ਬਾਬਾ, ਇਹ ਹੀ ਸਮਝ, ਤੇਰਾ ਦਾਨ-ਪੁੰਨ ਹੋ ਗਿਆ। ਲੋਕੀਂ ਰਾਹਾਂ-ਗੋਰ੍ਹਾਂ, ਚੁਰੱਸਤਿਆਂ ਵਿਚ ਨਲਕੇ, ਛਬੀਲਾਂ ਤੇ ਲੰਗਰ ਲਵਾਂਦੇ ਨੇ, ਇਹ ਬਾਬੇ ਨਾਨਕ ਦੀ ਧਰਤੀ ਏ, ਉਹਦੀ ਨਗਰੀ 'ਚ ਚੰਗਾ-ਮਾੜਾ ਸਭ ਹੋਈ ਜਾ ਰਿਹੈ। ਬਾਬੇ ਨਾਨਕ ਵੇਲੇ ਵੀ ਤਾਂ ਭਾਈ ਲਾਲੋ ਅਤੇ ਕੌਡੇ ਰਾਖਸ਼ ਵਰਗੇ ਹੁੰਦੇ ਸਨ। ਜੇ ਇਥੇ ਬੇਈਮਾਨੀ ਹੈ ਤਾਂ ਦਾਨੀਆਂ ਦੀ ਵੀ ਕੋਈ ਘਾਟ ਨਹੀਂ। ਹੋ ਸਕਦੈ, ਉਹ ਲੜਕੇ ਭੁੱਖੇ ਹੋਣ! ਭੁੱਖਿਆਂ ਨੂੰ ਖੁਆਉਣਾ ਵੀ ਤਾਂ ਪੁੰਨ ਐ। ਬਾਬੇ ਨਾਨਕ ਦੇ ਵੀਹਾਂ ਰੁਪੱਈਆਂ ਦਾ ਲੰਗਰ ਹਾਲੇ ਤਕ ਚੱਲਦਾ ਆ ਰਿਹੈ!!"

ਮੇਰੀਆਂ ਗੱਲਾਂ ਸੁਣ ਕੇ ਬਜ਼ੁਰਗ ਦੇ ਚਿਹਰੇ 'ਤੇ ਰੌਣਕ ਆ ਗਈ ਤੇ ਖ਼ੁਸ਼ ਹੋ ਕੇ ਕਹਿਣ ਲੱਗਾ, "ਚਲੋ, ਲੰਗਰ ਈ ਸਹੀ! ਚੰਗਾ ਪੁੱਤਰਾ, ਹੁਣ 'ਨ੍ਹੇਰਾ ਹੋ ਰਿਹੈ, ਲੋਏ ਲੋਏ ਪਿੰਡ ਨੂੰ ਚੱਲਾਂ, ਤੂੰ ਵੀ ਚੱਲ।" ਕਹਿੰਦੇ ਹੋਏ ਕਮਜ਼ੋਰ ਸਿਆਣੀ ਉਮਰ ਦੇ ਬਾਬੇ ਨੇ ਢਿਚਕੂੰ ਢਿਚਕੂੰ ਕਰਦੀ ਰਿਕਸ਼ਾ-ਰੇੜ੍ਹੀ ਪਿੰਡ ਵੱਲ ਨੂੰ ਤੋਰ ਲਈ।

## ਬਨਾਉਟੀ ਜਿੱਤ

**ਵਿਅੰਗ**

ਅਵਤਾਰ ਸਿੰਘ ਹੰਸਰਾ

ਭਾਈ ਸਾਹਿਬ, ਅੱਜ ਸ਼ਾਮ ਨੂੰ ਦੁਸਹਿਰਾ ਮੇਰੇ ਜ਼ਿਲ੍ਹੇ ਵਿਚ ਮਨਾਉਣੈ। ਦਸ਼ਰਥ ਦਾ ਦਹਿਨ ਕਰਨ ਮਗਰੋਂ ਆਪਾਂ ਖੁਸ਼ੀ ਮਨਾਵਾਂਗੇ," ਮੰਤਰੀ ਨੇ ਪਾਰਲੀਮੈਂਟ ਮੈਂਬਰਾਂ ਦੇ ਇਕ ਗਰੁਪ ਦੇ ਰਿੰਗ ਲੀਡਰ ਨੂੰ ਨਿਉਂਦਾ ਦਿੰਦਿਆਂ ਕਿਹਾ।


ਸੰਸਦ ਦੇ 543 ਵਿਚੋਂ 42 ਮੈਂਬਰ ਅਪਰਾਧਕ ਮਾਮਲਿਆਂ ਵਿਚ ਫਸੇ ਹੋਏ ਸਨ ਜਿਨ੍ਹਾਂ ਉਤੇ ਵੱਖ ਵੱਖ ਕਿਸਮ ਦੇ ਅਪਰਾਧਕ ਕੇਸ ਚੱਲ ਰਹੇ ਸਨ। ਰਿੰਗ ਲੀਡਰ ਦੇ ਕਹਿਣ 'ਤੇ, ਉਨ੍ਹਾਂ ਦਾ ਸਾਰਾ ਜਥਾ ਹੁਮ ਹੁਮਾ ਕੇ ਦੁਸਹਿਰਾ ਗਰਾਊਂਡ ਵਿਚ ਪੁੱਜ ਗਿਆ। ਉਥੇ ਸ਼ਹਿਰੀ ਬਸਤੀਆਂ ਦੇ ਮਜ਼ਦੂਰ ਅਤੇ ਪੇਂਡੂ ਕਿਸਾਨ ਵੱਡੀ ਗਿਣਤੀ ਵਿਚ ਮੇਲਾ ਦੇਖਣ ਪੁੱਜੇ ਹੋਏ ਸਨ।


ਦਿਨ ਛਿਪਦੇ ਨਾਲ ਜਿਉਂ ਹੀ ਮੰਤਰੀ ਨੇ ਤਾਰ ਨਾਲ ਬੰਨ੍ਹੀ ਹੋਈ ਆਤਿਸ਼ਬਾਜ਼ੀ ਦੀ ਪੂਛ ਨੂੰ ਅੱਗ ਲਗਾਈ, ਉਹ ਸੁਰਰ ਕਰਕੇ ਦਸ਼ਰਥ ਦੇ ਸਿਰ ਨਾਲ ਜਾ ਟਕਰਾਈ। ਸਿਰਾਂ ਵਿਚ ਤਾੜ ਤਾੜ ਹੋਣ ਲੱਗ ਪਈ ਅਤੇ ਰਾਵਣ ਦਾ ਬੁੱਤ ਅੱਗ ਭੰਬੂਕਾ ਹੋ ਗਿਆ। ਲੋਕ ਖੁਸ਼ੀ ਵਿਚ ਤਾੜੀਆਂ ਮਾਰਨ ਲੱਗੇ ਅਤੇ ਬੁਰਾਈ ਉਤੇ ਅੱਛਾਈ ਦੀ ਜਿੱਤ ਦੇ ਨਾਅਰਿਆਂ ਨਾਲ ਆਸਮਾਨ ਗੂੰਜ ਪਿਆ।


ਅਪਰਾਧਕ ਮਾਮਲਿਆਂ ਵਿਚ ਫਸੇ ਹੋਏ, ਉਥੇ ਪਹੁੰਚੇ ਤੀਹ-ਬੱਤੀ ਐਮ. ਪੀ. ਪਹਿਲੀ ਕਤਾਰ ਵਿਚ ਕੁਰਸੀਆਂ 'ਤੇ ਬੈਠੇ ਜ਼ੋਰ ਜ਼ੋਰ ਦੀ ਤਾੜੀਆਂ ਮਾਰ ਰਹੇ ਸਨ, ਜਿਵੇਂ ਬਦੀ ਦਾ ਨਾਸ਼ ਹੋਣ ਦੀ ਖੁਸ਼ੀ ਮਨਾ ਰਹੇ ਹੋਣ। ਫਿਰ ਉਹ ਉਠ ਕੇ ਮੰਤਰੀ ਨੂੰ ਬਦੀ ਉਤੇ ਜਿੱਤ ਪ੍ਰਾਪਤ ਕਰਨ ਦੀਆਂ ਵਧਾਈਆਂ ਦੇਣ ਲੱਗ ਪਏ।

# ਫਿਲਮੀ ਸਿਤਾਰਿਆਂ ਦੀ ਸਿਆਸੀ ਹਕੀਕਤ

ਦੁਨੀਆ ਦੇ ਸਭ ਤੋਂ ਵੱਡੇ 'ਲੋਕਤੰਤਰ' 'ਚ ਫਿਲਮੀ ਅਦਾਕਾਰਾਂ ਦਾ ਰੋਲ ਲਗਾਤਾਰ ਵਧਦਾ ਜਾ ਰਿਹਾ ਹੈ। ਪਹਿਲਾਂ-ਪਹਿਲ ਚਰਚਿਤ ਫਿਲਮ ਅਦਾਕਾਰਾਂ ਨੂੰ ਸਿਆਸੀ ਪਾਰਟੀਆਂ ਆਪਣੀਆਂ ਚੋਣ ਰੈਲੀਆਂ ਦਾ ਸ਼ਿੰਗਾਰ ਬਣਾਇਆ ਕਰਦੀਆਂ ਸਨ ਪਰ ਹੌਲੀ-ਹੌਲੀ ਫਿਲਮੀ ਅਦਾਕਾਰ ਸਿਆਸੀ ਪਾਰਟੀਆਂ ਦੇ ਉਮੀਦਵਾਰ ਹੀ ਬਣਨ ਲੱਗ ਪਏ ਤਾਂ ਜੋ ਉਨ੍ਹਾਂ ਦੀ ਫਿਲਮੀ ਹਰਮਨ ਪਿਆਰਤਾ ਨੂੰ ਸਮੁੱਚੇ ਰੂਪ 'ਚ ਸਿਆਸੀ ਪਾਰਟੀਆਂ ਦੇ ਹਿੱਤਾਂ ਲਈ ਵਰਤਿਆ ਜਾ ਸਕੇ। ਇਸ ਅਮਲ ਦੇ ਚਲਦਿਆਂ ਵਿਧਾਨ ਸਭਾਵਾਂ ਦੇ ਵਿਧਾਇਕਾਂ ਤੋਂ ਲੈ ਕੇ ਫਿਲਮੀ ਅਦਾਕਾਰਾਂ ਨੂੰ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਬਣਾ ਕੇ ਉਨਾਂ ਦੀਆਂ 'ਸੇਵਾਵਾਂ' ਦੀ ਵਰਤੋਂ ਸ਼ੁਰੂ ਹੋਈ। ਇਸ ਨੂੰ ਭਾਰਤੀ 'ਲੋਕਤੰਤਰ' ਦੀ ਫਰਾਖ਼ਦਿਲੀ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਸੁਨੀਲ ਦੱਤ, ਸ਼ਤਰੂਘਣ ਸਿਨਹਾ, ਜਯਾ ਪ੍ਰਦਾ, ਧਰਮਿੰਦਰ, ਗੋਵਿੰਦਾ, ਵਿਨੋਦ ਖੰਨਾ, ਹੇਮਾ ਮਾਲਿਨੀ ਵਰਗੇ ਅਦਾਕਾਰ ਲੋਕ ਸਭਾ ਦੀਆਂ ਪੌੜੀਆਂ ਚੜ੍ਹੇ। ਹੁਣ ਤਾਂ ਅਦਾਕਾਰਾਂ ਦੀ ਸਿਆਸਤ 'ਚ ਦਖਲਅੰਦਾਜ਼ੀ ਇਸ ਹੱਦ ਤੱਕ ਵਧ ਗਈ ਹੈ ਕਿ ਟੀ.ਵੀ. ਸੀਰੀਅਲਾਂ ਦੇ ਅਦਾਕਾਰ ਵੀ ਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਜੋਂ ਚੋਣਾਂ ਲੜਦੇ ਹਨ ਤੇ ਆਪਣੇ ਵੱਲੋਂ ਪਾਰਟੀ ਦੇ ਪ੍ਰਚਾਰ ਲਈ ਕੋਈ ਕਸਰ ਬਾਕੀ ਨਹੀਂ ਛੱਡਦੇ।








ਫਿਲਮਾਂ ਦਾ ਆਪਣਾ ਵੱਖਰਾ ਖੇਤਰ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਫਿਲਮੀ ਕਲਾਕਾਰਾਂ ਨੇ ਆਪਣੀ ਅਦਾਕਾਰੀ ਨਾਲ ਇਸ ਖੇਤਰ ਨੂੰ ਅਮੀਰ ਬਣਾਇਆ ਹੈ ਤੇ ਦੁਨੀਆ ਵਿਚ ਮਾਨਤਾ ਖੱਟੀ ਹੈ। ਫਿਲਮੀ ਸਿਤਾਰਿਆਂ ਦੀ ਹਰਮਨ ਪਿਆਰਤਾ ਤੇ ਉਨ੍ਹਾਂ ਪ੍ਰਤੀ ਲੋਕਾਂ ਦੇ ਜਨੂੰਨ ਨੂੰ ਆਪੋ-ਆਪਣੇ ਵੋਟ ਬੈਂਕ 'ਚ ਤਬਦੀਲ ਕਰਨਾ ਸਿਆਸੀ ਪਾਰਟੀਆਂ ਦੀ ਮੌਕਾਪ੍ਰਸਤੀ ਹੀ ਕਹੀ ਜਾ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਫਿਲਮਾਂ 'ਚ ਸਫਲ ਅਦਾਕਾਰ ਵਜੋਂ ਵਿਚਰਨ ਵਾਲੇ ਸਿਆਸਤ ਵਿਚ ਵੀ ਆਪਣਾ ਰੋਲ ਸਫਲਤਾਪੂਰਵਕ ਨਿਭਾਉਣ। ਭਾਰਤੀ ਸਿਨੇਮਾ ਦਾ ਵੱਡਾ ਨਾਂ ਸੁਨੀਲ ਦੱਤ ਕਾਂਗਰਸ ਪਾਰਟੀ ਦਾ ਸੰਸਦ ਮੈਂਬਰ ਬਣਿਆ ਤੇ ਫਿਰ ਮੰਤਰੀ ਦੇ ਅਹੁਦੇ 'ਤੇ ਵੀ ਰਿਹਾ ਪਰ ਇਸ 'ਰੋਲ' ਵਿਚ ਉਸ ਦੀ ਕੋਈ ਜ਼ਿਕਰਯੋਗ ਪ੍ਰਾਪਤੀ ਨਹੀਂ ਰਹੀ। ਸ਼ਤਰੂਘਨ ਸਿਨਹਾ, ਧਰਮਿੰਦਰ ਤੇ ਡਰੀਮ ਗਰਲ ਵਜੋਂ ਜਾਣੀ ਜਾਂਦੀ ਹੇਮਾ ਮਾਲਿਨੀ ਦੇ ਨਾਂ ਪ੍ਰਮੁੱਖ ਹਨ। ਇਸੇ ਤਰ੍ਹਾਂ ਰਾਜੇਸ਼ ਖੰਨਾ ਤੇ ਗੋਵਿੰਦਾ ਵਰਗੇ ਅਦਾਕਾਰ ਕਾਂਗਰਸ ਦੀ ਝੋਲੀ ਜਾ ਪਏ। ਫਿਲਮੀ ਅਦਾਕਾਰ ਜਯਾ ਪ੍ਰਦਾ ਨੂੰ ਸਮਾਜਵਾਦੀ ਪਾਰਟੀ ਨੇ ਸੰਭਾਲਿਆ ਜਦਕਿ ਪਿਛਲੀਆਂ ਲੋਕ ਸਭਾ ਚੋਣਾਂ 'ਚ ਅਦਾਕਾਰ ਸੰਜੇ ਦੱਤ ਨੂੰ ਵੀ ਇਸੇ ਪਾਰਟੀ ਨੇ ਉਮੀਦਵਾਰ ਵਜੋਂ ਸ਼ਿੰਗਾਰਿਆ ਪਰ ਅਦਾਲਤ ਨੇ ਉਸ ਨੂੰ ਚੋਣ ਲੜਨ ਦੀ ਆਗਿਆ ਨਹੀਂ ਦਿੱਤੀ।

ਅਜਿਹੇ ਸਾਰੇ ਫਿਲਮੀ ਅਦਾਕਾਰਾਂ ਦਾ ਸਿਆਸਤ 'ਚ ਰੋਲ ਵੀ ਫਿਲਮਾਂ ਵਾਂਗ ਸਚਾਈ ਤੋਂ ਦੂਰ ਕਲਪਨਾ ਦੇ ਆਸ-ਪਾਸ ਹੀ ਘੁੰਮਦਾ ਹੈ। ਜਦ ਉਹ ਲੋਕਾਂ ਦੇ ਸਨਮੁੱਖ ਹੁੰਦੇ ਹਨ ਤਾਂ ਚਾਹੇ ਉਹ ਕਿਸੇ ਵੀ ਪਾਰਟੀ ਦੇ ਬੁਲਾਰੇ ਹੋਣ ਉਨ੍ਹਾਂ ਕੋਲ ਲੋਕਾਂ ਤੇ ਦੇਸ਼ ਦੇ ਮਸਲੇ ਨਹੀਂ ਬਲਕਿ ਫਿਲਮਾਂ 'ਚ ਬੋਲੇ ਗਏ ਆਪਣੇ ਡਾਇਲਾਗ ਹੀ ਹੁੰਦੇ ਹਨ ਜਿਸ ਦੇ ਸਹਾਰੇ ਉਹ ਚੋਣ ਰੈਲੀਆਂ 'ਚ ਜੁੜੀ ਲੋਕਾਂ ਦੀ ਭੀੜ ਦਾ ਮਨੋਰੰਜਨ ਕਰਕੇ ਵੋਟ ਮੰਗਦੇ ਹਨ। ਉਨਾਂ ਦਾ ਹਥਿਆਰ ਤਾਂ ਆਪਣੀਆਂ ਫਿਲਮਾਂ ਦਾ ਰੋਲ, ਸੁੰਦਰਤਾ ਤੇ ਸ਼ਖ਼ਸੀਅਤ ਹੀ ਹੁੰਦੀ ਹੈ। ਉਹ ਦੇਸ਼ ਦੇ ਕਿਸੇ ਵੀ ਹਿੱਸੇ 'ਚ ਜਾਣ ਉਹ ਲੋਕਾਂ ਨੂੰ ਆਪਣੀ ਗੱਲ ਤੇ ਦਲੀਲ ਨਾਲ ਪ੍ਰਭਾਵਤ ਕਰਨ ਦੀ ਬਜਾਏ ਆਪਣੇ ਫਿਲਮੀ ਡਾਇਲਾਗਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਆਪਣੀ ਪਾਰਟੀ ਲਈ ਵਰਤਣ 'ਚ ਕੋਈ ਕਸਰ ਬਾਕੀ ਨਹੀਂ ਛੱਡਦੇ। ਮਸਲਨ ਡਰੀਮ ਗਰਲ ਹੇਮਾ ਮਾਲਿਨੀ ਭਾਜਪਾ ਦੀ ਚੋਣ ਰੈਲੀ 'ਚ ਜਾ ਕੇ ਹਰ ਥਾਂ 'ਤੇ ਆਪਣੀ ਪ੍ਰਸਿੱਧ ਫਿਲਮ ਸ਼ੋਅਲੇ ਦਾ ਇਹੋ ਡਾਇਲਾਗ ਦੁਹਰਾਉਂਦੀ ਹੈ 'ਅਬ ਬਸੰਤੀ ਕੀ ਇੱਜ਼ਤ ਕਾ ਸਵਾਲ ਹੈ, ਆਪ ਹਮਾਰੇ ਇਸ ਉਮੀਦਵਾਰ ਕੋ ਵੋਟ ਡਾਲ ਕਰ ਬਸੰਤੀ ਕੀ ਇੱਜ਼ਤ ਬਚਾਏਂ' ਪਰ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਤੀਸਰੀ ਵਾਰ ਸੰਸਦ ਮੈਂਬਰ ਦੀ ਚੋਣ ਲੜ ਰਹੇ ਫਿਲਮੀ ਅਦਾਕਾਰ ਵਿਨੋਦ ਖੰਨਾ ਲਈ ਇਸ ਡਾਇਲਾਗ ਨੇ ਕੋਈ ਕੰਮ ਨਹੀਂ ਕੀਤਾ ਤੇ ਉਸ ਨੂੰ ਹਾਰ ਮਿਲਣ 'ਤੇ ਮੁੜ ਫਿਲਮ ਨਗਰੀ ਜਾਣਾ ਪਿਆ।

ਸਿਆਸਤ 'ਚ ਫਿਲਮੀ ਅਦਾਕਾਰਾਂ ਦੇ ਰੋਲ ਦਾ ਲੇਖਾ-ਜੋਖਾ ਕਰੀਏ ਤਾਂ ਉਨ੍ਹਾਂ ਵੱਲੋਂ ਨਿਭਾਏ ਗਏ ਹਾਂ-ਪੱਖੀ ਰੋਲ ਦਾ ਕੋਈ ਜ਼ਿਕਰਯੋਗ ਰਿਕਾਰਡ ਨਹੀਂ ਹੈ। ਸ਼ਬਾਨਾ ਆਜ਼ਮੀ ਨੂੰ ਛੱਡ ਕੇ ਕਿਸੇ ਵੀ ਫਿਲਮੀ ਅਦਾਕਾਰ ਨੇ ਅੱਜ ਤੱਕ ਲੋਕ ਮੁੱਦਿਆਂ 'ਤੇ ਆਵਾਜ਼ ਉਠਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਂਜ ਉਹ ਬਜਟ, ਕਿਸੇ ਅਹਿਮ ਮੁੱਦੇ ਜਾਂ ਹੋਰ ਜ਼ਰੂਰੀ ਮਸਲਿਆਂ 'ਤੇ ਆਪੋ-ਆਪਣੀ ਪਾਰਟੀ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਟੇ-ਰਟਾਏ ਭਾਸ਼ਣ ਜ਼ਰੂਰ ਬੋਲਦੇ ਹਨ। ਉਹ ਆਪਣੇ ਫਿਲਮੀ ਅੰਦਾਜ਼ 'ਚ ਮੀਡੀਆ ਤੇ ਆਮ ਲੋਕਾਂ ਨੂੰ ਜ਼ਰੂਰ ਪ੍ਰਭਾਵਤ ਕਰਦੇ ਹਨ ਪਰ ਉਨ੍ਹਾਂ ਦੇ ਅਮਲ 'ਚ ਅਜੇ ਤੱਕ ਸੁਹਿਦਰਤਾ ਨਜ਼ਰ ਨਹੀਂ ਆਈ।

## ਆਜ਼ਾਦੀ ਅੰਦੋਲਨ 'ਤੇ ਫਿਲਮ 'ਖੇਲੇ ਹਮ ਜੀ ਜਾਨ ਸੇ'

ਫ਼ਿਲਮ 'ਲਗਾਨ' ਵਿਚ ਭੁਵਨ ਦੇ ਕਿਰਦਾਰ ਜ਼ਰੀਏ ਅੰਗਰੇਜ਼ਾਂ ਨਾਲ ਆਪਣੀ ਹੋਂਦ ਦੀ ਲੜਾਈ ਲੜਨ ਵਾਲੇ ਪੇਂਡੂ ਦੀ ਕਹਾਣੀ ਪੇਸ਼ ਕਰਨ ਤੋਂ ਬਾਅਦ ਹੁਣ ਨਿਰਦੇਸ਼ਕ ਆਸ਼ੂਤੋਸ਼ ਗੋਵਾਰੀਕਰ ਦੇਸ਼ ਦੀ ਆਜ਼ਾਦੀ ਦੀ ਕ੍ਰਾਂਤੀ 'ਤੇ ਆਧਾਰਤ 'ਖੇਲੇ ਹਮ ਜੀ ਜਾਨ ਸੇ' ਲੈ ਕੇ ਪੇਸ਼ ਹੋ ਰਹੇ ਹਨ।

ਆਜ਼ਾਦੀ ਦੇ ਇਸ ਸੰਗਰਾਮ ਨੂੰ ਪਰਦੇ 'ਤੇ ਲਿਆਉਣ ਦਾ ਖਿਆਲ ਬਾਰੇ ਆਸ਼ੂਤੋਸ਼ ਕਹਿੰਦੇ ਹਨ ਕਿ ਇਸ ਸੰਗਰਾਮ ਦਾ ਪੂਰਾ ਬਿਊਰਾ ਲੇਖਿਕਾ ਮਾਨਿਨੀ ਚੈਟਰਜੀ ਨੇ ਆਪਣੀ ਕਿਤਾਬ 'ਡੂ ਔਰ ਡਾਈ' ਵਿਚ ਪੇਸ਼ ਕੀਤਾ ਹੈ। ਉਹ ਨਾਮੀ ਸੰਪਾਦਕ ਵੀ ਹੈ। ਹੁਣ ਇਸ ਤਰ੍ਹਾਂ ਦੀਆਂ ਹਸਤੀਆਂ ਆਪਣੀ ਕਿਤਾਬ ਵਿਚ ਮਨਘੜਤ ਗੱਲਾਂ ਤਾਂ ਪੇਸ਼ ਕਰਨਗੀਆਂ ਨਹੀਂ। ਉਹ ਕ੍ਰਾਂਤੀਕਾਰੀ ਕਲਪਨਾ ਦੱਤਾ ਦੀ ਨੂੰਹ ਹੈ ਇਸ ਲਈ ਉਨ੍ਹਾਂ ਨੂੰ ਇਸ ਕ੍ਰਾਂਤੀ ਬਾਰੇ ਜ਼ਿਆਦਾ ਜਾਣਕਾਰੀ ਹੋਣੀ ਸੁਭਾਵਿਕ ਹੀ ਹੈ। ਜਦੋਂ ਉਨ੍ਹਾਂ ਦੀ ਇਹ ਕਿਤਾਬ ਪੜ੍ਹੀ ਤਾਂ ਇਸ ਨੇ ਹਲੂਣ ਕੇ ਰੱਖ ਦਿੱਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਆਪਣੇ ਬਾਰੇ ਇਹ ਗ਼ਲਤਫਹਿਮੀ ਪਾਲੀ ਹੋਏ ਸੀ ਕਿ ਆਜ਼ਾਦੀ ਦੇ ਕ੍ਰਾਂਤੀਕਾਰੀਆਂ ਬਾਰੇ ਬਹੁਤ ਜਾਣਕਾਰੀ ਹੈ ਪਰ ਸੱਚ ਕਹਾਂ ਤਾਂ ਸੂਰਜੋ ਸੇਨ ਮਾਸਟਰ ਤੇ ਕਲਪਨਾ ਦੱਤਾ ਵੱਲੋਂ ਲੜੀ ਗਈ ਆਜ਼ਾਦੀ ਦੀ ਲੜਾਈ ਨੂੰ ਲੈ ਕੇ ਹੁਣ ਤੱਕ ਅਨਜਾਣ ਸੀ। ਕਿਤਾਬ ਪੜ੍ਹ ਕੇ ਲੱਗਿਆ ਕਿ ਇਸ ਤਰ੍ਹਾਂ ਦੇ ਵੀਰ ਕ੍ਰਾਂਤੀਕਾਰੀਆਂ ਦੇ ਦਲੇਰੀ ਤੋਂ ਦੇਸ਼ ਵਾਸੀਆਂ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ। ਇਸ ਲਈ ਇਸ ਕਿਤਾਬ 'ਤੇ ਇਹ ਫ਼ਿਲਮ ਬਣਾਉਣ ਦਾ ਫੈਸਲਾ ਕੀਤਾ।

## ਸੇਲੀਨਾ ਨਜ਼ਰ ਆਵੇਗੀ ਅੰਗਰੇਜ਼ੀ ਫ਼ਿਲਮ 'ਚ

ਫਿਲਮ ਜਗਤ 'ਚ ਵਾਹਵਾ ਨਾਂ ਕਮਾ ਚੁੱਕਾ ਅਦਾਕਾਰਾ ਸੇਲੀਨਾ ਜੇਤਲੀ ਹੁਣ ਅੰਗਰੇਜ਼ੀ ਫ਼ਿਲਮ 'ਚ ਨਜ਼ਰ ਆਵੇਗੀ। 'ਨੋ ਐਂਟਰੀ', 'ਗੋਲਮਾਲ ਰਿਟਰਨਜ਼', 'ਅਪਨਾ ਸਪਨਾ ਮਨੀਮਨੀ', 'ਹੈਲੋ', 'ਡਾਰਲਿੰਗ' ਵਰਗੀਆਂ ਫ਼ਿਲਮਾਂ ਰਾਹੀਂ ਆਪਣੀ ਅਦਾਕਾਰੀ ਦੇ ਜਲਵੇ ਵਿਖਾਉਣ ਤੋਂ ਬਾਅਦ ਗਲੈਮਰਸ ਨਾਇਕਾ ਸੇਲੀਨਾ ਵਿਦੇਸ਼ੀ ਫ਼ਿਲਮ 'ਲਵ ਹੈਜ਼ ਨੋ ਲੈਂਗੁਏਜ਼' ਕਰ ਰਹੀ ਹੈ ਜਿਸ ਦੀ ਉਹ ਸ਼ੂਟਿੰਗ ਬੀਤੇ ਦਿਨੀਂ ਨਿਊਜ਼ੀਲੈਂਡ ਤੋਂ ਕਰਕੇ ਪਰਤੀ ਹੈ। ਇਸ ਫ਼ਿਲਮ ਬਾਰੇ ਸੇਲੀਨਾ ਦਾ ਕਹਿਣਾ ਹੈ ਕਿ ਉਸ ਨੇ ਇਸ ਫ਼ਿਲਮ ਲਈ ਬੜੀ ਮਿਹਨਤ ਕੀਤੀ ਖਾਸ ਕਰਕੇ ਆਸਟ੍ਰੇਲੀਅਨ ਭਾਸ਼ਾ ਵੀ ਸਿੱਖੀ। ਉਹ ਇਸ ਵਿਚ ਭਾਰਤੀ ਖੂਬਸੂਰਤ ਲੜਕੀ ਦਾ ਕਿਰਦਾਰ ਨਿਭਾਅ ਰਹੀ ਹੈ ਜਿਸਦਾ ਜਨਮ ਆਸਟ੍ਰੇਲੀਆ 'ਚ ਹੁੰਦਾ ਹੈ। ਬਾਹਰ ਰਹਿੰਦੇ ਹੋਏ ਵੀ ਉਹ ਭਾਰਤੀ ਸੱਭਿਆਚਾਰ, ਇਥੋਂ ਦੇ ਰੀਤੀ ਰਿਵਾਜ ਨਹੀਂ ਭੁਲਦੀ। ਸੇਲੀਨਾ ਦਾ ਕਹਿਣਾ ਹੈ ਕਿ ਉਸ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਉਹ ਫ਼ਿਲਮਾਂ ਘੱਟ ਤੇ ਪ੍ਰਚਾਰ ਲਈ ਸਟੰਟਬਾਜ਼ੀ ਜ਼ਿਆਦਾ ਕਰਦੀ ਹੈ ਜਦੋਂਕਿ ਇਹ ਸਭ ਉਸਦੀ ਖਾਸ ਦੋਸਤ ਦੀਆਂ ਫੈਲਾਈਆਂ ਖ਼ਬਰਾਂ ਤੇ ਅਫ਼ਵਾਹਾਂ ਹਨ। ਉਹ ਵਿਸ਼ਵ ਦੇ ਕਈ ਪ੍ਰਾਜੈਕਟਾਂ ਨਾਲ ਜੁੜੀ ਜ਼ਰੂਰ ਹੈ ਪਰ ਸਸਤੇ ਪ੍ਰਚਾਰ ਤੋਂ ਉਹ ਹਮੇਸ਼ਾ ਹੀ ਦੂਰ ਹੈ। ਅੱਜਕਲ੍ਹ ਸੇਲੀਨਾ ਨੇ ਅਨੀਸ ਬਜ਼ਮੀ ਦੀ ਫ਼ਿਲਮ 'ਥੈਂਕਯੂ' ਕੀਤੀ ਹੈ। 'ਨੋ ਐਂਟਰੀ' ਤੋਂ ਉਸਦੀ ਟਿਊਨਿੰਗ ਅਨੀਸ ਬਜ਼ਮੀ ਨਾਲ ਬਹੁਤ ਵਧੀਆ ਰਹੀ ਹੈ ਜਿਸ ਕਰਕੇ ਉਸਦਾ ਇਸ ਫ਼ਿਲਮ 'ਚ ਖਾਸ ਰੋਲ ਹੈ। ਇਸ ਫ਼ਿਲਮ ਤੋਂ ਇਲਾਵਾ ਉਸ ਕੋਲ ਕਈ ਹੋਰ ਵੀ ਫ਼ਿਲਮਾਂ ਹਨ ਜਿਵੇਂ ਚਾਏ ਗਰਮ, ਵੈਲ ਯੂ ਮੈਰੀ ਮੀ, ਸ਼ੋਅ ਮੈਨ, ਰਨ ਭੋਲਾ ਰਨ ਤੋਂ ਇਲਾਵਾ ਤਿੰਨ ਨਵੀਆਂ ਫ਼ਿਲਮਾਂ ਸਾਈਨ ਕੀਤੀਆਂ ਹਨ। ਸੇਲੀਨਾ ਦੀ ਖੁਸ਼ੀ ਦਾ ਉਦੋਂ ਕੋਈ ਟਿਕਾਣਾ ਨਾ ਰਿਹਾ ਜਦੋਂ ਉਸ ਨੂੰ 'ਕਾਹਿਰਾ ਫ਼ਿਲਮ ਸਮਾਰੋਹ' 'ਚ ਜਿਊਰੀ ਮੈਂਬਰ ਚੁਣਿਆ ਗਿਆ। ਸੇਲੀਨਾ 'ਈਜਿਪਟ ਟੂਰਿਜ਼ਮ' ਦੀ ਬ੍ਰਾਂਡ ਅੰਬੈਸਡਰ ਵੀ ਬਣਾਈ ਗਈ ਹੈ। ਵਿਆਹ ਦਾ ਨਾਂ ਸੁਣਦਿਆਂ ਸੇਲੀਨਾ ਸੋਚਾਂ 'ਚ ਡੁੱਬ ਜਾਂਦੀ ਹੈ ਕਿਉਂਕਿ ਉਸ ਨੂੰ ਉਸ ਦੇ ਪ੍ਰੇਮੀ ਨੇ ਕਿਸੇ ਸਮੇਂ ਧੋਖਾ ਦਿੱਤਾ ਸੀ। ਇਸ ਕਰਕੇ ਉਹ ਪ੍ਰੇਮ ਵਿਆਹ ਦੀਆਂ ਝੂਠੀਆਂ ਕਹਾਣੀਆਂ ਨੂੰ ਲਾਗੇ ਨਹੀਂ ਲੱਗਣ ਦਿੰਦੀ। ਕੋਈ ਉਸ ਵੱਲ ਭੈੜੀ ਨਿਗ੍ਹਾ ਨਾਲ ਨਾ ਦੇਖੇ ਇਸ ਕਰਕੇ ਉਸ ਨੇ ਇਕ ਹਰਿਆਣੇ ਦਾ ਨੌਜਵਾਨ ਬਾਡੀਗਾਰਡ ਵੀ ਰੱਖਿਆ ਹੈ ਕਿਉਂਕਿ ਇਕ ਸਮਾਗਮ 'ਚ ਕੁਝ ਮਨਚਲਿਆਂ ਨੇ ਉਸ ਨਾਲ ਬਦਤਮੀਜ਼ੀ ਕੀਤੀ ਸੀ ਜਿਸ ਲਈ ਉਸ ਨੇ ਬਾਡੀਗਾਰਡ ਰੱਖਣਾ ਸ਼ੁਰੂ ਕਰ ਦਿੱਤਾ।



## ਹਾਸਿਆਂ ਦੀ ਪਟਾਰੀ ਹੈ 'ਫੈਮਿਲੀ-426'

ਫ਼ੌਜੀ ਦੀ ਫੈਮਿਲੀ' ਰਾਹੀਂ ਕਾਮੇਡੀ ਟੈਲੀਫ਼ਿਲਮਾਂ ਦੇ ਪਿੜ ਵਿਚ ਉਤਰੇ ਗੁਰਚੇਤ ਚਿੱਤਰਕਾਰ ਨੂੰ ਇਨ੍ਹਾਂ ਛੋਟੀਆਂ ਫ਼ਿਲਮਾਂ ਦਾ ਜਨਮਦਾਤਾ ਵੀ ਕਿਹਾ ਜਾਂਦਾ ਹੈ। ਅੱਜ ਨਿਸ਼ਚੇ ਹੀ ਉਹ ਇਨਾਂ ਫ਼ਿਲਮਾਂ ਦਾ ਬੇਤਾਜ ਬਾਦਸ਼ਾਹ ਹੈ ਤੇ ਉਸ ਦੀਆਂ ਫ਼ਿਲਮਾਂ ਦੀ ਉਡੀਕ ਲੋਕ ਬੜੀ ਬੇਸਬਰੀ ਨਾਲ ਕਰਦੇ ਹਨ। ਉਸਦੀ ਹਰ ਫ਼ਿਲਮ ਜਿਥੇ ਲੋਕਾਂ ਨੂੰ ਹਾਸੇ ਦੇ ਕੁਝ ਪਲ ਪ੍ਰਦਾਨ ਕਰਦੀ ਹੈ ਉਥੇ ਨਾਲ ਦੀ ਨਾਲ ਹੀ ਉਸ ਦੀਆਂ ਇਨਾਂ ਫ਼ਿਲਮਾਂ ਵਿਚ ਕੋਈ ਨਾ ਕੋਈ ਸਮਾਜਿਕ ਸੁਨੇਹਾ ਵੀ ਜ਼ਰੂਰ ਹੁੰਦਾ ਹੈ। ਇਸ ਦੀਵਾਲੀ 'ਤੇ ਉਸਨੇ ਆਪਣੀ 'ਫੈਮਿਲੀ' ਲੜੀ ਦੀਆਂ ਫ਼ਿਲਮਾਂ ਵਿਚ ਇਕ ਹੋਰ ਮਣਕਾ 'ਫੈਮਿਲੀ-426' 'ਦਿ ਗ੍ਰੇਟ ਲਾਲਚ' ਰਾਹੀਂ ਜੋੜਿਆ ਹੈ ਜੋ ਸ਼ੀਮਾਰੂ ਕੰਪਨੀ ਵਲੋਂ ਪੂਰੀ ਸਜ-ਧਜ ਨਾਲ ਮਾਰਕੀਟ ਵਿਚ ਰਿਲੀਜ਼ ਕੀਤੀ ਗਈ ਹੈ। ਇਸ ਫ਼ਿਲਮ ਵਿਚ ਉਸਦੀ ਫੈਮਿਲੀ ਕੋਲ ਆਏ ਕੋਹਿਨੂਰ ਹੀਰੇ ਦੀ ਗਾਥਾ




ਬਿਆਨ ਕੀਤੀ ਹੈ ਕਿ ਕਿਸ ਤਰ੍ਹਾਂ ਉਸ ਹੀਰੇ ਨੂੰ ਹਾਸਲ ਕਰਨ ਲਈ ਸਾਰੀ ਫੈਮਿਲੀ ਲਾਲਚ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦੀ ਹੈ।

ਗੁਰਚੇਤ ਚਿੱਤਰਕਾਰ ਵੱਲੋਂ ਬਣਾਈ ਇਸ ਫ਼ਿਲਮ ਦੀ ਕਹਾਣੀ ਤੇ ਸੰਵਾਦ ਵੀ ਖ਼ੁਦ ਗੁਰਚੇਤ ਚਿੱਤਰਕਾਰ ਵਲੋਂ ਲਿਖੇ ਗਏ ਹਨ। ਨੌਜਵਾਨ ਨਿਰਦੇਸ਼ਕ ਮਿੱਕੀ ਬੀ.ਡੀ. ਸ਼ਰਮਾ ਤੇ ਸਹਾਇਕ ਨਿਰਦੇਸ਼ਕ ਗੁਰਦੀਪ ਕਕਰਾਲਾ ਵੱਲੋਂ ਨਿਰਦੇਸ਼ਿਤ ਇਸ ਫ਼ਿਲਮ ਨੂੰ ਸੰਗੀਤਕ ਰੰਗ ਨਾਲ ਹਰਜੀਤ ਗੁੱਡੂ ਨੇ ਰੰਗਿਆ ਹੈ। ਗੀਤਕਾਰ ਕਾਲੇ ਸ਼ਾਹ ਕਾਦਰੀ, ਗਗਨ ਬਲਵਾਹੜ ਤੇ ਗੁਰਚੇਤ ਚਿੱਤਰਕਾਰ ਵੱਲੋਂ ਰਚਿਤ ਗੀਤਾਂ ਨੂੰ ਸੁਰੀਲੇ ਗਾਇਕਾਂ ਇਫ਼ਤਖਾਰ ਖ਼ਾਨ ਤੇ ਅੰਮ੍ਰਿਤਾ ਪਿੰਕੀ ਨੇ ਚਾਰ ਚੰਨ ਲਾਏ ਹਨ। ਫ਼ਿਲਮ ਵਿਚ ਗੁਰਚੇਤ ਚਿੱਤਰਕਾਰ ਤੋਂ ਇਲਾਵਾ ਗੁਰਦੀਪ ਕਕਰਾਲਾ, ਹਰਿੰਦਰ ਭੁੱਲਰ, ਜੱਗੀ ਧੂਰੀ, ਗਗਨ ਗਿੱਲ, ਦਮਨਦੀਪ ਸੰਧੂ, ਗੁਰਪ੍ਰੀਤ ਲਾਡੀ, ਪ੍ਰਕਾਸ਼ ਗਾਧੂ, ਮੈਡਮ ਸਤਿੰਦਰ, ਜੈਜ਼ੀ ਲਾਹੌਰੀਆ, ਹੈਪੀ (ਜੀਤ ਪੈਂਚਰ) ਤੇ ਰੂਪ ਚੰਦ ਸ਼ਰਮਾ ਸ਼ਾਮਲ ਹਨ।


## ਮੁਗਧਾ ਗੋਡਸੇ ਨੂੰ ਖ਼ੁਦ 'ਤੇ ਪੂਰਾ ਭਰੋਸਾ

ਮੁਗਧਾ ਗੋਡਸੇ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਆਪਣੇ ਦਿਲ ਦੀ ਸੁਣਦੀ ਹੈ ਤੇ ਸ਼ੁਰੂ ਤੋਂ ਅਜਿਹੀ ਹੀ ਰਹੀ ਹੈ। ਮਧੁਰ ਭੰਡਾਰਕਰ ਦੀ ਫ਼ਿਲਮ 'ਫੈਸ਼ਨ' ਮਿਲਣ ਦਾ ਸਿਹਰਾ ਵੀ ਉਹ ਆਪਣੀ ਫੈਸਲਾ ਲੈਣ ਦੀ ਇਸੇ ਸਮਰੱਥਾ ਨੂੰ ਦਿੰਦੀ ਹੈ। ਪੁਣੇ ਤੋਂ ਮੁੰਬਈ ਉਹ ਆਪਣੇ ਦਮ 'ਤੇ ਆਈ ਤੇ ਇਸ ਮਾਇਆਨਗਰੀ 'ਚ ਵੀ ਇਸੇ ਤਰ੍ਹਾਂ ਹੀ ਰਹਿਣ ਦਾ ਇਰਾਦਾ ਹੈ। ਮੁਗਧਾ ਨੂੰ ਬਾਲੀਵੁੱਡ 'ਚ ਕੰਮ ਕਰਦਿਆਂ ਅਜੇ ਬਹੁਤਾ ਸਮਾਂ ਨਹੀਂ ਹੋਇਆ ਤੇ ਉਸ ਦੇ ਖਾਤੇ 'ਚ ਵੀ ਅਜੇ ਸਿਰਫ ਤਿੰਨ-ਚਾਰ ਫ਼ਿਲਮਾਂ ਹੀ ਹਨ ਪਰ ਮਾਡਲ ਤੋਂ ਅਦਾਕਾਰਾ ਬਣੀ ਮੁਗਧਾ ਦਾ ਕਹਿਣਾ ਹੈ ਕਿ ਕਿਸੇ ਵੀ ਨਵੇਂ ਕੰਮ ਨੂੰ ਹੱਥ 'ਚ ਲੈਣ ਵੇਲੇ ਉਹ ਦੂਜਿਆਂ ਦੀ ਨਹੀਂ ਸੁਣਦੀ ਸਗੋਂ ਆਪਣੇ ਦਿਲੋ-ਦਿਮਾਗ 'ਤੇ ਭਰੋਸਾ ਕਰਦੀ ਹੈ। ਫਿਲਮ 'ਫੈਸ਼ਨ' ਨਾਲ ਬਾਲੀਵੁੱਡ 'ਚ ਕਦਮ ਰੱਖਣ ਪਿੱਛੋਂ ਮੁਗਧਾ ਨੇ 'ਆਲ ਦਿ ਬੈਸਟ' 'ਚ ਕੰਮ ਕੀਤਾ ਜੋ ਬਾਕਸ ਆਫਿਸ 'ਚ ਬਹੁਤੀ ਸਫਲ ਨਾ ਹੋ ਸਕੀ।

ਇਸ ਪਿੱਛੋਂ ਮੁਗਧਾ ਨੇ ਸਭ ਨੂੰ ਹੈਰਾਨ ਕਰਦਿਆਂ ਬੌਬੀ ਦਿਓਲ ਨਾਲ 'ਹੈਲਪ' ਨਾਮੀ ਭੂਤੀਆ ਫ਼ਿਲਮ ਸਾਈਨ ਕੀਤੀ। ਇਸ ਫ਼ਿਲਮ ਨੂੰ ਹਿੱਟ ਕਰਵਾਉਣ ਲਈ ਮੁਗਧਾ ਨੇ ਹਰ ਉਹ ਹੀਲਾ ਵਰਤਿਆ ਜਿਨ੍ਹਾਂ ਕਾਰਨ ਫ਼ਿਲਮਾਂ ਚਲਦੀਆਂ ਹਨ। ਹੁਣ ਮੁਗਧਾ ਦਾ ਕਹਿਣਾ ਹੈ ਕਿ ਉਸ ਦੀ 'ਹੈਲਪ' ਨਾਲ ਆਮਿਰ ਦੀ 'ਪੀਪਲੀ ਲਾਈਵ' ਰਿਲੀਜ਼ ਹੋਣ ਨਾਲ ਮਾਰਕੀਟ 'ਤੇ ਅਸਰ ਪਿਆ ਹੈ।

## ਤੁਸ਼ਾਰ ਬਣਿਆ ਫ਼ਿਲਮ ਨਿਰਮਾਤਾ

ਪ੍ਰਸਿੱਧ ਅਦਾਕਾਰ ਜਤਿੰਦਰ ਦਾ ਬੇਟਾ ਤੁਸ਼ਾਰ ਕਪੂਰ ਬੇਸ਼ੱਕ ਅਦਾਕਾਰੀ ਦੇ ਖੇਤਰ 'ਚ ਸਿੱਕਾ ਨਹੀਂ ਜਮਾ ਸਕਿਆ ਪਰ ਉਹ ਹੁਣ ਆਪਣੀ ਭੈਣ ਏਕਤਾ ਕਪੂਰ ਵਾਂਗ ਨਿਰਮਾਤਾ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਉਸ ਨੇ ਹਾਲ ਹੀ 'ਚ ਆਪਣੀ ਭੈਣ ਦੀ ਕੰਪਨੀ ਤੋਂ ਵੱਖਰੀ ਆਪਣੀ 'ਤੁਸ਼ਾਰ ਕਪੂਰ ਮੋਸ਼ਨ ਪਿਕਚਰਸ' ਨਾਂ ਦੀ ਕੰਪਨੀ ਸ਼ੁਰੂ ਕੀਤੀ ਹੈ। ਤੁਸ਼ਾਰ ਕਪੂਰ ਆਪਣੀ ਕੰਪਨੀ ਰਾਹੀਂ ਬਹੁਤ ਜਲਦ ਨਵੀਂ ਫ਼ਿਲਮ ਸ਼ੁਰੂ ਕਰ ਰਿਹਾ ਹੈ ਤੇ ਇਸ ਲਈ ਉਸ ਨੇ 'ਭੇਜਾ ਫਰਾਈ' ਫੇਮ ਨਿਰਦੇਸ਼ਕ ਸਾਗਰ ਬਲੌਰੀ ਨੂੰ ਸਾਈਨ ਕੀਤਾ ਹੈ ਤੇ ਫ਼ਿਲਮ ਲਈ ਕਲਾਕਾਰਾਂ ਦੀ ਭਾਲ ਜਾਰੀ ਹੈ। ਤੁਸ਼ਾਰ ਕਪੂਰ ਕਹਿੰਦਾ ਹੈ ਕਿ ਉਹ ਬਤੌਰ ਫ਼ਿਲਮ ਨਿਰਮਾਤਾ ਦੇ ਨਾਲ-ਨਾਲ ਆਪਣੀ ਅਦਾਕਾਰੀ ਜਾਰੀ ਰੱਖੇਗਾ ਤੇ ਬਤੌਰ ਨਿਰਮਾਤਾ ਪਹਿਲੀ ਫ਼ਿਲਮ ਦਰਸ਼ਕਾਂ ਨੂੰ ਬੇਹੱਦ ਪਸੰਦ ਆਵੇਗੀ। ਇਸ ਦੇ ਨਾਲ ਹੀ ਇਹ ਖ਼ਬਰਾਂ ਵੀ ਹਨ ਕਿ ਤੁਸ਼ਾਰ ਕਪੂਰ ਤੇ ਉਸ ਦੀ ਭੈਣ ਏਕਤਾ ਕਪੂਰ 'ਚ ਮੱਤਭੇਦ ਵਧ ਗਏ ਹਨ ਕਿਉਂਕਿ ਤੁਸ਼ਾਰ ਨੇ ਏਕਤਾ ਦੀ ਟੀ.ਵੀ. ਕੰਪਨੀ 'ਬਾਲਾਜੀ ਟੈਲੀਫ਼ਿਲਮਜ਼' ਦੇ ਕੰਮਾਂ 'ਚ ਦਖਲਅੰਦਾਜ਼ੀ ਵਧਾਉਣੀ ਚਾਹੀ ਹੈ ਪਰ ਇਨ੍ਹਾਂ ਕਨਸੋਆਂ 'ਤੇ ਉਦੋਂ ਵਿਰਾਮ ਲੱਗਿਆ ਜਦੋਂ ਤੁਸ਼ਾਰ ਟੀ.ਵੀ. ਪ੍ਰੋਗਰਾਮਾਂ ਦੇ ਮਾਮਲੇ 'ਚ ਏਕਤਾ ਲਈ ਮੁੱਖ ਸਲਾਹਕਾਰ ਬਣ ਗਿਆ। ਉਹ ਹਰ ਗੱਲ ਏਕਤਾ ਨੂੰ ਦੱਸਦਾ ਹੈ ਤੇ ਟੀ.ਵੀ. ਸ਼ੋਅਜ਼ ਦੇ ਮਿਆਰ ਤੋਂ ਇਲਾਵਾ ਕੰਪਨੀ ਪ੍ਰਬੰਧ 'ਚ ਚਲਦੀ ਰਾਜਨੀਤੀ ਦਾ ਪਰਦਾਫਾਸ਼ ਵੀ ਤੁਸ਼ਾਰ ਨੇ ਹੀ ਕੀਤਾ ਹੈ।



ਯਾਰਾਂ ਦਾ ਟਰੱਕ ਬੱਲੀਏ,
ਹੁਣ ਏ ਪੀ ਪੈਟਰੋ ਤੋਂ ਤੇਲ ਪਵਾਵੇ...

AMERICAN PETRO



ਸਭ ਤੋਂ ਵਧੀਆ ਸਹੂਲਤਾਂ ਵਾਲਾ

**Truck Stop**

*2 Cent/Gallon Rebate
* Cash/Credit Card/Fleet Card (Same Price on All)

**ਸਹੂਲਤਾਂ**

*ਸਸਤਾ Diesel
*Liquor Bar
*ਪੰਜਾਬੀ ਢਾਬਾ
*Liquor Store

## Taste of India

## ਪੰਜਾਬੀ ਢਾਬਾ

ਕੀਮਤਾਂ ਬਹੁਤ ਹੀ ਵਾਜਬ !

ਇਥੇ ਹਰ ਰੋਜ਼ ਮੱਕੀ ਦੀਆਂ ਤਾਜ਼ੀਆਂ ਰੋਟੀਆਂ ਤੇ ਤਾਜ਼ਾ ਸਾਗ ਮਿਲਦਾ ਹੈ।



ਇਥੇ ਆਓ, ਬੈਠ ਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਓ...। ਸੁਆਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਹੋਵੇ ਤੇ ਘਰ ਦੀ...।

*Brand New Shower ਹੈ। ਨਹਾਓ ਤੇ ਫਰੈਸ਼ ਹੋ ਕੇ ਕੰਮ 'ਤੇ ਜਾਓ।*

*Spiceland, Indiana*
*I-70, Exit 123*

**Call: 765-987-8786**

## ਸਪੈਸ਼ਲ ਸੇਲ ➔ ਬਰੇਕਸ 89.99

GILL EXPRESS

Fast & Friendly Service

## WASH, TIRE & REPAIR



| | |
|---|---|
| Tractor Wash | $ 29.99 |
| Full Service Oil Change | $ 189.99 |
| Flat Repair | $ 35.00 |
| Mount & Dismount | $ 25.00 |
| Hourly Labor Rate | $ 60.00 |

*We are a full service repair shop, From a simple seal to a new transmission, We have you covered.*

ਪੰਜਾਬੀ ਢਾਬਾ

ਵਧੀਆ ਕੁਆਲਟੀ ਦੇ ਟਾਇਰ ਸਸਤੇ ਰੇਟਾਂ 'ਤੇ ਲੈਣ ਲਈ ਕਾਲ ਕਰੋ

Oklahoma City • 405-324-8473 Spiceland IN • 765-987-7000 Madera CA • 559-673-8473
Bakersfield CA • 661-369-4368 Ripon CA • 209-599-6662 Fresno CA • 559-283-2644